Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-428-2300

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabbal@gmail.com
License# OC70672
Certified Agent

Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 42, October 17, 2015 — 20451 N Plum Grove Rd., Palatine, IL 60074 — Ph:847-359-0746, Fax:847-705-9388

# ਹਿੰਦੂਤਵ ਖਿਲਾਫ ਡਟੇ ਲਿਖਾਰੀ

## ਪੰਜਾਬੀ ਕਲਮਕਾਰਾਂ ਨੇ ਨਿਭਾਈ ਅਹਿਮ ਭੂਮਿਕਾ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਭਾਰਤ ਵਿਚ ਹਾਕਮ ਧਿਰ ਦੀ ਸੌੜੀ ਸਿਆਸਤ ਅਤੇ ਅਸਹਿਣਸ਼ੀਲਤਾ ਖਿਲਾਫ ਲਿਖਾਰੀਆਂ ਨੇ ਆਵਾਜ਼ ਬੁਲੰਦ ਕੀਤੀ ਹੈ। ਪੰਜਾਬ ਸਮੇਤ ਮੁਲਕ ਭਰ ਵਿਚ ਸਾਹਿਤਕਾਰਾਂ ਨੇ ਫਿਰਕਾਪ੍ਰਸਤੀ ਅਤੇ ਇਸ ਦੀ ਪੁਸ਼ਤਪਨਾਹੀ ਬਾਰੇ ਸਰਕਾਰੀ ਨੀਤੀ ਖਿਲਾਫ ਡਟਣ ਦਾ ਅਹਿਦ ਲੈਂਦਿਆਂ ਰੋਸ ਵਜੋਂ ਆਪਣੇ ਸਰਕਾਰੀ ਮਾਣ-ਸਨਮਾਨ ਤੇ ਅਹੁਦੇਦਾਰੀਆਂ ਛੱਡ ਦਿੱਤੀਆਂ ਹਨ। ਹੁਣ ਤੱਕ ਦੋ ਦਰਜਨ ਤੋਂ ਵੱਧ ਲੇਖਕ ਅਜਿਹਾ ਐਲਾਨ ਕਰ ਚੁੱਕੇ ਹਨ।

ਇਸ ਮਾਮਲੇ ਵਿਚ ਵੱਡੀ ਪਹਿਲ ਅੰਗਰੇਜ਼ੀ ਲੇਖਕਾ ਨਯਨਤਾਰਾ ਸਹਿਗਲ ਵੱਲੋਂ ਸਾਹਿਤ ਅਕੈਡਮੀ ਪੁਰਸਕਾਰ ਵਾਪਸ ਕਰਨ ਦੇ ਐਲਾਨ ਹੋਈ। ਉਸ ਨੇ ਆਪਣਾ ਸਾਹਿਤ ਅਕੈਡਮੀ ਪੁਰਸਕਾਰ ਵਾਪਸ ਕਰਦਿਆਂ ਕਿਹਾ ਕਿ ਦਾਦਰੀ (ਉਤਰ ਪ੍ਰਦੇਸ਼) ਵਿਚ ਹਿੰਦੂ ਧਾੜਵੀਆਂ ਵੱਲੋਂ ਮੁਹੰਮਦ ਅਖਲਾਕ ਦੇ ਕੀਤੇ ਕਤਲ ਨੇ ਉਸ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਯਾਦ ਰਹੇ ਕਿ ਮੁਹੰਮਦ ਅਖਲਾਕ ਨੂੰ ਇਨ੍ਹਾਂ ਹਮਲਾਵਰਾਂ ਨੇ ਘਰੇ ਜਾ ਕੇ ਕੁੱਟ ਕੁੱਟ ਕੇ ਮਾਰ ਸੁੱਟਿਆ ਸੀ। ਇਸ ਹਮਲੇ ਵਿਚ ਉਸ ਦਾ ਪੁੱਤਰ ਦਾਨਿਸ਼ ਸਖਤ ਜ਼ਖਮੀ ਹੋ ਗਿਆ ਸੀ ਜੋ ਅਜੇ ਵੀ ਹਸਪਤਾਲ ਵਿਚ ਹੈ। ਇਸ ਤੋਂ ਪਹਿਲਾਂ ਕਰਨਾਟਕ ਵਿਚ ਸਾਹਿਤ ਅਕੈਡਮੀ ਪੁਰਸਕਾਰ ਜੇਤੂ ਲੇਖਕ ਐਮ.ਐਮ. ਕਲਬੁਰਗੀ ਨੂੰ 30 ਅਗਸਤ 2015 ਨੂੰ ਘਰੇ ਗੋਲੀਆਂ ਮਾਰ

(ਬਾਕੀ ਸਫਾ 6 'ਤੇ)



*ਪਹਿਲ ਕਰਨ ਵਾਲੇ ਕਲਮਕਾਰ (ਖੱਬਿਓਂ) ਉਦੈ ਪ੍ਰਕਾਸ਼, ਨਯਨਤਾਰਾ ਸਹਿਗਲ ਤੇ ਗੁਰਬਚਨ ਸਿੰਘ ਭੁੱਲਰ।*

## ਚੁਫੇਰਿਓਂ ਘਿਰੀ ਕੌਮੀ ਸਾਹਿਤ ਅਕੈਡਮੀ

**ਨਵੀਂ ਦਿੱਲੀ:** ਸਾਹਿਤਕਾਰਾਂ ਵੱਲੋਂ ਧੜਾ-ਧੜ ਵਾਪਸ ਕੀਤੇ ਜਾ ਰਹੇ ਪੁਰਸਕਾਰਾਂ ਕਾਰਨ ਸਾਹਿਤ ਅਕੈਡਮੀ ਚੁਫੇਰਿਓਂ ਘਿਰ ਗਈ ਹੈ। ਸਾਹਿਤ ਅਕੈਡਮੀ ਨੇ ਕਾਰਜਕਾਰੀ ਬੋਰਡ ਦੀ 23 ਅਕਤੂਬਰ ਨੂੰ ਬੈਠਕ ਸੱਦ ਲਈ ਹੈ। ਅਕੈਡਮੀ ਦੇ ਪ੍ਰਧਾਨ ਵਿਸ਼ਵਨਾਥ ਪ੍ਰਸਾਦ ਤਿਵਾੜੀ ਨੇ ਕਿਹਾ ਹੈ ਕਿ ਅਕੈਡਮੀ ਸੰਵਿਧਾਨ ਤਹਿਤ ਧਰਮ ਨਿਰਪੱਖ ਕਦਰਾਂ ਕੀਮਤਾਂ ਪ੍ਰਤੀ ਵਚਨਬੱਧ ਹੈ।

## ਫਿਰਕਾਪ੍ਰਸਤੀ ਖਿਲਾਫ ਮੋਦੀ ਦਾ ਮੌਨ

**ਨਵੀਂ ਦਿੱਲੀ:** ਆਰ.ਐਸ.ਐਸ. ਦੀ 'ਘਰ ਵਾਪਸੀ ਮੁਹਿੰਮ' ਤੋਂ ਦਾਦਰੀ ਕਾਂਡ ਤੱਕ ਵਾਪਰੀਆਂ ਫਿਰਕੂ ਘਟਨਾਵਾਂ ਬਾਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਖਾਮੋਸ਼ੀ ਕਈ ਸਵਾਲ ਖੜ੍ਹੇ ਕਰਦੀ ਹੈ। ਪਿਛਲੇ ਦਿਨੀਂ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਕਿਹਾ ਸੀ ਕਿ ਦੇਸ਼ ਵਿਚ ਪੈਦਾ ਹੋ ਰਿਹਾ ਮਾਹੌਲ ਇਸ ਦੀਆਂ ਸਥਾਪਤ ਪਰੰਪਰਾਵਾਂ ਦੇ ਉਲਟ ਹੈ, ਪਰ ਇਹ ਆਵਾਜ਼ ਮੌਨਧਾਰੀ ਮੋਦੀ ਦੇ ਕੰਨੀਂ ਨਹੀਂ ਪੈ ਰਹੀ। ਕੇਂਦਰ ਵਿਚ ਜਦੋਂ ਦੀ ਭਾਰਤੀ ਜਨਤਾ ਪਾਰਟੀ ਨੇ ਸੱਤਾ ਸੰਭਾਲੀ ਹੈ, ਉਦੋਂ ਤੋਂ ਸੱਤਾਧਾਰੀ ਪਾਰਟੀ ਤੇ ਸੰਘ ਪਰਿਵਾਰ ਨਾਲ ਸਬੰਧਤ ਸੰਗਠਨਾਂ ਨੇ ਕਿਸੇ ਨਾ ਕਿਸੇ ਬਹਾਨੇ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਹੈ। ਇਸ ਸਥਿਤੀ ਦਾ ਲਾਭ ਉਠਾਉਂਦਿਆਂ ਖੁੰਬਾਂ ਵਾਂਗ ਬਹੁਤ ਸਾਰੇ ਫਿਰਕੂ ਸੰਗਠਨ ਵੀ ਉੱਭਰ ਆਏ ਹਨ ਜੋ ਧਰਮ ਨਿਰਪੱਖ ਤੇ ਤਰਕਸ਼ੀਲ ਬੁੱਧੀਜੀਵੀਆਂ ਉਤੇ ਹਮਲੇ ਕਰ ਰਹੇ ਹਨ। ਸਿੱਖਿਆ ਪ੍ਰਣਾਲੀ ਦੇ ਹਿੰਦੂ ਮਾਡਲ ਦੀ ਪੇਸ਼ਕਾਰੀ ਨਾਲ ਸ਼ੁਰੂ ਹੋਇਆ

(ਬਾਕੀ ਸਫਾ 6 'ਤੇ)

## ਡੇਰਾ ਮੁਖੀ ਨੂੰ ਮੁਆਫੀ ਖਿਲਾਫ ਲਾਮਬੰਦੀ ਤੇਜ਼

**ਅੰਮ੍ਰਿਤਸਰ:** ਪੰਜ ਸਿੰਘ ਸਾਹਿਬਾਨ ਵੱਲੋਂ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਦੇ ਫੈਸਲੇ ਖਿਲਾਫ ਪੰਥਕ ਜਥੇਬੰਦੀਆਂ ਇਕ ਮੰਚ 'ਤੇ ਆ ਗਈਆਂ ਹਨ। ਮੁਆਫੀ ਦੇ ਹੱਕ ਵਿਚ ਸਿਰਫ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਹੀ ਡਟਿਆ ਹੋਇਆ ਹੈ। ਇਨ੍ਹਾਂ ਦੋਵਾਂ ਧਿਰਾਂ ਵਿਚੋਂ ਵੀ ਜ਼ਿਆਦਾਤਰ ਆਗੂ ਅੰਦਰਖਾਤੇ ਮੁਆਫੀ ਦਾ ਵਿਰੋਧ ਕਰ ਰਹੇ ਹਨ। ਚਿਰ ਪਿਛੋਂ ਇਹ ਪਹਿਲੀ ਵਾਰ ਹੈ, ਜਦੋਂ ਸਮੂਹ ਪੰਥਕ ਧਿਰਾਂ ਨੇ ਕਿਸੇ ਮਸਲੇ 'ਤੇ ਏਕਤਾ ਵਿਖਾਈ ਹੈ।

ਸ਼੍ਰੋਮਣੀ ਅਕਾਲੀ ਦਲ (ਅ), ਯੂਨਾਈਟਿਡ ਅਕਾਲੀ ਦਲ, ਅਕਾਲੀ ਦਲ ਦਿੱਲੀ, ਸਿੱਖ ਬੰਦੀਆਂ ਦੀ ਰਿਹਾਈ ਲਈ ਬਣੀ ਸੰਘਰਸ਼ ਕਮੇਟੀ, ਸੰਤ ਸਮਾਜ ਦਾ ਇਕ ਹਿੱਸਾ ਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਇਸ ਮਸਲੇ ਦੇ ਹੱਲ ਲਈ ਸਾਂਝੀ ਰਣਨੀਤੀ ਉਲੀਕੀ ਜਾ ਰਹੀ ਹੈ। ਜਥੇਬੰਦੀਆਂ ਨੇ 10 ਨਵੰਬਰ ਨੂੰ ਸਰਬੱਤ ਖਾਲਸਾ ਸੱਦਣ ਦਾ ਐਲਾਨ ਵੀ ਕਰ ਦਿੱਤਾ ਹੈ, ਹਾਲਾਂਕਿ ਸ਼੍ਰੋਮਣੀ ਕਮੇਟੀ ਨੇ ਸਰਬੱਤ ਖਾਲਸਾ ਨੂੰ ਨਾ ਸਿਰਫ ਮਾਨਤਾ ਦੇਣ ਤੋਂ ਨਾਂਹ ਕਰ ਦਿੱਤੀ ਹੈ, ਸਗੋਂ ਇਸ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਥਾਂ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਹੈ ਕਿ ਸਰਬੱਤ ਖਾਲਸਾ ਮਰਿਆਦਾ ਅਨੁਸਾਰ ਸਿਰਫ ਅਕਾਲ ਤਖਤ ਸਾਹਿਬ ਤੋਂ ਹੀ ਸੱਦਿਆ ਜਾ ਸਕਦਾ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ (ਅ) ਦੇ

(ਬਾਕੀ ਸਫਾ 6 'ਤੇ)

We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Raja Sweets & Catering Presents
PARADISE BALLROOMS banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
Services Include
• Catering • Silverware • Chinaware • Decorated Hall • Linen
• Several Bar Options • Security • Wait Staff • Full Setup Including table cloth, napkins, chairs etc.
Paradise Ballrooms
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

**Anu Attorney**
**Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW** *(Only In WA)*
*Divorce *Annulment
*International Custody

**INCORPORATIONS** *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਜਗਦੇਵ ਸਿੰਘ
ਫੋਨ: 510-689-4625



JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR® EQUAL HOUSING OPPORTUNITY

STATEN SOLAR
AFFORDABLE ENERGY FOR EVERYONE

**Save with Solar**

**Commercial, Agricultural and Residential**



For South California



Simran Deol
*Solar Engineer*
661-412-4728
661-427-0843 (fax)

**BYE BILL**



**No One Can Beat Our Price Guaranteed!**

Top Quality Product *20 Years Performance Guarantee *25 Years Guarantee for Panels *Free Maintenance for 20 Years *No Need to worry about increasing utility *Professional Installation *24/7 Monitoring

For North California



Balwinder Garcha
*Sales Rep Bay Area by North California*
510-468-9825



ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਿੱਖ ਸੰਗਤਾਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ
1984 ਸਿੱਖ ਨਸਲਕੁਸ਼ੀ
ਮਾਰਚ
ਨਵੰਬਰ 7, ਲੋਸ ਐਂਜਿਲਸ
1984 SIKH GENOCIDE
HIMACHAL PRADESH
HARYANA
RAJASTHAN
UTTAR PRADESH
GUJARAT
JHARKHAND
WEST BENGAL
TRIPURA
MADHYA PRADESH
CHATTISGARH
ORISSA
MAHARAHTRA
ANDHRA PRADESH
KARNATAKA
TAMIL NADU
KERALA
ਸਿੱਖਾਂ ਦਾ ਕਤਲੇਆਮ
30,000+
ਸਿੱਖ ਬੇਘਰ
300,000+
ਮਿਤੀ ਅਤੇ ਸਮਾਂ:
ਨਵੰਬਰ 7, 2015 - 11 ਵਜੇ
ਮਾਰਚ ਦਾ ਰਸਤਾ
ਬੇਵੇਰਲੀ ਸੈਂਟਰ ਤੋਂ
ਲਾ ਹੋਲੋਕੈਸਟ, ਮਿਊਜ਼ੀਅਮ ਤਕ
SIKHS FOR JUSTICE
WWW.REFERENDUM2020.ORG
ਸਿਖਸ ਫਾਰ ਜਸਟੀਸ
SIKHS FOR JUSTICE
ਅਮਰਦੀਪ ਸਿੰਘ - 510-828-8352, ਸੁਖਵਿੰਦਰ ਸਿੰਘ ਠਾਣਾ - 408-583-7712, ਜਸਬੀਰ ਸਿੰਘ ਦਿੱਲੀ - 510-417-0185, ਮੇਜਰ ਸਿੰਘ - 209-649-4625,
ਸਾਹਬ ਸਿੰਘ - 206-714-8943, ਜਾਫੀ ਸਿੰਘ 661-378-6837, ਗੁਰਦੀਪ ਸਿੰਘ 408-590-4204



# ਮੁੰਦਰ ਸੰਤ ਪ੍ਰੇਮ ਸਿੰਘ ਵੈਲਫੇਅਰ ਸੁਸਾਇਟੀ ਦੇ ਰਿਜ਼ਨਲ ਪ੍ਰਧਾਨ ਨਿਯੁਕਤ

**ਜਲੰਧਰ (ਬਿਊਰੋ):** ਅਮਰੀਕਾ ਦੀ ਮਿਸ਼ੀਗਨ ਸਟੇਟ ਵਿਚ ਵਸਦੇ ਸ. ਨਰਿੰਦਰ ਸਿੰਘ ਮੁੰਦਰ ਨੂੰ ਸੰਤ ਬਾਬਾ ਪ੍ਰੇਮ ਸਿੰਘ ਲੁਬਾਣਾ ਵੈਲਫੇਅਰ ਸੁਸਾਇਟੀ ਵਲੋਂ ਅਮਰੀਕਾ ਤੇ ਕੈਨੇਡਾ ਦਾ ਰਿਜਨਲ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਨਿਯੁਕਤੀ ਪੱਤਰ ਹਾਸਲ ਕਰਦਿਆਂ ਸ. ਮੁੰਦਰ ਨੇ ਇਹ ਸੇਵਾ ਪ੍ਰਵਾਨ ਕਰਦਿਆਂ ਸੁਸਾਇਟੀ ਲਈ ਹਰ ਸਹਿਯੋਗ ਦੇਣ ਦਾ ਭਰੋਸਾ ਦਿਤਾ।

ਸ. ਮੁੰਦਰ ਨੂੰ ਇਹ ਨਿਯੁਕਤੀ ਪੱਤਰ ਸੁਸਾਇਟੀ ਦੇ ਜਲੰਧਰ ਆਫਿਸ ਵਿਚ ਦਿਤਾ ਗਿਆ, ਜਿਥੇ ਅਮਰੀਕਾ ਦੇ ਉਘੇ ਬਿਜਨਸਮੈਨ ਅਤੇ ਪੀ ਐਸ ਪੀ ਜੀ ਐਲ ਦੇ ਚੀਫ ਇੰਜੀਨੀਅਰ ਜੇ ਐਸ ਮੁਲਤਾਨੀ ਵਿਸ਼ੇਸ਼ ਤੌਰ 'ਤੇ ਪੁੱਜੇ, ਜਿਨ੍ਹਾਂ ਦਾ ਪ੍ਰਧਾਨ ਬ੍ਰਿਗੇਡੀਅਰ ਮਨਜੀਤ ਸਿੰਘ ਅਤੇ ਸਮੂਹ ਅਹੁਦੇਦਾਰਾਂ ਨੇ ਵਿਸ਼ੇਸ਼ ਧੰਨਵਾਦ ਕੀਤਾ। ਪ੍ਰਧਾਨ ਨੇ ਆਏ ਮਹਿਮਾਨਾਂ ਨੂੰ ਸੁਸਾਇਟੀ ਦੀਆਂ ਗਤੀਵਿਧੀਆਂ ਤੋਂ ਜਾਣੂ ਕਰਵਾਇਆ। ਸ. ਨਰਿੰਦਰ ਸਿੰਘ ਮੁੰਦਰ ਦਾ ਸੁਸਾਇਟੀ ਵਲੋਂ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।

ਮੀਟਿੰਗ ਵਿਚ ਬ੍ਰਿਗੇਡੀਅਰ ਮਨਜੀਤ ਸਿੰਘ (ਪ੍ਰਧਾਨ), ਕਰਨਲ ਐਚ ਐਸ ਮੁਤਲਾਨੀ, ਚਰਨਜੀਤ ਸਿੰਘ, ਰਾਜਿੰਦਰਪਾਲ ਸਿੰਘ ਟੋਨੀ, ਸੂਬੇਦਾਰ ਮੇਜਰ ਕੁਲਵੰਤ ਸਿੰਘ ਅਤੇ ਹਰਪ੍ਰਿਤਪਾਲ ਸਿੰਘ ਮੁਲਤਾਨੀ ਹਾਜ਼ਰ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖਿਲਾਫ ਰੋਹ ਭੜਕਿਆ

**ਮੋਗਾ:** ਫ਼ਰੀਦਕੋਟ ਦੇ ਪਿੰਡ ਬਰਗਾੜੀ ਵਿਖੇ ਸ਼ਰਾਰਤੀ ਅਨਸਰਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀਤੀ ਗਈ ਬੇਅਦਬੀ ਖਿਲਾਫ ਸਿੱਖ ਸੰਗਤ ਵਿਚ ਰੋਹ ਫੈਲ ਗਿਆ ਹੈ। ਇਸ ਘਟਨਾ ਪਿੱਛੋਂ ਧਰਨੇ ਉਤੇ ਬੈਠੀ ਸਿੱਖ ਸੰਗਤ ਤੇ ਪੁਲਿਸ ਵਿਚਾਲੇ ਝੜਪ ਵਿਚ ਦੋਵਾਂ ਧਿਰਾਂ ਦੇ ਕਈ ਲੋਕ ਜ਼ਖਮੀ ਹੋ ਗਏ। ਦੱਸਣਯੋਗ ਹੈ ਕਿ ਉਪ ਮੰਡਲ ਜੈਤੋ ਦੇ ਪਿੰਡ ਬਰਗਾੜੀ ਦੀ ਫਿਰਨੀ ਉਤੇ ਗੁਰੂ ਗ੍ਰੰਥ ਸਾਹਿਬ ਦੇ ਫਟੇ ਹੋਏ ਪੱਤਰੇ ਮਿਲੇ ਸਨ ਜਿਸ ਤੋਂ ਬਾਅਦ ਸਿੱਖ ਸੰਗਤ ਵਿਚ ਰੋਸ ਫੈਲ ਗਿਆ। ਗੁਰਦੁਆਰੇ ਵਿਚ ਮਾਮਲੇ ਬਾਰੇ ਜਾਣਕਾਰੀ ਲੈਣ ਪੁੱਜੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਗਰਮ ਖਿਆਲੀ ਸਿੱਖ ਜਥੇਬੰਦੀਆਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਸੰਗਤ ਵਿਚੋਂ ਬਾਹਰ ਕਰ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਵੀ ਪਿੰਡ ਪੁੱਜੇ, ਪਰ ਮਾਹੌਲ ਵੇਖ ਕੇ ਉਨ੍ਹਾਂ ਨੇ ਗੁਰਦੁਆਰੇ ਵਿਚ ਹੋਏ ਇਕੱਠ ਤੋਂ ਦੂਰੀ ਬਣਾਉਣੀ ਹੀ ਠੀਕ ਸਮਝੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਿਚ ਸਿੱਖ ਸੰਗਤ ਵੱਲੋਂ ਪਿੰਡ ਬੱਟਰ ਕਲਾਂ ਦੇ ਬੱਸ ਅੱਡੇ ਕੋਲ ਮੋਗਾ-ਬਰਨਾਲਾ ਤੇ ਮੋਗਾ-ਕੋਟਕਪੂਰਾ ਕੌਮੀ ਸ਼ਾਹਰਾਹ ਉਤੇ ਆਵਾਜਾਈ ਰੋਕੀ ਗਈ। ਪਾਵਨ ਸਰੂਪ ਦੀ ਬੇਅਦਬੀ ਕਰਨ ਵਾਲਿਆਂ ਖਿਲਾਫ ਸਿੱਖ ਜਥੇਬੰਦੀਆਂ ਨੇ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਸੰਤ ਸਮਾਜ ਤੇ ਦਮਦਮੀ ਟਕਸਾਲ ਵੱਲੋਂ ਇਸ ਦੇ ਰੋਸ ਵਿਚ ਮਾਲਵੇ ਦੇ ਛੇ ਜ਼ਿਲ੍ਹਿਆਂ ਵਿਚ ਬੰਦ ਦਾ ਸੱਦਾ ਦਿੱਤਾ ਹੈ।

ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਟੀਮ ਬਣਾਈ: ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੇ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਦੀ ਪੜਤਾਲ ਲਈ ਏ.ਡੀ.ਜੀ.ਪੀ. (ਲਾਅ ਐਂਡ ਆਰਡਰ) ਰੋਹਿਤ ਚੌਧਰੀ ਨੇ ਵਿਸ਼ੇਸ਼ ਜਾਂਚ ਟੀਮ ਬਣਾਈ ਹੈ। ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਲਿਆ ਹੈ। ਗੁਰੂ ਗ੍ਰੰਥ ਸਾਹਿਬ ਦੇ ਜਿਹੜੇ ਪੱਤਰੇ ਪਿੰਡ ਦੀ ਸੜਕ ਤੋਂ ਮਿਲੇ, ਉਨ੍ਹਾਂ ਉਤੇ ਤਰੇਲ ਪੈਣ ਦੀ ਪੁਸ਼ਟੀ ਹੋਈ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਘਟਨਾ ਅੱਧੀ ਰਾਤ ਤੋਂ ਬਾਅਦ ਵਾਪਰੀ ਹੈ।

# ਅਕਾਲੀ ਦਲ ਅਮਰੀਕਾ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਦੀ ਨਿਖੇਧੀ

**ਨਿਊ ਯਾਰਕ (ਬਿਊਰੋ):** ਫਰੀਦਕੋਟ ਦੇ ਨਜ਼ਦੀਕ ਪਿੰਡ ਬਰਗਾੜੀ ਦੇ ਗੁਰਦੁਆਰਾ ਪਾਤਸ਼ਾਹੀ ਦਸਵੀਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਬੇਅਦਬੀ ਦੀ ਘਟਨਾ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਪਾਰਟੀ ਦੀ ਹਾਈ ਪਾਵਰ ਕੋਰ ਕਮੇਟੀ ਦੇ ਚੇਅਰਮੈਨ ਜਸਪ੍ਰੀਤ ਸਿੰਘ ਅਟਾਰਨੀ ਨੇ ਇਕ ਬਿਆਨ ਵਿਚ ਕਿਹਾ ਕਿ ਇਸ ਘਟਨਾ ਨਾਲ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ ਹਨ।

ਕੇਂਦਰ ਸਰਕਾਰ ਵਲੋਂ ਟਾਡਾ ਅਧੀਨ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਿੱਖ ਕੈਦੀ ਭਾਈ ਵਰਿਆਮ ਸਿੰਘ ਨੂੰ ਰਿਹਾ ਕਰਨ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਬਾਕੀ ਸਿੱਖ ਕੈਦੀਆਂ ਨੂੰ ਵੀ ਜਲਦੀ ਰਿਹਾ ਕਰਨ ਦੀ ਅਪੀਲ ਕੀਤੀ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵਲੋਂ ਭਾਈ ਵਰਿਆਮ ਸਿੰਘ ਦੀ ਰਿਹਾਈ ਦੇ ਵਿਰੋਧ ਦੀ ਨਿਖੇਧੀ ਕਰਦਿਆਂ ਅਟਾਰਨੀ ਜਸਪ੍ਰੀਤ ਸਿੰਘ ਨੇ ਕਿਹਾ ਕਿ ਇਸ ਨਾਲ ਕਾਂਗਰਸ ਦਾ ਸਿੱਖ ਵਿਰੋਧੀ ਚਿਹਰਾ ਨੰਗਾ ਹੋਇਆ ਹੈ। ਉਨ੍ਹਾਂ ਪ੍ਰਵਾਸੀ ਪੰਜਾਬੀਆਂ ਨੂੰ ਕਾਂਗਰਸੀਆਂ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ, ਜੋ ਸਿੱਖ ਧਰਮ ਨੂੰ ਖਤਮ ਕਰਨ 'ਤੇ ਤੁਲੇ ਹੋਏ ਹਨ।

ਸ. ਜਸਪ੍ਰੀਤ ਸਿੰਘ ਅਟਾਰਨੀ ਨੇ ਕਿਹਾ ਕਿ ਜਲਦ ਹੀ ਭਾਰਤੀ ਅੰਬੈਸਡਰ ਸ੍ਰੀ ਅਰੁਣ ਕੇ. ਸਿੰਘ ਨੂੰ ਵਾਸ਼ਿੰਗਟਨ ਡੀ.ਸੀ. ਵਿਚ ਮਿਲ ਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਮੰਗ ਪੱਤਰ ਦਿੱਤਾ ਜਾਵੇਗਾ ਅਤੇ ਭਾਰਤੀ ਵੀਜ਼ੇ ਲਈ ਹੋ ਰਹੀਆਂ ਖੱਜਲ-ਖੁਆਰੀਆਂ ਰੋਕਣ ਦੀ ਮੰਗ ਕੀਤੀ ਜਾਵੇਗੀ।

# ਕਬੱਡੀ ਤਾਲਮੇਲ ਕਮੇਟੀ ਦਾ ਵਿਸਤਾਰ

**ਵਾਟਸਨਵਿਲ (ਐਸ ਅਸ਼ੋਕ ਭੌਰਾ):** ਯੂ ਐਸ ਕਬੱਡੀ ਕੋ-ਆਰਡੀਨੇਸ਼ਨ ਕਮੇਟੀ ਦਾ ਵਿਸਥਾਰ ਕਰਕੇ ਕੁਝ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ, ਜਿਸ ਸਬੰਧੀ ਫੈਸਲਾ ਕਮੇਟੀ ਦੀ ਇਥੇ ਪ੍ਰਧਾਨ ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਜ਼ਿਕਰਯੋਗ ਹੈ ਕਿ ਇਸ ਸੰਸਥਾ ਵਲੋਂ ਅਗਲੇ ਸਾਲ ਕੈਲੀਫੋਰਨੀਆ ਵਿਚ ਚਾਰ ਵੱਡੇ ਕਬੱਡੀ ਕੱਪ ਟੂਰਨਾਮੈਂਟ ਕਰਵਾਏ ਜਾਣਗੇ। ਇਸ ਮੀਟਿੰਗ ਵਿਚ ਸ. ਮੰਗਲ ਸਿੰਘ ਭੰਡਾਲ, ਕਿੰਦੂ ਪਹਿਲਵਾਨ ਰਮੀਦੀ ਵਾਲਾ ਅਤੇ ਤਰਲੋਚਨ ਸਿੰਘ ਲੱਛਰ ਹਾਜ਼ਰ ਹੋਏ।

ਕਬੱਡੀ ਕੱਪਾਂ ਲਈ ਬਰਾਬਰ ਦੇ ਮੁਕਾਬਲੇ ਵਾਸਤੇ ਟੀਮਾਂ ਅਤੇ ਖਿਡਾਰੀਆਂ ਨਾਲ ਸੰਪਰਕ ਕਰਨ ਦੀ ਜ਼ਿੰਮੇਵਾਰੀ ਅਮਰਜੀਤ ਸਿੰਘ ਸੰਘਾ, ਸੁੱਖੀ ਸੇਖੋਂ ਅਤੇ ਬਲਜੀਤ ਸਿੰਘ ਸਹੋਤਾ ਨੂੰ ਸੌਂਪੀ ਗਈ ਹੈ, ਖਜਾਨਚੀ ਸੰਤੋਖ ਸਿੰਘ ਜੱਜ ਅਤੇ ਸਪੋਕਸਮੈਨ ਗੁਰਦਾਵਰ ਸਿੰਘ ਮਹੇੜੂ ਨੂੰ ਬਣਾਇਆ ਗਿਆ ਹੈ।


ਜ਼ਮੀਨ ਵਿਕਾਊ ਹੈ

ਪੰਜਾਬ ਵਿਚ ਪਟਿਆਲਾ-ਅੰਬਾਲਾ ਸੜਕ 'ਤੇ ਪਟਿਆਲੇ ਤੋਂ 7 ਕਿਲੋਮੀਟਰ ਦੀ ਦੂਰੀ ਤੇ ਪਿੰਡ ਅਸਰਪੁਰ ਸਾਹਮਣੇ 6 ਏਕੜ ਉਪਜਾਊ ਜ਼ਮੀਨ ਵਿਕਾਊ ਹੈ। ਨਹਿਰ ਦੀ ਸਿੰਚਾਈ ਹੈ।

ਖਰੀਦਣ ਲਈ ਸੰਪਰਕ ਕਰੋ- 408-991-4249




ਗੁਰਦੁਆਰਾ ਸੈਨ ਹੋਜ਼ੇ, ਕੈਲੀਫਰਨੀਆ

3636 Murillo Ave., San Jose, CA 95148

ਸ਼ਹੀਦੀ ਸਮਾਗਮ

ਭਾਈ ਸੁਖਾ ਸਿੰਘ ਤੇ ਮਹਿਤਾਬ ਸਿੰਘ ਅਤੇ
ਭਾਈ ਸੁਖਦੇਵ ਸਿੰਘ ਸੁੱਖਾ ਤੇ ਭਾਈ ਹਰਜਿੰਦਰ ਸਿੰਘ ਜਿੰਦਾ

25 ਅਕਤੂਬਰ 2015



ਰਾਜਸਥਾਨ ਦੀਆਂ ਸੰਗਤਾਂ ਵਲੋਂ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਬੇਅਦਬੀ ਕਰਨ ਵਾਲੇ ਜਾਲਮ ਹੁਕਮਰਾਨ ਮੱਸਾ ਰੰਗੜ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਵਾਲੇ ਭਾਈ ਸੁਖਾ ਸਿੰਘ ਤੇ ਮਹਿਤਾਬ ਸਿੰਘ ਅਤੇ ਜੂਨ 84 ਦੇ ਘਲੂਘਾਰੇ ਸਮੇਂ ਦਰਬਾਰ ਸਾਹਿਬ 'ਤੇ ਫੌਜਾਂ ਚੜ੍ਹਾਉਣ ਲਈ ਜਿੰਮੇਵਾਰ ਜਨਰਲ ਵੈਦਿਆ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਵਾਲੇ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਭਾਈ ਹਰਜਿੰਦਰ ਸਿੰਘ ਜਿੰਦਾ ਦੀ ਲਾਸਾਨੀ ਕੁਰਬਾਨੀ ਨੂੰ ਸਜ਼ਦਾ ਕਰਨ ਲਈ ਸ਼ਹੀਦੀ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ:

ਸ਼ੁਕਰਵਾਰ 23 ਅਕਤੂਬਰ 2015 ਅਰੰਭ ਸ੍ਰੀ ਅਖੰਡਪਾਠ ਸਾਹਿਬ
ਐਤਵਾਰ 25 ਅਕਤੂਬਰ 2015 ਭੋਗ ਸ੍ਰੀ ਅਖੰਡਪਾਠ ਸਾਹਿਬ ਸਵੇਰੇ 10 ਵਜੇ
ਉਪਰੰਤ ਕੀਰਤਨ, ਕਥਾ ਢਾਡੀ ਵਾਰਾਂ ਅਤੇ ਬੁਲਾਰੇ

*ਸਮੂਹ ਸੰਗਤਾਂ ਨੂੰ ਸਮਾਗਮ ਵਿਚ ਹਾਜਰੀਆਂ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ ਜੀ।*



ਸੇਵਾ: ਰਾਜਸਥਾਨ ਦੀਆਂ ਸਿੱਖ ਸੰਗਤਾਂ

ਹੋਰ ਜਾਣਕਾਰੀ ਲਈ ਸੰਪਰਕ ਕਰੋ: ਰਾਮਕਮਲ ਸਿੰਘ 408-677-1234
ਰਾਜਿੰਦਰ ਸਿੰਘ 408-513-7026, ਡਾ. ਚਰਨਜੀਤ ਸਿੰਘ ਪੰਨੂ 408-646-3597

# ਕਿਸਾਨਾਂ ਦੇ ਸੰਘਰਸ਼ ਨੇ ਮੱਠੀ ਪਾਈ ਪੰਜਾਬ ਦੀ ਰਫਤਾਰ



**ਚੰਡੀਗੜ੍ਹ:** ਪੰਜਾਬ ਵਿਚ ਕਿਸਾਨ ਮਸਲਿਆਂ ਨੂੰ ਲੈ ਕੇ ਛਿੜਿਆ ਸੰਘਰਸ਼ ਸੂਬਾ ਸਰਕਾਰ ਲਈ ਚੁਣੌਤੀ ਬਣ ਗਿਆ ਹੈ। ਤਕਰੀਬਨ ਹਫਤਾ ਭਰ ਚੱਲੇ ਰੇਲ ਰੋਕੋ ਅੰਦੋਲਨ ਨੇ ਪੰਜਾਬ ਦੀ ਆਰਥਿਕਤਾ ਦੀ ਗੱਡੀ ਵੀ ਲੀਹੋਂ ਲਾਹ ਦਿੱਤੀ ਹੈ। ਰੇਲਵੇ ਵੱਲੋਂ 100 ਕਰੋੜ ਰੁਪਏ ਤੋਂ ਜ਼ਿਆਦਾ ਦਾ ਨੁਕਸਾਨ ਹੋਣ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ। ਪੰਜਾਬ ਦੇ ਥਰਮਲ ਪਲਾਂਟਾਂ ਵਿਚ ਵੀ ਕੋਇਲੇ ਦਾ ਸੰਕਟ ਖੜ੍ਹਾ ਹੋ ਗਿਆ ਹੈ।

ਪਾਵਰਕੌਮ ਦੇ ਸੂਤਰਾਂ ਮੁਤਾਬਕ ਬਠਿੰਡਾ ਥਰਮਲ ਪਲਾਂਟ ਵਿਚ ਤਾਂ ਕੋਇਲਾ ਖਤਮ ਹੋਣ ਵਾਲਾ ਹੈ। ਉੱਤਰੀ ਭਾਰਤ ਦੇ ਸੂਬਿਆਂ ਵਿਚ ਵਪਾਰ ਨੂੰ ਵੀ ਖੋਰਾ ਲੱਗਾ ਹੈ। ਅੰਦੋਲਨ ਕਾਰਨ ਹੌਜ਼ਰੀ ਸਨਅਤ ਦੇ ਵਪਾਰੀਆਂ ਨੂੰ ਵੀ ਭਾਰੀ ਪਰੇਸ਼ਾਨੀ ਆ ਰਹੀ ਹੈ। ਹਾਲਾਤ ਇਹ ਹਨ ਕਿ ਹੌਜ਼ਰੀ ਦੇ 2500 ਤੋਂ ਜ਼ਿਆਦਾ ਪਾਰਸਲ (ਬੰਡਲ ਤੇ ਪੇਟੀਆਂ) ਲੁਧਿਆਣਾ ਰੇਲਵੇ ਸਟੇਸ਼ਨ 'ਤੇ ਪਏ ਹਨ ਤੇ ਰੇਲਵੇ ਅਧਿਕਾਰੀ ਮਜਬੂਰ ਹਨ। ਜ਼ਿਕਰਯੋਗ ਹੈ ਕਿ ਹੌਜ਼ਰੀ ਦੇ ਮਾਲ ਦਾ ਹੋਲਸੇਲ ਡਿਸਪੈਚ ਸਤੰਬਰ ਤੋਂ ਨਵੰਬਰ ਤੱਕ ਚੱਲਦਾ ਹੈ। ਅਕਤੂਬਰ ਵਿਚ ਡਿਸਪੈਚ ਸਿਖਰਾਂ 'ਤੇ ਹੁੰਦਾ ਹੈ ਪਰ ਇਸ ਵਾਰ ਪਹਿਲਾਂ ਟਰਾਂਸਪੋਰਟਰਾਂ ਦੀ ਹੜਤਾਲ ਤੇ ਹੁਣ ਕਿਸਾਨਾਂ ਦੇ ਰੇਲ ਰੋਕੂ ਅੰਦੋਲਨ ਕਾਰਨ ਵਪਾਰੀ ਪਰੇਸ਼ਾਨ ਹਨ।

ਇਹ ਸਾਰਾ ਗੁੱਸਾ ਪੰਜਾਬ ਸਰਕਾਰ ਉਤੇ ਨਿਕਲ ਰਿਹਾ ਹੈ। ਸਰਕਾਰ ਦੀ ਨੀਅਤ 'ਤੇ ਸਵਾਲ ਉੱਠ ਰਹੇ ਹਨ ਕਿ ਕਿਸਾਨਾਂ ਨੇ ਸਰਕਾਰ ਨੂੰ ਹਫਤਾ ਪਹਿਲਾਂ ਸੰਘਰਸ਼ ਤੇਜ਼ ਕਰਨ ਤੇ ਰੇਲ ਆਵਾਜਾਈ ਬੰਦ ਕਰਨ ਦੀ ਚਿਤਾਵਨੀ ਦਿੱਤੀ ਸੀ। ਇਸ ਦੇ ਬਾਵਜੂਦ ਸਰਕਾਰ ਕੋਈ ਫੈਸਲਾ ਨਾ ਲੈ ਸਕੀ। ਪੰਜਾਬ ਸਮੇਤ ਉੱਤਰੀ ਭਾਰਤ ਦੇ ਹੋਰ ਸੂਬਿਆਂ ਦੇ ਕਾਰੋਬਾਰ 'ਤੇ ਵੀ ਅਸਰ ਪੈ ਰਿਹਾ ਹੈ। ਕਿਸਾਨੀ ਸੰਘਰਸ਼ ਕਾਰਨ ਭਾਰਤ ਤੇ ਪਾਕਿਸਤਾਨ ਦਰਮਿਆਨ ਚੱਲਣ ਵਾਲੀ ਸਮਝੌਤਾ ਐਕਸਪ੍ਰੈਸ ਵੀ ਆਪਣੀ ਮੰਜ਼ਿਲ ਤੈਅ ਨਹੀਂ ਕਰ ਸਕੀ। ਰੇਲ ਆਵਾਜਾਈ ਠੱਪ ਹੋਣ ਕਾਰਨ ਸੂਬਾ ਸਰਕਾਰ ਦੀ ਹਾਲਤ ਬੇਹੱਦ ਕਸੂਤੀ ਬਣੀ ਹੋਈ ਹੈ। ਕੇਂਦਰ ਵੱਲੋਂ ਸੂਬਾ ਸਰਕਾਰ 'ਤੇ ਕਿਸਾਨੀ ਸੰਘਰਸ਼ ਖਤਮ ਕਰਾਉਣ ਲਈ ਦਬਾਅ ਪਾਇਆ ਹੋਇਆ ਸੀ। ਦਿੱਲੀ-ਬਠਿੰਡਾ, ਅੰਮ੍ਰਿਤਸਰ-ਦਿੱਲੀ, ਫਿਰੋਜ਼ਪੁਰ-ਲੁਧਿਆਣਾ, ਬਠਿੰਡਾ-ਅੰਬਾਲਾ, ਬਠਿੰਡਾ-ਬੀਕਾਨੇਰ, ਬਠਿੰਡਾ- ਸਿਰਸਾ ਆਦਿ ਰੇਲ ਰੂਟਾਂ 'ਤੇ ਤਕਰੀਬਨ ਹਫਤਾ ਰੇਲਾਂ ਨਹੀਂ ਚੱਲੀਆਂ। ਇਸੇ ਤਰ੍ਹਾਂ ਪੰਜਾਬ ਦਾ ਕੌਮੀ ਰਾਜਧਾਨੀ ਨਵੀਂ ਦਿੱਲੀ ਤੇ ਗੁਆਂਢੀ ਰਾਜਾਂ ਹਰਿਆਣਾ ਤੇ ਰਾਜਸਥਾਨ ਨਾਲ ਰੇਲ ਸੰਪਰਕ ਟੁੱਟਿਆ ਹੋਇਆ ਹੈ। ਜਥੇਬੰਦੀਆਂ ਨੇ ਸਰਕਾਰ ਵੱਲੋਂ ਕਿਸਾਨਾਂ ਦੀਆਂ ਵਾਜਬ ਮੰਗਾਂ ਵੀ ਨਾ ਮੰਨਣ ਦੀ ਸਖਤ ਸ਼ਬਦਾਂ ਵਿਚ ਆਲੋਚਨਾ ਕੀਤੀ। ਕਿਸਾਨ ਜਥੇਬੰਦੀਆਂ ਨੇ ਅੰਦੋਲਨ ਕਾਰਨ ਰੇਲ ਮੁਸਾਫਰਾਂ ਦੀ ਹੋਈ ਖੱਜਲ ਖੁਆਰੀ ਲਈ ਸਰਕਾਰ ਦੇ ਅੜੀਅਲ ਵਤੀਰੇ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਕਿਸਾਨ ਜਥੇਬੰਦੀਆਂ ਚਿੱਟੇ ਮੱਛਰ ਨਾਲ ਬਰਬਾਦ ਹੋਏ ਨਰਮੇ ਦਾ 40 ਹਜ਼ਾਰ ਪ੍ਰਤੀ ਏਕੜ ਕਿਸਾਨਾਂ ਲਈ ਮੁਆਵਜ਼ਾ, 20 ਹਜ਼ਾਰ ਰੁਪਏ ਪ੍ਰਤੀ ਪਰਿਵਾਰ ਖੇਤ ਮਜ਼ਦੂਰ ਲਈ ਸਹਾਇਤਾ, ਬਾਸਮਤੀ 1509 ਦੀ ਉਚਿਤ ਭਾਅ ਤੇ ਖਰੀਦ ਯਕੀਨੀ ਬਣਾਉਣ, ਗੰਨੇ ਦੇ ਸਾਰੇ ਬਕਾਏ ਜਾਰੀ ਕਰਵਾਉਣ ਤੇ ਚਿੱਟੇ ਮੱਛਰ ਦੀ ਦਵਾਈ ਦੀ ਖਰੀਦ ਦੇ ਸਕੈਂਡਲ ਨਾਲ ਜੁੜੇ ਅਧਿਕਾਰੀਆਂ, ਖੇਤੀ ਮੰਤਰੀ ਤੇ ਜਾਅਲੀ ਦਵਾਈ ਕੰਪਨੀਆਂ ਵਿਰੁੱਧ ਲੋੜੀਂਦੀ ਕਾਰਵਾਈ ਕਰਨ ਦੀਆਂ ਮੰਗਾਂ ਕਰ ਰਹੀਆਂ ਹਨ।

## ਅਕਾਲੀ ਦਲ ਵੱਲੋਂ ਸਿਆਸੀ ਨਫੇ-ਨੁਕਸਾਨ 'ਤੇ ਚਰਚਾ

**ਚੰਡੀਗੜ੍ਹ:** ਕਿਸਾਨ ਜਥੇਬੰਦੀਆਂ ਦੇ ਸੰਘਰਸ਼ ਨੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਸੋਚੀਂ ਪਾ ਦਿੱਤਾ ਹੈ। ਸਰਕਾਰ ਇਸ ਸੰਘਰਸ਼ ਪਿੱਛੋਂ ਆਪਣੇ ਸਿਆਸੀ ਨਫ਼ੇ-ਨੁਕਸਾਨ ਬਾਰੇ ਚਰਚਾ ਕਰਨ ਵਿਚ ਰੁੱਝ ਗਈ ਹੈ। ਅਕਾਲੀ ਦਲ ਦੀ ਕੋਰ ਕਮੇਟੀ ਵੱਲੋਂ ਇਕ ਤੋਂ ਬਾਅਦ ਮੀਟਿੰਗਾਂ ਕਰਕੇ ਵੋਟ ਬੈਂਕ ਨੂੰ ਵੱਜੀ ਸੱਟ 'ਤੇ ਵਿਚਾਰ ਚਰਚਾ ਕੀਤੀ ਜਾ ਰਹੀ ਹੈ। ਭਾਵੇਂ ਜ਼ਿਆਦਾਤਰ ਅਕਾਲੀ ਆਗੂ ਕਿਸਾਨ ਅੰਦੋਲਨ ਨੂੰ ਸਖਤੀ ਨਾਲ ਖਤਮ ਕਰਾਉਣ ਦੇ ਹਾਮੀ ਸਨ ਪਰ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਲਈ ਰਾਜ਼ੀ ਨਾ ਹੋਏ। ਇਸ ਲਈ ਵੱਡੀ ਗਿਣਤੀ ਅਕਾਲੀ ਆਗੂ ਸਰਕਾਰ ਦੇ ਦੂਤ ਬਣ ਕੇ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਨੂੰ ਸਰਕਾਰ ਦੀ ਪ੍ਰਾਪਤੀਆਂ ਗਿਣਾਉਂਦੇ ਰਹੇ।

ਅਕਾਲੀ ਆਗੂਆਂ ਦਾ ਮੰਨਣਾ ਹੈ ਕਿ ਕਿਸਾਨੀ ਸੰਘਰਸ਼ ਲੰਬਾ ਖਿੱਚੇ ਜਾਣ ਨਾਲ ਹਾਕਮ ਪਾਰਟੀ ਨੂੰ ਸਿਆਸੀ ਤੌਰ 'ਤੇ ਨੁਕਸਾਨ ਹੋ ਸਕਦਾ ਹੈ ਕਿਉਂਕਿ ਅਕਾਲੀ ਦਲ ਦਾ ਮੁੱਖ ਆਧਾਰ ਕਿਸਾਨੀ ਵਿਚ ਹੈ ਤੇ ਸੰਘਰਸ਼ ਕਾਰਨ ਸਰਕਾਰ ਦਾ ਅਕਸ ਕਿਸਾਨ ਵਿਰੋਧੀ ਬਣ ਰਿਹਾ ਹੈ। ਅਕਾਲੀ ਦਲ ਦਾ ਦਾਅਵਾ ਹੈ ਕਿ ਉਹ ਕਿਸਾਨੀ ਮਸਲਿਆਂ ਨੂੰ ਲੈ ਕੇ ਗੰਭੀਰ ਹੈ ਤੇ ਜਦੋਂ ਖੁਦ ਸੂਬਾ ਸਰਕਾਰ ਕਿਸਾਨੀ ਮਸਲਿਆਂ ਨੂੰ ਲੈ ਕੇ ਕੇਂਦਰ ਸਰਕਾਰ ਤੱਕ ਪਹੁੰਚ ਕਰ ਰਹੀ ਹੈ ਤਾਂ ਅੰਦੋਲਨ ਨੂੰ ਜਾਇਜ਼ ਨਹੀਂ ਕਿਹਾ ਜਾ ਸਕਦਾ। ਮੀਟਿੰਗ ਵਿਚ ਇਹ ਵੀ ਚਰਚਾ ਕੀਤੀ ਜਾ ਰਹੀ ਹੈ ਕਿ ਪਿਛਲੇ ਸਿਆਸੀ ਨਫੇ-ਨੁਕਸਾਨ ਨੂੰ ਭੁੱਲ ਕੇ ਅੱਗੋਂ ਝੋਨੇ ਦੀ ਖਰੀਦ ਵਿਚ ਢਿੱਲ ਨਾ ਵਰਤੀ ਜਾਵੇ।

## ਰੇਲਾਂ ਰੋਕਣ ਵਾਲੇ ਸਿਆਸੀ ਮੋਹਰੇ: ਮਲੂਕਾ



**ਸੁਨਾਮ:** ਪੰਜਾਬ ਵਿਚ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਬਾਰੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਜੋ ਲੋਕ ਰੇਲਾਂ ਰੋਕ ਰਹੇ ਹਨ, ਉਹ ਕਿਸਾਨ ਨਹੀਂ ਹਨ ਬਲਕਿ ਸਿਆਸੀ ਮੋਹਰੇ ਹਨ।

ਇਨ੍ਹਾਂ ਦੀਆਂ ਤਾਰਾਂ ਕਿਸੇ ਸਿਆਸੀ ਪਾਰਟੀ ਨਾਲ ਜੁੜਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਜੋ ਕਿਸਾਨ ਕਿਸੇ ਵੀ ਤਰ੍ਹਾਂ ਨਾਲ ਪੀੜਤ ਹੋਏ ਹਨ, ਪੰਜਾਬ ਸਰਕਾਰ ਵੱਲੋਂ ਉਨ੍ਹਾਂ ਕਿਸਾਨਾਂ ਨੂੰ ਆਰਥਿਕ ਮੱਦਦ ਦਿੱਤੀ ਜਾ ਰਹੀ ਹੈ।

# ਨਰਮੇ ਦੇ ਮੁਆਵਜ਼ੇ ਵਿਚ ਵੀ ਕਾਣੀ ਵੰਡ ਦੇ ਦੋਸ਼

**ਸੁਨੀਲ ਜਾਖੜ ਵੱਲੋਂ ਮੁੱਖ ਮੰਤਰੀ ਬਾਦਲ ਦੀ ਕੋਠੀ ਅੱਗੇ ਧਰਨੇ ਲਾਉਣ ਦੀ ਚਿਤਾਵਨੀ**

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਕਿਹਾ ਕਿ ਚਿੱਟੇ ਮੱਛਰ ਕਾਰਨ ਮਰੇ ਨਰਮੇ ਦਾ ਮੁਆਵਜ਼ਾ ਦੇਣ ਵਿਚ ਵਿਤਕਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਵਿਤਕਰਾ ਜਾਰੀ ਰਿਹਾ ਤਾਂ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਅੱਗੇ ਧਰਨੇ ਉਤੇ ਬੈਠਣਗੇ। ਉਨ੍ਹਾਂ ਕੀਟਨਾਸ਼ਕ ਦਵਾਈਆਂ ਦੀ ਜਾਂਚ ਨੂੰ ਲੋਕਾਂ ਦੇ ਅੱਖੀਂ ਘੱਟਾ ਪਾਉਣ ਵਾਲੀ ਦੱਸਦਿਆਂ ਮੰਗ ਕੀਤੀ ਕਿ ਸਰਕਾਰ ਨਕਲੀ ਕੀਟਨਾਸ਼ਕ ਬਣਾਉਣ ਵਾਲਿਆਂ ਤੇ ਵੱਡੇ ਆਗੂਆਂ ਨੂੰ ਹੱਥ ਪਾਵੇ। ਸ੍ਰੀ ਜਾਖੜ ਨੇ ਕਿਹਾ ਕਿ ਸੂਬੇ ਵਿਚ ਤਕਰੀਬਨ 11.25 ਲੱਖ ਏਕੜ ਵਿਚ ਨਰਮੇ ਦੀ ਬਿਜਾਈ ਹੋਈ ਸੀ, ਜਿਸ ਵਿਚੋਂ ਤਕਰੀਬਨ 8.60 ਲੱਖ ਏਕੜ ਵਿੱਚ ਫਸਲ ਨੁਕਸਾਨੀ ਗਈ ਹੈ। ਸਰਕਾਰ ਨੇ ਨਰਮੇ ਦੇ ਨੁਕਸਾਨ ਲਈ 643 ਕਰੋੜ ਰੁਪਏ ਦਾ ਪੈਕੇਜ ਐਲਾਨਿਆ ਹੈ, ਪਰ ਮੁਆਵਜ਼ਾ ਵੰਡਣ ਵੇਲੇ ਵਿਤਕਰਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਨਿਯਮਾਂ ਅਨੁਸਾਰ ਇਕ ਕਿਸਾਨ ਨੂੰ ਦਸ ਏਕੜ ਤੋਂ ਵੱਧ ਫਸਲ ਦੇ ਨੁਕਸਾਨ ਦਾ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ, ਪਰ ਮੁੱਖ ਮੰਤਰੀ ਦੇ ਹਲਕੇ ਲੰਬੀ ਦੇ ਪਿੰਡ ਸਰਾਵਾਂ ਬੋਦਲਾਂ ਵਿਚ ਇਕ ਕਿਸਾਨ ਨੂੰ 92100 ਰੁਪਏ ਦਾ ਚੈੱਕ ਦਿੱਤਾ ਗਿਆ ਹੈ। ਜੇਕਰ ਵੱਧ ਤੋਂ ਵੱਧ ਮੁਆਵਜ਼ਾ ਪ੍ਰਤੀ ਏਕੜ ਦਿੱਤਾ ਜਾਵੇ ਤਾਂ ਦਸ ਏਕੜ ਦਾ ਮੁਆਵਜ਼ਾ ਅੱਠ ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਅੱਸੀ ਹਜ਼ਾਰ ਰੁਪਏ ਬਣਦਾ ਹੈ। ਇਹ ਮੁਆਵਜ਼ਾ ਮੁੱਖ ਮੰਤਰੀ ਦੇ ਕਰੀਬੀ ਦਿਆਲ ਸਿੰਘ ਕੋਲਿਆਂਵਾਲੀ ਨੇ ਵੰਡਿਆ ਹੈ, ਜਿਸ ਦੀ ਨਕਲੀ ਦਵਾਈ ਦੇ ਮਾਮਲੇ ਵਿਚ ਗ੍ਰਿਫਤਾਰ ਖੇਤੀਬਾੜੀ ਵਿਭਾਗ ਦੇ ਸਾਬਕਾ ਡਾਇਰੈਕਟਰ ਮੰਗਲ ਸਿੰਘ ਸੰਧੂ ਨਾਲ ਨੇੜਤਾ ਨੂੰ ਸਾਰੇ ਜਾਣਦੇ ਹਨ। ਉਨ੍ਹਾਂ ਦੇ ਫਾਜ਼ਿਲਕਾ ਜ਼ਿਲ੍ਹੇ ਵਿਚ ਢਾਈ ਲੱਖ ਏਕੜ ਵਿਚ ਨਰਮਾ ਬੀਜਿਆ ਗਿਆ ਸੀ ਤੇ ਸਭ ਤੋਂ ਵੱਧ ਨੁਕਸਾਨ ਵੀ ਉਨ੍ਹਾਂ ਦੇ ਜ਼ਿਲ੍ਹੇ ਵਿਚ ਹੋਇਆ ਹੈ ਪਰ ਜਿਹੜੇ ਕਿਸਾਨਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ।

## ਚਾਵਲਾ ਦਾ ਪੰਜਾਬ ਸਰਕਾਰ ਉਤੇ ਵਾਰ



**ਅੰਮ੍ਰਿਤਸਰ:** ਪੰਜਾਬ ਦੀ ਸਾਬਕਾ ਸਿਹਤ ਮੰਤਰੀ ਤੇ ਭਾਜਪਾ ਦੀ ਸੀਨੀਅਰ ਨੇਤਾ ਲਕਸ਼ਮੀ ਕਾਂਤਾ ਚਾਵਲਾ ਨੇ ਪੰਜਾਬ ਸਰਕਾਰ ਨੂੰ ਕਿਹਾ ਹੈ ਕਿ ਕਿਸਾਨਾਂ ਅੰਦੋਲਨ ਕਰਕੇ ਦੇਸ਼ ਦੇ ਲੱਖਾਂ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਸਰਕਾਰ ਇਸ ਦਾ ਕੋਈ ਹੱਲ ਲੱਭਣ ਦੀ ਥਾਂ ਹੱਥ 'ਤੇ ਹੱਥ ਧਰ ਕੇ ਬੈਠੀ ਹੈ। ਪੰਜਾਬ ਦੇ ਲੋਕ ਜਵਾਬ ਚਾਹੁੰਦੇ ਹਨ ਕਿ ਰੇਲਾਂ ਵਿਚ ਪਰੇਸ਼ਾਨ ਹੋਏ ਲੋਕਾਂ ਲਈ ਕੌਣ ਜ਼ਿੰਮੇਵਾਰ ਹੈ।

# ਉਤਰੀ ਭਾਰਤ ਵਿਚੋਂ ਪੰਜਾਬ ਵਿਚ ਹੋਇਆ ਸਭ ਤੋਂ ਵੱਧ ਨੁਕਸਾਨ

**ਬਠਿੰਡਾ:** ਚਿੱਟੇ ਮੱਛਰ ਨੇ ਇਸ ਵਾਰ ਪੰਜਾਬ ਤੋਂ ਇਲਾਵਾ ਹਰਿਆਣਾ ਤੇ ਰਾਜਸਥਾਨ ਵਿਚ ਵੀ ਫਸਲ ਬਰਬਾਦ ਕੀਤੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਸੀ ਕਿ ਉੱਤਰੀ ਭਾਰਤ ਵਿਚੋਂ ਸਭ ਤੋਂ ਘੱਟ ਨੁਕਸਾਨ ਪੰਜਾਬ ਵਿਚ ਹੋਇਆ ਹੈ, ਪਰ ਹਰਿਆਣਾ ਤੇ ਰਾਜਸਥਾਨ ਨੇ ਪੰਜਾਬ ਸਰਕਾਰ ਦੇ ਤੱਥਾਂ ਨੂੰ ਝੁਠਲਾ ਦਿੱਤਾ ਹੈ। ਰਾਜਸਥਾਨ ਸਰਕਾਰ ਨੇ ਆਖਿਆ ਹੈ ਕਿ ਰਾਜਸਥਾਨ ਵਿਚ ਔਸਤਨ ਸੱਤ ਫੀਸਦੀ ਫਸਲ ਦਾ ਚਿੱਟੇ ਮੱਛਰ ਕਾਰਨ ਨੁਕਸਾਨ ਹੋਇਆ ਹੈ। ਇਵੇਂ ਹਰਿਆਣਾ ਨੇ ਆਖਿਆ ਹੈ ਕਿ ਖੇਤਰ ਵਿਚ ਪੰਜਾਬ ਤੋਂ ਜ਼ਿਆਦਾ ਨੁਕਸਾਨ ਨਹੀਂ ਹੋਇਆ।

ਰਾਜਸਥਾਨ ਦੇ ਖੇਤੀਬਾੜੀ ਵਿਭਾਗ ਦੇ ਸੰਯੁਕਤ ਡਾਇਰੈਕਟਰ (ਕਾਟਨ) ਬੀ.ਕੇ.ਨੈਣ ਨੇ ਦੱਸਿਆ ਕਿ ਰਾਜਸਥਾਨ ਵਿਚ ਚਿੱਟੇ ਮੱਛਰ ਨਾਲ ਸਭ ਤੋਂ ਘੱਟ ਨੁਕਸਾਨ ਹੋਇਆ ਹੈ। ਸਭ ਤੋਂ ਜ਼ਿਆਦਾ 15 ਫੀਸਦੀ ਨੁਕਸਾਨ ਹਨੂੰਮਾਨਗੜ੍ਹ ਤੇ ਗੰਗਾਨਗਰ ਜ਼ਿਲ੍ਹੇ ਵਿਚ ਹੋਇਆ ਹੈ। ਉਨ੍ਹਾਂ ਆਖਿਆ ਕਿ ਪੰਜਾਬ ਦੇ ਮੁਕਾਬਲੇ ਤਾਂ ਰਾਜਸਥਾਨ ਦੇ ਕਿਸਾਨਾਂ ਨੇ ਸਪਰੇਆਂ ਵੀ ਕਾਫੀ ਘੱਟ ਕੀਤੀਆਂ ਹਨ। ਪੰਜਾਬ ਵਿਚ ਐਤਕੀਂ 4.40 ਲੱਖ ਹੈਕਟੇਅਰ ਰਕਬੇ ਵਿਚ ਨਰਮੇ ਕਪਾਹ ਦੀ ਬਿਜਾਂਦ ਸੀ ਜਿਸ ਵਿਚੋਂ 1.40 ਲੱਖ ਹੈਕਟੇਅਰ ਰਕਬਾ ਪ੍ਰਭਾਵਿਤ ਹੋਣ ਦੀ ਗੱਲ ਆਖੀ ਜਾ ਰਹੀ ਹੈ। ਹਰਿਆਣਾ ਦੇ ਖੇਤੀ ਵਿਭਾਗ ਦੇ ਵਧੀਕ ਡਾਇਰੈਕਟਰ ਡਾ. ਸੁਰੇਸ਼ ਗਹਿਲਾਵਤ ਨੇ ਦੱਸਿਆ ਕਿ ਸੂਬੇ ਵਿਚ 25 ਤੋਂ 30 ਫੀਸਦੀ ਫਸਲ ਚਿੱਟੇ ਮੱਛਰ ਕਾਰਨ ਪ੍ਰਭਾਵਿਤ ਹੋਈ ਹੈ ਜੋ ਪੰਜਾਬ ਤੋਂ ਘੱਟ ਹੈ। ਹਰਿਆਣਾ ਤੇ ਰਾਜਸਥਾਨ ਦੇ ਖੇਤੀ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਰਾਜਾਂ ਵਿਚ ਕਿਤੇ ਵੀ ਸਬਸਿਡੀ ਵਾਲੇ ਕੀਟਨਾਸ਼ਕਾਂ ਦੀ ਵੰਡ ਨਹੀਂ ਕੀਤੀ ਗਈ।

## ਸੁਖਬੀਰ ਬਾਦਲ ਦੇ ਦਾਅਵੇ ਨੂੰ ਨਕਾਰਿਆ



## ਅਜੇ ਹਾੜ੍ਹੀ ਦੀ ਫਸਲ ਦਾ ਵੀ ਨਹੀਂ ਮਿਲਿਆ ਮੁਆਵਜ਼ਾ

**ਸ੍ਰੀ ਮੁਕਤਸਰ ਸਾਹਿਬ:** ਪੰਜਾਬ ਸਰਕਾਰ ਚਿੱਟੇ ਮੱਛਰ ਦੇ ਹੱਲੇ ਕਾਰਨ ਨਰਮੇ ਦੀ ਹੋਈ ਬਰਬਾਦੀ ਖਿਲਾਫ ਕਿਸਾਨ ਜਥੇਬੰਦੀਆਂ ਵੱਲੋਂ ਅਪਣਾਏ ਸਖਤ ਰੁਖ ਕਾਰਨ ਭਾਵੇਂ ਮੁਆਵਜ਼ੇ ਦੀ ਰਕਮ ਧੜਾ ਧੜ ਵੰਡਣ ਦੇ ਦਾਅਵੇ ਕਰ ਰਹੀ ਹੈ, ਪਰ ਜਨਵਰੀ ਵਿਚ ਬਾਰਸ਼ਾਂ ਕਾਰਨ ਹੋਏ ਨੁਕਸਾਨ ਦਾ ਕੋਈ ਪੈਸਾ ਜਾਰੀ ਨਹੀਂ ਕੀਤਾ ਗਿਆ। ਫਰਵਰੀ-ਮਾਰਚ ਵਿਚ ਹੋਈਆਂ ਬਾਰਸ਼ਾਂ, ਹੜ੍ਹਾਂ ਤੇ ਗੜਿਆਂ ਕਾਰਨ ਜ਼ਿਲ੍ਹੇ ਵਿਚ 15522 ਏਕੜ ਰਕਬੇ ਵਿਚ ਫਸਲ ਬਰਬਾਦ ਹੋ ਗਈ ਸੀ, ਜਿਸ ਦੇ ਬਦਲੇ 8,05,78,400 ਰੁਪਏ ਮੁਆਵਜ਼ਾ ਦੇਣਾ ਬਣਦਾ ਹੈ, ਪਰ ਇਸ ਵਿਚੋਂ ਅਜੇ ਤੱਕ ਕੌਡੀ ਵੀ ਨਹੀਂ ਦਿੱਤੀ ਗਈ। ਹਾਲਾਂਕਿ ਚਿੱਟੇ ਮੱਛਰ ਕਾਰਨ ਮੁਕਤਸਰ ਉਪ ਮੰਡਲ ਵਿਚ 21494 ਏਕੜ ਰਕਬੇ ਵਿਚ ਨਰਮੇ ਦੀ ਫਸਲ ਦੇ ਖਰਾਬੇ ਲਈ 17,15,72,400 ਰੁਪਏ, ਮਲੋਟ ਉਪ ਮੰਡਲ ਵਿਚ 74 ਏਕੜ ਦੇਸੀ ਕਪਾਹ ਤੇ 70792 ਏਕੜ ਨਰਮੇ ਦੇ ਨੁਕਸਾਨ ਲਈ 56,69,28,000 ਰੁਪਏ, ਗਿੱਦੜਬਾਹਾ ਉਪ ਮੰਡਲ ਵਿਚ 21670 ਏਕੜ ਦੇ ਨੁਕਸਾਨ ਲਈ 17,33,60,000 ਰੁਪਏ ਦਾ ਮੁਆਵਜ਼ਾ ਜਾਰੀ ਕਰ ਦਿੱਤਾ ਗਿਆ ਹੈ।

## ਤੋਤਾ ਸਿੰਘ ਦੇ ਹੱਕ ਵਿਚ ਡਟੇ ਬਾਦਲ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਖੇਤੀਬਾੜੀ ਮੰਤਰੀ ਤੋਤਾ ਸਿੰਘ ਦਾ ਬਚਾਓ ਕਰਦਿਆਂ ਕਿਹਾ ਹੈ ਕਿ ਘਟੀਆ ਕੀਟਨਾਸ਼ਕਾਂ ਦਵਾਈਆਂ ਦੀ ਉੱਚ ਪੱਧਰੀ ਜਾਂਚ ਮੁਕੰਮਲ ਹੋਣ ਤੋਂ ਪਹਿਲਾਂ ਕਿਸੇ ਕੋਲੋਂ ਅਸਤੀਫਾ ਨਹੀਂ ਮੰਗਿਆ ਜਾ ਸਕਦਾ। ਜਦੋਂ ਉਨ੍ਹਾਂ ਕੋਲੋਂ ਪੁੱਛਿਆ ਗਿਆ ਕਿ ਕਾਂਗਰਸ ਸਮੇਤ ਕੁਝ ਰਾਜਨੀਤਕ ਪਾਰਟੀਆਂ ਖੇਤੀਬਾੜੀ ਮੰਤਰੀ ਤੋਤਾ ਸਿੰਘ ਦੇ ਅਸਤੀਫੇ ਦੀ ਮੰਗ ਕਰ ਰਹੀਆਂ ਹਨ ਤਾਂ ਉਨ੍ਹਾਂ ਕਿਹਾ ਕਿ ਸੀਨੀਅਰ ਅਧਿਕਾਰੀ ਜਾਂਚ ਕਰ ਰਹੇ ਹਨ ਤੇ ਜਾਂਚ ਮੈਰਿਟ 'ਤੇ ਹੋ ਰਹੀ ਹੈ। ਜਿਹੜਾ ਵੀ ਕਸੂਰਵਾਰ ਹੋਵੇਗਾ, ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।

## ਕਿਸਾਨ ਅੰਦੋਲਨ ਨੇ ਫੇਲ੍ਹ ਕੀਤੀ ਸਰਕਾਰ: ਕੈਪਟਨ



**ਚੰਡੀਗੜ੍ਹ:** ਲੋਕ ਸਭਾ ਵਿਚ ਕਾਂਗਰਸ ਪਾਰਟੀ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅੱਠ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਕੀਤੇ ਅੰਦੋਲਨ ਦਾ ਕੋਈ ਹੱਲ ਨਾ ਨਿਕਲਣਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਤੇ ਪ੍ਰਸ਼ਾਸਨਿਕ ਅਸਫਲਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਸੰਘਰਸ਼ ਨੇ ਸਾਬਤ ਕਰ ਦਿੱਤਾ ਹੈ ਕਿ ਸਰਕਾਰ ਮੁਸ਼ਕਿਲ ਹਾਲਾਤ ਵਿਚ ਹੱਲ ਕੱਢਣ ਦੇ ਕਾਬਲ ਨਹੀਂ ਹੈ। ਕਿਸਾਨ, ਸ. ਬਾਦਲ ਨੂੰ ਲਗਾਤਾਰ ਚਿਤਾਵਨੀ ਦਿੰਦੇ ਆ ਰਹੇ ਸਨ ਕਿ ਹਾਲਾਤ ਹੱਥੋਂ ਨਿਕਲ ਰਹੇ ਹਨ ਤੇ ਕਾਰਵਾਈ ਕੀਤੇ ਜਾਣ ਦੀ ਲੋੜ ਹੈ, ਸਰਕਾਰ ਨੇ ਇਸ ਪਾਸੇ ਆਪਣੀ ਨਾਕਾਮੀ ਵਿਖਾਈ।

## ਭਗਵੰਤ ਮਾਨ ਵੱਲੋਂ ਖੇਤੀ ਮੰਤਰੀ ਨੂੰ ਕਲੀਨ ਚਿੱਟ ਉਤੇ ਸਵਾਲ



**ਸੰਗਰੂਰ:** ਆਮ ਆਦਮੀ ਪਾਰਟੀ ਦੇ ਕੌਮੀ ਬੁਲਾਰੇ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ 33 ਕਰੋੜ ਰੁਪਏ ਦੀਆਂ ਕੀਟਨਾਸ਼ਕ ਦਵਾਈਆਂ ਖੇਤੀਬਾੜੀ ਮੰਤਰੀ ਤੋਤਾ ਸਿੰਘ ਦੀ ਮਿਲੀਭੁਗਤ ਨਾਲ ਬਿਨਾਂ ਟੈਂਡਰ ਤੇ ਬਿਨਾਂ ਖੇਤੀਬਾੜੀ ਯੂਨੀਵਰਸਿਟੀ ਦੀ ਸਿਫਾਰਸ਼ ਤੋਂ ਖਰੀਦ ਕੀਤੀਆਂ ਗਈਆਂ ਹਨ, ਜਿਸ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਘਪਲੇ ਦੀ ਜਾਂਚ ਤੋਂ ਬਿਨਾਂ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਖੇਤੀਬਾੜੀ ਮੰਤਰੀ ਤੋਤਾ ਸਿੰਘ ਨੂੰ ਕਲੀਨ ਚਿੱਟ ਦਿੱਤੀ ਜਾ ਰਹੀ ਹੈ ਜਦੋਂਕਿ ਜਾਂਚ ਤੋਂ ਪਹਿਲਾਂ ਉਨ੍ਹਾਂ ਨੂੰ ਕਲੀਨ ਚਿੱਟ ਦੇਣ ਦਾ ਕੋਈ ਹੱਕ ਨਹੀਂ ਹੈ।

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹਿੰਦੂਤਵ ਖਿਲਾਫ ਡਟੇ ਲਿਖਾਰੀ

*(ਸਫਾ ਇਕ ਦੀ ਬਾਕੀ)*

ਕੇ ਮਾਰ ਦਿੱਤਾ ਗਿਆ ਸੀ। ਇਸ ਤੋਂ ਵੀ ਪਹਿਲਾਂ ਮਹਾਂਰਾਸ਼ਟਰ ਵਿਚ ਦੋ ਤਰਕਸ਼ੀਲ ਆਗੂਆਂ-ਨਰੇਂਦਰ ਦਾਭੋਲਕਰ ਤੇ ਗੋਬਿੰਦ ਪਨਸਾਰੇ ਨੂੰ ਹਿੰਦੂ ਕੱਟੜਪੰਥੀਆਂ ਵੱਲੋਂ ਕਤਲ ਕਰ ਦਿੱਤਾ ਗਿਆ ਸੀ। ਸਾਹਿਤ ਅਕੈਡਮੀ ਦਾ ਪੁਰਸਕਾਰ ਮੋੜਨ ਦੇ ਮਾਮਲੇ ਵਿਚ ਪਹਿਲ ਹਿੰਦੀ ਕਹਾਣੀਕਾਰ ਉਦੈ ਪ੍ਰਕਾਸ਼ ਨੇ ਕੀਤੀ ਸੀ। ਉਸ ਨੇ ਸ੍ਰੀ ਕਲਬੁਰਗੀ ਦੇ ਕਤਲ ਅਤੇ ਕਾਤਲਾਂ ਖਿਲਾਫ ਕੋਈ ਕਾਰਵਾਈ ਨਾ ਕਰਨ ਖਿਲਾਫ ਰੋਸ ਪ੍ਰਗਟ ਕਰਦਿਆਂ 9 ਸਤੰਬਰ 2015 ਨੂੰ ਆਪਣਾ ਪੁਰਸਕਾਰ ਵਾਪਸ ਕਰ ਦਿੱਤਾ ਸੀ। ਉਸ ਨੂੰ ਉਸ ਦੀ ਰਚਨਾ 'ਮੋਹਨਦਾਸ' ਲਈ ਇਹ ਪੁਰਸਕਾਰ 2010 ਵਿਚ ਮਿਲਿਆ ਸੀ। ਉਸ ਨੇ ਕਿਹਾ ਸੀ ਕਿ ਕਲਬੁਰਗੀ ਦੇ ਕਤਲ ਤੋਂ ਬਾਅਦ ਸਾਹਿਤ ਅਕੈਡਮੀ ਦੀ ਖਾਮੋਸ਼ੀ ਨੇ ਉਸ ਨੂੰ ਬਹੁਤ ਤੰਗ ਕੀਤਾ ਹੈ। ਸਾਹਿਤ ਅਕੈਡਮੀ ਦੇ ਅਹੁਦੇਦਾਰਾਂ ਨੇ ਵਾਅਦਾ ਕੀਤਾ ਸੀ ਕਿ ਇਸ ਸਬੰਧੀ ਵਿਚਾਰ ਹਿਤ ਮੀਟਿੰਗ ਸੱਦੀ ਜਾਵੇਗੀ, ਪਰ ਸੱਦੀ ਨਹੀਂ ਗਈ

ਬਾਅਦ ਵਿਚ ਜਦੋਂ ਅਖਲਾਕ ਮੁਹੰਮਦ ਨੂੰ 28 ਸਤੰਬਰ ਨੂੰ ਕਤਲ ਕਰ ਦਿੱਤਾ ਗਿਆ, ਤਾਂ ਹਿੰਦੂ ਕੱਟੜਪੰਥੀਆਂ ਖਿਲਾਫ ਲੋਕਾਂ ਦਾ ਗੁੱਸਾ ਭੜਕਣਾ ਸ਼ੁਰੂ ਹੋਇਆ। ਇਸੇ ਲੜੀ ਵਿਚ ਬੀਬੀ ਨਯਨਤਾਰਾ ਸਹਿਗਲ ਨੇ ਆਪਣਾ ਸਾਹਿਤ ਅਕੈਡਮੀ ਪੁਰਸਕਾਰ ਮੋੜਨ ਦਾ ਐਲਾਨ ਕੀਤਾ। ਇਸ ਤੋਂ ਬਾਅਦ ਤਾਂ ਫਿਰ ਲੇਖਕਾਂ ਦੀ ਰੋਸ ਮੁਹਿੰਮ ਚੱਲ ਪਈ ਜੋ ਹੁਣ ਤੱਕ ਜਾਰੀ ਹੈ। ਇਸ ਤੋਂ ਬਾਅਦ ਅਸ਼ੋਕ ਵਾਜਪਈ, ਰਹਿਮਾਨ ਅੱਬਾਸ, ਕ੍ਰਿਸ਼ਨਾ ਸੋਬਤੀ, ਸ਼ਸ਼ੀ ਦੇਸ਼ਪਾਂਡੇ, ਸਾਰਾ ਜੋਜ਼ੇਫ਼, ਕੇ. ਸਚਿਦਾਨੰਦਨ ਅਤੇ ਹੋਰਾਂ ਨੇ ਪੁਰਸਕਾਰ ਵਾਪਸ ਕਰ ਦਿੱਤੇ।

ਪੰਜਾਬੀਆਂ ਵਿਚੋਂ ਪਹਿਲ ਦਿੱਲੀ ਵੱਸਦੇ ਲੇਖਕ ਗੁਰਬਚਨ ਸਿੰਘ ਭੁੱਲਰ ਨੇ ਕੀਤੀ। ਉਨ੍ਹਾਂ ਸਾਹਿਤ ਅਕੈਡਮੀ ਨੂੰ ਲਿਖੀ ਚਿੱਠੀ ਵਿਚ ਲਿਖਿਆ,


ਦਲੀਪ ਕੌਰ ਟਿਵਾਣਾ

"ਜਦੋਂ ਪ੍ਰਕਾਸ਼ਕਾਂ ਨੂੰ ਕਿਤਾਬਾਂ ਕਤਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਲੇਖਕਾਂ ਨੂੰ ਘਰਾਂ ਵਿਚ ਵੜ ਕੇ ਕਤਲ ਕੀਤਾ ਜਾ ਰਿਹਾ ਹੈ, ਸਾਹਿਤ ਅਕਾਦਮੀ ਤੋਂ ਸਾਡਾ ਇਹ ਆਸ ਕਰਨਾ ਬਿਲਕੁਲ ਵਾਜਬ ਸੀ ਕਿ ਘੱਟੋ-ਘੱਟ ਉਹ ਲੇਖਕਾਂ ਦੀ ਸਭਾ ਬੁਲਾ ਕੇ ਇਸ ਹਾਲਤ ਬਾਰੇ ਚਿੰਤਾ, ਲੇਖਕਾਂ ਤੇ ਬੁੱਧੀਮਾਨਾਂ ਨੂੰ ਕਤਲ ਦੀਆਂ ਧਮਕੀਆਂ ਵਿਰੁੱਧ ਰੋਸ ਅਤੇ ਕਤਲਾਂ ਸਬੰਧੀ ਗ਼ਮ ਪ੍ਰਗਟ ਕਰੇਗੀ। ਇਸ ਦੇ ਉਲਟ ਅਕਾਦਮੀ ਨੇਮਾਂ ਅਤੇ ਪ੍ਰੰਪਰਾਵਾਂ ਦਾ ਸਹਾਰਾ ਲੈ ਕੇ ਆਪਣੀ ਅਸਹਿ ਅਬੋਲਤਾ ਨੂੰ ਵਾਜਬ ਠਹਿਰਾ ਰਹੀ ਹੈ। ਇਸ ਸੂਰਤ ਵਿਚ ਮੇਰੇ ਸਾਹਮਣੇ ਇਹ ਦੁਖਦਾਈ ਫ਼ੈਸਲਾ ਲੈਣ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਰਹਿ ਜਾਂਦਾ ਕਿ ਮੈਂ 2005 ਵਿਚ ਪੰਜਾਬੀ ਲੇਖਕ ਵਜੋਂ ਮਿਲਿਆ ਆਪਣਾ ਸਾਹਿਤ ਅਕਾਦਮੀ ਪੁਰਸਕਾਰ ਵਾਪਸ ਕਰ ਦੇਵਾਂ।" ਉਨ੍ਹਾਂ ਤੋਂ ਬਾਅਦ ਆਤਮਜੀਤ, ਅਜਮੇਰ ਸਿੰਘ ਔਲਖ, ਵਰਿਆਮ ਸਿੰਘ ਸੰਧੂ, ਸੁਰਜੀਤ ਪਾਤਰ, ਨਾਵਲਕਾਰ ਬਲਦੇਵ ਸਿੰਘ ਸੜਕਨਾਮਾ, ਕਵੀ ਦਰਸ਼ਨ ਬੁੱਟਰ ਤੇ ਗਜ਼ਲਗੋ ਜਸਵਿੰਦਰ ਨੇ ਆਪਣੇ ਸਾਹਿਤ ਅਕੈਡਮੀ ਪੁਰਸਕਾਰ ਵਾਪਸ ਕਰਨ ਦਾ ਐਲਾਨ ਕਰ ਦਿੱਤਾ।

ਉਘੀ ਲੇਖਕਾ ਦਲੀਪ ਕੌਰ ਟਿਵਾਣਾ ਨੇ ਆਪਣਾ ਪਦਮਸ੍ਰੀ ਸਨਮਾਨ ਮੋੜਦਿਆਂ ਕਿਹਾ, "ਬੁੱਧ ਅਤੇ ਨਾਨਕ ਦੇ ਦੇਸ਼ ਵਿਚ ਫ਼ਿਰਕਾਪ੍ਰਸਤੀ ਕਾਰਨ 1984 ਵਿਚ ਸਿੱਖਾਂ ਉਪਰ ਹੋਏ ਜ਼ੁਲਮ ਅਤੇ ਹੁਣ ਮੁਸਲਿਮ ਤੇ ਹੋਰ ਘੱਟ-ਗਿਣਤੀਆਂ 'ਤੇ ਹੋ ਰਹੇ ਅਤਿਆਚਾਰ ਸਰਕਾਰ ਅਤੇ ਸਮਾਜ ਲਈ ਫ਼ਿਟਕਾਰ ਹਨ। ਹੱਕ ਅਤੇ ਸੱਚ ਦੀ ਆਵਾਜ਼ ਉਠਾਉਣ ਵਾਲੇ ਲੇਖਕ ਨੂੰ ਮਾਰ ਦੇਣਾ ਸੰਸਾਰ ਅਤੇ ਰੱਬ ਅੱਗੇ ਸ਼ਰਮਸਾਰ ਕਰਦਾ ਹੈ। ਇਸ ਲਈ ਰੋਸ ਵੱਜੋਂ ਭਾਰਤ ਸਰਕਾਰ ਵੱਲੋਂ 2004 ਵਿਚ ਦਿੱਤਾ ਪਦਮਸ੍ਰੀ ਐਵਾਰਡ ਵਾਪਸ ਕਰਦੀ ਹਾਂ।" ਇਸ ਤੋਂ ਇਲਾਵਾ ਵੱਖ ਵੱਖ ਇਨਾਮ ਮੋੜਨ ਵਾਲਿਆਂ ਵਿਚ ਡਾ. ਚਮਨ ਲਾਲ, ਇਕਬਾਲ ਰਾਮੂਵਾਲੀਆ, ਹਰਦੇਵ ਚੌਹਾਨ ਆਦਿ ਲੇਖਕ/ਸਾਹਿਤਕਾਰ ਸ਼ਾਮਲ ਹਨ।

ਸ਼ਸ਼ੀ ਦੇਸ਼ਪਾਂਡੇ ਦਾ ਕਹਿਣਾ ਹੈ ਕਿ ਉਸ ਨੇ ਸਾਹਿਤ ਅਕੈਡਮੀ ਦੇ ਮੁਖੀ ਵਿਸ਼ਵਨਾਥ ਪ੍ਰਸਾਦ ਤਿਵਾੜੀ ਨੂੰ ਕਲਬੁਰਗੀ ਹੱਤਿਆ ਕਾਂਡ ਖਿਲਾਫ ਮਤਾ ਪਾਸ ਕਰਨ ਲਈ ਕਿਹਾ ਸੀ। ਇਸ ਮੰਗ ਬਾਰੇ ਅਕਾਦਮੀ ਦੀ ਖਾਮੋਸ਼ੀ ਨੇ ਉਸ ਨੂੰ ਸੁੰਨ ਕਰ ਦਿੱਤਾ।

ਇਸੇ ਦੌਰਾਨ ਆਰ.ਐਸ.ਐਸ. ਲੇਖਕਾਂ ਦੇ ਇਸ ਸਮੂਹਿਕ ਹੱਲੇ ਤੋਂ ਬੁਰੀ ਤਰ੍ਹਾਂ ਬੁਖਲਾ ਗਈ ਹੈ। ਜਥੇਬੰਦੀ ਦੇ ਪਰਚੇ 'ਪੰਚਜਨਿਯਾ' ਦੀ ਸੰਪਾਦਕੀ ਵਿਚ ਲੇਖਕਾਂ ਨੂੰ 'ਬੌਧਿਕਤਾ ਦੇ ਆਪੂੰ ਬਣੇ ਠੇਕੇਦਾਰ' ਆਖਿਆ ਗਿਆ ਹੈ। ਜਥੇਬੰਦੀ ਦਾ ਕਹਿਣਾ ਹੈ ਕਿ ਇਹ ਸਾਰਾ ਕੁਝ ਖੱਬੇ ਪੱਖੀ ਲੇਖਕਾਂ ਦੀ ਅਗਵਾਈ ਹੇਠ ਹੋ ਰਿਹਾ ਹੈ ਜਿਨ੍ਹਾਂ ਦੀ ਧਰਮ ਨਿਰਪੱਖਤਾ ਦਾ ਹੁਣ ਪਰਦਾਫਾਸ਼ ਕੀਤਾ ਜਾਵੇਗਾ।

# 'ਵਿਪਸਾ' ਵਲੋਂ ਸਾਹਿਤਕਾਰਾਂ 'ਤੇ ਹਮਲੇ ਦੀ ਨਿਖੇਧੀ

**ਸੈਨ ਹੋਜ਼ੇ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਕੈਲੀਫੋਰਨੀਆ ਨੇ ਭਾਰਤ ਵਿਚ ਫਿਰਕਾਪ੍ਰਸਤ ਹਿੰਦੂਤਵੀਆਂ ਵਲੋਂ ਸਾਹਿਤਕਾਰਾਂ ਅਤੇ ਬੁੱਧੀਜੀਵੀਆਂ ਉਤੇ ਕੀਤੇ ਜਾ ਰਹੇ ਹਮਲਿਆਂ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਹੈ ਕਿ ਭਾਰਤ ਸਰਕਾਰ ਨੂੰ ਅਜਿਹੀਆਂ ਘਟਨਾਵਾਂ ਦੇ ਦੋਸ਼ੀਆਂ ਵਿਰੁਧ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

ਇਥੇ ਜਾਰੀ ਬਿਆਨ ਵਿਚ ਜਥੇਬੰਦੀ ਨੇ ਕਿਹਾ ਕਿ ਕਤਲ ਕੀਤੇ ਗਏ 77 ਸਾਲਾ ਉਘੇ ਬੁੱਧੀਜੀਵੀ ਪ੍ਰੋ. ਐਮ.ਐਮ. ਕਲਬੁਰਗੀ ਨੂੰ ਕਰਨਾਟਕ ਵਿਚ ਉਨ੍ਹਾਂ ਦੇ ਘਰ ਜਾ ਕੇ ਹਿੰਦੂਤਵੀ ਧਾੜਵੀਆਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿਤਾ। ਇਸ ਤੋਂ ਇਲਾਵਾ ਮਹਾਂਰਾਸ਼ਟਰ ਦੇ ਦੋ ਬੁਧੀਜੀਵੀਆਂ- ਨਰੇਂਦਰ ਦਾਭੋਲਕਰ ਅਤੇ ਗੋਬਿੰਦ ਪਨਸਾਰੇ, ਵੀ ਧਾਰਮਿਕ ਕੱਟੜਵਾਦ ਦਾ ਸ਼ਿਕਾਰ ਹੋਏ। ਜਥੇਬੰਦੀ ਨੇ ਪਿਛਲੇ ਦਿਨੀਂ ਪਿੰਡ ਬਿਸਹੇੜਾ (ਉਤਰਪ੍ਰਦੇਸ਼) ਵਿਚ ਮੁਹੰਮਦ ਅਖ਼ਲਾਕ ਉਪਰ ਗਾਂ ਦਾ ਗੋਸ਼ਤ ਖਾਣ ਦਾ ਦੋਸ਼ ਲਾ ਕੇ ਕੀਤੇ ਗਏ ਕਤਲ ਦੀ ਵੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਜ਼ਿਕਰਯੋਗ ਹੈ ਕਿ ਇਨ੍ਹਾਂ ਬੇਰਹਿਮ ਕਤਲਾਂ ਵਿਰੁਧ ਦੋ ਦਰਜਨ ਤੋਂ ਵੱਧ ਭਾਰਤੀ ਲੇਖਕਾਂ ਨੇ ਸਾਹਿਤ ਅਕੈਡਮੀ ਪੁਰਸਕਾਰ ਵਾਪਸ ਕੀਤੇ ਹਨ। ਇਨ੍ਹਾਂ ਲੇਖਕਾਂ ਨੇ ਕਿਹਾ ਹੈ ਕਿ ਜਿਹੜੇ ਬੁਧੀਜੀਵੀ, ਹਿੰਦੂਤਵੀਆਂ ਦੇ ਖਤਰਨਾਕ ਇਰਾਦਿਆਂ ਨੂੰ ਚੁਣੌਤੀ ਦਿੰਦੇ ਹਨ, ਉਨ੍ਹਾਂ ਨੂੰ ਅੱਤਿਆਚਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੁੱਖ ਦੀ ਗੱਲ ਇਹ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਿਰ 'ਤੇ ਜੂੰ ਤਕ ਨਹੀਂ ਸਰਕੀ। ਮੰਦਾਭਾਗੀ ਗੱਲ ਹੈ ਕਿ ਸਾਹਿਤ ਅਕੈਡਮੀ ਨੇ ਪੁਰਸਕਾਰ ਜੇਤੂਆਂ ਦਾ ਖੁੱਲ੍ਹ ਕੇ ਸਾਥ ਨਹੀਂ ਦਿੱਤਾ ਜਦਕਿ ਇਸ ਦੀ ਸਥਾਪਨਾ ਸਾਹਿਤ, ਸੰਗੀਤ, ਥੀਏਟਰ ਅਤੇ ਹੋਰ ਕਲਾਵਾਂ ਨੂੰ ਉਤਸ਼ਾਹਤ ਕਰਨ ਅਤੇ ਵਿਚਾਰਾਂ ਦੀ ਆਜ਼ਾਦੀ ਦੀ ਰਾਖੀ ਕਰਨ ਲਈ ਕੀਤੀ ਗਈ ਸੀ।

# ਡੇਰਾ ਮੁਖੀ ਨੂੰ ਮੁਆਫੀ ਖਿਲਾਫ ਲਾਮਬੰਦੀ ਤੇਜ਼

*(ਸਫਾ ਇਕ ਦੀ ਬਾਕੀ)*

ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਖਿਆ ਹੈ ਕਿ 10 ਨਵੰਬਰ ਨੂੰ ਸੱਦੇ ਗਏ ਸਰਬੱਤ ਖਾਲਸਾ ਦੌਰਾਨ ਵਿਚਾਰਾਂ ਕਰ ਕੇ ਤਖਤਾਂ ਦੇ ਨਵੇਂ ਜਥੇਦਾਰਾਂ ਦੀ ਚੋਣ ਕੀਤੀ ਜਾ ਸਕਦੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਡੇਰਾ ਮੁਖੀ ਦੀ ਮੁਆਫੀ ਦੇ ਪੱਖ ਵਿਚ ਪ੍ਰਚਾਰ ਕਰਨ ਦੇ ਸੱਦੇ ਖਿਲਾਫ ਵੀ ਪੰਥਕ ਜਥੇਬੰਦੀਆਂ ਨੇ ਲਾਮਬੰਦੀ ਦਾ ਫੈਸਲਾ ਕੀਤਾ ਹੈ। ਫੈਸਲਾ ਕੀਤਾ ਗਿਆ ਹੈ ਕਿ ਸੱਤਾ ਧਿਰ ਨਾਲ ਜੁੜੇ ਹਰ ਸ਼੍ਰੋਮਣੀ ਕਮੇਟੀ ਮੈਂਬਰ ਦਾ ਹਰ ਪਿੰਡ ਵਿਚ ਵਿਰੋਧ ਕੀਤਾ ਜਾਵੇ।

# ਫਿਰਕਾਪ੍ਰਸਤੀ ਖਿਲਾਫ ਮੋਦੀ ਦਾ ਮੌਨ

*(ਸਫਾ ਇਕ ਦੀ ਬਾਕੀ)*

ਅਮਲ ਹੁਣ ਲੰਮਾ ਸਫਰ ਤੈਅ ਕਰ ਚੁੱਕਾ ਹੈ। ਦਿਨ-ਤਿਉਹਾਰਾਂ ਦੇ ਬਹਾਨੇ ਮਾਸ ਦੀ ਵਿਕਰੀ ਉਤੇ ਲਾਈਆਂ ਜਾ ਰਹੀਆਂ ਪਾਬੰਦੀਆਂ ਵੀ ਦੇਸ਼ ਵਿਚ ਫਿਰਕੂ ਕਤਾਰਬੰਦੀ ਨੂੰ ਤਿੱਖਾ ਕਰਨ ਦੇ ਕਿਸੇ ਯੋਜਨਾਬੱਧ ਏਜੰਡੇ ਦਾ ਹਿੱਸਾ ਹਨ।

ਪਿਛਲੇ ਦਿਨੀਂ ਸ਼ਿਵ ਸੈਨਾ ਨੇ ਪਾਕਿਸਤਾਨ ਦੇ ਪ੍ਰਸਿੱਧ ਗਾਇਕ ਗ਼ੁਲਾਮ ਅਲੀ ਦੇ ਮੁੰਬਈ ਤੇ ਪੁਣੇ ਵਿਚ ਸਮਾਗਮ ਰੱਦ ਕਰਵਾ ਦਿੱਤੇ। ਹੁਣ ਤਾਜ਼ਾ ਮਿਸਾਲ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਖ਼ੁਰਸ਼ੀਦ ਮਹਿਮੂਦ ਕਸੂਰੀ ਦੀ ਪੁਸਤਕ ਦੇ ਰਿਲੀਜ਼ ਸਮਾਗਮ ਨੂੰ ਰੋਕਣ ਲਈ ਇਸ ਦੇ ਪ੍ਰਬੰਧਕ ਸੁਧੇਂਦਰ ਕੁਲਕਰਨੀ ਦੇ ਮੂੰਹ 'ਤੇ ਕਾਲਾ ਰੰਗ ਮਲਣ ਦੀ ਹੈ।

ਦਾਦਰੀ ਕਾਂਡ ਵਿਚ ਵੀ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਆਗੂਆਂ ਨੇ ਭੂਮਿਕਾ ਨਿਭਾਈ। ਮੁਜ਼ੱਫਰਪੁਰ ਦੰਗਿਆਂ ਦੇ ਦੋਸ਼ੀ ਭਾਜਪਾ ਵਿਧਾਇਕ ਸੰਗੀਤ ਸੋਮ ਅਤੇ ਸਾਕਸ਼ੀ ਮਹਾਰਾਜ ਨੇ ਬਿਸਹੇੜਾ ਪਿੰਡ ਵਿਚ ਪਹੁੰਚ ਕੇ ਲੋਕਾਂ ਨੂੰ ਹੋਰ ਭੜਕਾਇਆ। ਜਿਸ ਪੁਜਾਰੀ ਨੇ ਪਿੰਡ ਦੇ ਧਾਰਮਿਕ ਸਥਾਨ ਤੋਂ ਮੁਹੰਮਦ ਅਖਲਾਕ ਦੇ ਪਰਿਵਾਰ ਵਿਰੁੱਧ ਲੋਕਾਂ ਨੂੰ ਭੜਕਾਇਆ ਸੀ, ਉਹ ਕੁਝ ਮਹੀਨੇ ਪਹਿਲਾਂ ਹੀ ਗੁਜਰਾਤ ਤੋਂ ਇਥੇ ਆਇਆ ਸੀ ਤੇ ਘਟਨਾ ਤੋਂ ਕੁਝ ਦਿਨ ਬਾਅਦ ਹੀ ਉਥੋਂ ਖਿਸਕ ਗਿਆ। ਉਸ ਦਾ ਕਿਸੇ ਨੂੰ ਕੁਝ ਪਤਾ ਨਹੀਂ ਹੈ। ਇਸ ਤੋਂ ਇਲਾਵਾ ਇਲਾਕੇ ਵਿਚ ਘੱਟ-ਗਿਣਤੀਆਂ ਪ੍ਰਤੀ ਨਫਰਤ ਫੈਲਾਉਣ ਤੇ ਉਨ੍ਹਾਂ ਵਿਚ ਅਸੁਰੱਖਿਅਤਾ ਪੈਦਾ ਕਰਨ ਲਈ ਕਈ ਗਰੁੱਪ ਵੀ ਸਰਗਰਮੀ ਨਾਲ ਕੰਮ ਕਰ ਰਹੇ ਹਨ ਜਿਨ੍ਹਾਂ ਵਿਚ ਰਾਸ਼ਟਰਵਾਦੀ ਪ੍ਰਤਾਪ ਸੈਨਾ, ਸਮਾਧਾਨ ਸੈਨਾ ਤੇ ਰਾਮ ਸੈਨਾ ਆਦਿ ਸ਼ਾਮਲ ਹਨ। ਇਨ੍ਹਾਂ ਦੇ ਉਕਤ ਪਿੰਡ ਤੇ ਆਲੇ-ਦੁਆਲੇ ਦੇ ਹੋਰ ਇਲਾਕਿਆਂ ਵਿਚ ਪੋਸਟਰ ਵੀ ਲੱਗੇ ਹੋਏ ਹਨ।

## ਲੇਖਕਾਂ ਦੇ ਬੋਲੇ...

ਜਦੋਂ ਪ੍ਰਕਾਸ਼ਕਾਂ ਨੂੰ ਕਿਤਾਬਾਂ ਕਤਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਲੇਖਕਾਂ ਨੂੰ ਘਰਾਂ ਵਿਚ ਵੜ ਕੇ ਕਤਲ ਕੀਤਾ ਜਾ ਰਿਹਾ ਹੈ, ਸਾਹਿਤ ਅਕੈਡਮੀ ਤੋਂ ਸਾਡਾ ਇਹ ਆਸ ਕਰਨਾ ਬਿਲਕੁਲ ਵਾਜਬ ਸੀ ਕਿ ਘੱਟੋ-ਘੱਟ ਉਹ ਲੇਖਕਾਂ ਦੀ ਇਕ ਸਭਾ ਬੁਲਾ ਕੇ ਲੇਖਕਾਂ ਤੇ ਬੁੱਧੀਮਾਨਾਂ ਨੂੰ ਕਤਲ ਦੀਆਂ ਧਮਕੀਆਂ ਵਿਰੁੱਧ ਰੋਸ ਅਤੇ ਕਤਲਾਂ ਸਬੰਧੀ ਅਫਸੋਸ ਪ੍ਰਗਟ ਕਰੇਗੀ। ਇਸ ਦੇ ਉਲਟ ਅਕੈਡਮੀ ਨੇਮਾਂ ਅਤੇ ਪਰੰਪਰਾਵਾਂ ਦਾ ਸਹਾਰਾ ਲੈ ਕੇ ਆਪਣੀ ਅਸਹਿ ਚੁੱਪ ਨੂੰ ਵਾਜਬ ਠਹਿਰਾ ਰਹੀ ਹੈ। ਇਸ ਸੂਰਤ ਵਿਚ ਮੇਰੇ ਸਾਹਮਣੇ ਇਹ ਫ਼ੈਸਲਾ ਲੈਣ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਰਹਿ ਜਾਂਦਾ ਕਿ ਮੈਂ 2005 ਵਿਚ ਪੰਜਾਬੀ ਲੇਖਕ ਵਜੋਂ ਮਿਲਿਆ ਆਪਣਾ ਸਾਹਿਤ ਅਕਾਦਮੀ ਪੁਰਸਕਾਰ ਵਾਪਸ ਕਰ ਦੇਵਾਂ।



*–ਵਰਿਆਮ ਸਿੰਘ ਸੰਧੂ*

ਇਹ ਇਨਾਮ ਮੈਂ ਇਸ ਲਈ ਮੋੜ ਰਿਹਾ ਹਾਂ ਕਿ ਕਿਉਂ ਕਿਸੇ ਨੇਤਾ ਦਾ ਇੱਕੋ ਬਿਆਨ ਸਾਡੀਆਂ ਹਜ਼ਾਰਾਂ ਕਵਿਤਾਵਾਂ ਨੂੰ ਸਾੜ ਦਿੰਦਾ ਹੈ ਤੇ ਭੜਕੀ ਹੋਈ ਭੀੜ ਕਵਿਤਾਵਾਂ ਦੀਆਂ ਸਤਰਾਂ ਨੂੰ ਮਿੱਧਦੀ ਹੋਈ, ਇੱਕ ਦੂਜੇ ਦੇ ਖ਼ੂਨ ਦੀ ਪਿਆਸੀ ਹੋ ਜਾਂਦੀ ਹੈ। ਕਾਸ਼! ਉਹ ਦਿਨ ਆਵੇ ਲੋਕਾਂ ਦੇ ਦਿਲਾਂ ਵਿਚ ਕਵਿਤਾ ਦੀਆਂ ਸਤਰਾਂ ਵਸਣ ਤੇ ਕਿਸੇ ਭ੍ਰਿਸ਼ਟ ਨੇਤਾ ਦਾ ਬਿਆਨ ਉਨ੍ਹਾਂ ਸਤਰਾਂ ਨੂੰ ਪੋਹ ਨਾ ਸਕੇ। ਸਾਡੇ ਅੱਖਰਾਂ ਦੀ ਲੋਅ ਕੁਝ ਹੋਰ ਵਧੇ। ਅਸੀਂ ਇਸ ਵਿਚ ਕੁਝ ਹੋਰ ਆਪਣੀ ਰੱਤ ਬਾਲੀਏ।



*–ਸੁਰਜੀਤ ਪਾਤਰ*

ਇਹ ਪਹਿਲੀ ਵਾਰ ਹੈ ਕਿ ਸਰਕਾਰੀ ਧਿਰਾਂ ਦੇ ਬੁਲਾਰੇ ਚੁੱਧ ਧਾਰ ਕੇ ਜਾਂ ਸਿਆਸੀ ਟੀਰ ਵਾਲੇ ਬਿਆਨਾਂ ਰਾਹੀਂ ਘੱਟ-ਗਿਣਤੀਆਂ ਅਤੇ ਵੱਖਰੇ ਵਿਚਾਰ ਰੱਖਣ ਵਾਲੇ ਵਿਦਵਾਨਾਂ ਉਤੇ ਹੋਏ ਹਮਲਿਆਂ ਨੂੰ ਜਾਇਜ਼ ਕਰਾਰ ਦੇ ਰਹੇ ਹਨ। ਮੈਂ ਇਥੇ ਮਕਤੂਲ ਐਮ.ਐਮ. ਕਲਬੁਰਗੀ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਨਹੀਂ ਕਰ ਰਿਹਾ, ਪਰ ਜਮਹੂਰੀ ਮੁਲਕ ਵਿਚ ਕੌਮੀ ਪਛਾਣ ਵਾਲੇ ਲੇਖਕ ਦਾ ਉਸ ਦੇ ਵਿਚਾਰਾਂ ਕਾਰਨ ਕਤਲ ਹੋਣਾ ਮੇਰੀ ਚਿੰਤਾ ਦਾ ਸਬੱਬ ਬਣਦਾ ਹੈ। ਕੀ ਇਸ ਮੌਕੇ ਲੇਖਕਾਂ ਦੀ ਅਕੈਡਮੀ ਦੇ ਚੇਅਰਮੈਨ ਨੂੰ ਕਤਲ ਅਤੇ ਹੋਰ ਵਾਰਦਾਤਾਂ ਦੀ ਨਿੰਦਾ ਕਰਨ ਲਈ ਕਿਸੇ ਦੀ ਇਜਾਜ਼ਤ ਦਰਕਾਰ ਹੈ? ਹੈਰਾਨੀ ਹੁੰਦੀ ਹੈ ਕਿ ਸਾਡੀ ਅਕੈਡਮੀ ਰਸਮੀ ਬਿਆਨਾਂ ਅਤੇ ਸ਼ੋਕ ਮਤਿਆਂ ਨਾਲ ਡੰਗ ਟਪਾ ਰਹੀ ਹੈ।



*–ਆਤਮਜੀਤ*

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ ‘ਤੇ ਸਮਾਗਮ 7 ਤੇ 14 ਨਵੰਬਰ ਨੂੰ

**ਫਰਿਜ਼ਨੋ (ਬਿਊਰੋ):** ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਆਪਣੀ ਜਾਨ ਕੁਰਬਾਨ ਕਰ ਦੇਣ ਵਾਲੇ ਛੋਟੀ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਸਥਾਨਕ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਇਸ ਸਬੰਧੀ ਪਹਿਲਾ ਪ੍ਰੋਗਰਾਮ 7 ਨਵੰਬਰ ਨੂੰ ਸੈਨ ਫਰਾਂਸਿਸਕੋ ਸਥਿਤ ਯੁਗਾਂਤਰ ਆਸ਼ਰਮ ਵਿਚ ਕੈਲੀਫੋਰਨੀਆ ਦੀਆਂ ਸਮੂਹ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾਵਾਂ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ ਜਿਥੇ ਭਾਰਤੀ ਕੌਂਸਲ ਜਨਰਲ ਵਿਸ਼ੇਸ਼ ਤੌਰ ‘ਤੇ ਸ਼ਾਮਿਲ ਹੋਣਗੇ ਜਦੋਂਕਿ ਦੂਜਾ ਸਮਾਗਮ 14 ਨਵੰਬਰ ਨੂੰ ਫਰਿਜ਼ਨੋ ਵਿਚ ਹੋਵੇਗਾ। ਇਸ ਮੌਕੇ ਨਾਮੀ ਬੁਲਾਰੇ ਸ਼ਹੀਦਾਂ ਪ੍ਰਤੀ ਆਪਣੇ ਵਿਚਾਰ ਪੇਸ਼ ਕਰਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

ਪ੍ਰਬੰਧਕਾਂ ਅਨੁਸਾਰ ਬੱਚਿਆਂ ਨੂੰ ਇਨ੍ਹਾਂ ਸਮਾਗਮਾਂ ਨਾਲ ਜੋੜ ਕੇ ਇਤਿਹਾਸ ਪ੍ਰਤੀ ਸੁਚੇਤ ਕਰਨ ਲਈ ਸੰਸਥਾ ਵਲੋਂ ਬੱਚਿਆਂ ਵਲੋਂ ਤਿਆਰ ਕੋਈ ਵੀ ਦੇਸ਼ ਭਗਤੀ ਦੀ ਆਈਟਮ ਨੂੰ ਪਹਿਲ ਦਿੱਤੀ ਜਾਵੇਗੀ। ਦੋਹਾਂ ਸਮਾਗਮਾਂ ਵਿਚ ਬੱਚਿਆਂ ਦੀਆਂ ਆਈਟਮਾਂ ਲਈ ਸੰਸਥਾ ਨਾਲ ਫੋਨ: 559-618-0156 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


## ਨਿਊ ਮੈਕਸੀਕੋ ਵਿਚ
## ਸੈਲੂਨ ‘ਤੇ ਥਰੈਡਿੰਗ ਵਗੈਰਾ ਕਰਨ ਲਈ ਕੁੜੀਆਂ/ਔਰਤਾਂ ਦੀ ਲੋੜ ਹੈ

- ਜੇ ਕੰਮ ਨਹੀਂ ਵੀ ਆਉਂਦਾ ਤਾਂ ਉਨ੍ਹਾਂ ਨੂੰ ਅਸੀਂ ਵੀ ਸਿਖਾ ਦਿਆਂਗੇ
- ਚੰਗੀ ਤਨਖਾਹ
- ਉਨ੍ਹਾਂ ਦੇ ਇਥੇ ਸੈਟਲ ਹੋਣ ਵਿਚ ਵੀ ਮਦਦ ਕਰਾਂਗੇ ਬੇਸ਼ਕ ਉਨ੍ਹਾਂ ਦਾ ਪੂਰਾ ਪਰਿਵਾਰ ਵੀ ਨਾਲ ਹੋਵੇ
- ਅਸੀਂ ਉਨ੍ਹਾਂ ਦੀ ਕੋਈ ਹੋਰ ਜਾਬ ਲੱਭਣ ਵਿਚ ਵੀ ਮਦਦ ਕਰਾਂਗੇ



ਸੰਪਰਕ ਕਰੋ:

**ਸੋਨੀਆ ਢੀਂਡਸਾ 505-470-7241**

Email: soniadhindsa29@gmail.com


# ਆਜ਼ਾਦੀ ਦੇ ਸ਼ਹੀਦਾਂ ਦੀਆਂ ਯਾਦਗਾਰਾਂ ਬਣਨ

**ਸੈਕਰਾਮੈਂਟੋ:** ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ, ਨਾਰਥ ਅਮਰੀਕਾ ਨੇ ਭਾਰਤ ਸਰਕਾਰ ਵੱਲੋਂ ਮੁਲਕ ਦੀ ਆਜ਼ਾਦੀ ਤੋਂ ਤਕਰੀਬਨ ਸੱਤ ਦਹਾਕਿਆਂ ਬਾਅਦ ਸ਼ਹੀਦ ਜਵਾਨਾਂ ਦੀਆਂ ਕੁਰਬਾਨੀਆਂ ਦੀ ਕੌਮੀ ਜੰਗੀ ਯਾਦਗਾਰ ਤੇ ਅਜਾਇਬਘਰ ਇੰਡੀਆ ਗੇਟ ਕੋਲ ਪ੍ਰਿੰਸਜ਼ ਪਾਰਕ ਵਿਚ ਬਣਾਉਣ ਦੇ ਪ੍ਰਾਜੈਕਟ ਦੀ ਮਨਜ਼ੂਰੀ ਦੇਣ ਦੇ ਫੈਸਲੇ ਦੀ ਪ੍ਰਸ਼ੰਸਾ ਕਰਦਿਆਂ ਮੰਗ ਕੀਤੀ ਹੈ ਕਿ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਏ ਸ਼ਹੀਦਾਂ ਦੀ ਯਾਦ ਵਿਚ ਵੀ ਕੌਮੀ ਯਾਦਗਾਰ ਤੇ ਅਜਾਇਬਘਰ ਪਹਿਲ ਦੇ ਆਧਾਰ ‘ਤੇ ਬਣਾਏ ਜਾਣ।

ਇਥੇ ਜਾਰੀ ਇਕ ਬਿਆਨ ਵਿਚ ਫਾਊਂਡੇਸ਼ਨ ਨੇ ਕਿਹਾ ਹੈ ਕਿ ਆਜ਼ਾਦੀ ਦੇ ਪਰਵਾਨਿਆਂ ਨੇ ਲਾਸਾਨੀ ਕੁਰਬਾਨੀਆਂ ਕਿਸੇ ਤਨਖਾਹ, ਸਹੂਲਤ ਜਾਂ ਲਾਲਚ ਲਈ ਨਹੀਂ ਸਨ ਦਿੱਤੀਆਂ। ਉਨ੍ਹਾਂ ਨੇ ਜਾਇਦਾਦਾਂ ਕੁਰਕ ਕਰਵਾਈਆਂ, ਕਾਲੇ ਪਾਣੀ ਦੀਆਂ ਸਜ਼ਾਵਾਂ ਕੱਟੀਆਂ ਤੇ ਹੱਸਦੇ ਹੱਸਦੇ ਫਾਂਸੀਆਂ ਦੇ ਰੱਸੇ ਚੁੰਮੇ। ਆਜ਼ਾਦੀ ਖਾਤਰ ਵਿਦੇਸ਼ਾਂ ਵਿਚ ਵੀ ਫਾਂਸੀ ਚੜ੍ਹੇ। ਸ਼ਹੀਦਾਂ ਨੂੰ ਆਜ਼ਾਦੀ ਦਾ ਬਹੁਤ ਮੁੱਲ ਤਾਰਨਾ ਪਿਆ। ਇਨ੍ਹਾਂ ਦੀ ਯਾਦ ਸਰਕਾਰਾਂ ਨੂੰ ਨਹੀਂ ਭੁਲਾਉਣੀ ਚਾਹੀਦੀ।

ਜਾਰੀ ਕੀਤੇ ਬਿਆਨ ਮੁਤਾਬਕ ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮਰੀਕਾ ਦਾ ਵਫਦ ਜਿਸ ਵਿਚ ਚਰਨ ਸਿੰਘ ਜੱਜ, ਗੁਲਿੰਦਰ ਗਿੱਲ, ਬਲਵਿੰਦਰ ਸਿੰਘ, ਜਨਕ ਰਾਜ ਸਿਧਰਾ, ਮਦਨ ਲਾਲ ਸ਼ਰਮਾ ਤੇ ਪ੍ਰੋ. ਮੱਖਣ ਸਿੰਘ ਸ਼ਾਮਲ ਸਨ, ਪਹਿਲਾਂ 19 ਅਗਸਤ ਨੂੰ ਸੈਨ ਫਰਾਂਸਿਸਕੋ ਵਿਚ ਭਾਰਤ ਦੇ ਕੌਂਸਲ ਜਨਰਲ ਵੈਂਕਟੇਸ਼ਨ ਅਸ਼ੋਕ ਨੂੰ ਮਿਲਿਆ ਸੀ ਅਤੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਨਾਂ ਲਿਖਿਆ ਮੈਮੋਰੰਡਮ ਸੌਂਪਿਆ ਸੀ। ਮੈਮੋਰੰਡਮ ਵਿਚ ਮੰਗ ਕੀਤੀ ਗਈ ਸੀ ਕਿ ਸ਼ਹੀਦ ਊਧਮ ਸਿੰਘ, ਮਦਨ ਲਾਲ ਢੀਂਗਰਾ ਤੇ ਕਰਤਾਰ ਸਿੰਘ ਸਰਾਭਾ ਦੇ ਬੁੱਤ ਇੰਡੀਆ ਗੇਟ ਕੋਲ ਲਗਾਏ ਜਾਣ। ਦੂਜੀ ਮੰਗ ਸੀ ਕਿ ਗਦਰ ਮੈਮੋਰੀਅਲ ਹਾਲ ਸੈਨ ਫਰਾਂਸਿਸਕੋ ਦੀ ਇਮਾਰਤ ਦੀ ਨਵ-ਉਸਾਰੀ ਜਲਦੀ ਤੋਂ ਜਲਦੀ ਕਰਵਾਈ ਜਾਵੇ। ਕੌਂਸਲ ਜਨਰਲ ਨੇ ਯਕੀਨ ਦਿਵਾਇਆ ਸੀ ਕਿ ਇਹ ਮੈਮੋਰੰਡਮ ਭਾਰਤੀ ਰਾਜਦੂਤ ਰਾਹੀਂ ਪ੍ਰਧਾਨ ਮੰਤਰੀ ਕੋਲ ਪੁੱਜਦਾ ਕੀਤਾ ਜਾਵੇਗਾ। ਆਜ਼ਾਦੀ ਘੁਲਾਟੀਆਂ ਦੀਆਂ ਯਾਦਗਾਰਾਂ ਸਬੰਧੀ ਜਥੇਬੰਦੀ ਦਾ ਵਫਦ ਹੋਰ ਲੋਕਾਂ ਨੂੰ ਨਾਲ ਲੈ ਕੇ ਜਨਵਰੀ 2016 ਨੂੰ ਭਾਰਤ ਜਾ ਕੇ ਪ੍ਰਧਾਨ ਮੰਤਰੀ ਨੂੰ ਮਿਲੇਗਾ। ਸ਼ਹੀਦਾਂ ਦੀ ਯਾਦ ਵਿਚ ਪੰਜਾਬ ਵਿਚ ਸਮਾਗਮ ਕਰਵਾਉਣ ਲਈ ਵੀ ਜਥੇਬੰਦੀ ਵੱਲੋਂ ਉਪਰਾਲੇ ਕੀਤੇ ਜਾਣਗੇ।

## ਫਰਿਜ਼ਨੋ ਵਿਚ ਨਗਰ ਕੀਰਤਨ 25 ਨੂੰ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੀਆਂ ਸੰਗਤਾਂ ਵੱਲੋਂ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਪੁਰਬ ਨੂੰ ਸਮਰਪਿਤ ਛੇਵਾਂ ਮਹਾਨ ਨਗਰ ਕੀਰਤਨ ਆਉਂਦੀ 25 ਅਕਤੂਬਰ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ। ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਪੰਥ ਦੇ ਮਹਾਨ ਵਿਦਵਾਨ, ਕੀਰਤਨੀਏ ਅਤੇ ਢਾਡੀ ਜਥੇ ਪਹੁੰਚ ਰਹੇ ਹਨ।

ਨਗਰ ਕੀਰਤਨ ਤੋਂ ਇੱਕ ਦਿਨ ਪਹਿਲਾਂ 24 ਅਕਤੂਬਰ ਸਨਿਚਰਵਾਰ ਨੂੰ ਅੰਮ੍ਰਿਤ ਸੰਚਾਰ ਹੋਵੇਗਾ। ਅਭਿਲਾਖੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਸਕਦੇ ਹਨ।

## Matrimonial

### ਕੰਨਿਆ ਦੀ ਲੋੜ ਹੈ

ਰਾਮਗੜੀਆ ਸਿੱਖ ਗਰੀਨ ਕਾਰਡ ਹੋਲਡਰ ਕੈਲੀਫੋਰਨੀਆ ਰਹਿੰਦੇ ਉਮਰ 24 ਸਾਲ, ਕੱਦ 5’-9", ਲੜਕੇ ਲਈ ਪੜ੍ਹੀ-ਲਿਖੀ ਯੋਗ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ। ਸੰਪਰਕ ਕਰੋ, ਫੋਨ: 707-386-3001 41-44

ਜੱਟ ਸਿੱਖ ਅਮਰੀਕੀ ਸਿਟੀਜ਼ਨ, 28 ਸਾਲ, 5'-8", ਫੈਡਰਲ ਜੌਬ ਕਰਦੇ ਲੜਕੇ ਲਈ ਸੁੰਦਰ ਸੁਸ਼ੀਲ ਜੱਟ ਸਿੱਖ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਬੇਅ ਏਰੀਆ, ਕੈਲੀਫੋਰਨੀਆ ਨੂੰ ਪਹਿਲ। ਸੰਪਰਕ ਕਰੋ: 408-931-5803 38-41

### ਵਰ ਦੀ ਲੋੜ ਹੈ

ਸੁੰਦਰ, ਸੁਸ਼ੀਲ, 5’-2", 27 ਸਾਲ ਵਰਮਾ ਕੰਪਿਊਟਰ ਸਾਇੰਸ ਦਾ ਕੋਰਸ ਕਰਦੀ ਅਮੈਰਿਕਨ ਸਿਟੀਜ਼ਨ ਲੜਕੀ ਲਈ ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਵਰਕ/ਸਟੂਡੈਂਟ ਵੀਜ਼ੇ ‘ਤੇ ਆਏ ਇੰਜੀਨੀਅਰ, ਡਾਕਟਰ, ਪੜ੍ਹੇ-ਲਿਖੇ ਅਤੇ ਚੰਗੇ ਪਰਿਵਾਰ ਦੇ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 630-935-1857


## ਤੰਦੂਰੀਏ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ

**ਸੰਪਰਕ ਕਰੋ, ਫੋਨ:262-391-7666** 41-42



# Golden State Realty

9912 Kapalua Ln., Elk Grove, CA 95624



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

*Please Contact For*
**Commercial or Residential Needs**

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet ‘Sam’ Chahal*

**Ph: 916-612-5773**

**email:** samchahal@hotmail.com

***Serving all over California***



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

## ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਮੁਆਫੀ ਮਾਮਲਾ: ਬਾਦਲਾਂ ਵੱਲੋਂ ਸਿੱਖਾਂ ਦੇ 'ਭੁਲੇਖੇ' ਦੂਰ ਕਰਨ ਲਈ ਮੁਹਿੰਮ

**ਚੰਡੀਗੜ੍ਹ:** ਪੰਜਾਬ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦੇਣ ਬਾਰੇ ਅਕਾਲ ਤਖਤ ਦੇ ਫੈਸਲੇ ਦੇ ਹੱਕ ਵਿਚ ਲਾਮਬੰਦੀ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਇਸ ਮਸਲੇ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜ਼ਿਆਦਾ ਦਿਲਚਸਪੀ ਵਿਖਾ ਰਹੇ ਹਨ।

ਸ. ਬਾਦਲ ਵੱਲੋਂ ਸਿੱਖਾਂ ਦੀ ਮਿਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਸੁਖਬੀਰ ਬਾਦਲ ਵੱਲੋਂ ਮੈਂਬਰਾਂ ਨੂੰ ਦੋ ਟੁੱਕ ਸੰਦੇਸ਼ ਦਿੱਤਾ ਗਿਆ ਕਿ ਡੇਰਾ ਮੁਖੀ ਨੂੰ ਮੁਆਫੀ ਦੇਣ ਬਾਰੇ ਅਕਾਲ ਤਖ਼ਤ ਦਾ ਫੈਸਲਾ ਪਵਿੱਤਰ ਹੈ ਤੇ ਇਸ ਉਤੇ ਕਿੰਤੂ ਨਹੀਂ ਕੀਤਾ ਜਾ ਸਕਦਾ। ਡੇਰਾ ਮੁਖੀ ਨੂੰ ਮੁਆਫੀ ਦੇਣ ਕਰਕੇ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਵੱਡੇ ਪੱਧਰ ਉਤੇ ਸਿੱਖਾਂ ਦੇ ਰੋਸ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਇਸ ਸੰਦਰਭ ਵਿਚ ਸਿੱਖ ਮਰਿਆਦਾ ਦਾ ਸਵਾਲ ਵੀ ਉਠਾਇਆ ਜਾ ਰਿਹਾ ਹੈ ਕਿ ਡੇਰਾ ਮੁਖੀ ਦੀ ਨਿੱਜੀ ਤੌਰ ਤੇ ਪੇਸ਼ ਨਾ ਹੋਣ ਦੇ ਬਾਵਜੂਦ ਉਸ ਨੂੰ ਮੁਆਫੀ ਕਿਵੇਂ ਦੇ ਦਿੱਤੀ ਗਈ। ਸੁਖਬੀਰ ਬਾਦਲ ਨੇ ਆਪਣੀ ਰਿਹਾਇਸ਼ 'ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਮੀਟਿੰਗ ਸੱਦੀ।

### ਸੰਗਤ ਨੂੰ ਸਮਝਾਉਣ ਲਈ ਕਮੇਟੀ ਮੈਂਬਰਾਂ ਦੀ ਡਿਊਟੀ ਲਾਈ



ਮੀਟਿੰਗ ਵਿਚ ਪੁੱਜੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਬਹੁਗਿਣਤੀ ਮੈਂਬਰ ਮੀਟਿੰਗ ਵਿਚ ਹਾਜ਼ਰ ਹੋਏ, ਪਰ ਪਤਾ ਲੱਗਿਆ ਹੈ ਕਿ 190 ਮੈਂਬਰੀ ਸਦਨ (170 ਚੁਣੇ ਹੋਏ ਤੇ 15 ਮਨੋਨੀਤ ਮੈਂਬਰਾਂ) ਵਿਚੋਂ 110 ਮੈਂਬਰਾਂ ਨੇ ਮੀਟਿੰਗ ਵਿਚ ਸ਼ਿਰਕਤ ਕੀਤੀ। ਮੁਆਫੀ ਦੇ ਫੈਸਲੇ ਦਾ ਵਿਰੋਧ ਕਰਨ ਵਾਲਿਆਂ ਨੂੰ ਮੀਟਿੰਗ ਵਿਚ ਨਹੀਂ ਸੱਦਿਆ ਗਿਆ, ਜਿਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਤੇ ਕਾਰਜਕਾਰਨੀ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਸ਼ਾਮਲ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਤੇ ਕਿਰਪਾਲ ਸਿੰਘ ਬਡੂੰਗਰ ਵੀ ਮੀਟਿੰਗ ਵਿਚ ਸ਼ਾਮਲ ਹੋਏ। ਇਸ ਮੌਕੇ ਡੇਰਾ ਮੁਖੀ ਵੱਲੋਂ ਲਿਖੇ ਗਏ ਪੱਤਰ ਦੀਆਂ ਕਾਪੀਆਂ ਵੀ ਮੈਂਬਰਾਂ ਨੂੰ ਵੰਡੀਆਂ ਗਈਆਂ ਤੇ ਉਨ੍ਹਾਂ ਨੂੰ ਅੱਗੋਂ ਇਹ ਸਿੱਖ ਸੰਗਤ ਵਿਚ ਵੰਡਣ ਲਈ ਕਿਹਾ ਗਿਆ ਹੈ ਤਾਂ ਕਿ ਇਹ ਧਾਰਨਾ ਦੂਰ ਕੀਤੀ ਜਾ ਸਕੇ ਕਿ ਡੇਰਾ ਮੁਖੀ ਨੇ ਮੁਆਫੀ ਨਹੀਂ ਮੰਗੀ ਸੀ।

ਦੱਸਣਯੋਗ ਹੈ ਕਿ ਰਹੇ ਕਿ 2007 ਵਿਚ ਡੇਰਾ ਮੁਖੀ ਨੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਬਾਣੇ ਦੀ ਨਕਲ ਕਰਦਿਆਂ ਉੱਦਾਂ ਦਾ ਬਾਣਾ ਪਹਿਨ ਕੇ ਸਿੱਖ ਭਾਈਚਾਰੇ ਦਾ ਰੋਸ ਸਹੇੜ ਲਿਆ ਸੀ।

## ਜਥੇਦਾਰਾਂ ਨੂੰ ਕਿਸ ਗੱਲ ਦਾ ਭੈਅ?

**ਚੰਡੀਗੜ੍ਹ:** ਪੰਜ ਤਖਤਾਂ ਦੇ ਜਥੇਦਾਰਾਂ ਵੱਲੋਂ ਡੇਰਾ ਸੱਚਾ ਸੌਦਾ ਮੁਖੀ ਨੂੰ ਮੁਆਫੀ ਦੇਣ ਦੇ ਫੈਸਲੇ ਤੋਂ ਬਾਅਦ ਸਿੰਘ ਸਾਹਿਬਾਨ ਨੂੰ ਹਮਲੇ ਦਾ ਭੈਅ ਹੈ। ਇਸੇ ਲਈ ਸਾਰੇ ਸਿੰਘ ਸਾਹਿਬਾਨ ਨੇ ਜਨਤਕ ਸਮਾਗਮਾਂ ਤੋਂ ਦੂਰੀ ਬਣਾਈ ਹੋਈ ਹੈ। ਜਨਰਲ ਏ.ਐਸ. ਵੈਦਯਾ ਨੂੰ ਕਤਲ ਕਰਨ ਵਾਲੇ ਦੋ ਸਿੱਖ ਨੌਜਵਾਨ ਜਿੰਦਾ ਤੇ ਸੁੱਖਾ ਦੇ ਬਰਸੀ ਸਮਾਗਮ ਮੌਕੇ ਅਕਾਲ ਤਖਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਆਗੂ ਗੈਰਹਾਜ਼ਰ ਰਹੇ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਉਤੇ ਹੋਏ ਹਮਲੇ ਤੋਂ ਬਾਅਦ ਹੋਰਾਂ ਜਥੇਦਾਰਾਂ ਨੂੰ ਵੀ ਹਮਲੇ ਦਾ ਭੈਅ ਹੈ। ਸਿੱਖ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਜਥੇਦਾਰ 'ਤੇ ਹਮਲਾ ਹੋਇਆ ਹੋਵੇ। ਇਹ ਵੀ ਪਹਿਲੀ ਵਾਰ ਹੈ ਕਿ ਪੁਲਿਸ ਨੇ ਜਥੇਦਾਰਾਂ ਨੂੰ ਵੱਡੀ ਸੁਰੱਖਿਆ ਛਤਰੀ ਦਿੱਤੀ ਹੈ। ਡੇਰਾ ਮੁਖੀ ਨੂੰ ਦਿੱਤੀ ਮੁਆਫੀ ਤੋਂ ਬਾਅਦ ਪੰਜਾਬ ਸਮੇਤ ਦੇਸ-ਵਿਦੇਸ ਦੇ ਸਿੱਖਾਂ ਵਿਚ ਤਖਤਾਂ ਦੇ ਜਥੇਦਾਰਾਂ ਖਿਲਾਫ ਰੋਹ ਹੈ।

ਸੋਸ਼ਲ ਮੀਡੀਆ ਵਿਚ ਵੀ ਜਥੇਦਾਰਾਂ ਲਈ ਹੇਠਲੇ ਪੱਧਰ ਦੀ ਵਰਤੀ ਜਾ ਰਹੀ ਭਾਸ਼ਾ ਤੋਂ ਵੀ ਸਾਫ ਹੈ ਕਿ ਜਥੇਦਾਰਾਂ ਦੇ ਸਨਮਾਨ ਵਿਚ ਦਿਨੋਂ ਦਿਨ ਗਿਰਾਵਟ ਆ ਰਹੀ ਹੈ। ਇਸ ਸਾਰੇ ਮਾਮਲੇ ਵਿਚ ਸਿੱਖ ਭਾਈਚਾਰੇ ਵੱਲੋਂ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਦਾ ਵਿਰੋਧ ਸਭ ਤੋਂ ਵੱਧ ਕੀਤਾ ਜਾ ਰਿਹਾ ਹੈ। ਲੋਕਾਂ ਦਾ ਇਲਜ਼ਾਮ ਹੈ ਕਿ ਜਥੇਦਾਰ ਗੁਰਮੁਖ ਸਿੰਘ ਨੇ ਇਸ ਫੈਸਲੇ ਵਿਚ ਅਹਿਮ ਭੂਮਿਕਾ ਨਿਭਾਈ ਹੈ।

## ਮੁਆਫੀ ਬਾਰੇ ਫੈਸਲਾ ਵਿਚਾਰਨ ਵਾਲੀ ਕਮੇਟੀ ਠੰਢੇ ਬਸਤੇ 'ਚ

**ਅੰਮ੍ਰਿਤਸਰ:** ਡੇਰਾ ਸਿਰਸਾ ਮੁਖੀ ਨੂੰ ਮੁਆਫੀ ਪਿੱਛੋਂ ਸਿੱਖਾਂ 'ਚ ਪੈਦਾ ਹੋਏ ਰੋਹ ਨੂੰ ਸ਼ਾਂਤ ਕਰਨ ਦੇ ਮੰਤਵ ਨਾਲ ਇਸ ਫੈਸਲੇ ਨੂੰ ਵਿਚਾਰਨ ਲਈ ਬਣਾਈ ਜਾਣ ਵਾਲੀ ਸਿੱਖ ਵਿਦਵਾਨਾਂ ਦੀ ਕਮੇਟੀ ਦਾ ਮਸਲਾ ਉਲਝ ਗਿਆ ਹੈ।

ਸੂਤਰਾਂ ਮੁਤਾਬਕ ਪੰਜ ਮੈਂਬਰੀ ਕਮੇਟੀ ਲਈ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ, ਚੀਫ਼ ਖਾਲਸਾ ਦੇ ਪ੍ਰਧਾਨ ਚਰਨਜੀਤ ਸਿੰਘ ਚੱਢਾ ਤੇ ਦੋ ਹੋਰ ਮੈਂਬਰਾਂ ਦੇ ਨਾਂ ਸ਼ਾਮਲ ਕੀਤੇ ਗਏ ਸਨ। ਇਨ੍ਹਾਂ ਵਿਚੋਂ ਕੁਝ ਮੈਂਬਰਾਂ ਨੇ ਆਪਣੇ ਹੱਥ ਪਿੱਛੇ ਖਿੱਚ ਲਏ ਹਨ। ਪ੍ਰਸਤਾਵਿਤ ਕਮੇਟੀ ਵੱਲੋਂ ਸਮੁੱਚੀ ਸਥਿਤੀ ਤੇ ਸੰਗਤਾਂ ਦੀਆਂ ਭਾਵਨਾਵਾਂ ਨੂੰ ਦੇਖਣ ਮਗਰੋਂ ਆਪਣੀ ਰਾਏ ਦਿੱਤੀ ਜਾਣੀ ਸੀ, ਜਿਸ ਦੇ ਆਧਾਰ 'ਤੇ ਕੋਈ ਅਗਲਾ ਫੈਸਲਾ ਕਰਨ ਦੀ ਯੋਜਨਾ ਸੀ।ਪਹਿਲੀ ਵਾਰ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਲਏ ਫੈਸਲਿਆਂ ਬਾਰੇ ਵਿਚਾਰ-ਵਟਾਂਦਰੇ ਲਈ ਕਮੇਟੀ ਬਣਾਏ ਜਾਣ ਬਾਰੇ ਵਾਰ-ਵਾਰ ਤਰੀਕਾਂ ਬਦਲਣੀਆਂ ਪੈ ਰਹੀਆਂ ਹਨ ਤੇ ਸਿੱਖ ਬੁੱਧੀਜੀਵੀਆਂ ਤੇ ਪ੍ਰਮੁੱਖ ਸਿੱਖ ਹਸਤੀਆਂ ਵਿਚੋਂ ਬਹੁਤੇ ਕਮੇਟੀ ਵਿਚ ਸ਼ਾਮਲ ਹੋਣ ਤੋਂ ਕਿਨਾਰਾ ਕਰ ਰਹੇ ਹਨ।

ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਕਮੇਟੀ ਦੇ ਮੈਂਬਰਾਂ ਦਾ ਐਲਾਨ ਕਰਨ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਹਰੀ ਝੰਡੀ ਮਿਲ ਗਈ ਸੀ। ਸੂਤਰਾਂ ਮੁਤਾਬਕ ਕਮੇਟੀ ਵਿਚ ਸ਼ਾਮਲ ਕੁਝ ਨਵੇਂ ਮੈਂਬਰਾਂ ਵੱਲੋਂ ਜੱਕੋ-ਤੱਕੀ ਵਿਚ ਪੈਣ ਬਾਅਦ ਵੀ ਕਮੇਟੀ ਦੇ ਗਠਨ ਦਾ ਐਲਾਨ ਨਹੀਂ ਹੋ ਸਕਿਆ।

## ਸਿੱਖ ਜਥੇਬੰਦੀਆਂ ਵੱਲੋਂ 10 ਨਵੰਬਰ ਨੂੰ ਸਰਬੱਤ ਖਾਲਸਾ ਸੱਦਣ ਦਾ ਐਲਾਨ

**ਲੁਧਿਆਣਾ:** ਸਿੱਖ ਜਥੇਬੰਦੀਆਂ ਨੇ ਡੇਰਾ ਸਿਰਸਾ ਮੁਖੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਦਿੱਤੀ ਮੁਆਫੀ ਖਿਲਾਫ 10 ਨਵੰਬਰ ਨੂੰ ਸਰਬੱਤ ਖਾਲਸਾ ਸੱਦਣ ਦਾ ਐਲਾਨ ਕਰ ਦਿੱਤਾ ਹੈ। ਸਰਬੱਤ ਖਾਲਸਾ ਲਈ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੰਜੀ ਸਾਹਿਬ ਹਾਲ ਦੀ ਮੰਗ ਕੀਤੀ ਜਾਵੇਗੀ, ਜੇ ਉਨ੍ਹਾਂ ਆਗਿਆ ਨਾ ਦਿੱਤੀ ਤਾਂ ਬਾਬਾ ਨੌਧ ਸਿੰਘ ਦੀ ਸਮਾਧ ਤਰਨਤਾਰਨ ਰੋਡ ਪਿੰਡ ਦੁਬੁਰਜੀ ਵਿਖੇ ਬੁਲਾਇਆ ਜਾਵੇਗਾ।

ਸਰਬੱਤ ਖਾਲਸਾ ਸੱਦਣ ਲਈ ਕੁਝ ਆਗੂ ਚਾਹੁੰਦੇ ਸਨ ਕਿ ਇਕ ਕਮੇਟੀ ਕਾਇਮ ਕੀਤੀ ਜਾਵੇ, ਪਰ ਬਾਅਦ ਵਿਚ ਸਿਮਰਜੀਤ ਸਿੰਘ ਮਾਨ ਨੂੰ ਮਿਤੀ ਦਾ ਐਲਾਨ ਕਰਨ ਦੇ ਅਧਿਕਾਰ ਦਿੱਤੇ ਗਏ। ਸ. ਮਾਨ ਨੇ ਸਟੇਜ ਤੋਂ 10 ਨਵੰਬਰ ਨੂੰ ਸਰਬੱਤ ਖਾਲਸਾ ਸੱਦਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸਰਬੱਤ ਖਾਲਸਾ ਦੇ ਪ੍ਰਬੰਧਾਂ ਨੂੰ ਨੇਪਰੇ ਚਾੜ੍ਹਨ ਲਈ 18 ਅਕਤੂਬਰ ਨੂੰ ਜਲੰਧਰ ਵਿਚ ਕਮੇਟੀ ਕਾਇਮ ਕੀਤੀ ਜਾਵੇਗੀ। ਇਸ ਮੌਕੇ ਖਾੜਕੂ ਦਯਾ ਸਿੰਘ ਲਾਹੌਰੀਆ ਦੀ ਪਤਨੀ ਸਮੇਤ ਬਹੁਤ ਸਾਰੇ ਗਰਮ ਧੜੇ ਦੇ ਆਗੂ ਮੌਜੂਦ ਸਨ। ਮੀਟਿੰਗ ਵਿੱਚ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਖ਼ਾਲਿਸਤਾਨ ਦੇ ਨਾਅਰੇ ਵੀ ਲੱਗੇ।

### ਸਰਬੱਤ ਖਾਲਸਾ ਬੁਲਾਉਣ ਦਾ ਹੱਕ ਅਕਾਲ ਤਖਤ ਨੂੰ: ਮੱਕੜ

**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ



ਸਿੰਘ ਨੇ ਕਿਹਾ ਹੈ ਕਿ ਸਰਬੱਤ ਖਾਲਸਾ ਸੱਦਣ ਦਾ ਅਧਿਕਾਰ ਸਿਰਫ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਹੈ। ਕੋਈ ਵੀ ਜਥੇਬੰਦੀ ਜਾਂ ਸਾਬਕਾ ਜਥੇਦਾਰ ਸਰਬੱਤ ਖਾਲਸਾ ਨਹੀਂ ਬੁਲਾ ਸਕਦਾ।

### ਸੁਖਬੀਰ ਵੱਲੋਂ ਜਥੇਦਾਰਾਂ ਲਈ 'ਮਿਸ਼ਨ ਮਨੋਬਲ' ਸ਼ੁਰੂ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਤਖਤ ਸਾਹਿਬਾਨ ਦੇ ਜਥੇਦਾਰਾਂ ਨੂੰ 'ਚੜ੍ਹਦੀ ਕਲਾ' ਵਿਚ ਰੱਖਣ ਲਈ ਖੁਫੀਆ ਤੌਰ ਉਤੇ 'ਮਿਸ਼ਨ ਮਨੋਬਲ' ਸ਼ੁਰੂ ਕੀਤਾ ਹੈ। ਇਸ ਮਿਸ਼ਨ ਲਈ ਤਾਇਨਾਤ ਅਕਾਲੀ ਨੇਤਾਵਾਂ ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸ. ਬਾਦਲ ਦੀ ਹਦਾਇਤ 'ਤੇ ਜਥੇਦਾਰਾਂ ਨੂੰ ਹੌਸਲਾ ਦੇਣਾ ਵੀ ਸ਼ੁਰੂ ਕਰ ਦਿੱਤਾ ਹੈ। ਤਖਤ ਕੇਸਗੜ੍ਹ ਸਾਹਿਬ ਤੇ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਹੁਣ ਸੰਗਤਾਂ ਵਿਚ ਜਾਣ ਤੋਂ ਝਿਜਕ ਰਹੇ ਹਨ। ਇਹ ਜਥੇਦਾਰ ਪਿਛਲੇ ਦਿਨਾਂ ਤੋਂ ਆਪਣੇ ਘਰਾਂ ਵਿਚੋਂ ਘੱਟ ਹੀ ਬਾਹਰ ਨਿਕਲ ਰਹੇ ਹਨ। ਉਪ ਮੁੱਖ ਮੰਤਰੀ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਅਕਾਲੀ ਨੇਤਾਵਾਂ ਨੂੰ ਹਦਾਇਤ ਕੀਤੀ ਸੀ ਕਿ ਉਹ ਜਥੇਦਾਰਾਂ ਨਾਲ ਰਾਬਤਾ ਰੱਖ ਕੇ ਉਨ੍ਹਾਂ ਨੂੰ ਚੜ੍ਹਦੀਕਲਾ ਵਿਚ ਰੱਖਣ ਲਈ ਕੋਸ਼ਿਸ਼ਾਂ ਕਰਨ। ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਮਗਰੋਂ ਜਥੇਦਾਰਾਂ ਨੂੰ ਸੰਗਤ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਦੇ ਟਾਕਰੇ ਲਈ ਅਕਾਲੀ ਦਲ ਨੇ ਨਵੀਂ ਰਣਨੀਤੀ ਘੜੀ ਹੈ।

## ਸ਼੍ਰੋਮਣੀ ਕਮੇਟੀ ਦੇ 'ਬਾਗੀਆਂ' ਖਿਲਾਫ ਕਾਰਵਾਈ ਸ਼ੁਰੂ



**ਅੰਮ੍ਰਿਤਸਰ:** ਡੇਰਾ ਮੁਖੀ ਨੂੰ ਮੁਆਫੀ ਦੇਣ ਦੇ ਫੈਸਲੇ ਸਬੰਧੀ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਧਿਰ ਦੀ ਸੋਚ ਤੋਂ ਉਲਟ ਜਾ ਕੇ ਖੜ੍ਹੇ ਹੋਣ ਵਾਲੇ ਟੌਹੜਾ ਧੜੇ ਦੇ ਦੋ ਆਗੂਆਂ ਜਥੇਦਾਰ ਸੁਖਦੇਵ ਸਿੰਘ ਭੌਰ ਤੇ ਕਰਨੈਲ ਸਿੰਘ ਪੰਜੋਲੀ ਨੂੰ ਹੁਣ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਵਿਚੋਂ ਹਾਸ਼ੀਏ 'ਤੇ ਧੱਕਣ ਦੀ ਕਾਰਵਾਈ ਉਤੇ ਅਮਲ ਸ਼ੁਰੂ ਕਰ ਦਿੱਤਾ ਗਿਆ ਹੈ।

ਸ. ਭੌਰ ਤੇ ਪੰਜੋਲੀ ਨੂੰ 23-24 ਅਕਤੂਬਰ ਨੂੰ ਫਤਿਹਗੜ੍ਹ ਸਾਹਿਬ ਵਿਖੇ ਮਨਾਏ ਜਾ ਰਹੇ ਵਿਸ਼ਵ ਪੰਜਾਬੀ ਸੰਮੇਲਨ ਦੀ ਸਵਾਗਤੀ ਕਮੇਟੀ ਤੇ ਹੋਰਨਾਂ ਜ਼ਿੰਮੇਵਾਰੀਆਂ ਤੋਂ ਫਾਰਗ ਕੀਤਾ ਗਿਆ ਹੈ। ਇਹ ਕਮੇਟੀਆਂ ਨਿਰੋਲ ਰੂਪ ਵਿਚ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਅਧਿਕਾਰਤ ਖੇਤਰ ਵਿਚ ਹਨ, ਜਿਨ੍ਹਾਂ ਦੇ ਫਿਲਹਾਲ ਜ਼ੁਬਾਨੀ ਹੁਕਮਾਂ 'ਤੇ ਉਕਤ ਦੋਵਾਂ ਅਹੁਦੇਦਾਰਾਂ ਦੇ ਨਾਂ ਕੱਟ ਦਿੱਤੇ ਗਏ ਹਨ। ਇਥੇ ਹੀ ਬੱਸ ਨਹੀਂ ਸ਼੍ਰੋਮਣੀ ਕਮੇਟੀ ਵੱਲੋਂ ਲਏ ਜਾਣ ਵਾਲੇ ਹਰ ਫੈਸਲੇ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਜਥੇਦਾਰ ਸੁਖਦੇਵ ਸਿੰਘ ਭੌਰ ਨੂੰ ਬਾਕੀ ਸਾਰੀਆਂ ਸਬ ਕਮੇਟੀਆਂ ਵਿਚੋਂ ਵੀ ਲਾਂਭੇ ਕਰਨ ਦੀ ਚਾਰਾਜੋਈ ਅੰਦਰਖਾਤੇ ਸ਼ੁਰੂ ਕਰ ਦਿੱਤੀ ਗਈ ਹੈ।

ਦੱਸਣਯੋਗ ਹੈ ਕਿ ਜਥੇਦਾਰ ਭੌਰ ਤੇ ਪੰਜੋਲੀ ਨੇ ਡੇਰਾ ਮੁਖੀ ਨੂੰ ਮੁਆਫ਼ ਕਰਨ ਦੇ ਫੈਸਲੇ ਖਿਲਾਫ ਖੁੱਲ੍ਹ ਕੇ ਆਵਾਜ਼ ਬੁਲੰਦ ਕੀਤੀ ਹੈ। ਇਸ ਨੂੰ ਪਾਰਟੀ ਵੱਲੋਂ ਗੰਭੀਰਤਾ ਨਾਲ ਲਿਆ ਗਿਆ ਹੈ। ਹਾਲਾਂਕਿ ਜਨਰਲ ਸਕੱਤਰ ਦੇ ਅਹੁਦੇ ਨੂੰ ਸੁਪਰੀਮ ਕੋਰਟ ਵੱਲੋਂ ਮਾਨਤਾ ਦਿੱਤੀ ਹੋਣ ਕਰਕੇ ਜਥੇਦਾਰ ਭੌਰ ਨੂੰ ਉਸ ਅਹੁਦੇ ਤੋਂ ਹਟਾਇਆ ਨਹੀਂ ਜਾ ਸਕਦਾ, ਪਰ ਆਗੂਆਂ ਵੱਲੋਂ ਇਹ ਫੈਸਲਾ ਕਰ ਲਿਆ ਗਿਆ ਹੈ ਕਿ ਉਨ੍ਹਾਂ ਦੇ ਪਰ ਪੂਰੀ ਤਰ੍ਹਾਂ ਕੁਤਰ ਦਿੱਤੇ ਜਾਣ ਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਵੀ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਕਿ ਉਨ੍ਹਾਂ ਨੂੰ ਤਰਜੀਹ ਨਾ ਦਿੱਤੀ ਜਾਵੇ।

ਜਥੇਦਾਰ ਸੁਖਦੇਵ ਸਿੰਘ ਭੌਰ ਨੇ ਕਿਹਾ ਹੈ ਕਿ ਕਮੇਟੀਆਂ ਦੀ ਮੈਂਬਰਸ਼ਿਪ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕੋਲ ਹਨ। ਉਹ ਜਿਸ ਨੂੰ ਚਾਹੁਣ ਰੱਖ ਸਕਦੇ ਜਾਂ ਕੱਢ ਸਕਦੇ ਹਨ, ਪਰ ਇਕ ਗੱਲ ਸਪੱਸ਼ਟ ਹੈ ਕਿ ਡੇਰਾ ਮੁਖੀ ਨੂੰ ਮੁਆਫ਼ੀ ਦੇਣ ਨਾਲ ਅਕਾਲ ਤਖ਼ਤ ਦੀ ਸਰਵਉੱਚਤਾ ਨੂੰ ਢਾਹ ਲੱਗੀ ਹੈ।

## ਓਲੀ ਨੂੰ ਨੇਪਾਲ ਦਾ ਨਵਾਂ ਪ੍ਰਧਾਨ ਮੰਤਰੀ ਚੁਣਿਆ

**ਕਾਠਮੰਡੂ:** ਬਜ਼ੁਰਗ ਸਿਆਸਤਦਾਨ ਕੇਪੀ ਸ਼ਰਮਾ ਓਲੀ ਨੂੰ ਨੇਪਾਲ ਦਾ ਅਗਲਾ ਪ੍ਰਧਾਨ ਮੰਤਰੀ ਚੁਣ ਲਿਆ ਗਿਆ। ਉਨ੍ਹਾਂ ਨੇ ਇਸ ਮੁਕਾਬਲੇ ਵਿਚ ਸੁਸ਼ੀਲ ਕੋਇਰਾਲਾ ਨੂੰ ਮਾਤ ਦਿੱਤੀ। ਕੁੱਲ 587 ਵੋਟਾਂ ਵਿਚੋਂ ਸੀਪੀਐਨ-ਯੂਐਮਐਲ ਦੇ ਚੇਅਰਮੈਨ ਓਲੀ ਨੂੰ 338 ਵੋਟਾਂ ਮਿਲੀਆਂ ਜੋ ਨੇਪਾਲ ਦਾ 38ਵਾਂ ਪ੍ਰਧਾਨ ਮੰਤਰੀ ਬਣਨ ਲਈ ਲੋੜੀਂਦੀਆਂ ਵੋਟਾਂ ਤੋਂ 39 ਵੱਧ ਹਨ। ਸ੍ਰੀ ਕੋਇਰਾਲਾ ਨੂੰ 249 ਵੋਟਾਂ ਹੀ ਮਿਲੀਆਂ।

## ਪੰਥਕ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ ਜਾਰੀ

**ਅੰਮ੍ਰਿਤਸਰ:** ਡੇਰਾ ਮੁਖੀ ਨੂੰ ਮੁਆਫੀ ਖਿਲਾਫ ਸਿੱਖ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ ਜਾਰੀ ਹਨ। ਜ਼ਿਲ੍ਹਾ ਮੋਗਾ ਦੇ ਪਿੰਡ ਰੋਡੇ ਸਮਾਲਸਰ, ਬਾਘਾ ਪੁਰਾਣਾ, ਮਨਾਵਾ ਤੇ ਹੋਰ ਪਿੰਡਾਂ ਨਾਲ ਸਬੰਧਤ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਨੇ ਅਕਾਲ ਤਖਤ ਦੇ ਜਥੇਦਾਰ ਦੇ ਘਰ ਦੇ ਬਾਹਰ ਰੋਸ ਵਿਖਾਵਾ ਕੀਤਾ ਤੇ ਇਕ ਮੰਗ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਨ ਸਬੰਧੀ ਫੈਸਲੇ ਉਤੇ ਮੁੜ ਵਿਚਾਰ ਕੀਤਾ ਜਾਵੇ।

ਸਿੱਖ ਆਗੂਆਂ ਨੇ ਆਖਿਆ ਹੈ ਕਿ ਜਥੇਦਾਰਾਂ ਵੱਲੋਂ ਡੇਰਾ ਸਿਰਸਾ ਦੇ ਮੁਖੀ ਸਬੰਧੀ ਕੀਤਾ ਗਿਆ ਫੈਸਲਾ ਸਿੱਖ ਸਿਧਾਂਤਾਂ ਦੇ ਉਲਟ ਹੈ ਤੇ ਇਸ ਨਾਲ ਸਿੱਖ ਸਿਧਾਂਤਾਂ ਨੂੰ ਢਾਹ ਲੱਗੀ ਹੈ। ਉਨ੍ਹਾਂ ਮੁਆਫੀਨਾਮਾ ਰੱਦ ਕਰਨ ਤੇ ਜਥੇਦਾਰਾਂ ਨੂੰ ਸੁਮੱਤ ਬਖਸ਼ਣ ਦੀ ਅਰਦਾਸ ਕੀਤੀ। ਅਰਦਾਸ ਦੌਰਾਨ ਪੰਥਕ ਏਕਤਾ ਦੀ ਵੀ ਅਪੀਲ ਕੀਤੀ ਗਈ। ਉਪਰੰਤ ਇਨ੍ਹਾਂ ਕਾਰਕੁਨਾਂ ਨੇ ਅਕਾਲ ਤਖਤ ਦੇ ਸਕੱਤਰੇਤ ਤੇ ਜਥੇਦਾਰ ਦੇ ਘਰ ਦੇ ਬਾਹਰ ਰੋਸ ਧਰਨਾ ਵੀ ਦਿੱਤਾ, ਜਿਥੇ ਉਨ੍ਹਾਂ ਨਾਅਰੇਬਾਜ਼ੀ ਕੀਤੀ। ਉਨ੍ਹਾਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮੰਗ ਪੱਤਰ ਦੇਣ ਲਈ ਮੁਲਾਕਾਤ ਕਰਨ ਦਾ ਸਮਾਂ ਮੰਗਿਆ, ਪਰ ਸੁਰੱਖਿਆ ਕਰਮਚਾਰੀਆਂ ਨੇ ਅਜਿਹੀ ਆਗਿਆ ਨਾ ਦਿੱਤੀ। ਕੁਝ ਸਮਾਂ ਬਾਅਦ ਪੰਜ ਵਿਅਕਤੀਆਂ ਨੂੰ ਜਥੇਦਾਰ ਨਾਲ ਮਿਲਣ ਦੀ ਪ੍ਰਵਾਨਗੀ ਦੇ ਦਿੱਤੀ ਗਈ, ਜਿਨ੍ਹਾਂ ਨੇ ਆਪਣਾ ਮੰਗ ਪੱਤਰ ਸੌਂਪਦੇ ਹੋਏ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਆਪਣਾ ਫੈਸਲਾ ਵਾਪਸ ਲੈਣ ਕਿਉਂਕਿ ਇਹ ਫੈਸਲਾ ਸਿਆਸੀ ਪ੍ਰਭਾਵ ਹੇਠ ਲਿਆ ਗਿਆ ਹੈ। ਪ੍ਰਦਰਸ਼ਨਕਾਰੀਆਂ ਵਿਚ ਸ਼ਾਮਲ ਫੈਡਰੇਸ਼ਨ ਮਹਿਤਾ ਦੇ ਬਲਵਿੰਦਰ ਸਿੰਘ ਨੇ ਦੱਸਿਆ ਕਿ ਜਥੇਦਾਰ ਨੇ ਆਖਿਆ ਹੈ ਕਿ ਉਨ੍ਹਾਂ ਨੂੰ ਕੁਝ ਸਮਾਂ ਦਿੱਤਾ ਜਾਵੇ ਤੇ ਸੰਗਤਾਂ ਸ਼ਾਂਤ ਰਹਿਣ। ਉਹ ਛੇਤੀ ਹੀ ਇਸ ਸਬੰਧੀ ਕੋਈ ਉਚਿਤ ਫੈਸਲਾ ਲੈਣਗੇ। ਇਹ ਮੰਗ ਪੱਤਰ ਸ਼੍ਰੋਮਣੀ ਕਮੇਟੀ ਮੈਂਬਰ ਜਗਤਾਰ ਸਿੰਘ ਰੋਡੇ ਵੱਲੋਂ ਭੇਜਿਆ ਗਿਆ ਹੈ।



# ਡੇਂਗੂ ਮੱਛਰ ਨੇ ਉਡਾਏ ਸਿਹਤ ਵਿਭਾਗ ਦੇ ਹੋਸ਼

**ਚੰਡੀਗੜ੍ਹ:** ਪੰਜਾਬ ਵਿਚ ਡੇਂਗੂ ਦੇ ਲਗਾਤਾਰ ਵਧ ਰਹੇ ਕੇਸਾਂ ਨੇ ਸਿਹਤ ਵਿਭਾਗ ਦੇ ਹੋਸ਼ ਉਡਾ ਦਿੱਤੇ ਹਨ। ਪਿਛਲੇ ਸੱਤ ਸਾਲਾਂ ਦੀ ਨਿਸਬਤ ਇਸ ਸਾਲ ਡੇਂਗੂ ਦੇ ਸਭ ਤੋਂ ਵੱਧ 5430 ਕੇਸ ਆ ਚੁੱਕੇ ਹਨ ਤੇ ਮੌਤਾਂ ਦੀ ਗਿਣਤੀ ਵੀ ਜ਼ਿਆਦਾ ਹੈ। ਵੀਹ ਹਜ਼ਾਰ ਸ਼ੱਕੀ ਮਰੀਜ਼ਾਂ ਨੂੰ ਇਲਾਜ ਲਈ ਦਾਖਲ ਕੀਤਾ ਗਿਆ ਹੈ। ਸਿਹਤ ਵਿਭਾਗ ਅਗਲੇ ਦੋ ਹਫਤਿਆਂ ਵਿਚ ਕੇਸਾਂ ਦੇ ਹੋਰ ਵਧਣ ਦੀ ਸੰਭਾਵਨਾ ਕਾਰਨ ਚਿੰਤਤ ਹੈ।



ਸਰਕਾਰੀ ਅੰਕੜਿਆਂ ਮੁਤਾਬਿਕ ਲੰਘੇ ਸਾਲ ਡੇਂਗੂ ਦੇ ਸਿਰਫ 472 ਮਰੀਜ਼ ਸਾਹਮਣੇ ਆਏ ਸਨ ਜਦੋਂਕਿ ਮਰੀਜ਼ਾਂ ਦੀ ਜਾਨ ਦਾ ਬਚਾਅ ਰਿਹਾ ਸੀ। ਸਾਲ 2013 ਵਿਚ 4017 ਤੇ ਉਸ ਤੋਂ ਇਕ ਸਾਲ ਪਹਿਲਾਂ 772 ਨੂੰ ਇਸ ਬੁਖਾਰ ਦੀ ਪੁਸ਼ਟੀ ਹੋਈ ਸੀ। ਸਾਲ 2011 ਵਿਚ 3921, 2010 ਵਿਚ 4012, 2009 ਵਿਚ 245 ਤੇ 2008 ਵਿਚ 4300 ਮਰੀਜ਼ਾਂ ਨੂੰ ਡੇਂਗੂ ਹੋਇਆ ਸੀ। ਸਿਹਤ ਵਿਭਾਗ ਵੱਲੋਂ ਸਰਕਾਰੀ ਹਸਪਤਾਲਾਂ ਵਿਚ ਡੇਂਗੂ ਦੇ ਮਰੀਜ਼ਾਂ ਲਈ ਵੱਖਰੇ ਵਾਰਡ ਬਣਾਏ ਗਏ ਹਨ ਤੇ ਮਾਹਿਰ ਡਾਕਟਰਾਂ ਨੂੰ 24 ਘੰਟੇ ਲਈ ਤਾਇਨਾਤ ਕੀਤਾ ਗਿਆ ਹੈ। ਇਸ ਵਾਰ ਸਤੰਬਰ ਵਿਚ ਵਧੇਰੇ ਬਾਰਸ਼ ਹੋਣ ਨਾਲ ਬਿਮਾਰੀ ਦਾ ਪ੍ਰਕੋਪ ਹੋਰ ਵਧ ਗਿਆ ਹੈ। ਸਿਹਤ ਵਿਭਾਗ ਦੇ ਨੋਡਲ ਅਫਸਰ ਡਾ. ਗਗਨ ਗਰੋਵਰ ਨੇ ਕਿਹਾ ਹੈ ਕਿ ਇਸ ਵਾਰ ਡੇਂਗੂ ਦੇ ਕੇਸ ਜ਼ਿਆਦਾ ਆਉਣ ਦਾ ਕਾਰਨ ਪ੍ਰਾਈਵੇਟ ਹਸਪਤਾਲਾਂ ਤੋਂ ਅੰਕੜੇ ਪ੍ਰਾਪਤ ਕਰਨਾ ਵੀ ਹੈ। ਲੰਘੇ ਸਾਲ ਤੱਕ ਸਿਰਫ ਸਰਕਾਰੀ ਹਸਪਤਾਲਾਂ ਵਿਚ ਦਾਖਲ ਮਰੀਜ਼ਾਂ ਦੀ ਗਿਣਤੀ ਸਾਹਮਣੇ ਆਉਂਦੀ ਰਹੀ ਹੈ।

## ਸਵਾਈਨ ਫਲੂ ਦਾ ਖਤਰਾ ਵਧਿਆ

**ਚੰਡੀਗੜ੍ਹ:** ਸਿਹਤ ਵਿਭਾਗ ਦੀ ਅਜੇ ਡੇਂਗੂ ਸਬੰਧੀ ਚਿੰਤਾ ਮੁੱਕੀ ਨਹੀਂ ਕਿ ਸਵਾਈਨ ਫਲੂ ਨੇ ਖਤਰੇ ਦੀ ਘੰਟੀ ਵਜਾ ਦਿੱਤੀ। ਭਾਰਤ ਦੇ ਦੱਖਣੀ ਹਿੱਸੇ ਵਿਚ ਸਵਾਈਨ ਫਲੂ ਦੇ ਕੇਸ ਆਉਣ ਨਾਲ ਵਿਭਾਗ ਨੇ ਰਣਨੀਤੀ ਤੈਅ ਕਰਨ ਲਈ ਜ਼ਿਲ੍ਹਾ ਨੋਡਲ ਅਫਸਰਾਂ ਦੀ ਮੀਟਿੰਗ ਸੱਦ ਲਈ ਹੈ। ਇਸ ਤੋਂ ਪਹਿਲਾਂ ਵਿਭਾਗ ਦੇ ਅਧਿਕਾਰੀਆਂ ਨੇ ਕੇਂਦਰੀ ਸਿਹਤ ਮੰਤਰਾਲੇ ਨਾਲ ਮੀਟਿੰਗ ਕਰਕੇ ਸੰਭਾਵਿਤ ਸਥਿਤੀ ਦਾ ਜਾਇਜ਼ਾ ਲਿਆ ਹੈ। ਸਿਹਤ ਵਿਭਾਗ ਨੇ ਸਵਾਈਨ ਫਲੂ ਦੇ ਸਾਢੇ ਸੱਤ ਸੌ ਮਰੀਜ਼ਾਂ ਦੇ ਇਲਾਜ ਲਈ ਟੈਮੀ ਫਲੂ ਨਾਂ ਦੀ ਦਵਾਈ ਸਟਾਕ ਕਰ ਲਈ ਹੈ ਤੇ ਹੋਰ ਲਈ ਬੰਦੋਬਸਤ ਕਰਨੇ ਸ਼ੁਰੂ ਕਰ ਦਿੱਤੇ ਹਨ।

# ਵਰਿਆਮ ਸਿੰਘ ਦੀ ਰਿਹਾਈ ਪਿੱਛੋਂ ਬੰਦੀ ਸਿੰਘਾਂ ਲਈ ਸੰਘਰਸ਼ ਤੇਜ਼

**ਮੁਹਾਲੀ:** ਗ੍ਰਹਿ ਮੰਤਰੀ ਰਾਜਨਾਥ ਸਿੰਘ ਵੱਲੋਂ ਸਿੱਖ ਕੈਦੀ ਭਾਈ ਵਰਿਆਮ ਸਿੰਘ ਨੂੰ ਰਿਹਾਅ ਕਰਨ ਦੇ ਹੁਕਮਾਂ ਪਿੱਛੋਂ ਹੁਣ ਚੰਡੀਗੜ੍ਹ, ਪੰਜਾਬ ਸਮੇਤ ਹੋਰ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਸਿੱਖ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਨੇ ਜ਼ੋਰ ਫੜ ਲਿਆ ਹੈ। ਭਾਈ ਵਰਿਆਮ ਸਿੰਘ ਟਾਡਾ ਅਧੀਨ ਉਤਰ ਪ੍ਰਦੇਸ਼ ਦੇ ਬਰੇਲੀ ਜੇਲ੍ਹ ਵਿਚ ਬੰਦੀ ਹੈ।

ਅਖੰਡ ਕੀਰਤਨੀ ਜਥੇ ਦੇ ਮੁੱਖ ਬੁਲਾਰੇ ਆਰ.ਪੀ. ਸਿੰਘ, ਸਿੱਖ ਰਲੀਫ਼ ਯੂ.ਕੇ. ਤੋਂ ਪਰਮਿੰਦਰ ਸਿੰਘ ਅਮਲੋਹ ਤੇ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂ ਤੇ ਸੀਨੀਅਰ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਭਾਰਤ ਸਰਕਾਰ ਦਾ ਧੰਨਵਾਦ ਕਰਦਿਆਂ ਮੰਗ ਕੀਤੀ ਕਿ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਜਿਹੜੇ ਸਿੱਖ ਕੈਦੀ 20-20 ਸਾਲ ਦੀ ਸਜ਼ਾ ਕੱਟ ਚੁੱਕੇ ਹਨ, ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਭਾਈ ਵਰਿਆਮ ਸਿੰਘ ਨੂੰ 1990 ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਹੁਣ ਤੱਕ ਉਸ ਵਲੋਂ ਤਕਰੀਬਨ 25 ਸਾਲ ਦੀ ਸਜ਼ਾ ਭੁਗਤੀ ਜਾ ਚੁੱਕੀ ਹੈ ਤੇ ਜੇਲ੍ਹ ਪੀਰੀਅਡ ਦੌਰਾਨ ਉਸ ਦਾ ਹੋਰਨਾਂ ਕੈਦੀਆਂ ਤੇ ਸਟਾਫ ਨਾਲ ਬਹੁਤ ਹੀ ਵਧੀਆ ਵਿਵਹਾਰ ਰਿਹਾ ਹੈ।

ਸਿੱਖ ਆਗੂਆਂ ਨੇ ਮੰਗ ਕੀਤੀ ਕਿ ਬਾਕੀ ਸਿੱਖ ਕੈਦੀਆਂ ਦੇ ਕੇਸਾਂ ਨੂੰ ਵੀ ਹਮਦਰਦੀ ਨਾਲ ਵਿਚਾਰਿਆ ਜਾਵੇ ਤਾਂ ਜੋ ਸਿੱਖਾਂ ਨੂੰ ਇਨਸਾਫ ਮਿਲ ਸਕੇ। ਉਨ੍ਹਾਂ ਦੱਸਿਆ ਕਿ ਬੇਅੰਤ ਸਿੰਘ ਹੱਤਿਆ ਕਾਂਡ ਮਾਮਲੇ ਸਬੰਧੀ ਲਖਵਿੰਦਰ ਸਿੰਘ ਉਰਫ ਲੱਖਾ, ਸ਼ਮਸ਼ੇਰ ਸਿੰਘ ਉਰਫ ਸ਼ੇਰਾ ਤੇ ਗੁਰਮੀਤ ਸਿੰਘ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਨਜ਼ਰਬੰਦ ਹਨ। ਉਂਜ ਸਿੱਖ ਜਥੇਬੰਦੀਆਂ ਦੇ ਸੰਘਰਸ਼ ਦੇ ਚੱਲਦਿਆਂ ਕੁਝ ਸਮਾਂ ਪਹਿਲਾਂ ਇਹ ਤਿੰਨੇ ਸਿੱਖ ਕੈਦੀ ਪਹਿਲੀ ਵਾਰ 28-28 ਦਿਨਾਂ ਦੀ ਪੈਰੋਲ 'ਤੇ ਰਿਹਾਅ ਹੋ ਚੁੱਕੇ ਹਨ। ਇਹ ਤਿੰਨੇ ਜਣੇ ਉਮਰ ਕੈਦ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਹਨ। ਇਸੇ ਤਰ੍ਹਾਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਤੇ ਗੁਰਦੀਪ ਸਿੰਘ ਖਹਿਰਾ ਅੰਮ੍ਰਿਤਸਰ ਤੇ ਭਾਈ ਲਾਲ ਸਿੰਘ ਅਕਾਲਗੜ੍ਹ ਨਾਭਾ ਜੇਲ੍ਹ ਵਿਚ ਨਜ਼ਰਬੰਦ ਹਨ।

## ਅੰਮ੍ਰਿਤਾ ਸ਼ੇਰਗਿਲ ਦੀ ਪੇਂਟਿੰਗ 17 ਲੱਖ ਪਾਊਂਡ ਵਿਚ ਵਿਕੀ

**ਨਵੀਂ ਦਿੱਲੀ:** ਚਿੱਤਰਕਾਰ ਅੰਮ੍ਰਿਤਾ ਸ਼ੇਰਗਿਲ ਵੱਲੋਂ 1931 ਵਿਚ ਬਣਾਈ ਗਈ ਦੁਰਲੱਭ ਪੇਂਟਿੰਗ ਲੰਡਨ ਦੇ ਸੋਥਬੀ ਨਿਲਾਮਘਰ ਵਿਚ 17 ਲੱਖ ਪਾਊਂਡ ਵਿਚ ਨਿਲਾਮ ਹੋਈ ਹੈ।

ਸ਼ੇਰਗਿੱਲ ਨੂੰ 20ਵੀਂ ਸਦੀ ਦੇ ਸਭ ਤੋਂ ਪ੍ਰਮੁੱਖ ਭਾਰਤੀ ਕਲਾਕਾਰਾਂ ਵਿਚੋਂ ਇਕ ਮੰਨਿਆ ਜਾਂਦਾ ਹੈ। ਪਿਛਲੀ ਮਾਰਚ ਵਿਚ ਸਾਊਦਬੀ ਦੀ ਨਿਊਯਾਰਕ ਵਿਚ ਕਰਵਾਈ ਨਿਲਾਮੀ ਵਿਚ ਸ਼ੇਰਗਿਲ ਵੱਲੋਂ ਬਣਾਈ ਪੇਂਟਿੰਗ 29 ਲੱਖ ਪਾਊਂਡ ਵਿਚ ਵਿਕੀ। ਇਸ ਨੇ ਭਾਰਤੀ ਮਹਿਲਾ ਕਲਾਕਾਰ ਲਈ ਨਵਾਂ ਰਿਕਾਰਡ ਬਣਾਇਆ ਸੀ। ਸਾਊਦਬੀ ਵਿਚ ਮਾਡਰਨ ਐਂਡ ਕੰਟੇਮਪੋਰੇਰੀ ਸਾਊਥ ਏਸ਼ੀਅਨ ਆਰਟ ਦੀ ਕੌਮਾਂਤਰੀ ਪ੍ਰਮੁੱਖ ਯਾਮਿਨੀ ਮਹਿਤਾ ਨੇ ਕਿਹਾ ਕਿ ਭਾਰਤ ਦੀ ਕੌਮੀ ਜਾਇਦਾਦ ਹੋਣ ਕਾਰਨ ਕਿਸੇ ਵੀ ਕਲਾਕਾਰ ਦੀ ਕਲਾਕ੍ਰਿਤੀ ਦਾ ਨਿਲਾਮੀ ਵਿਚ ਆਉਣਾ ਦੁਰਲੱਭ ਗੱਲ ਹੈ। ਇਹ ਉਨ੍ਹਾਂ ਦੀ ਸਭ ਤੋਂ ਰੋਮਾਂਟਿਕ ਕਲਾਕ੍ਰਿਤੀਆਂ ਵਿਚੋਂ ਇਕ ਸੀ ਕਿਉਂਕਿ ਇਹ ਉਨ੍ਹਾਂ ਦੇ ਸਾਥੀ ਕਲਾਕਾਰ ਤੇ ਪ੍ਰੇਮੀ ਬੋਰਿਸ ਤਸਲਿਤਜਕੀ ਨੂੰ ਭੇਟ ਕੀਤੀ ਗਈ ਸੀ ਤੇ ਇਹ ਉਦੋਂ ਤੋਂ ਹੀ ਉਨ੍ਹਾਂ ਦੇ ਪਰਿਵਾਰ ਕੋਲ ਸੀ।

# ਨਿਪੁੰਸਕ ਕੇਸ: ਹਾਈਕੋਰਟ ਵੱਲੋਂ ਸੀ.ਬੀ.ਆਈ. ਨੂੰ ਫਟਕਾਰ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਡੇਰਾ ਸਿਰਸਾ ਵੱਲੋਂ ਨਿਪੁੰਸਕ ਬਣਾਏ ਗਏ 400 ਸਾਧੂਆਂ ਦੇ ਮਾਮਲੇ ਵਿਚ ਸੀ.ਬੀ.ਆਈ. ਨੂੰ ਫਟਕਾਰ ਲਾਉਂਦਿਆਂ ਪੁੱਛਿਆ ਹੈ ਕਿ




ਸਟੇਟਸ ਰਿਪੋਰਟ ਦਾਖਲ ਕਰਨ ਵਿਚ ਦੇਰੀ ਕਿਉਂ ਕੀਤੀ ਜਾ ਰਹੀ ਹੈ? ਅਦਾਲਤ ਨੇ ਸੀ.ਬੀ.ਆਈ. ਨੂੰ ਕਿਹਾ ਹੈ ਕਿ ਇਸ ਮਾਮਲੇ ਵਿਚ ਦੋ ਮਹੀਨਿਆਂ ਵਿਚ ਸਟੇਟਸ ਰਿਪੋਰਟ ਦਾਖਲ ਕੀਤੀ ਜਾਵੇ। ਇਸ ਕੇਸ ਵਿਚ ਫਤਿਹਾਬਾਦ ਦੇ ਹੰਸ ਰਾਜ ਚੌਹਾਨ ਨੇ ਇਲਜ਼ਾਮ ਲਾਏ ਸਨ ਕਿ ਡੇਰੇ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੇ ਡੇਰੇ ਦੇ 400 ਸਾਧੂਆਂ ਨੂੰ ਨਿਪੁੰਸਕ ਬਣਾ ਦਿੱਤਾ ਹੈ। ਉਨ੍ਹਾਂ ਮੁਤਾਬਕ ਸਾਧੂਆਂ ਨੂੰ ਇਹ ਝੂਠੀ ਆਸ ਦੇ ਕੇ ਨਿਪੁੰਸਕ ਬਣਾਇਆ ਗਿਆ ਸੀ ਕਿ ਨਿਪੁੰਸਕ ਬਣਨ ਮਗਰੋਂ ਉਹ ਡੇਰਾ ਮੁਖੀ ਰਾਹੀਂ ਪਰਮਾਤਮਾ ਨੂੰ ਹਾਸਲ ਕਰ ਲੈਣਗੇ। ਹਰਿਆਣਾ ਸਰਕਾਰ ਨੇ ਅਦਾਲਤ ਵਿਚ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਡੇਰਾ ਮੁਖੀ ਦੇ ਸੱਤ ਸਾਬਕਾ ਸਹਿਯੋਗੀਆਂ ਨੂੰ ਨਿਪੁੰਸਕ ਬਣਾਇਆ ਗਿਆ ਹੈ। ਸਰਕਾਰ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਉਨ੍ਹਾਂ ਨੂੰ ਨਿਪੁੰਸਕ ਬਣਾਉਣ ਪਿੱਛੇ ਡੇਰਾ ਮੁਖੀ ਦਾ ਕੋਈ ਹੱਥ ਨਹੀਂ ਹੈ ਤੇ ਉਨ੍ਹਾਂ ਆਪਣੀ ਮਰਜ਼ੀ ਨਾਲ ਅਜਿਹਾ ਕਰਵਾਇਆ ਹੈ। ਇਸੇ ਦੌਰਾਨ ਡੇਰਾ ਮੁਖੀ ਵੱਲੋਂ ਇਸ ਮਾਮਲੇ ਬਾਰੇ ਵਿਸਤ੍ਰਿਤ ਜਵਾਬ ਦਾਇਰ ਕਰਦਿਆਂ ਕਿਹਾ ਗਿਆ ਸੀ ਕਿ ਉਸ ਖਿਲਾਫ ਸਾਧੂਆਂ ਨੂੰ ਨਿਪੁੰਸਕ ਬਣਾਉਣ ਸਬੰਧੀ ਲਾਏ ਦੋਸ਼ ਨਿਰਆਧਾਰ ਹਨ।

## ਧਮਾਕਾਖੇਜ ਸਮੱਗਰੀ ਮਾਮਲੇ 'ਚੋਂ ਖਾੜਕੂ ਸੁੱਖਾ ਚਿੜ੍ਹਾ ਬਰੀ

**ਅੰਮ੍ਰਿਤਸਰ:** ਹੈਰੋਇਨ ਦੀ ਤਸਕਰੀ ਤੇ ਧਮਾਕਾਖੇਜ ਸਮੱਗਰੀ ਦੀ ਖੇਪ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਖਾੜਕੂ ਸੁਖਦੇਵ ਸਿੰਘ ਉਰਫ ਸੁੱਖਾ ਚਿੜ੍ਹਾ ਨੂੰ ਇਥੇ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਜਦੋਂਕਿ ਦੋ ਹੋਰ ਸਿੱਖ ਨੌਜਵਾਨਾਂ ਨੂੰ 10-10 ਸਾਲ ਕੈਦ ਤੇ ਇਕ-ਇਕ ਲੱਖ ਜੁਰਮਾਨਾ ਤੇ ਦੋ ਨੂੰ ਚਾਰ-ਚਾਰ ਸਾਲ ਕੈਦ ਦੀਆਂ ਵੱਖਰੀਆਂ ਵੱਖਰੀਆਂ ਧਾਰਾਵਾਂ ਤਹਿਤ ਸਜਾ ਸੁਣਾਈ।

## ਲੰਡਨ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਕਲਗੀ ਨਿਲਾਮ

**ਲੰਡਨ:** ਭਾਰਤ ਨਾਲ ਸਬੰਧਤ ਕਈ ਵਸਤੂਆਂ ਦੀ ਨਿਲਾਮੀ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੀ ਕਲਗੀ 65,500 ਪੌਂਡ (ਤਕਰੀਬਨ 65 ਲੱਖ 50 ਹਜ਼ਾਰ ਰੁਪਏ) ਵਿਚ ਵਿਕੀ। ਇਹ ਕਲਗੀ 1808 ਵਿਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਪਟਿਆਲਾ ਦੇ ਮਹਾਰਾਜਾ ਸਾਹਿਬ ਸਿੰਘ ਨਾਲ ਇਕ ਸੰਧੀ ਦੌਰਾਨ ਦਸਤਾਰ ਵਟਾਉਣ ਸਮੇਂ ਪਟਿਆਲਾ ਦੇ ਸ਼ਾਹੀ ਘਰਾਣੇ ਵਿਚ ਪਹੁੰਚੀ ਦੱਸੀ ਜਾਂਦੀ ਹੈ।




ਹੀਰਿਆਂ ਨਾਲ ਜੜੀ ਇਹ ਕਲਗੀ ਲੰਡਨ ਦੇ ਬੋਨਹੈਮਸ ਨਿਲਾਮੀ ਘਰ ਵਿਚ ਨਿਲਾਮ ਹੋਈ ਤੇ ਇਸ ਨੂੰ ਖਰੀਦਣ ਵਾਲਾ ਇਕ ਸਿੱਖ ਹੀ ਹੈ, ਪਰ ਅਧਿਕਾਰਤ ਤੌਰ 'ਤੇ ਨਿਲਾਮੀ ਘਰ ਨੇ ਬੋਲੀਕਾਰ ਦੀ ਪੁਸ਼ਟੀ ਨਹੀਂ ਕੀਤੀ। ਇਸ ਕਲਗੀ ਦੀ ਤੈਅ ਕੀਮਤ 30 ਤੋਂ 40 ਹਜ਼ਾਰ ਪੌਂਡ ਮੰਨੀ ਜਾਂਦੀ ਸੀ। 17.2 ਸੈਂਟੀਮੀਟਰ ਲੰਬੀ ਤੇ 68.2 ਗ੍ਰਾਮ ਭਾਰੀ ਇਹ ਕਲਗੀ ਕਿਸੇ ਵੇਲੇ ਮਹਾਰਾਜਾ ਰਣਜੀਤ ਸਿੰਘ ਦੀ ਦਸਤਾਰ ਦੀ ਸ਼ਾਨ ਰਹੀ ਸੀ।

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

Homeopathic natural medicines supply


Gurdip Singh Sandhu

Ph:(408) 687-1899
(408) 729-6691
Fax:(408)292-6200

EX Member:
The California Homeopathic Society
National Center For Homeopathy- USA

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)

ਕਮਾਲ ਬਈ ਕਮਾਲ!

ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ



Upgrade your Security Cameras to High Definition at very reasonable prices




For a Free Demo of our new HD Cameras
Please Contact us: Balbir S Sidhu
209-495-3905 (Cell)
www.dvrunlimited.com
Toll Free (888) 233-4566

DVRunlimited Inc.
Installation Available

# ਕਿਸੇ ਤਣ-ਪੱਤਣ ਨਹੀਂ ਲੱਗ ਰਹੀ ਨਸ਼ਾ ਤਸਕਰੀ ਮਾਮਲੇ ਦੀ ਜਾਂਚ

**ਚੰਡੀਗੜ੍ਹ:** ਪੰਜਾਬ ਵਿਚ ਬਹੁਕਰੋੜੀ ਨਸ਼ਾ ਤਸਕਰੀ ਦਾ ਮਾਮਲਾ ਕਿਸੇ ਤਣ-ਪੱਤਣ ਲੱਗਦਾ ਨਜ਼ਰ ਨਹੀਂ ਆ ਰਿਹਾ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੁਲਿਸ ਵੱਲੋਂ ਕੀਤੀ ਜਾ ਰਹੀ ਜਾਂਚ ਦੀ ਰਫਤਾਰ ਤੇ ਗੈਰ-ਸੰਜੀਦਗੀ ਉਤੇ ਨਾਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਅਦਾਲਤ ਨੇ ਇਸ ਮਾਮਲੇ ਦੀ ਜਾਂਚ ਸੀ.ਬੀ ਆਈ. ਤੋਂ ਕਰਵਾਉਣ ਦੀ ਮੰਗ ਰੱਦ ਕਰਦਿਆਂ ਕਿਹਾ ਹੈ ਕਿ ਇਸ ਕੇਸ ਨਾਲ ਸਬੰਧਤ ਕਈ ਹੋਰ ਮਾਮਲਿਆਂ ਵਿਚ ਚਾਰਜਸ਼ੀਟਾਂ ਵਿਸ਼ੇਸ਼ ਅਦਾਲਤ ਵਿਚ ਦਾਖਲ ਕੀਤੀਆਂ ਜਾ ਚੁੱਕਣ ਕਰਕੇ ਇਸ ਪੜਾਅ 'ਤੇ ਕੇਸ ਸੀ.ਬੀ.ਆਈ. ਨੂੰ ਸੌਂਪਣਾ ਦਰੁਸਤ ਨਹੀਂ ਹੈ।

ਉਂਜ, ਅਦਾਲਤ ਵੱਲੋਂ ਸਮੁੱਚੇ ਕੇਸ ਨੂੰ ਮੁੜ ਵਾਚਣ ਲਈ ਤਿੰਨ ਆਈ.ਪੀ.ਐਸ. ਅਧਿਕਾਰੀਆਂ-ਜੀ ਨਾਗੇਸ਼ਵਰ ਰਾਓ, ਈਸ਼ਵਰ ਸਿੰਘ ਤੇ ਬੀ. ਨੀਰਜਾ 'ਤੇ ਆਧਾਰਤ ਇਕ ਕਮੇਟੀ ਗਠਨ ਕਰਨ ਦੇ ਦਿੱਤੇ ਗਏ ਹੁਕਮ ਇਸ ਕੇਸ ਦੀ ਨਿਰਪੱਖ ਜਾਂਚ ਲਈ ਕੁਝ ਰਾਹਤ ਭਰਪੂਰ ਹੋ ਸਕਦੇ ਹਨ। ਕਮੇਟੀ ਦੇ ਮੈਂਬਰ ਤਿੰਨੇ ਅਧਿਕਾਰੀ ਪੰਜਾਬ ਤੋਂ ਬਾਹਰਲੇ ਹਨ। ਇਨ੍ਹਾਂ ਦੇ ਸਰਕਾਰੀ ਜਾਂ ਗੈਰ-ਸਰਕਾਰੀ ਦਬਾਅ ਹੇਠ ਆਉਣ ਦੀ ਗੁੰਜਾਇਸ਼ ਜ਼ਾਹਰਾ ਤੌਰ 'ਤੇ ਘੱਟ ਜਾਪਦੀ ਹੈ।

ਉੱਚ ਅਦਾਲਤ ਨੇ ਇਹ ਵੀ ਆਦੇਸ਼ ਦਿੱਤਾ ਹੈ ਕਿ ਜੇਕਰ ਇਸ ਕੇਸ ਦੀ ਚਾਰਜਸ਼ੀਟ ਦਾਖਲ ਕਰਨ ਸਬੰਧੀ ਕਮੇਟੀ ਨੂੰ ਕੋਈ ਬੇਨਿਯਮੀ ਨਜ਼ਰ ਆਈ ਤਾਂ ਉਹ ਅਦਾਲਤ ਦੇ ਧਿਆਨ ਵਿਚ ਲਿਆਂਦੀ ਜਾ ਸਕਦੀ ਹੈ। ਅਦਾਲਤ ਵੱਲੋਂ ਕਮੇਟੀ ਦੀ ਜਾਂਚ ਰਿਪੋਰਟ ਪੇਸ਼ ਕਰਨ ਲਈ 31 ਦਸੰਬਰ ਤੱਕ ਦੀ ਸਮਾਂ ਸੀਮਾ ਨਿਸ਼ਚਿਤ ਕਰਨਾ ਵੀ ਹਾਂ-ਪੱਖੀ ਕਦਮ ਹੈ।



ਇਸ ਮਾਮਲੇ ਨਾਲ ਸਬੰਧਤ ਕਈ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਹਾਈਕੋਰਟ ਨੇ ਕੇਸ ਦੀ ਜਾਂਚ ਵਿਚ ਢਿੱਲ-ਮੱਠ ਲਈ ਸੂਬਾ ਸਰਕਾਰ ਨੂੰ ਝਾੜ ਪਾਈ ਹੈ। ਇਸ ਬਹੁਚਰਚਿਤ ਨਸ਼ਾ ਤਸਕਰੀ ਕੇਸ ਵਿਚ ਕੌਮਾਂਤਰੀ ਪਹਿਲਵਾਨ ਤੇ ਪੰਜਾਬ ਪੁਲਿਸ ਦੇ ਮੁਅੱਤਲ ਡੀ.ਐਸ.ਪੀ. ਜਗਦੀਸ਼ ਭੋਲਾ ਨੂੰ ਨਵੰਬਰ 2013 ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਤੋਂ ਬਾਅਦ ਇਸ ਕੇਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮਨਿੰਦਰ ਸਿੰਘ ਉਰਫ ਬਿੱਟੂ ਔਲਖ ਤੇ ਦੋ ਕਾਰੋਬਾਰੀ ਭਰਾਵਾਂ ਜਗਜੀਤ ਸਿੰਘ ਚਾਹਲ ਤੇ ਪਰਮਜੀਤ ਸਿੰਘ ਚਾਹਲ ਨੂੰ ਵੀ ਗ੍ਰਿਫਤਾਰ ਕਰ ਲਿਆ ਸੀ।

ਇਨ੍ਹਾਂ ਗ੍ਰਿਫਤਾਰੀਆਂ ਤੋਂ ਬਾਅਦ ਹੋਏ ਖੁਲਾਸਿਆਂ ਦੇ ਵੇਰਵਿਆਂ ਮੁਤਾਬਕ ਨਸ਼ਿਆਂ ਦੀ ਤਸਕਰੀ ਦੇ ਧੰਦੇ ਵਿਚ ਕਈ ਵੱਡੇ ਰਸੂਖਵਾਨਾਂ ਦੇ ਨਾਂ ਬੋਲਣ ਨਾਲ ਸਰਕਾਰੀ ਤੇ ਗੈਰ-ਸਰਕਾਰੀ ਹਲਕਿਆਂ ਵਿਚ ਖਲਬਲੀ ਮੱਚ ਗਈ ਸੀ। ਵਿਰੋਧੀ ਧਿਰ ਨੇ ਰਸੂਖਵਾਨਾਂ ਦੇ ਅਸਤੀਫਿਆਂ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ, ਪਰ ਪ੍ਰਭਾਵਸ਼ਾਲੀ ਵਿਅਕਤੀਆਂ ਨੇ ਉਲਟਾ ਇਸ ਕੇਸ ਦੀ ਜਾਂਚ ਨੂੰ ਹੀ ਲੀਹੋਂ ਲਾਹ ਦਿੱਤਾ। ਐਨਫੋਰਸਮੈਂਟ ਡਾਇਰੈਕਟੋਰੇਟ ਦੇ ਉਚ ਤਫਤੀਸ਼ੀ ਅਧਿਕਾਰੀ ਨੂੰ ਵੀ ਬਦਲਾਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ। ਕੇਸ ਵਿਚ ਨਾਮਜ਼ਦ ਤੇ ਗ੍ਰਿਫਤਾਰ ਮੁੱਖ ਮੁਲਜ਼ਮ ਜਗਦੀਸ਼ ਭੋਲਾ ਤੇ ਹੋਰਾਂ ਨੇ ਇਸ ਕੇਸ ਦੀਆਂ ਤਾਰਾਂ ਉਪਰ ਤੱਕ ਜੁੜੀਆਂ ਹੋਣ ਦਾ ਹਵਾਲਾ ਦੇ ਕੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੂੰ ਇਹ ਕੇਸ ਪੰਜਾਬ ਪੁਲਿਸ ਤੋਂ ਲੈ ਕੇ ਸੀ.ਬੀ.ਆਈ. ਨੂੰ ਦੇਣ ਦੀ ਗੁਹਾਰ ਲਾਈ ਤਾਂ ਜੋ ਅਸਲੀਅਤ ਸਾਹਮਣੇ ਆ ਸਕੇ।

### ਆਈ.ਪੀ.ਐਸ. ਅਫਸਰਾਂ ਦੀ ਟੀਮ ਬਣਾਉਣ ਦੀ ਹਦਾਇਤ

**ਚੰਡੀਗੜ੍ਹ:** ਪੰਜਾਬ ਵਿਚ ਬਹੁ ਕਰੋੜੀ ਨਸ਼ਾ ਤਸਕਰੀ ਦੇ ਮਾਮਲੇ ਦੀ ਸੀ.ਬੀ.ਆਈ. ਜਾਂਚ ਕਰਾਉਣ ਦੀ ਮੰਗ ਨੂੰ ਖਾਰਜ ਕਰਦਿਆਂ ਪੰਜਾਬ-ਹਰਿਆਣਾ ਹਾਈਕੋਰਟ ਨੇ ਹਦਾਇਤ ਕੀਤੀ ਹੈ ਕਿ ਤਿੰਨ ਆਈ.ਪੀ.ਐਸ. ਅਫ਼ਸਰਾਂ 'ਤੇ ਆਧਾਰਿਤ ਨਿਗਰਾਨ ਕਮੇਟੀ ਬਣਾਈ ਜਾਵੇ। ਇਹ ਕਮੇਟੀ ਸਾਰੇ ਵਿਵਾਦ ਦੀ ਪੜਤਾਲ ਕਰਕੇ 31 ਦਸੰਬਰ ਤੱਕ ਰਿਪੋਰਟ ਦਾਖਲ ਕਰੇਗੀ।

### ਸੁਪਰੀਮ ਕੋਰਟ ਜਾਵੇਗਾ ਜਗਦੀਸ਼ ਭੋਲਾ

**ਪਟਿਆਲਾ:** ਜਗਦੀਸ਼ ਭੋਲਾ ਵੱਲੋਂ ਡਰੱਗ ਤਸਕਰੀ ਦਾ ਮਾਮਲਾ ਸੀ.ਬੀ.ਆਈ. ਹਵਾਲੇ ਕਰਨ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਜਾਵੇਗਾ। ਉਸ ਵੱਲੋਂ ਆਪਣੇ ਵਕੀਲ ਐਡਵੋਕੇਟ ਸਤੀਸ਼ ਕਰਕਰਾ ਰਾਹੀਂ ਸੁਪਰੀਮ ਕੋਰਟ ਵਿਚ ਰਿਟ ਪਟੀਸ਼ਨ ਦਾਇਰ ਕੀਤੀ ਜਾ ਰਹੀ ਹੈ, ਇਸ ਤੋਂ ਪਹਿਲਾਂ ਭੋਲਾ ਦੇ ਪਿਤਾ ਬਲਸ਼ਿੰਦਰ ਸਿੰਘ ਵੱਲੋਂ ਅਜਿਹੀ ਹੀ ਮੰਗ ਤਹਿਤ ਹਾਈਕੋਰਟ ਵਿਚ ਵੀ ਰਿੱਟ ਦਾਇਰ ਕੀਤੀ ਗਈ ਸੀ, ਪਰ ਇਹ ਪਟੀਸ਼ਨ ਪਿਛਲੇ ਹਫਤੇ ਖਾਰਜ ਕਰ ਦਿੱਤੀ ਗਈ ਸੀ।

# ਅਮਰੀਕਾ-ਪਾਕਿ ਪਰਮਾਣੂ ਸਮਝੌਤੇ ਦੀਆਂ ਰਿਪੋਰਟਾਂ ਤੋਂ ਭਾਰਤ ਤਪਿਆ

**ਨਵੀਂ ਦਿੱਲੀ:** ਅਮਰੀਕਾ ਵੱਲੋਂ ਪਾਕਿਸਤਾਨ ਨਾਲ ਭਾਰਤ ਦੀ ਤਰਜ਼ ਉੱਤੇ ਪਰਮਾਣੂ ਸਮਝੌਤਾ ਕੀਤੇ ਜਾਣ ਦੀਆਂ ਕੋਸ਼ਿਸ਼ਾਂ ਬਾਰੇ ਆ ਰਹੀਆਂ ਖਬਰਾਂ ਉਤੇ ਭਾਰਤ ਨੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਭਾਰਤ ਨੇ ਕਿਹਾ ਹੈ ਕਿ ਪਾਕਿਸਤਾਨ ਦਾ ਪਰਮਾਣੂ ਪਾਸਾਰ ਰਿਕਾਰਡ ਇਸ ਸਮਝੌਤੇ ਦੀ ਭਾਵਨਾ ਦੇ ਵਿਰੁੱਧ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਵਿਕਾਸ ਸਵਰੂਪ ਨੇ ਇਨ੍ਹਾਂ ਖਬਰਾਂ ਉੱਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਉਹ ਪੜਚੋਲ ਕਰ ਰਹੇ ਹਨ। ਅਜਿਹਾ ਪਹਿਲੀ ਵਾਰ ਨਹੀਂ ਹੋ ਰਿਹਾ ਕਿ ਇਸ ਤਰ੍ਹਾਂ ਦੀਆਂ ਰਿਪੋਰਟਾਂ ਆਈਆਂ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਵਿਸ਼ੇਸ਼ ਡੋਜ਼ੀਅਰ ਤੋਂ ਪਹਿਲਾਂ ਪਾਕਿਸਤਾਨ ਦੇ ਪਰਮਾਣੂ ਪਾਸਾਰ ਰਿਕਾਰਡ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ। ਜਦੋਂ ਭਾਰਤ ਨਾਲ ਅਮਰੀਕਾ ਨੇ ਅਜਿਹਾ ਸਮਝੌਤਾ ਕੀਤਾ ਸੀ ਤਾਂ ਭਾਰਤ ਦੇ ਪਰਮਾਣੂ ਅਪਸਾਰ ਰਿਕਾਰਡ ਨੂੰ ਧਿਆਨ ਵਿਚ ਰੱਖਿਆ ਗਿਆ ਸੀ। ਇਸ ਕਰਕੇ ਅਮਰੀਕਾ ਨੇ ਭਾਰਤ ਨਾਲ 123 ਸਮਝੌਤਾ 2005 ਵਿਚ ਕੀਤਾ ਸੀ।



ਇਸ ਤੋਂ ਭਾਰਤ ਨੂੰ 2008 ਵਿਚ ਐਨ.ਐਸ.ਜੀ. ਛੋਟ ਹਾਸਲ ਹੋਈ ਸੀ। ਪਾਕਿਸਤਾਨ ਦਾ ਟਰੈਕ ਰਿਕਾਰਡ ਬਿਲਕੁਲ ਵੱਖਰਾ ਹੈ। ਇਸ ਲਈ ਭਾਰਤ ਆਸ ਕਰਦਾ ਹੈ ਕਿ ਕੋਈ ਵੀ ਅਜਿਹਾ ਫੈਸਲਾ ਕਰਨ ਤੋਂ ਪਹਿਲਾਂ ਪਾਕਿਸਤਾਨ ਦਾ ਰਿਕਾਰਡ ਜ਼ਰੂਰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ।

# ਦਿਲੀਪ ਕੁਮਾਰ ਦੇ ਜੱਦੀ ਘਰ ਬਾਰੇ ਰੌਲਾ

**ਪਿਸ਼ਾਵਰ:** ਪਾਕਿਸਤਾਨੀ ਅਦਾਲਤ ਨੇ ਉੱਘੇ ਅਦਾਕਾਰ ਦਿਲੀਪ ਕੁਮਾਰ ਦੇ ਪੁਸ਼ਤੈਨੀ ਮਕਾਨ ਨੂੰ ਰਾਸ਼ਟਰੀ ਵਿਰਾਸਤ ਐਲਾਨਣ ਬਾਰੇ ਖੈਬਰ ਪਖਤੂਨਖਵਾ ਦੀ ਸੂਬਾ ਸਰਕਾਰ ਤੋਂ ਆਪਣਾ ਰੁਖ ਸਪਸ਼ਟ ਕਰਨ ਲਈ ਕਿਹਾ ਹੈ, ਕਿਉਂਕਿ ਇਕ ਵਿਅਕਤੀ ਨੇ ਉਸ ਨੂੰ ਆਪਣੀ ਸੰਪਤੀ ਦੱਸਿਆ ਹੈ। ਪਿਸ਼ਾਵਰ ਹਾਈਕੋਰਟ ਨੇ ਸੱਭਿਆਚਾਰਕ ਤੇ ਪੁਰਾਤਤਵ ਵਿਭਾਗ ਦੇ ਸਕੱਤਰ ਨੂੰ ਹਾਜ਼ਰ ਹੋ ਕੇ ਇਹ ਸਫਾਈ ਦੇਣ ਲਈ ਸੰਮਨ ਜਾਰੀ ਕੀਤਾ ਕਿ ਕੀ ਸਰਕਾਰ ਦੀ ਹੁਣ ਵੀ ਇਸ ਮਕਾਨ ਨੂੰ ਕਬਜ਼ੇ ਵਿਚ ਲੈਣ ਵਿਚ ਦਿਲਚਸਪੀ ਹੈ?

ਬੈਂਚ, ਸਥਾਨਕ ਵਪਾਰੀ ਲਾਲ ਮੁਹੰਮਦ ਦੀ ਅਪੀਲ 'ਤੇ ਸੁਣਵਾਈ ਕਰ ਰਿਹਾ ਸੀ। ਅਪੀਲਕਰਤਾ ਨੇ ਆਪਣੀ ਅਰਜ਼ੀ ਵਿਚ ਦਲੀਲ ਦਿੱਤੀ ਹੈ ਕਿ ਚੌਕ ਨਸੀ ਖ਼ਾਨ ਵਿਚ ਜੋ ਸੰਪਤੀ ਦਿਲੀਪ ਕੁਮਾਰ ਨਾਲ ਸਬੰਧਤ ਦੱਸੀ ਜਾ ਰਹੀ ਹੈ, ਉਹ ਉਨ੍ਹਾਂ ਦੀ ਹੈ।

ਉਨ੍ਹਾਂ ਦੇ ਪਿਤਾ ਨੇ ਇਹ ਸੰਪਤੀ ਖਰੀਦੀ ਸੀ। ਲਾਲ ਮੁਹੰਮਦ ਨੇ ਦਾਅਵਾ ਕੀਤਾ ਕਿ ਦਿਲੀਪ ਕੁਮਾਰ ਵੱਲੋਂ ਇਸ ਮਕਾਨ ਵਿਚ ਆਪਣਾ ਬਚਪਨ ਬਿਤਾਏ ਜਾਣ ਦੀ ਗੱਲ ਤੱਥਾਂ ਤੋਂ ਉਲਟ ਹੈ, ਕਿਉਂਕਿ ਉਨ੍ਹਾਂ ਦਾ ਜਨਮ 1922 ਵਿਚ ਹੋਇਆ ਜਦੋਂ ਕਿ ਉਨ੍ਹਾਂ ਦੇ ਪਿਤਾ ਨੇ ਇਹ ਸੰਪਤੀ 1943 ਵਿਚ ਖਰੀਦੀ।

# ਰੁਲਦਾ ਕਤਲ ਕੇਸ 'ਚ ਤਾਰੇ ਦੀ ਪੇਸ਼ੀ

**ਪਟਿਆਲਾ:** ਰਾਸ਼ਟਰੀ ਸਿੱਖ ਸੰਗਤ ਦੇ ਸਾਬਕਾ ਪ੍ਰਧਾਨ ਰੁਲਦਾ ਸਿੰਘ ਦੇ ਕਤਲ ਕੇਸ ਬਾਰੇ ਸੁਣਵਾਈ ਇਥੇ ਵਧੀਕ ਸੈਸ਼ਨ ਜੱਜ ਅਰੁਣ ਗੁਪਤਾ ਦੀ ਅਦਾਲਤ ਵਿਚ ਹੋਈ। ਇਸ ਕੇਸ ਦਾ ਮੁਲਜ਼ਮ ਜਗਤਾਰ ਸਿੰਘ ਤਾਰਾ, ਜੋ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਸਬੰਧੀ ਜੇਲ੍ਹ ਵਿਚ ਬੰਦ ਹੈ, ਨੂੰ ਮਾਡਲ ਜੇਲ੍ਹ ਬੁੜੈਲ ਤੋਂ ਵੀਡੀਓ ਕਾਨਫਰੰਸਿੰਗ ਜਰੀਏ ਇਸ ਅਦਾਲਤ ਵਿਚ ਪੇਸ਼ ਕਰਕੇ ਪੇਸ਼ੀ ਭੁਗਤਾਈ ਗਈ ਜਦਕਿ ਇਸੇ ਕੇਸ ਦੇ ਇਕ ਹੋਰ ਮੁਲਜ਼ਮ ਰਮਨਦੀਪ ਸਿੰਘ ਗੋਲਡੀ ਨੂੰ ਨਾਭਾ ਜੇਲ੍ਹ ਵਿਚੋਂ ਪੁਲਿਸ ਸਖਤ ਪਹਿਰੇ ਹੇਠ ਇਥੇ ਅਦਾਲਤ ਵਿਚ ਲੈ ਕੇ ਆਈ। ਮੁਲਜ਼ਮਾਂ ਦੇ ਵਕੀਲ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਵੀ ਅਦਾਲਤ ਵਿਚ ਹਾਜ਼ਰ ਸਨ। ਕੇਸ ਦੀ ਅਗਲੀ ਸੁਣਵਾਈ ਦੋ ਨਵੰਬਰ 'ਤੇ ਪੈ ਗਈ ਹੈ।

ਦੱਸਣਯੋਗ ਹੈ ਕਿ 29 ਜੁਲਾਈ 2009 ਨੂੰ ਗੋਲੀਆਂ ਮਾਰ ਕੇ ਜਖਮੀ ਕੀਤੇ ਗਏ ਰੁਲਦਾ ਸਿੰਘ ਦੀ 15 ਅਗਸਤ 2009 ਨੂੰ ਪੀ.ਜੀ.ਆਈ. ਵਿਚ ਮੌਤ ਹੋ ਗਈ ਸੀ। ਇਸ ਬਾਰੇ ਭਾਵੇਂ ਅਦਾਲਤ ਨੇ ਪੰਜ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਸੀ, ਪਰ ਤਾਰਾ ਤੇ ਗੋਲਡੀ ਨੂੰ ਪਿਛਲੇ ਸਾਲ ਹੀ ਥਾਈਲੈਂਡ ਤੇ ਮਲੇਸ਼ੀਆ ਤੋਂ ਫੜ ਕੇ ਇਥੇ ਲਿਆਂਦਾ ਗਿਆ ਸੀ।

# ਅਨੁਸੂਚਿਤ ਜਾਤੀ ਬੱਚਿਆਂ ਦਾ ਵਜ਼ੀਫਾ ਖਾਣ ਵਾਲਿਆਂ ਦੀ ਹੁਣ ਖੈਰ ਨਹੀਂ

**ਚੰਡੀਗੜ੍ਹ:** ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਹੁਣ ਅਨੁਸੂਚਿਤ ਜਾਤੀ ਨੇ ਪੋਸਟ ਮੈਟ੍ਰਿਕ ਵਜੀਫਾ ਘਪਲੇ ਦੀ ਜਾਂਚ ਕਰੇਗਾ। ਕਮਿਸ਼ਨ ਦੇ ਚੇਅਰਮੈਨ ਪੀ.ਐਲ. ਪੂਨੀਆ ਨੇ ਪੰਜਾਬ ਦੇ ਮੁੱਖ ਸਕੱਤਰ ਤੋਂ ਇਸ ਮਾਮਲੇ ਸਬੰਧੀ ਕੀਤੀ ਕਰਵਾਈ ਦੀ 15 ਦਿਨਾਂ ਵਿਚ ਰਿਪੋਰਟ ਮੰਗੀ ਹੈ।

ਪਰਮਜੀਤ ਸਿੰਘ ਕੈਂਥ ਵੱਲੋਂ ਇਸ ਮਾਮਲੇ ਵਿਚ ਪਟੀਸ਼ਨ ਪਾਈ ਗਈ ਸੀ। ਇਸ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਵਿਧਾਇਕ ਦਲ ਦੇ ਨੇਤਾ ਸੁਨੀਲ ਕੁਮਾਰ ਜਾਖੜ ਨੇ ਕਿਹਾ ਸੀ ਕਿ ਇਸ ਘਪਲੇ ਵਿਚ ਪੰਜਾਬ ਦੇ ਲੀਡਰ ਤੇ ਅਫਸਰਾਂ ਦੀ ਮਿਲੀ ਭੁਗਤ ਹੈ ਤੇ ਇਸ ਵਿਚ ਉਪਰੋਂ ਲੈ ਕੇ ਹੇਠਾਂ ਤੱਕ ਪੈਸੇ ਖਾਧੇ ਗਏ ਹਨ। ਉਨ੍ਹਾਂ ਕਿਹਾ ਸੀ ਕਿ ਮਾਮਲੇ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਸੱਚ ਸਾਹਮਣੇ ਆ ਸਕੇ। ਦੱਸਣਯੋਗ ਹੈ ਕਿ ਪਿਛਲੇ ਮਹੀਨੇ ਪੰਜਾਬ ਵਿਚ ਦਲਿਤ ਬੱਚਿਆਂ ਦੀ ਪੋਸਟ ਮੈਟ੍ਰਿਕ ਵਜੀਫਾ ਸਕੀਮ ਵਿਚ ਸਾਲ 2014-15 ਦਾ ਤਕਰੀਬਨ ਵੀਹ ਕਰੋੜ ਦਾ ਸਕੈਂਡਲ ਸਾਹਮਣੇ ਆਇਆ ਸੀ, ਜਿਸ ਤਹਿਤ ਪੰਜਾਬ ਦੇ ਪ੍ਰਾਈਵੇਟ ਤਕਨੀਕੀ ਤੇ ਡਿਗਰੀ ਕਾਲਜ ਹਰ ਵਰ੍ਹੇ ਦਲਿਤ ਵਿਦਿਆਰਥੀਆਂ ਦੇ ਡੰਮੀ ਦਾਖਲੇ ਕਰਕੇ ਆਪਣੇ ਹੱਥ ਰੰਗ ਰਹੇ ਹਨ। ਇਸ ਵਜੀਫਾ ਸਕੀਮ ਨੂੰ ਅਧਾਰ ਕਾਰਡ ਨਾਲ ਲਿੰਕ ਕੀਤਾ ਗਿਆ ਤਾਂ ਪੰਜਾਬ ਵਿਚ 1700 ਦਲਿਤ ਵਿਦਿਆਰਥੀ ਉਹ ਨਿਕਲੇ ਜਿਨ੍ਹਾਂ ਦੇ ਇਕੋ ਵੇਲੇ ਦੋ-ਦੋ ਕਾਲਜਾਂ ਵਿਚ ਦਾਖਲੇ ਹਨ।

# ਕੈਨੇਡਾ ਚੋਣਾਂ: ਵੋਟਰਾਂ ਦੇ ਮਨ ਟੋਹਣ ਵਿਚ ਸਿਆਸੀ ਧਿਰਾਂ ਨਾਕਾਮ

**ਵੈਨਕੂਵਰ:** ਦੋ ਮਹੀਨਿਆਂ ਤੋਂ ਸ਼ੁਰੂ ਹੋਇਆ ਕੈਨੇਡੀਅਨ ਸੰਸਦ ਚੋਣਾਂ ਦਾ ਦੰਗਲ ਆਪਣੇ ਆਖਰੀ ਪੜਾਅ ਨੇੜੇ ਪਹੁੰਚ ਰਿਹਾ ਹੈ। 19 ਅਕਤੂਬਰ ਨੂੰ ਤਕਰੀਬਨ ਪੌਣੇ ਤਿੰਨ ਕਰੋੜ ਵੋਟਰਾਂ ਵੱਲੋਂ ਅਗਲੀ ਸਰਕਾਰ ਬਾਰੇ ਆਪਣੇ ਫੈਸਲੇ ਉਤੇ ਠੱਪਾ ਲਾ ਦਿੱਤਾ ਜਾਏਗਾ। 338 ਮੈਂਬਰੀ ਸੰਸਦ ਵਿਚ ਸਰਕਾਰ ਦੇ ਗਠਨ ਲਈ 170 ਦਾ ਅੰਕੜਾ ਛੂਹਣ ਵਾਲੀ ਪਾਰਟੀ ਹੀ ਸਰਕਾਰ ਬਣਾ ਸਕੇਗੀ। ਵੋਟਾਂ ਪੈਣ ਦਾ ਕੰਮ ਪੂਰਾ ਹੋਣ ਦੇ ਨਾਲ ਹੀ ਗਿਣਤੀ ਸ਼ੁਰੂ ਹੋ ਕੇ ਨਤੀਜੇ ਜਨਤਕ ਹੋ ਜਾਣਗੇ।

ਚੋਣਾਂ ਦੇ ਐਲਾਨ ਦੇ ਨਾਲ ਹੀ ਹਰ ਹਫਤੇ ਕਿਸੇ ਨਾ ਕਿਸੇ ਅਦਾਰੇ ਵੱਲੋਂ ਸਰਵੇਖਣ ਨਤੀਜੇ ਜਾਰੀ ਹੁੰਦੇ ਰਹੇ ਹਨ, ਜਿਨ੍ਹਾਂ ਵਿਚ ਬੀਤੇ ਹਫਤੇ ਦੌਰਾਨ ਵੱਡੇ ਉਤਰਾਅ ਚੜ੍ਹਾਅ ਵੇਖਣ ਨੂੰ ਮਿਲੇ। ਜਿਵੇਂ-ਜਿਵੇਂ ਪਾਰਟੀ ਪ੍ਰਧਾਨਾਂ ਵਿਚ ਬਹਿਸ-ਮੁਬਾਹਸੇ ਤੇ ਵਾਅਦਿਆਂ ਦੀਆਂ ਝੜੀਆਂ ਲੱਗ ਰਹੀਆਂ, ਤਿਵੇਂ-ਤਿਵੇਂ ਸਰਵੇਖਣਾਂ ਵਿਚ ਉਤਰਾਅ ਚੜ੍ਹਾਅ ਆ ਰਹੇ ਹਨ। ਬੀਤੇ ਹਫਤੇ ਤੱਕ ਸਭ ਤੋਂ ਮੂਹਰੇ ਚੱਲਣ ਵਾਲੀ ਐਨ.ਡੀ.ਪੀ. ਨੂੰ ਤਾਜ਼ਾ ਸਰਵੇਖਣ ਫਾਡੀ ਦੱਸ ਰਹੇ ਹਨ, ਪਰ ਵੋਟਰਾਂ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ। ਇਹੀ ਹਾਲ ਬਹੁਤੇ ਰੇਡੀਓ ਤੇ ਟੀ.ਵੀ. ਚੈਨਲਾਂ ਦਾ ਹੈ। ਕੋਈ



ਹੋਸਟ ਇਕ ਪਾਰਟੀ ਦੀਆਂ ਸਿਫਤਾਂ ਕਰਦਾ ਹੈ ਤੇ ਅਗਲੇ ਹੀ ਪ੍ਰੋਗਰਾਮ ਵਿਚ ਦੂਜਾ ਹੋਸਟ ਉਸੇ ਪਾਰਟੀ ਦੀਆਂ ਘਾਟਾਂ ਗਿਣਾਉਣ ਲੱਗਦਾ ਹੈ। ਸਰਵੇਖਣਾਂ ਦੇ ਰੋਲ-ਘਚੋਲੇ ਵਿਚ ਵੋਟਰ ਪਹਿਲਾਂ ਤਾਂ ਭੰਬਲਭੂਸੇ ਵਿਚ ਸਨ, ਪਰ ਹੁਣ ਉਹ ਆਪਣੀ ਸੋਚ 'ਤੇ ਕੇਂਦਰਤ ਹੋ ਗਏ ਹਨ। ਵੋਟਰਾਂ ਦੇ ਮਨਾਂ ਵਿਚ ਸਰਵੇਖਣਾਂ ਪ੍ਰਤੀ ਵੀ ਖਦਸ਼ੇ ਹਨ। ਉਹ ਸਰਵੇਖਣਾਂ ਨੂੰ ਨਕਾਰਦੇ ਹੋਏ ਉਨ੍ਹਾਂ ਉਤੇ ਉਂਗਲੀਆਂ ਚੁੱਕਣ ਲੱਗੇ ਹਨ।

# ਨਿਹੱਥਾ ਹੋਇਆ ਪੰਜਾਬ ਦਾ ਮਨੁੱਖੀ ਅਧਿਕਾਰ ਕਮਿਸ਼ਨ

**ਚੰਡੀਗੜ੍ਹ:** ਲੋਕਾਂ ਦੇ ਹੱਕਾਂ ਦਾ ਰਾਖਾ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਇਸ ਸਮੇਂ ਨਿਹੱਥਾ ਲੜ ਰਿਹਾ ਹੈ। ਕਮਿਸ਼ਨ ਵਿਚ 33 ਮਹੀਨਿਆਂ ਤੋਂ ਦੋ ਜੱਜ ਮੈਂਬਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਢਾਈ ਸਾਲਾਂ ਤੋਂ ਵੱਧ ਸਮੇਂ ਤੋਂ ਸਿਰਫ ਦੋ ਮੈਂਬਰਾਂ ਨਾਲ ਕੰਮ ਚਲਾਇਆ ਜਾ ਰਿਹਾ ਹੈ।

ਮੈਂਬਰਾਂ ਦੀ ਘਾਟ ਕਰਕੇ ਫੁੱਲ ਬੈਂਚ ਦਾ ਕੋਰਮ ਪੂਰਾ ਹੋਣ ਤੋਂ ਰਹਿ ਜਾਂਦਾ ਹੈ। ਇਸੇ ਕਾਰਨ ਲਮਕਦੇ ਕੇਸਾਂ ਦੀ ਗਿਣਤੀ ਵਿਚ ਵੀ ਪਹਿਲਾਂ ਨਾਲੋਂ ਚੋਖਾ ਵਾਧਾ ਹੋ ਰਿਹਾ ਹੈ। ਚੇਅਰਮੈਨ ਜਸਟਿਸ ਜਗਦੀਸ਼ ਭੱਲਾ ਤੇ ਮੈਂਬਰ ਬਲਜਿੰਦਰ ਸਿੰਘ ਦੇ ਅਹੁਦੇ ਦੀ ਮਿਆਦ ਮਾਰਚ 2016 ਨੂੰ ਮੁੱਕ ਜਾਵੇਗੀ ਜਦੋਂਕਿ ਇਕ ਹੋਰ ਮੈਂਬਰ ਪੀ.ਐਸ. ਗਰੇਵਾਲ ਜਨਵਰੀ 2016 ਵਿਚ ਸੇਵਾਮੁਕਤ ਹੋ ਰਹੇ ਹਨ। ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਇਹ ਅਸਾਮੀਆਂ ਭਰਨ ਵਾਸਤੇ ਅਮਲ ਸ਼ੁਰੂ ਹੋਣਾ ਚਾਹੀਦਾ ਹੈ ਜਦੋਂਕਿ ਸਰਕਾਰ ਅਜੇ ਇਸ ਰੌਂਅ ਵਿਚ ਨਹੀਂ ਹੈ।

ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ




ਵਿਚੋਂ ਦੋ ਜੱਜ ਮੈਂਬਰਾਂ ਐਲ.ਆਰ. ਰੂਜਮ ਦੀ ਚਾਰ ਜਨਵਰੀ 2013 ਤੇ ਜਸਟਿਸ ਬਲਦੇਵ ਸਿੰਘ ਦੀ ਤਿੰਨ ਨਵੰਬਰ 2013 ਨੂੰ ਅਹੁਦੇ ਦੀ ਮਿਆਦ ਖਤਮ ਹੋ ਗਈ ਸੀ। ਇਹ ਦੋਵੇਂ ਅਸਾਮੀਆਂ ਅਜੇ ਤੱਕ ਭਰੀਆਂ ਨਹੀਂ ਗਈਆਂ ਹਨ।

ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਕਮਿਸ਼ਨ ਦੇ ਚੇਅਰਮੈਨ ਸਮੇਤ ਦੂਜੇ ਮੈਂਬਰਾਂ ਦੀਆਂ ਅਸਾਮੀਆਂ ਇਕ ਦਿਨ ਵੀ ਖਾਲੀ ਨਾ ਛੱਡੀਆਂ ਜਾਣ, ਪਰ ਤਿੰਨ ਮਹੀਨਿਆਂ ਤੋਂ ਵੱਧ ਦੇਰੀ ਕਰਨ ਵਾਲੀਆਂ ਸਰਕਾਰਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਚੇਅਰਮੈਨ ਤੋਂ ਬਿਨਾਂ ਚਾਰ ਜੱਜ ਮੈਂਬਰ ਹੁੰਦੇ ਹਨ, ਪਰ ਇਨ੍ਹਾਂ ਵਿਚੋਂ ਦੋ ਅਸਾਮੀਆਂ ਖਾਲੀ ਪਈਆਂ ਹਨ।

### ਸੁਪਰੀਮ ਕੋਰਟ ਦੇ ਹੁਕਮਾਂ ਪ੍ਰਤੀ ਬੇਪਰਵਾਹੀ

**ਚੰਡੀਗੜ੍ਹ:** ਸੁਪਰੀਮ ਕੋਰਟ ਵੱਲੋਂ ਤਿੰਨ ਮਹੀਨਿਆਂ ਤੋਂ ਜ਼ਿਆਦਾ ਸਮੇਂ ਲਈ ਅਸਾਮੀਆਂ ਖਾਲੀ ਨਾ ਰੱਖਣ ਦੇ ਆਦੇਸ਼ ਹਨ। ਸੁਪਰੀਮ ਕੋਰਟ ਵੱਲੋਂ ਅਸਾਮੀਆਂ ਖਾਲੀ ਹੋਣ ਤੋਂ ਤਿੰਨ ਮਹੀਨੇ ਪਹਿਲਾਂ ਹੀ ਅਮਲ ਸ਼ੁਰੂ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਹੁਕਮਾਂ ਦੀ ਪਾਲਣਾ ਨਾ ਕਰਨ ਵਾਲੇ ਸੂਬਿਆਂ ਵਿਰੁੱਧ ਕਾਰਵਾਈ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ। ਫੈਸਲਾ ਡੀ.ਕੇ. ਬਾਸੂ ਬਨਾਮ ਪੱਛਮੀ ਬੰਗਾਲ ਸਰਕਾਰ ਕੇਸ ਵਿਚ 24 ਜੁਲਾਈ ਨੂੰ ਸੁਣਾਇਆ ਗਿਆ ਹੈ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ
ਫੋਨ: 209 -992-7185

**ਸੁਖਬੀਰ ਬਾਦਲ ਵਲੋਂ ਨੌਜਵਾਨਾਂ ਨੂੰ ਇੱਕ ਲੱਖ ਨੌਕਰੀਆਂ ਦੇਣ ਦਾ ਵਾਅਦਾ**

-ਇਹ ਵਾਅਦਾ ਪਤਾ ਨ੍ਹੀਂ ਕਿਹੜੇ ਪਦਾਰਥ ਦਾ ਬਣਿਆ? ਐਕਸਪਾਇਰ ਈ ਨ੍ਹੀਂ ਹੁੰਦਾ, ਦਸ ਸਾਲ ਪਹਿਲਾਂ ਵੀ ਇੱਦਾਂ ਦਾ ਈ ਸੀ। ਲਗਦਾ ਵੀਹ ਪੱਚੀ ਸਾਲ ਹੋਰ ਚੱਲੂ।

**ਸਰਬੱਤ ਖਾਲਸਾ ਸੱਦਣ ਵਾਲੇ ਕਾਂਗਰਸੀ ਹਨ-ਮੱਕੜ**

-ਥੋਡੇ ਨਾਲੋਂ ਤੇ ਫੇਰ ਕਾਂਗਰਸੀ ਚੰਗੇ ਹੋਏ ਜਿਹੜੇ ਖਾਲਸੇ ਦੀ ਰਵਾਇਤ ਨੂੰ ਜਾਰੀ ਰੱਖਣਾ ਚਾਹੁੰਦੇ ਆ।

**ਹਿੰਦੂ ਵੀ ਖਾਂਦੇ ਹਨ ਬੀਫ-ਲਾਲੂ ਯਾਦਵ**

-ਖਾਣ ਦਾ ਤਾਂ ਪਤਾ ਨਹੀਂ ਪਰ 24 ਲੱਖ ਟਨ ਬੀਫ ਬਰਾਮਦ ਕਰਕੇ ਬਾਹਰਲੇ ਮੁਲਕਾਂ ਨੂੰ ਖਵਾ ਖਵਾ ਰਜਾਉਂਦੇ ਜਰੂਰ ਨੇ।

**ਮੈਂ ਸਿੱਖ ਕੌਮ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਨਹੀਂ ਦਿੰਦਾ-ਸੁਖਬੀਰ ਬਾਦਲ**

-ਵੀ ਬਲੀਵ ਯੂ ਭਾਜੀ...ਸਾਨੂੰ ਪਤਾ ਇਹ ਡਿਊਟੀ ਬੜੀ ਦੇਰ ਤੋਂ ਆਰ ਐਸ ਐਸ ਨੇ ਸਾਂਭੀ ਹੋਈ ਆ।

**ਗਰੀਬ ਕਿਸਾਨਾਂ ਨੂੰ ਆੜ੍ਹਤੀਏ ਹੋਰ ਪੈਸੇ ਨਾ ਦੇਣ-ਲੱਖੋਵਾਲ**

-ਸਰਕਾਰ ਨੇ ਇਨ੍ਹਾਂ ਨੂੰ ਮੁਆਵਜਾ ਨ੍ਹੀਂ ਦੇਣਾ ਤੇ ਤੁਸੀਂ ਉਧਾਰ ਨਾ ਦਿਓ। ਆਪਾਂ ਇਨ੍ਹਾਂ ਨੂੰ ਇੱਦਾਂ ਈ ਭੁੱਖੇ ਰੱਖ ਰੱਖ ਮਾਰਨਾ ਆ। ਆਖਿਰ ਸਰਕਾਰ ਨੇ ਮੈਨੂੰ ਮੰਤਰੀ ਦੇ ਅਹੁਦੇ ਜਿੰਨੀ ਤਾਕਤ ਦਿੱਤੀ ਆ ਤੇ ਇਨ੍ਹਾਂ ਸਰਕਾਰ ਦੀ ਨੀਂਦ ਹਰਾਮ ਕੀਤੀ ਆ। ਮਾਲਕਾਂ ਦਾ ਕੁਛ ਨਾ ਕੁਛ ਤਾਂ ਮੁੱਲ ਮੋੜਨਾ ਈ ਪਊ।

**ਪੰਜਾਬ ਦੇ ਲੋਕ 'ਆਪ' ਨੂੰ ਮੁੜ ਵੋਟ ਨਹੀਂ ਪਾਉਣਗੇ-ਸਾਧੂ ਸਿੰਘ ਧਰਮਸੋਤ**

-ਜਾਣੀ ਰਾਜ ਭਾਗ ਲੋਟੂਆਂ ਕੋਲ ਹੀ ਰਹੂਗਾ।

**ਪੰਜਾਬ ਦੇ ਕਿਸਾਨਾਂ ਨੂੰ ਕਿਸੇ ਵਿਸ਼ੇਸ਼ ਪੈਕੇਜ ਦੀ ਲੋੜ ਨਹੀਂ-ਬੀਬੀ ਹਰਸਿਮਰਤ ਬਾਦਲ**

-ਇਨ੍ਹਾਂ ਨੇ ਆਪੇ ਖੁਦਕਸ਼ੀਆਂ ਕਰ ਕਰ ਮੁੱਕ ਜਾਣਾ।

**Punjab Times**
**Our New E-mail**
*Punjabtimes1@gmail.com*

# ਪੰਜਾਬ 'ਚ ਪੂੰਜੀ ਨਿਵੇਸ਼ ਕਰਨ ਵਾਲੇ ਗਾਖਲ ਭਰਾ ਅਕਾਲੀ ਨੇਤਾ ਤੋਂ ਦੁਖੀ

**ਜਲੰਧਰ (ਬਿਊਰੋ):** ਪੰਜਾਬ ਸਰਕਾਰ ਵਲੋਂ ਅਕਸਰ ਪੰਜਾਬੀ ਪਰਵਾਸੀਆਂ ਨੂੰ ਪੰਜਾਬ ਅੰਦਰ ਨਿਵੇਸ਼ ਕਰਨ ਦੀਆਂ ਅਪੀਲਾਂ ਕੀਤੀਆਂ ਜਾਂਦੀਆਂ ਹਨ, ਸਮੇਂ ਸਮੇਂ ਪਰਵਾਸੀ ਸੰਮੇਲਨ ਕਰਵਾ ਕੇ ਉਨ੍ਹਾਂ ਨੂੰ ਸਬਜ਼ਬਾਗ ਦਿਖਾਏ ਜਾਂਦੇ ਹਨ ਪਰ ਸਵਾਲ ਹੈ ਕਿ ਜਿਨ੍ਹਾਂ ਪਰਵਾਸੀਆਂ ਨੇ ਆਪਣਾ ਕਾਰੋਬਾਰ ਪੰਜਾਬ ਸਰਕਾਰ ਦੇ ਇਨ੍ਹਾਂ ਵਾਅਦਿਆਂ 'ਤੇ ਯਕੀਨ ਕਰ ਕੇ ਸ਼ੁਰੂ ਕੀਤਾ ਹੈ, ਜੇ ਉਨ੍ਹਾਂ ਨੂੰ ਹੀ ਖੱਜਲ ਖੁਆਰ ਹੋਣਾ ਪਵੇ ਤਾਂ ਕੌਣ ਆਪਣਾ ਪੈਸਾ ਬਾਹਰੋਂ ਲਿਆ ਕੇ ਪੰਜਾਬ 'ਚ ਲਾਏਗਾ?


*ਜਗਦੀਸ਼ ਸਿੰਘ ਗਰਚਾ*

ਇਹ ਕਹਿਣਾ ਹੈ ਕੈਲੀਫੋਰਨੀਆ ਵਸਦੇ ਗਾਖਲ ਭਰਾਵਾਂ ਦਾ ਜਿਨ੍ਹਾਂ ਅਮਰੀਕਾ ਦੀ ਸਭ ਤੋਂ ਵੱਡੀ ਫਰੈਂਚਾਈਜ਼ ਕੰਪਨੀ ਗੋਲਡ ਜਿਮ ਦਾ ਕਾਰੋਬਾਰ ਦਿੱਲੀ, ਮੋਹਾਲੀ, ਜਲੰਧਰ ਅਤੇ ਲੁਧਿਆਣਾ ਵਿਚ ਸ਼ੁਰੂ ਕਰਕੇ ਕਰੋੜਾਂ ਰੁਪਏ ਦਾ ਪੂੰਜੀ ਨਿਵੇਸ਼ ਕੀਤਾ ਅਤੇ ਸੈਂਕੜੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕੀਤਾ। ਪਰ ਹੁਣ ਰਾਜਨੀਤਕ ਲੋਕਾਂ ਦੀ ਧੱਕੇਸ਼ਾਹੀ ਕਾਰਨ ਉਹ ਪੰਜਾਬ ਵਿਚੋਂ ਆਪਣਾ ਕਾਰੋਬਾਰ ਸਮੇਟਣ ਦੀ ਸੋਚ ਰਹੇ ਹਨ।

ਪੰਜਾਬ ਵਿਚ ਗੋਲਡ ਜਿਮ ਚਲਾਉਣ ਵਾਲੇ ਅਮੋਲਕ ਸਿੰਘ ਗਾਖਲ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਉਨ੍ਹਾਂ ਨੇ ਲੁਧਿਆਣਾ ਵਿਚ ਦਸ ਹਜ਼ਾਰ ਸਕੁਏਅਰ ਫੁਟ ਤੋਂ ਵੱਡੇ ਖੇਤਰ ਵਿਚ ਗੋਲਡ ਜਿਮ ਦੀ ਸ਼ੁਰੂਆਤ ਕੀਤੀ ਜਿਸ ਵਿਚ ਵੱਡੇ ਸਟਾਫ ਨੂੰ ਰੁਜ਼ਗਾਰ ਦਿੱਤਾ ਗਿਆ। ਇਹ ਬਿਲਡਿੰਗ ਅਕਾਲੀ ਨੇਤਾ ਜਗਦੀਸ਼ ਸਿੰਘ ਗਰਚਾ ਦੀ ਹੈ। ਸ. ਗਾਖਲ ਨੇ ਦੋਸ਼ ਲਾਇਆ ਕਿ ਹੁਣ ਸ. ਗਰਚਾ ਵਲੋਂ ਕਿਸੇ ਸੋਚੀ ਸਮਝੀ ਸਾਜਿਸ਼ ਤਹਿਤ ਉਨ੍ਹਾਂ ਦੇ ਇਸ ਵਧੀਆ ਚਲਦੇ ਬਿਜਨਸ ਨੂੰ ਰੋਕਣ ਲਈ ਪਾਰਕਿੰਗ ਦੀ ਸਮੱਸਿਆ ਖੜੀ ਕਰ ਦਿੱਤੀ ਗਈ ਹੈ ਤਾਂ ਕਿ ਉਹ ਆਪਣਾ ਬਿਜਨਸ ਛੱਡ ਕੇ ਵਾਪਿਸ ਅਮਰੀਕਾ ਚਲੇ ਜਾਣ ਅਤੇ ਗਰਚਾ ਖੁਦ ਇਸ ਬਿਜਨਸ 'ਤੇ ਕਾਬਜ ਹੋ ਸਕੇ। ਸ. ਗਾਖਲ ਨੇ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ. ਸੁਖਬੀਰ ਸਿੰਘ ਬਾਦਲ ਤੋਂ ਦਖਲ ਅੰਦਾਜ਼ੀ ਦੀ ਮੰਗ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੇ ਗੋਲਡ ਜਿਮ ਲਈ ਪਾਰਕਿੰਗ ਨੂੰ ਆਮ ਕੀਤਾ ਜਾਵੇ ਤੇ ਪਾਬੰਦੀਆਂ ਹਟਾਈਆਂ ਜਾਣ। ਉਨ੍ਹਾਂ ਨੇ ਇਸ ਮਾਮਲੇ ਵਿਚ ਬਿਕਰਮਜੀਤ ਸਿੰਘ ਮਜੀਠੀਆ ਨੂੰ ਵੀ ਬੇਨਤੀ ਕੀਤੀ ਸੀ ਅਤੇ ਉਨ੍ਹਾਂ ਜਗਦੀਸ਼ ਸਿੰਘ ਗਰਚਾ ਨੂੰ ਅਜਿਹਾ ਕਰਨ ਤੋਂ ਰੋਕਿਆ ਵੀ ਸੀ ਪਰ ਦੁੱਖ ਹੈ ਕਿ ਇਹ ਅਕਾਲੀ ਨੇਤਾ ਟੱਸ ਤੋਂ ਮੱਸ ਨਹੀਂ ਹੋਇਆ ਜਿਸ ਕਾਰਨ ਉਨ੍ਹਾਂ ਦੇ ਬਿਜਨਸ ਨੂੰ ਖੋਰਾ ਲੱਗ ਰਿਹਾ ਹੈ।

# ਓਬਰਾਏ ਵੱਲੋਂ ਰਾਜਿੰਦਰਾ ਹਸਪਤਾਲ ਵਿਚ ਦੋ ਡਾਇਲਸਿਸ ਮਸ਼ੀਨਾਂ ਲਾਉਣ ਦਾ ਐਲਾਨ

**ਪਟਿਆਲਾ:** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਵੱਲੋਂ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿਚ ਦੋ ਡਾਇਲਸਿਸ ਮਸ਼ੀਨਾਂ ਲਾਉਣ ਦਾ ਐਲਾਨ ਕੀਤਾ ਹੈ, ਜੋ ਇਸੇ ਮਹੀਨੇ ਦੇ ਅੰਤ ਤੱਕ ਚਾਲੂ ਕਰ ਦਿੱਤੀਆਂ ਜਾਣਗੀਆਂ। ਡਾ. ਓਬਰਾਏ ਵੱਲੋਂ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿਚ ਥੈਲਾਸੀਮਿਕ ਬੱਚਿਆਂ ਦੇ ਵਾਰਡ ਦਾ ਉਦਘਾਟਨ ਕਰਨ ਪਿੱਛੋਂ ਹਸਪਤਾਲ ਤੇ ਮੈਡੀਕਲ ਸੁਪਰਇੰਟੇਡਿੰਟ ਡਾ. ਬੀ. ਐਲ. ਭਾਰਦਵਾਜ ਨਾਲ ਗੱਲਬਾਤ ਕਰਨ ਮਗਰੋਂ ਇਹ ਐਲਾਨ ਕੀਤਾ।



ਟਰੱਸਟ ਵੱਲੋਂ ਪਟਿਆਲਾ ਥੈਲੀਸੀਮਿਕ ਸੁਸਾਇਟੀ ਨੂੰ 60 ਹਜ਼ਾਰ ਰੁਪਏ ਪ੍ਰਤੀ ਮਹੀਨਾ ਪਿਛਲੇ ਦੋ ਸਾਲਾਂ ਤੋਂ ਦਿੱਤਾ ਜਾ ਰਿਹਾ ਹੈ ਤਾਂ ਜੋ ਲੋੜਵੰਦ ਬੱਚਿਆਂ ਦਾ ਬਲੱਡ ਟਰਾਂਸਫਿਊਯਨ ਕਰਵਾਇਆ ਜਾ ਸਕੇ।

ਡਾ. ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਹੋਰਨਾਂ ਭਲਾਈ ਸਕੀਮਾਂ ਤੋਂ ਇਲਾਵਾ ਲੋੜਵੰਦ ਲੋਕਾਂ ਨੂੰ ਮੈਡੀਕਲ ਸਹੂਲਤਾਂ ਦੇਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦਿਲ ਦੇ ਮਰੀਜ਼ਾਂ ਦੇ ਇਲਾਜ ਲਈ ਕੈਥ ਲੈਬ ਦੋ ਯੂਨਿਟ ਪੰਜਾਬ ਵਿਚ ਜਲਦੀ ਖੋਲ੍ਹੇ ਜਾ ਰਹੇ ਹਨ। ਅਜਿਹੇ ਮਰੀਜ਼ਾਂ ਤੋਂ ਹਸਪਤਾਲਾਂ ਵਿਚ ਲੱਖਾਂ ਰੁਪਏ ਲਏ ਜਾਂਦੇ ਹਨ, ਪਰ ਟਰੱਸਟ ਵੱਲੋਂ ਬਹੁਤ ਥੋੜ੍ਹੇ ਪੈਸਿਆਂ ਵਿਚ ਅਪਰੇਸ਼ਨ ਕੀਤਾ ਜਾਇਆ ਕਰੇਗਾ। ਸ੍ਰੀ ਓਬਰਾਏ ਨੇ ਟਰੱਸਟ ਦੇ ਕੰਮਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਖਾਂ ਦੇ ਅਪਰੇਸ਼ਨ ਕੈਂਪਾਂ ਰਾਹੀਂ ਹਜ਼ਾਰਾਂ ਮਰੀਜ਼ਾਂ ਨੂੰ ਲੈਂਜ਼ ਪਾਏ ਜਾ ਚੁੱਕੇ ਹਨ। ਇਸ ਮੌਕੇ ਟਰੱਸਟ ਦੀ ਪੰਜਾਬ ਇਕਾਈ ਦੇ ਪ੍ਰਧਾਨ ਜੱਸਾ ਸਿੰਘ, ਸਕੱਤਰ ਗਗਨਦੀਪ ਸਿੰਘ ਆਹੂਜਾ, ਪਟਿਆਲਾ ਥੈਲੀਸੀਮਿਕ ਸੁਸਾਇਟੀ ਦੇ ਅਹੁਦੇਦਾਰ ਮੌਜੂਦ ਸਨ।


## ਰੈਸਟੋਰੈਂਟ ਸਟਾਫ ਦੀ ਲੋੜ ਹੈ

**ਵਚੀਟਾ, ਕੈਨਸਸ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਕੁੱਕ, ਵੇਟਰ ਸਟਾਫ, ਹੈਲਪਰ ਅਤੇ ਹੋਰ ਸਹਾਇਕ ਸਟਾਫ ਦੀ ਲੋੜ ਹੈ**

**ਮੁਫਤ ਰਿਹਾਇਸ਼, ਵਧੀਆ ਤਨਖਾਹ**

*ਸੰਪਰਕ ਕਰੋ*

**ਫੋਨ: 316-305-1818**
**ਜਾਂ 316-691-8300**

42 & 44

## Prince's Barber Shop

**37477 Fremont Blvd, suite C, Fremont, CA 94536**

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



**Business hours:**
**Mon thru Thursday 9am to 8pm**
**Friday, Sat- Sunday- 9am to 7pm**
**(Tuesday Closed)**



**Cell: (510)-677-9942**
**Shop: (510)-505-9605**
*www.princebarbershop.com*

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

**ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ**

**SAME DAY** ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
**1950 E Miner Ave.**
**Stockton, CA 95205**

**Ph: 209.547.9210**
**FAX: 209.547.9211**
**www.gfbontime.com, raj@gfbontime.com**

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
**FAX: 209.547.9211**

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
**FAX: 209.982.9997**

ਪੰਜਾਬ ਟਾਈਮਜ਼

*ਸਨਿਚਰਵਾਰ, 17 ਅਕਤੂਬਰ 2015*

## ਜੀਵੇ ਜੀਵੇ ਪੰਜਾਬ

ਪੰਜਾਬ ਇਕ ਵਾਰ ਫਿਰ ਸਿਆਸਤ ਦੇ ਸੇਕ ਨਾਲ ਤਪਣ ਲੱਗਾ ਹੈ ਅਤੇ ਇਕ ਵਾਰ ਫਿਰ ਜਾਪਦਾ ਹੈ ਕਿ ਪੰਜਾਬ ਦੀਆਂ ਅਸਲ ਸਮੱਸਿਆਵਾਂ ਦਰਕਿਨਾਰ ਕਰ ਦਿੱਤੀਆਂ ਜਾਣਗੀਆਂ। ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਕੁਝ ਸਮਾਂ ਪਹਿਲਾਂ ਚਿੱਟੇ ਮੱਛਰ ਦੇ ਰੌਲੇ ਕਾਰਨ ਸੂਬੇ ਵਿਚ ਸੋਕੇ ਦਾ ਮਾਮਲਾ ਦਰਕਿਨਾਰ ਹੋ ਗਿਆ ਸੀ। ਡੇਰਾ ਮੁਖੀ ਨੂੰ ਮੁਆਫੀ ਦੇ ਮਾਮਲੇ ਨੇ ਪੰਜਾਬ ਨੂੰ ਫਿਰ ਇਕ ਮੋੜ ਉਤੇ ਲਿਆ ਖਲਾਰਿਆ ਹੈ। ਬਹੁਤ ਸਾਰੇ ਚਿੰਤਕਾਂ, ਵਿਦਵਾਨਾਂ ਤੇ ਬੁੱਧੀਜੀਵੀਆਂ ਦੀ ਇਹ ਰਾਏ ਸੀ ਕਿ ਅਗਲਾ ਕਦਮ ਅਗਾਂਹ ਧਰਨ ਲਈ ਡੇਰਾ ਮੁਖੀ ਨਾਲ ਸਬੰਧਤ ਮਸਲਾ ਨਜਿੱਠਿਆ ਹੀ ਜਾਣਾ ਚਾਹੀਦਾ ਸੀ, ਕਿਉਂਕਿ ਪੰਜਾਬੀ ਸਮਾਜ ਵਿਚ ਜਿਸ ਤਰ੍ਹਾਂ ਦਾ ਪਾੜਾ ਅਤੇ ਪਾਟਕ ਪੈ ਰਿਹਾ ਸੀ, ਉਹ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਠੀਕ ਨਹੀਂ ਸੀ; ਪਰ ਇਸ ਮਾਮਲੇ ਨੂੰ ਨਜਿੱਠਣ ਲਈ ਜਿਸ ਤਰ੍ਹਾਂ ਸਿਆਸਤ ਕੀਤੀ ਗਈ, ਉਸ ਨੇ ਬਲਦੀ ਉਤੇ ਤੇਲ ਹੀ ਪਾਇਆ ਹੈ। ਇਹ ਗੱਲ ਸਿਆਸਤਦਾਨਾਂ ਨੂੰ ਪਤਾ ਸੀ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੇ ਅਜਿਹੇ ਮਾਮਲਿਆਂ ਨੂੰ ਸਿਆਸਤ ਦੀਆਂ ਗਰਜ਼ਾਂ ਖਾਤਰ ਵਰਤਣ ਦੀ ਕੋਸ਼ਿਸ਼ ਕੀਤੀ ਗਈ, ਨਤੀਜਾ ਅਜਿਹੇ ਕਲੇਸ਼ ਵਿਚ ਹੀ ਨਿਕਲਿਆ ਹੈ। ਸਿਤਮਜ਼ਰੀਫੀ ਇਹ ਵੀ ਰਹੀ ਹੈ ਕਿ ਸਿਆਸੀ ਲਾਹਾ ਲੈਣ ਖਾਤਰ ਸਿਆਸਤਦਾਨ ਸਭ ਕੁਝ ਦਾਅ ਉਤੇ ਲਾ ਦਿੰਦੇ ਰਹੇ ਹਨ ਜਿਨ੍ਹਾਂ ਦਾ ਖਾਮਿਆਜ਼ਾ ਫਿਰ ਆਵਾਮ ਨੂੰ ਭੁਗਤਣਾ ਪੈਂਦਾ ਹੈ। ਇਨ੍ਹੀਂ ਦਿਨੀਂ ਪੰਜਾਬ ਵਿਚ ਸਿਆਸਤ ਦਾ ਇਹ ਧੁੰਦੂਕਾਰਾ ਸਿਖਰਾਂ ਉਤੇ ਹੈ। ਸੂਬੇ ਵਿਚ ਚੋਣਾਂ ਭਾਵੇਂ 2017 ਵਿਚ ਹੋਣੀਆਂ ਹਨ, ਪਰ ਕੁਝ ਖਾਸ ਕਾਰਨਾਂ ਕਰ ਕੇ ਸਿਆਸੀ ਧਿਰਾਂ ਨੇ ਗਿਣਤੀਆਂ-ਮਿਣਤੀਆਂ ਹੁਣੇ ਹੀ ਸ਼ੁਰੂ ਕਰ ਦਿੱਤੀਆਂ ਹੋਈਆਂ ਹਨ। ਅਸਲ ਵਿਚ ਸੂਬੇ ਦੀਆਂ ਸਭ ਸਿਆਸੀ ਧਿਰਾਂ, ਆਪੋ-ਆਪਣੇ ਕਿਸੇ ਨਾ ਕਿਸੇ ਕਲੇਸ਼ ਵਿਚ ਉਲਝੀਆਂ ਹੋਈਆਂ ਹਨ। ਇਸੇ ਕਲੇਸ਼ ਕਰ ਕੇ ਉਹ ਆਪੋ-ਆਪਣੀ ਹੋਂਦ ਬਰਕਰਾਰ ਰੱਖਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਕਾਂਗਰਸ ਦੀ ਲੀਡਰਸ਼ਿਪ ਦਾ ਰੌਲਾ ਹੁਣ ਕਿਸੇ ਤੋਂ ਛੁਪਿਆ ਨਹੀਂ ਹੈ। ਬੁਰੀ ਤਰ੍ਹਾਂ ਧੜੇਬੰਦੀ ਦੀ ਸ਼ਿਕਾਰ ਕਾਂਗਰਸ ਦੇ ਵੱਖ ਵੱਖ ਆਗੂ, ਲੀਡਰਸ਼ਿਪ ਦੀ ਲੜਾਈ ਵਿਚ ਖਹਿ ਰਹੇ ਹਨ। ਸੱਤਾ ਵਿਚ ਸ਼ਾਮਲ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਭਾਰਤੀ ਦੀ ਤਾਂ ਕਹਾਣੀ ਹੀ ਨਿਰਾਲੀ ਹੈ। ਪਹਿਲਾਂ ਕੇਂਦਰ ਅਤੇ ਫਿਰ ਕੁਝ ਹੋਰ ਸੂਬਿਆਂ ਵਿਚ ਸੱਤਾ ਹਾਸਲ ਕਰਨ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਵੀ ਵੱਡੀਆਂ ਆਸਾਂ ਲਾਈ ਬੈਠੀ ਹੈ। ਇਹ ਆਸਾਂ ਸ਼੍ਰੋਮਣੀ ਅਕਾਲੀ ਦਲ ਦੀ ਛੋਟੀ ਭਾਈਵਾਲ ਵਜੋਂ ਪੂਰੀਆਂ ਹੋਣੀਆਂ ਮੁਸ਼ਕਿਲ ਹਨ। ਇਸ ਲਈ ਪਾਰਟੀ, ਪੰਜਾਬ ਵਿਚ ਵੱਡੀ ਭੂਮਿਕਾ ਨਿਭਾਉਣ ਲਈ ਕੁਝ ਖਾਸ ਫੈਸਲੇ ਕਰਨ ਲਈ ਤਿਆਰੀਆਂ ਕਰ ਰਹੀ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ, ਤਾਕਤ ਵਜੋਂ ਸਾਹਮਣੇ ਆਈ ਆਮ ਆਦਮੀ ਪਾਰਟੀ (ਆਪ) ਭਾਵੇਂ ਦੋਫਾੜ ਹੋ ਗਈ ਹੈ, ਇਸ ਦੇ ਆਗੂ ਸੂਬੇ ਵਿਚ ਅਗਲੀ ਸਰਕਾਰ ਬਣਾਉਣ ਦੇ ਦਾਅਵੇ ਕਰ ਰਹੇ ਹਨ। ਇਸ ਪਾਰਟੀ ਤੋਂ ਵੱਖ ਹੋਇਆ ਧੜਾ ਵੱਖਰੀ ਸਰਗਰਮੀ ਕਰ ਰਿਹਾ ਹੈ ਅਤੇ 'ਆਪ' ਦੀਆਂ ਇਨ੍ਹਾਂ ਦੋਹਾਂ ਧਿਰਾਂ ਨੂੰ ਸੂਬੇ ਦੇ ਲੋਕਾਂ ਨੇ ਹੁੰਗਾਰਾ ਭਰਿਆ ਹੈ। ਅਕਾਲੀ ਦਲ ਦੀਆਂ ਕੁਝ ਹੋਰ ਫਾਕਾਂ ਵੀ ਆਪਣੀ ਹੋਂਦ ਖਾਤਰ ਹੱਥ-ਪੈਰ ਮਾਰ ਰਹੀਆਂ ਹਨ। ਕਿਸੇ ਵੇਲੇ ਸੂਬੇ 'ਚ ਚੋਖੀ ਹਾਜ਼ਰੀ ਲੁਆਉਣ ਵਾਲੀਆਂ ਕਮਿਊਨਿਸਟ ਧਿਰਾਂ ਵੀ ਅਹੁਲ ਰਹੀਆਂ ਹਨ। ਕੁਲ ਮਿਲਾ ਕੇ ਸਿਆਸੀ ਪਿੜ ਖੂਬ ਮਘਿਆ ਹੋਇਆ ਹੈ।

ਦੂਜੇ ਬੰਨੇ ਸੂਬੇ ਦੇ ਲੋਕ ਚੁਫੇਰਿਓਂ ਸਮੱਸਿਆਵਾਂ ਅਤੇ ਸੰਕਟ ਦੀ ਮਾਰ ਹੇਠ ਹਨ। ਨਸ਼ਿਆਂ ਦੀ ਅਥਾਹ ਆਮਦ ਅਤੇ ਬੇਰੁਜ਼ਗਾਰੀ ਨੇ ਨੌਜਵਾਨਾਂ ਦੀ ਬੱਸ ਕਰਾਈ ਹੋਈ ਹੈ। ਕੋਈ ਵੀ ਧਿਰ ਇਨ੍ਹਾਂ ਦੋਹਾਂ ਮਸਲਿਆਂ ਦੇ ਹੱਲ ਖਾਤਰ ਕੋਈ ਫੈਸਲਾਕੁਨ ਰਾਹ ਚੁਣਨ ਵਿਚ ਨਾਕਾਮ ਰਹੀ ਹੈ। ਤਕਰੀਬਨ ਸਭ ਸਿਆਸੀ ਧਿਰਾਂ ਇਨ੍ਹਾਂ ਮਸਲਿਆਂ 'ਤੇ ਇਕ ਦੂਜੇ ਨੂੰ ਤਾਹਨੇ-ਮਿਹਣੇ ਦੇ ਕੇ ਡੰਗ ਟਪਾਈ ਜ਼ਰੂਰ ਕਰ ਰਹੀਆਂ ਹਨ। ਪੰਜਾਬ ਨੂੰ ਜਿੰਨੀ ਮਾਰ ਨਸ਼ਿਆਂ ਕਾਰਨ ਪੈ ਰਹੀ ਹੈ ਅਤੇ ਜਿਸ ਤਰ੍ਹਾਂ ਦੀ ਸਿਆਸਤ ਇਸ ਮੁੱਦੇ ਨੂੰ ਲੈ ਕੇ ਕੀਤੀ ਜਾ ਰਹੀ ਹੈ, ਉਸ ਦਾ ਕੋਈ ਹਿਸਾਬ-ਕਿਤਾਬ ਹੀ ਨਹੀਂ ਹੈ। ਸਰਕਾਰ ਨੇ ਤਾਂ ਇਸ ਪਾਸਿਓਂ ਅੱਖਾਂ ਮੀਚੀਆਂ ਹੀ ਹੋਈਆਂ ਹਨ, ਤੇ ਸੱਤਾਧਾਰੀ ਪਾਰਟੀਆਂ ਦੇ ਆਗੂਆਂ ਦੀਆਂ ਤਾਰਾਂ ਇਸ ਮੁੱਦੇ ਨਾਲ ਜੁੜਨ ਦੀਆਂ ਖਬਰਾਂ ਅਕਸਰ ਛਪਦੀਆਂ ਹਨ; ਦੂਜੀਆਂ ਸਿਆਸੀ ਧਿਰਾਂ ਵੀ ਇਸ ਮਾਮਲੇ ਨੂੰ ਨਜਿੱਠਣ ਵਿਚ ਕੋਈ ਕਾਰਗਰ ਕਦਮ ਨਹੀਂ ਉਠਾ ਸਕੀਆਂ ਹਨ। ਕਿਸੇ ਪਾਸਿਓਂ ਵੀ ਨਸ਼ਿਆਂ ਖਿਲਾਫ ਮੁਹਿੰਮ ਨਹੀਂ ਹੋ ਰਹੀ ਹੈ; ਹਾਲਾਂਕਿ ਵੱਖ ਵੱਖ ਪਾਰਟੀਆਂ ਦੇ ਆਗੂਆਂ ਦੇ ਸਭ ਤੋਂ ਵੱਧ ਬਿਆਨ ਇਸ ਇਕੱਲੇ ਮੁੱਦੇ ਬਾਰੇ ਹੀ ਛਪ ਰਹੇ ਹਨ। ਇਸ ਤੋਂ ਇਲਾਵਾ ਕਿਸਾਨੀ ਦਾ ਸੰਕਟ ਮੂੰਹ ਅੱਡੀ ਖੜ੍ਹਾ ਹੈ। ਮਾਲਵਾ ਖਿੱਤੇ ਵਿਚ ਕਿਸਾਨੀ ਦਾ ਸੰਕਟ ਇੰਨਾ ਵਿਕਰਾਲ ਹੋ ਚੁੱਕਾ ਹੈ ਕਿ ਕੋਈ ਦਿਨ ਅਜਿਹਾ ਨਹੀਂ ਲੰਘਦਾ, ਜਦੋਂ ਕਿਸੇ ਕਿਸਾਨ ਜਾਂ ਮਜ਼ਦੂਰ ਦੀ ਖੁਦਕੁਸ਼ੀ ਦੀ ਖਬਰ ਨਹੀਂ ਆਉਂਦੀ। ਬਿਨਾਂ ਸ਼ੱਕ ਸਰਕਾਰੀ ਨੀਤੀਆਂ ਅਤੇ ਅਫਸਰਸ਼ਾਹੀ ਦੀ ਨਾ-ਅਹਿਲੀਅਤ ਹੀ ਅਜਿਹੇ ਸੰਕਟਾਂ ਦਾ ਵੱਡਾ ਕਾਰਕ ਬਣਦੀਆਂ ਹਨ। ਰਤਾ ਕੁ ਖੋਜ ਨਾਲ ਵਿਚਾਰਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਕਿਸਾਨਾਂ ਦੇ ਸੰਕਟ ਦੇ ਹੱਲ ਲਈ ਜੋ ਪਹਿਲਕਦਮੀ ਸਰਕਾਰ ਵਾਲੇ ਪਾਸਿਓਂ ਹੋਣੀ ਚਾਹੀਦੀ ਸੀ, ਉਹ ਹੋਈ ਨਹੀਂ ਅਤੇ ਇਸ ਦਾ ਖਾਮਿਆਜ਼ਾ ਹੁਣ ਆਮ ਕਿਸਾਨ ਨੂੰ ਭੁਗਤਣਾ ਪੈ ਰਿਹਾ ਹੈ। ਅਸਲ ਵਿਚ ਇਹੀ ਉਹ ਮੁੱਦੇ ਹਨ ਜਿਨ੍ਹਾਂ ਕਰ ਕੇ ਸੱਤਾ ਧਿਰ, ਅੱਜ ਸਿਆਸੀ ਪਿੜ ਵਿਚ ਬੁਰੀ ਤਰ੍ਹਾਂ ਘਿਰੀ ਹੋਈ ਹੈ ਅਤੇ ਇਹੀ ਉਹ ਮੌਕਾ ਤੇ ਮੇਲ ਹੁੰਦਾ ਹੈ ਜਦੋਂ ਸਿਆਸੀ ਧਿਰਾਂ ਲੋਕਾਂ ਦਾ ਧਿਆਨ ਲਾਂਭੇ ਕਰਨ ਤੇ ਅਜਿਹਾ ਘੇਰਾ ਤੋੜਨ ਲਈ ਸਿਆਸਤ ਖੇਡਦੀਆਂ ਹਨ। ਸੱਤਾ ਵਿਚ ਸ਼ਾਮਲ ਲੋਕ ਪਹਿਲਾਂ ਵੀ ਅਜਿਹੇ ਮਸਲਿਆਂ ਤੋਂ ਬੇਪ੍ਰਵਾਹ ਰਹੇ ਹਨ ਅਤੇ ਹੁਣ ਵੀ ਇਸ ਵਿਚ ਕੋਈ ਤਬਦੀਲੀ ਨਜ਼ਰ ਨਹੀਂ ਆ ਰਹੀ। ਇਸੇ ਕਰ ਕੇ ਇਸ ਨੇ ਸਿਰਫ ਵੋਟਾਂ ਨੂੰ ਧਿਆਨ ਵਿਚ ਡੇਰੇ ਵਾਲਾ ਫੈਸਲਾ ਲੋਕਾਂ ਉਤੇ ਮੜ੍ਹਨ ਦਾ ਯਤਨ ਕੀਤਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਰਕਾਰੀ ਹੁਕਮਨਾਮਾ?*

ਕਬਜ਼ਾ ਧਰਮ ਅਸਥਾਨਾਂ 'ਤੇ ਹਾਕਮਾਂ ਦਾ, ਨੱਥ ਪਾਈ ਐ ਨੱਕ ਪੁਜਾਰੀਆਂ ਦੇ।
ਨਿਰੇ ਕੁਫਰ ਨੂੰ ਸੱਚ ਅਖਵਾਈ ਜਾਂਦੇ, ਮੂੰਹ ਵਿਚ 'ਬੁਰਕੀਆਂ' ਦੇ ਕੇ ਦਰਬਾਰੀਆਂ ਦੇ।
ਬੇਈਮਾਨ ਮਲਾਹ ਜਦ ਫੜਨ ਚੱਪੂ, ਬੇੜੀ ਡੋਬਦੇ ਪੂਰ ਸਵਾਰੀਆਂ ਦੇ।
ਕਦੇ ਫੋਲ ਇਤਿਹਾਸ ਇਹ ਦੇਖਦੇ ਨਾ, ਹੁੰਦੇ 'ਅੰਤ' ਨੇ ਕਿੰਜ ਗੱਦਾਰੀਆਂ ਦੇ।
ਸੌੜੇ ਹਿਤਾਂ ਲਈ ਬਾਲ ਚੰਗਿਆੜੀਆਂ ਨੂੰ, ਫੇਰ ਪੰਥ ਨੂੰ ਬਿਪਤਾ ਵਿਚ ਪਾਉਣ ਲੱਗੀ।
ਜ਼ੋਰ ਜ਼ਬਰ ਦੇ ਨਾਲ ਸਰਕਾਰ ਦੇਖੋ, ਹੁਕਮਨਾਮਾ 'ਪ੍ਰਵਾਨ' ਕਰਵਾਉਣ ਲੱਗੀ!

# ਸਨਮਾਨ ਵਾਪਸੀ ਮੁਹਿੰਮ ਦੇ ਪੰਜਾਬ ਲਈ ਮਾਅਨੇ

ਸਾਹਿਤ ਅਕਾਡਮੀ ਸਨਮਾਨ ਵਾਪਸ ਕਰਨ ਵਾਲੇ ਲੇਖਕਾਂ ਦੀ ਫਹਿਰਿਸਤ ਲੰਮੀ ਹੁੰਦੀ ਜਾ ਰਹੀ ਹੈ। ਸਨਮਾਨ ਵਾਪਸ ਕਰਨ ਵਾਲੇ ਜ਼ਿਆਦਾਤਰ ਲੇਖਕਾਂ ਦੀਆਂ ਚਿੱਠੀਆਂ ਵਿਚ ਦਰਜ ਹੈ ਕਿ ਸਾਹਿਤ ਅਕਾਡਮੀ ਲੇਖਕਾਂ ਉਤੇ ਹਮਲਿਆਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਉਤੇ ਲੱਗ ਰਹੀਆਂ ਪਾਬੰਦੀਆਂ ਦੇ ਮਾਮਲੇ ਵਿਚ 'ਉਮੀਦ ਮੁਤਾਬਕ' ਹੁੰਗਾਰਾ ਭਰਨ ਵਿਚ ਨਾਕਾਮਯਾਬ ਰਹੀ ਹੈ। ਮਲੇਅੱਪਾ ਮਾਦਿਆਵਲੱਪਾ ਕਲਬੁਰਗੀ ਦੇ ਕਤਲ ਤੋਂ ਬਾਅਦ ਹਿੰਦੀ ਲੇਖਕ ਉਦੈ ਪ੍ਰਕਾਸ਼ ਨੇ ਸਾਹਿਤ ਅਕਾਡਮੀ ਦੀ ਚੁੱਪ ਦੇ ਖ਼ਿਲਾਫ਼ ਸਨਮਾਨ ਵਾਪਸ ਕੀਤਾ ਸੀ। ਨਯਨਤਾਰਾ ਸਹਿਗਲ ਨੇ ਦਾਦਰੀ ਵਿਚ ਮੁਹੰਮਦ ਅਖ਼ਲਾਕ ਦੇ ਕਤਲ ਤੋਂ ਬਾਅਦ ਮੁਲਕ ਵਿਚ ਵਧ ਰਹੇ ਕੱਟੜਪੁਣੇ ਨੂੰ ਨਿਸ਼ਾਨਾ ਬਣਾ ਕੇ ਸਨਮਾਨ ਵਾਪਸ ਕੀਤਾ। ਉਸ ਤੋਂ ਬਾਅਦ ਇਹ ਸਿਲਸਿਲਾ ਚੱਲ ਪਿਆ। ਪੰਜਾਬੀਆਂ ਦੀ ਇਸ ਰੁਝਾਨ ਵਿਚ ਸ਼ਮੂਲੀਅਤ ਨਯਨਤਾਰਾ ਸਹਿਗਲ ਨਾਲ ਸ਼ੁਰੂ ਹੋਈ ਅਤੇ



**ਦਲਜੀਤ ਅਮੀ**
ਫੋਨ: +91-97811-21873

ਕ੍ਰਿਸ਼ਨਾ ਸੋਬਤੀ ਨੇ ਦੋਹਰ ਪਾਈ। ਪੰਜਾਬੀ ਦੇ ਲੇਖਕਾਂ ਵਿਚ ਗੁਰਬਚਨ ਸਿੰਘ ਭੁੱਲਰ ਨੇ ਸਨਮਾਨ ਵਾਪਸ ਕੀਤਾ ਤਾਂ ਪਿਛੇ ਪਿਛੇ ਆਤਮਜੀਤ, ਅਜਮੇਰ ਔਲਖ, ਵਰਿਆਮ ਸੰਧੂ, ਦਰਸ਼ਨ ਬੁੱਟਰ, ਬਲਦੇਵ ਸਿੰਘ ਸੜਕਨਾਮਾ, ਜਸਵਿੰਦਰ ਅਤੇ ਸੁਰਜੀਤ ਪਾਤਰ ਨੇ ਇਹ ਸਨਮਾਨ ਵਾਪਸ ਕਰਨ ਦਾ ਐਲਾਨ ਕਰ ਦਿੱਤਾ। ਇਹ ਫਹਿਰਿਸਤ ਲੇਖ ਛਪਣ ਤੱਕ ਹੋਰ ਲੰਮੀ ਹੋ ਸਕਦੀ ਹੈ। ਮੇਘਰਾਜ ਮਿੱਤਰ ਨੇ ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਲੇਖਕ ਅਤੇ ਕੁਝ ਹੋਰ ਲੇਖਕਾਂ ਨੇ ਹੋਰ ਸਨਮਾਨ ਵਾਪਸ ਕਰਨ ਦਾ ਐਲਾਨ ਕਰ ਦਿੱਤਾ ਹੈ।

ਸਾਹਿਤ ਅਕਾਡਮੀ ਦੇ ਸਨਮਾਨ ਵਾਪਸ ਕਰਨ ਦੀ ਅਹਿਮੀਅਤ ਹੈ ਕਿ ਲੇਖਕ, ਸਨਮਾਨ ਦੇਣ ਵਾਲੇ ਅਦਾਰੇ ਦੀ ਚੁੱਪ ਤੋਂ ਖ਼ਫ਼ਾ ਹਨ ਅਤੇ ਉਸ ਨੂੰ ਉਘਾੜ ਕੇ ਵਡੇਰੇ ਮੁੱਦੇ ਵਜੋਂ ਪੇਸ਼ ਕਰ ਰਹੇ ਹਨ। ਜੇ ਲੇਖਕ ਦਾ ਕੰਮ ਹੀ ਅਹਿਸਾਸ ਨੂੰ ਜ਼ੁਬਾਨ ਦੇਣਾ ਹੈ ਤਾਂ ਉਸ ਨੂੰ ਬੇਵਕਤੀ ਚੁੱਪ ਤੋਂ ਪਰੇਸ਼ਾਨੀ ਹੋਣੀ ਚਾਹੀਦੀ ਹੈ। ਇਸ ਬਹਿਸ ਦਾ ਉਹ ਪੱਖ ਮਹਿਜ਼ ਤਕਨੀਕੀ ਅਤੇ ਵਿਅਕਤੀਗਤ ਹੈ ਕਿ ਵਾਪਸ ਕਰਨ ਵੇਲੇ ਕੀ ਕੁਝ ਵਾਪਸ ਕੀਤਾ ਗਿਆ। ਉਂਜ ਇੱਕ ਵਾਰ ਪ੍ਰਵਾਨ ਕੀਤਾ ਗਿਆ ਸਨਮਾਨ ਕਦੇ ਵਾਪਸ ਨਹੀਂ ਹੋ ਸਕਦਾ। ਸਨਮਾਨ ਵਾਪਸ ਕਰਨ ਦੀ ਅਹਿਮੀਅਤ ਹੀ ਇਸੇ ਵਿਚ ਹੈ ਕਿ ਇਹ ਲੇਖਕ ਨੂੰ ਦੂਜੀ ਵਾਰ ਸਨਮਾਨ ਮਿਲਣ ਜਿੰਨੀ ਮਾਨਤਾ ਰੱਖਦਾ ਹੈ। ਹੁਣ ਤੋਂ ਬਾਅਦ ਇਨ੍ਹਾਂ ਲੇਖਕਾਂ ਦੀ ਜਾਣ-ਪਛਾਣ ਇਸ ਸਨਮਾਨ ਦੇ ਮਿਲਣ ਅਤੇ ਵਾਪਸ ਕਰਨ ਤੋਂ ਬਿਨਾਂ ਕਦੇ ਪੂਰੀ ਨਹੀਂ ਹੋਣੀ। ਸਨਮਾਨ ਦੀ ਇਸੇ ਅਹਿਮੀਅਤ ਕਾਰਨ ਹੀ ਤਾਂ ਸਨਮਾਨਤ ਸ਼ਖ਼ਸੀਅਤ ਦਾ ਸਨਮਾਨ ਕਰਨ ਵਾਲੇ ਅਦਾਰੇ ਉਤੇ ਕੋਈ ਨੈਤਿਕ ਦਾਅਵਾ ਹੁੰਦਾ ਹੈ। ਇਸੇ ਨੈਤਿਕ ਦਾਅਵੇਦਾਰੀ ਦੇ ਹਵਾਲੇ ਨਾਲ ਅਦਾਰਿਆਂ ਅਤੇ ਸਰਕਾਰਾਂ ਦੀ ਜੁਆਬਦੇਹੀ ਲੇਖਕ, ਵਿਦਵਾਨ, ਕਲਾਕਾਰ ਅਤੇ ਕਾਰਕੁਨ ਕਰਦੇ ਹਨ। ਇਹ ਵੱਖਰੀ ਗੱਲ ਹੈ ਕਿ ਮੌਜੂਦਾ ਦੌਰ ਵਿਚ ਸਰਕਾਰਾਂ ਅਤੇ ਅਦਾਰੇ ਨੈਤਿਕ ਦਾਅਵੇਦਾਰੀਆਂ ਦੀ ਕਿੰਨੀ ਕੁ ਪਰਵਾਹ ਕਰਦੇ ਹਨ।

ਇਸ ਮੌਕੇ ਸਨਮਾਨਾਂ ਦੀ ਅਹਿਮੀਅਤ, ਸਿਆਸਤ, ਮੌਜੂਦਾ ਦੌਰ ਵਿਚ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉਤੇ ਪਾਬੰਦੀਆਂ ਅਤੇ ਕੱਟੜਪੁਣੇ ਦੇ ਵਾਧੇ ਦੀਆਂ ਵੱਖ ਵੱਖ ਤੰਦਾਂ ਨੂੰ ਕਿਸੇ ਲੜੀ ਵਿਚ ਪਰੋ ਕੇ ਹੀ ਸਨਮਾਨ ਵਾਪਸੀ ਦੇ ਰੁਝਾਨ ਬਾਰੇ ਸਮਝ ਬਣਾਈ ਜਾ ਸਕਦੀ ਹੈ। ਇਸ ਸਮਝਣਾ ਵੀ ਜ਼ਰੂਰੀ ਹੈ ਕਿ 'ਸਨਮਾਨ ਵਾਪਸੀ ਮੁਹਿੰਮ' ਦੀ ਮੌਜੂਦਾ ਦੌਰ ਵਿਚ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ, ਵੰਨ-ਸੁਵੰਨਤਾ ਦੀ ਕਦਰ, ਸਮਾਜਕ ਇਨਸਾਫ਼, ਸ਼ਹਿਰੀ-ਜਮਹੂਰੀ-ਮਨੁੱਖੀ ਹਕੂਕ ਲਈ ਚੱਲ ਰਹੇ ਸੰਘਰਸ਼ਾਂ ਵਿਚ ਕੀ ਥਾਂ ਬਣਦੀ ਹੈ?

ਸਨਮਾਨ ਵਾਪਸ ਕਰਨ ਲਈ ਇਸ ਦਾ ਮਿਲਣਾ ਜ਼ਰੂਰੀ ਹੈ। ਇਸ ਤਰ੍ਹਾਂ ਸਨਮਾਨ ਵਾਪਸੀ ਮੁਹਿੰਮ ਪ੍ਰਵਾਨਤ ਲੇਖਕਾਂ ਦੀ ਮੁਹਿੰਮ ਹੈ। ਇਸ ਦਾ ਇਹ ਪਤਵੰਤਸ਼ਾਹੀ ਖ਼ਾਸਾ ਹੀ ਇਸ ਨੂੰ ਅਖ਼ਬਾਰਾਂ ਅਤੇ ਟੈਲੀਵਿਜ਼ਨ ਜਾਂ ਇੰਟਰਨੈੱਟ ਦੀਆਂ ਸੁਰਖ਼ੀਆਂ ਬਣਾਉਂਦਾ ਹੈ। ਇਸ ਵਿਚ ਉਹ ਲੇਖਕ ਸ਼ਾਮਿਲ ਨਹੀਂ ਹਨ ਜੋ ਆਪਣੀਆਂ ਲਿਖਤਾਂ ਕਾਰਨ ਇਨ੍ਹਾਂ ਸਨਮਾਨਾਂ ਦੇ ਘੇਰੇ ਤੋਂ ਸਦਾ ਬਾਹਰ ਹਨ। ਇਸ ਫਹਿਰਿਸਤ ਵਿਚ ਕੋਈ 'ਕੋਬਾਡ ਗਾਂਧੀ' ਨਹੀਂ ਆ ਸਕਦਾ। ਕਿਸੇ 'ਗ਼ਦਰ' ਦੀ ਕਵਿਤਾ ਸ਼ਾਮਿਲ ਨਹੀਂ ਹੋ ਸਕਦੀ। ਕਿਸੇ 'ਲਾਲਟੂ' ਦੀ ਕਿਤਾਬ ਨਹੀਂ ਆ ਸਕਦੀ। ਇਨ੍ਹਾਂ ਸਨਮਾਨਾਂ ਦੀ ਚੋਣ ਦਾ ਤਰੀਕਾ ਅਤੇ ਭਰੋਸੇਯੋਗਤਾ ਲਗਾਤਾਰ ਸ਼ੱਕ ਦੇ ਘੇਰੇ ਵਿਚ ਰਹੀ ਹੈ। ਇਨ੍ਹਾਂ ਵਿਚ ਸਿਆਸਤ ਅਤੇ ਧੜੇਬੰਦੀਆਂ ਦਾ ਜ਼ਿਕਰ ਲਗਾਤਾਰ ਹੁੰਦਾ ਰਹਿੰਦਾ ਹੈ। ਇਹ ਬਹਿਸ ਸਿਰਫ਼ ਸਾਹਿਤ ਅਕਾਡਮੀ ਬਾਰੇ ਨਹੀਂ, ਸਗੋਂ ਕੌਮਾਂਤਰੀ ਪੱਧਰ ਉਤੇ ਪ੍ਰਵਾਨਤ ਵੱਡੇ ਸਨਮਾਨਾਂ ਬਾਰੇ ਵੀ ਹੈ। ਨੋਬਲ ਪੁਰਸਕਾਰ ਵਰਗੇ ਸਨਮਾਨ ਬਾਰੇ ਨੋਬਲ ਇੰਸਟੀਚਿਊਟ ਦੇ ਸਾਬਕਾ ਨਿਰਦੇਸ਼ਕ ਅਤੇ ਨੋਬੇਲ ਪੀਸ ਪਰਾਈਜ਼ ਕਮੇਟੀ ਦੇ ਸਕੱਤਰ ਗੇਰ ਲੰਡਇਸਟਾਡ ਨੇ ਆਪਣੀ ਯਾਦਾਂ ਵਿਚ ਖ਼ੁਲਾਸਾ ਕੀਤਾ ਹੈ ਕਿ ਇਹ ਪੁਰਸਕਾਰ ਕਿਵੇਂ ਦਿੱਤੇ ਜਾਂਦੇ ਹਨ।

ਲੇਖਕਾਂ ਅਤੇ ਵਿਦਵਾਨਾਂ ਦੀਆਂ ਮਹਿਫ਼ਲਾਂ ਵਿਚ ਸਨਮਾਨ ਹਾਸਿਲ ਕਰਨ ਲਈ ਵਰਤੇ ਗਏ ਢੰਗ-ਤਰੀਕਿਆਂ ਦੀਆਂ ਤਫ਼ਸੀਲਾਂ ਆਮ ਹੀ ਸੁਣਨ ਨੂੰ ਮਿਲਦੀਆਂ ਹਨ। ਜ਼ਿਆਦਾਤਰ ਸਨਮਾਨਯਾਫ਼ਤਾ ਲੇਖਕ ਆਪਣੇ ਤੋਂ ਬਿਨਾਂ ਬਾਕੀਆਂ ਨੂੰ ਸਿਫ਼ਾਰਸ਼ੀ 'ਕਰਾਰ' ਦੇਣ ਵਿਚ ਜ਼ਿਆਦਾ ਦੇਰ ਨਹੀਂ ਲਗਾਉਂਦੇ। ਸਾਹਿਤ ਅਕਾਡਮੀ ਸਨਮਾਨ ਇਸ ਬਹਿਸ ਤੋਂ ਕਦੇ ਬਾਹਰ ਨਹੀਂ ਰਿਹਾ। ਭਾਸ਼ਾ ਵਿਭਾਗ ਪੰਜਾਬ ਦੇ ਸਨਮਾਨਾਂ ਤੱਕ ਆਉਂਦੀ ਇਹ ਬਹਿਸ ਹਾਸਰਸ ਕਲਾਕਾਰਾਂ ਦਾ ਕੱਚਾ ਮਾਲ ਹੋ ਜਾਂਦੀ ਹੈ। ਇਸ ਤੋਂ ਬਾਅਦ ਇਹ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਹਿਤ ਅਕਾਡਮੀ ਦੇ ਜ਼ਿਆਦਾਤਰ ਸਨਮਾਨਯਾਫ਼ਤਾ ਲੇਖਕਾਂ ਨੇ ਚੋਖਾ ਅਤੇ ਮਿਆਰੀ ਕੰਮ ਕੀਤਾ ਹੈ, ਪਰ ਇਹ ਸਨਮਾਨ ਉਨ੍ਹਾਂ ਦੀ ਯੋਗਤਾ ਦਾ ਨਾਪ ਨਹੀਂ ਹੋ ਸਕਦਾ।

ਜਦੋਂ ਅਸੀਂ ਪੰਜਾਬ ਦੇ ਹਾਲਾਤ ਉਤੇ ਨਜ਼ਰ ਮਾਰਦੇ ਹਾਂ ਤਾਂ ਪੰਜਾਬ ਦੇ ਅਦਾਰੇ ਅਤੇ ਸਨਮਾਨਯਾਫ਼ਤਾ ਲੇਖਕ ਅਹਿਮ ਮੌਕਿਆਂ ਉਤੇ ਚੁੱਪ ਹੀ ਰਹੇ ਹਨ। ਸਾਡੀਆਂ ਯੂਨੀਵਰਸਿਟੀਆਂ, ਸਾਹਿਤ ਸਭਾਵਾਂ ਅਤੇ ਲੇਖਕਾਂ ਦੀਆਂ ਲਿਖਤਾਂ ਵਿਚ ਇਹ ਬਹਿਸ ਨਹੀਂ ਚੱਲੀ ਕਿ ਮੁਲਕ ਦੇ ਅਦਾਰਿਆਂ ਨੂੰ ਕਿਸ ਤਰੀਕੇ ਨਾਲ ਇੱਕ ਸੋਚ ਨਾਲ ਜੋੜਿਆ ਜਾ ਰਿਹਾ ਹੈ। ਮੁਲਕ ਦੇ ਖੋਜ, ਇਤਿਹਾਸ, ਵਿਗਿਆਨ ਅਤੇ ਕਲਾ ਨਾਲ ਜੁੜੇ ਅਦਾਰਿਆਂ ਦੀਆਂ ਨਾਮਜ਼ਦਗੀਆਂ ਅਤੇ ਨਿਯੁਕਤੀਆਂ ਪੰਜਾਬ ਵਿਚ ਚਰਚਾ ਦਾ ਵਿਸ਼ਾ ਨਹੀਂ ਬਣੀਆਂ। ਇਸੇ ਰੁਝਾਨ ਦਾ ਗ਼ੈਰ-ਸਰਕਾਰੀ ਦਸਤਾ ਸਮਾਜ ਵਿਚ ਹਮਲਾਵਰ ਰੁਖ਼ ਅਖ਼ਤਿਆਰ ਕਰ ਰਿਹਾ ਹੈ। ਪੰਜਾਬ ਦੇ ਅਦਾਰੇ ਇਸ ਰੁਝਾਨ ਉਤੇ ਆਪਣੀ ਪੜਚੋਲ ਕੀਤੇ ਬਿਨਾਂ ਸੁਆਲ ਨਹੀਂ ਕਰ ਸਕਦੇ ਅਤੇ ਚੁੱਪ ਰਹਿਣ ਨੂੰ ਤਰਜੀਹ ਦਿੰਦੇ ਹਨ।

ਇਸ ਮਾਹੌਲ ਵਿਚ ਗੁਰਬਚਨ ਭੁੱਲਰ ਨੇ ਪੱਥਰ ਮਾਰ ਦਿੱਤਾ ਤਾਂ 'ਸਨਮਾਨ ਵਾਪਸੀ' ਦਾ ਰੁਝਾਨ ਤੁਰ ਪਿਆ। ਸਨਮਾਨਯਾਫ਼ਤਾ ਲੇਖਕਾਂ ਦੀ ਯੋਗਤਾ ਹੀ ਇਸ ਨੂੰ ਵਾਪਸ ਕਰਨਾ ਬਣ ਗਈ। ਸਨਮਾਨਯਾਫ਼ਤਾ ਲੇਖਕਾਂ ਖ਼ਿਲਾਫ਼ ਇੱਕ ਤਰ੍ਹਾਂ ਮੁਹਿੰਮ ਚੱਲ ਪਈ ਕਿ ਉਹ ਆਪਣੀ ਸੁਹਿਰਦਤਾ ਸਾਬਤ ਕਰਨ ਲਈ ਸਨਮਾਨ ਵਾਪਸ ਕਰਨ। ਵਰਿਆਮ ਸੰਧੂ ਅਤੇ ਸੁਰਜੀਤ ਪਾਤਰ ਦੀਆਂ ਚਿੱਠੀਆਂ ਵਿਚੋਂ ਸਨਮਾਨ ਵਾਪਸ ਕਰਨ ਦੀ ਬੇਵਸੀ ਪੜ੍ਹੀ ਜਾ ਸਕਦੀ ਹੈ। ਸਨਮਾਨ ਵਾਪਸ ਕਰਨ ਨਾਲ ਇਨ੍ਹਾਂ ਦੀਆਂ ਲਿਖਤਾਂ ਵਿਚ ਤਬਦੀਲੀ ਨਹੀਂ ਆ ਜਾਣੀ, ਪਰ ਇਨ੍ਹਾਂ ਉਤੇ ਸਨਮਾਨ ਵਾਪਸ ਕਰਨ ਲਈ ਪਿਆ ਦਬਾਅ ਕਿੰਨਾ ਕੁ ਜਾਇਜ਼ ਹੈ? ਕੀ ਜਿਹੜਾ ਦਬਾਅ ਇਨ੍ਹਾਂ ਲੇਖਕਾਂ ਨੇ ਮਹਿਸੂਸ ਕੀਤੇ ਹੈ, ਉਹ ਸਾਹਿਤ ਅਕਾਡਮੀ ਜਾਂ ਸਰਕਾਰ ਕਰੇਗੀ?

ਸਨਮਾਨ ਵਾਪਸੀ ਦੀ ਇਸ ਮੁਹਿੰਮ ਵਿਚੋਂ ਪੰਜਾਬ ਦੀ ਚੁੱਪ ਦਾ ਦੂਜਾ ਪਾਸਾ ਪੜ੍ਹਿਆ ਜਾ ਸਕਦਾ ਹੈ। ਲਗਾਤਾਰ ਧਾਰੀ ਚੁੱਪ ਨੂੰ 'ਸਨਮਾਨ ਵਾਪਸੀ' ਨਾਲ ਉਘਾੜਿਆ ਜਾ ਸਕਦਾ ਹੈ, ਪਰ ਤੋੜਿਆ ਨਹੀਂ ਜਾ ਸਕਦਾ। ਇਸ ਤੋਂ ਬਾਅਦ 'ਸਨਮਾਨ ਵਾਪਸੀ' ਮੁਹਿੰਮ ਦੀ ਅਹਿਮੀਅਤ ਖ਼ਤਮ ਨਹੀਂ ਹੋ ਜਾਂਦੀ। ਜਦੋਂ ਲੇਖਕ ਸਨਮਾਨ ਵਾਪਸ ਕਰਨ ਦਾ ਐਲਾਨ ਕਰਦੇ ਹਨ, ਤਾਂ ਉਹ ਮੌਜੂਦਾ ਸਰਕਾਰ ਦੀਆਂ ਨਜ਼ਰਾਂ ਵਿਚ ਆਉਂਦੇ ਹਨ। ਉਹ ਕਲਬੁਰਗੀ ਨੂੰ ਕਤਲ ਕਰਨ ਵਾਲੀ ਸੋਚ ਵਾਲੀਆਂ ਜਥੇਬੰਦੀਆਂ ਦੀਆਂ ਨਜ਼ਰਾਂ ਵਿਚ ਆਉਂਦੇ ਹਨ। ਇਨ੍ਹਾਂ ਲੇਖਕਾਂ ਨੂੰ ਇਹ ਮਾਣ ਮਿਲਣਾ ਚਾਹੀਦਾ ਹੈ ਕਿ ਇਨ੍ਹਾਂ ਨੇ ਆਪਣਾ ਨਿਖੇੜਾ ਕੀਤਾ ਹੈ। ਦੂਜੇ ਪਾਸੇ ਸਨਮਾਨਯਾਫ਼ਤਾ ਲੇਖਕਾਂ ਦੀ ਇਹੋ ਯੋਗਤਾ ਨਹੀਂ ਹੋ ਸਕਦੀ। ਜੇ 'ਸਨਮਾਨ ਵਾਪਸੀ ਮੁਹਿੰਮ' ਵਿਚ ਸਾਹਿਤ ਅਕਾਡਮੀ ਦੀ ਖ਼ੁਦਮੁਖ਼ਤਿਆਰੀ ਦਾ ਮਸਲਾ ਉਭਰਿਆ ਹੈ ਤਾਂ ਬੰਦੇ ਦੀ ਖ਼ੁਦਮੁਖ਼ਤਿਆਰੀ ਨੂੰ ਨਜ਼ਰਅੰਦਾਜ਼ ਕਿਵੇਂ ਕੀਤਾ ਜਾ ਸਕਦਾ ਹੈ?

ਜੇ ਕਲਬੁਰਗੀ, ਸਾਹਿਤ ਅਕਾਦਮੀ ਦਾ ਸਨਮਾਨਯਾਫ਼ਤਾ ਲੇਖਕ ਨਾ ਹੁੰਦਾ; ਜੇ ਨਯਨਤਾਰਾ ਦਾਦਰੀ ਵਾਲੇ ਕਤਲ ਅਤੇ ਮੁਲਕ ਵਿਚ ਵਿਗੜਦੇ ਮਾਹੌਲ ਦਾ ਜ਼ਿਕਰ ਨਾ ਕਰਦੀ; ਤਾਂ ਇਨ੍ਹਾਂ ਸਨਮਾਨਯਾਫ਼ਤਾ ਲੇਖਕਾਂ ਨੇ ਕੀ ਕਰਨਾ ਸੀ? ਜੇ ਨਯਨਤਾਰਾ ਦਾ ਨਹਿਰੂ ਪਰਿਵਾਰ ਨਾਲ ਰਿਸ਼ਤਾ ਨਾ ਹੁੰਦਾ ਤਾਂ ਕੀ ਉਸ ਦੀ 'ਸਨਮਾਨ ਵਾਪਸੀ' ਉਦੈ ਪ੍ਰਕਾਸ਼ ਦੀ ਤਰਜ਼ ਉਤੇ ਨਜ਼ਰਅੰਦਾਜ਼ ਨਾ ਹੋ ਜਾਂਦੀ? ਕੀ ਇਸ ਨਾਲ ਨਰੇਂਦਰ ਦਾਭੋਲਕਰ ਜਾਂ ਗੋਬਿੰਦ ਪਨਸਾਰੇ ਦੇ ਕਤਲ ਬੇਮਾਅਨਾ ਹੋ ਜਾਣੇ ਸੀ? ਕੀ ਅਖ਼ਲਾਕ ਦੀ ਲਾਸ਼ ਦਾ ਮੁਲਕ ਦੀ ਵੰਨ-ਸੁਵੰਨਤਾ ਅਤੇ ਸਭਿਆਚਾਰਕ ਸਾਂਝ ਉਤੇ ਬੋਝ ਨਹੀਂ ਪੈਣਾ ਸੀ? ਸੁਆਲ ਇਹ ਵੀ ਪੁੱਛੇ ਜਾ ਸਕਦੇ ਹਨ ਕਿ ਇਨ੍ਹਾਂ ਸਨਮਾਨਯਾਫ਼ਤਾ ਲੇਖਕਾਂ ਦੀ ਜ਼ਿੰਦਗੀ ਵਿਚ ਅਜਿਹੇ ਮੌਕੇ ਹੋਰ ਵੀ ਆਏ ਹੋਣਗੇ, ਪਰ ਇਹ ਚੁੱਪ ਕਿਉਂ ਰਹੇ? ਇਹ ਸੁਆਲ ਪਰਤ ਕੇ ਪੁੱਛਣ ਵਾਲਿਆਂ ਨੂੰ ਕਿਉਂ ਨਹੀਂ ਪੁੱਛੇ ਜਾ ਸਕਦੇ? ਕੀ ਚੁੱਪ ਤੋੜਨਾ ਸਨਮਾਨਯਾਫ਼ਤਾ ਲੇਖਕਾਂ ਦੀ ਹੀ ਜ਼ਿੰਮੇਵਾਰੀ ਹੈ?

ਮੌਜੂਦਾ ਮਾਹੌਲ ਨਾਲ ਜੁੜੇ ਸੁਆਲ ਹਰ ਮੰਚ ਉਤੇ ਪੁੱਛੇ ਜਾ ਰਹੇ ਹਨ। ਪੁਣੇ ਵਿਚ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਦੇ ਵਿਦਿਆਰਥੀ ਸੰਘਰਸ਼ ਕਰ ਰਹੇ ਹਨ। ਵਿਗਿਆਨਕ ਸੋਚ ਨੂੰ ਪ੍ਰਣਾਏ ਬੰਦੇ ਨਰੇਂਦਰ ਦਾਭੋਲਕਰ ਦੇ ਮਸਲਿਆਂ ਨੂੰ ਕਾਇਮ ਰੱਖ ਰਹੇ ਹਨ। ਗੋਬਿੰਦ ਪਨਸਾਰੇ ਦੇ ਸਾਥੀ ਸੰਘਰਸ਼ਾਂ ਦੇ ਮੈਦਾਨ ਵਿਚ ਹਨ। ਇਸ ਮਾਹੌਲ ਵਿਚ ਸਨਮਾਨਯਾਫ਼ਤਾ ਲੇਖਕਾਂ ਦੀ 'ਸਨਮਾਨ ਵਾਪਸੀ ਮੁਹਿੰਮ' ਨੇ ਅਹਿਮ ਕਾਰਕ ਦਾ ਕੰਮ ਕੀਤਾ ਹੈ। ਉਨ੍ਹਾਂ ਦੇ ਹਵਾਲੇ ਨਾਲ ਕਈ ਸੁਆਲ ਸੱਤਾ ਦੇ ਗਲਿਆਰਿਆਂ ਵਿਚ ਦਸਤਕ ਦੇ ਰਹੇ ਹਨ। ਇਹ ਲੇਖਕ ਮੌਜੂਦਾ ਸਰਕਾਰ ਅਤੇ ਫਾਸ਼ੀਵਾਦੀ ਸੋਚ ਖ਼ਿਲਾਫ਼ ਚੱਲਦੇ ਸੰਘਰਸ਼ਾਂ ਦੀ ਕੜੀ ਬਣੇ ਹਨ। ਇਹ ਸਮੁੱਚਾ ਸੰਘਰਸ਼ ਨਹੀਂ ਹੋ ਸਕਦੇ ਅਤੇ ਨਾ ਹੀ ਇਨ੍ਹਾਂ ਤੋਂ ਤਵੱਕੋ ਕੀਤੀ ਜਾ ਸਕਦੀ ਹੈ।

ਪੰਜਾਬ ਦੇ ਮਾਮਲੇ ਵਿਚ 'ਸਨਮਾਨ ਵਾਪਸੀ ਮੁਹਿੰਮ' ਦੇ ਹੋਰ ਮਾਅਨੇ ਵੀ ਪੜ੍ਹੇ ਜਾ ਸਕਦੇ ਹਨ। ਪੰਜਾਬ ਦੇ ਜ਼ਿਆਦਾਤਰ ਵਿਦਿਅਕ, ਖੋਜ, ਸਾਹਿਤਕ ਤੇ ਪੱਤਰਕਾਰੀ ਅਦਾਰੇ ਅਤੇ ਜਥੇਬੰਦੀਆਂ ਕੱਟੜਵਾਦੀ ਰੁਝਾਨ ਬਾਰੇ ਚੁੱਪ ਹਨ। ਇਨ੍ਹਾਂ ਅਦਾਰਿਆਂ ਅਤੇ ਜਥੇਬੰਦੀਆਂ ਦੀ ਚੁੱਪ ਨੂੰ 'ਸਨਮਾਨ ਵਾਪਸੀ ਮੁਹਿੰਮ' ਨੇ ਉਘਾੜ ਦਿੱਤਾ ਹੈ। ਇਸ ਮੁਹਿੰਮ ਨੂੰ ਵਡਿਆਉਣਾ ਪ੍ਰਾਪਤੀ ਨਹੀਂ ਹੋ ਸਕਦੀ, ਪਰ ਇਸ ਨਾਲ ਉਘੜ ਕੇ ਸਾਹਮਣੇ ਆਉਂਦੇ ਮਸਲਿਆਂ ਨੂੰ ਮੁਖ਼ਾਤਬ ਹੋਣਾ ਜ਼ਿੰਮੇਵਾਰੀ ਜ਼ਰੂਰ ਹੋ ਸਕਦੀ ਹੈ। ਸਾਹਿਤ ਅਕਾਡਮੀ ਵਾਲੇ ਖ਼ਾਸੇ ਅਤੇ ਵਿਗਿਆਨਕ ਸੋਚ ਦੇ ਧਾਰਨੀਆਂ ਦੇ ਕਤਲ ਕਰਨ ਵਾਲੀ ਸੋਚ ਦੀ ਆਪਣੇ ਅਦਾਰਿਆਂ ਅਤੇ ਸਮਾਜ ਵਿਚ ਸ਼ਨਾਖ਼ਤ ਕਰਨਾ ਅਤੇ ਉਸ ਨੂੰ ਮੁਖ਼ਾਤਬ ਹੋਣਾ ਪੰਜਾਬ ਦੀ ਪ੍ਰਾਪਤੀ ਬਣ ਸਕਦਾ ਹੈ। ਉਸ ਲਈ ਧੰਨਵਾਦ ਦਾ ਮਤਾ 'ਸਨਮਾਨ ਵਾਪਸੀ ਮੁਹਿੰਮ' ਵਿਚ ਸ਼ਾਮਿਲ ਪਤਵੰਤਿਆਂ ਦੇ ਨਾਮ ਉਤੇ ਪਾਉਣਾ ਬਣੇਗਾ।

# ਖੇਤੀ ਸੰਕਟ, ਖ਼ੁਦਕੁਸ਼ੀਆਂ ਤੇ ਆਵਾਮੀ ਸੰਘਰਸ਼

***ਮਾਲਵੇ ਦੀ ਨਰਮਾ ਪੱਟੀ ਵਿਚ ਅਣਕਿਆਸੀ ਕੁਦਰਤੀ ਮਹਾਂਮਾਰੀ ਖੇਤੀ ਆਰਥਿਕਤਾ ਨੂੰ ਹੋਰ ਵੀ ਸੰਕਟਗ੍ਰਸਤ ਕਰ ਗਈ। ਜਿਵੇਂ ਡੇਢ ਕੁ ਦਹਾਕਾ ਪਹਿਲਾਂ 'ਮਿੱਲੀ ਬੱਗ' ਨੇ ਨਰਮਾ ਪੱਟੀ ਨੂੰ ਖ਼ੁਦਕੁਸ਼ੀਆਂ ਵੱਲ ਧੱਕਿਆ ਸੀ, ਇਸ ਸਾਲ 'ਚਿੱਟਾ ਮੱਛਰ' ਨਰਮੇ ਦੇ ਖੇਤਾਂ ਨੂੰ ਟਿੱਡੀ-ਦਲ ਵਾਂਗ ਚੱਟਮ ਕਰ ਗਿਆ; ਐਨ ਉਵੇਂ ਜਿਵੇਂ ਅਕਾਲੀਆਂ ਵਲੋਂ ਪ੍ਰੋਮੋਟ ਕੀਤਾ 'ਚਿੱਟਾ' ਪੰਜਾਬ ਦੀ ਜਵਾਨੀ ਨੂੰ ਖਾ ਗਿਆ ਹੈ। ਫ਼ਸਲ ਦੀ ਤਬਾਹੀ ਨੇ ਪੇਂਡੂ ਅਰਥਚਾਰੇ ਦੇ ਸੰਕਟ ਨੂੰ ਜ਼ਰਬਾਂ ਦੇ ਦਿੱਤੀਆਂ।***

ਡੂੰਘੇ ਆਰਥਿਕ ਸੰਕਟ ਦੀ ਲਪੇਟ ਵਿਚ ਆਏ ਪੰਜਾਬ ਵਿਚ ਇਸ ਵਕਤ ਸਮਾਜ ਦਾ ਤਕਰੀਬਨ ਹਰ ਮਿਹਨਤਕਸ਼ ਹਿੱਸਾ ਸੰਘਰਸ਼ ਦੇ ਰਾਹ 'ਤੇ ਹੈ। ਕਿਸਾਨਾਂ, ਮਜ਼ਦੂਰਾਂ ਦੇ ਤਿੱਖੇ ਸੰਘਰਸ਼, ਖ਼ਾਸ ਕਰ ਕੇ ਸੰਘਰਸ਼ਾਂ ਵਿਚ ਔਰਤਾਂ ਦੀ ਸ਼ਮੂਲੀਅਤ, ਸੱਤਾਧਾਰੀ ਧਿਰ ਲਈ ਵੱਡੀ ਸਿਰਦਰਦੀ ਬਣੇ ਹੋਏ ਹਨ। ਪੂਰੇ ਛੇ ਦਿਨ ਰੇਲਵੇ ਆਵਾਜਾਈ ਠੱਪ ਰਹਿਣਾ ਇਸ ਦੀ ਮਿਸਾਲ ਹੈ। ਹਕੂਮਤ ਦੀ ਖੇਤੀ ਨੀਤੀ ਗ਼ਰੀਬ ਤੇ ਛੋਟੀ ਕਿਸਾਨੀ ਨੂੰ ਤਬਾਹ ਕਰਨ ਦੀ ਹੋਣ ਕਾਰਨ ਖੇਤੀ ਨਾਲ ਜੁੜੇ ਜਾਂ ਇਸ ਉਪਰ ਨਿਰਭਰ ਹਿੱਸੇ- ਕਿਸਾਨ ਤੇ ਮਜ਼ਦੂਰ, ਤਬਾਹੀ ਦਾ ਸਾਹਮਣਾ ਕਰ ਰਹੇ ਹਨ।

**ਬੂਟਾ ਸਿੰਘ**
ਫੋਨ: +91-94634-74342

ਘੋਰ ਨਿਰਾਸ਼ਤਾ 'ਚ ਘਿਰੇ ਕਿਸਾਨ ਅਤੇ ਮਜ਼ਦੂਰ ਖ਼ੁਦਕੁਸ਼ੀਆਂ ਕਰ ਰਹੇ ਹਨ। ਪਿਛਲੇ ਸਾਲ ਇਕ ਕਿਸਾਨ ਜਥੇਬੰਦੀ ਵਲੋਂ ਬਠਿੰਡਾ ਦੇ ਡਿਪਟੀ ਕਮਿਸ਼ਨਰ ਨੂੰ 99 ਕਿਸਾਨਾਂ ਦੀ ਸੂਚੀ ਸੌਂਪੀ ਗਈ ਸੀ ਜਿਨ੍ਹਾਂ ਨੇ ਪਹਿਲੀ ਅਪਰੈਲ 2013 ਤੋਂ ਲੈ ਕੇ ਪਹਿਲੀ ਸਤੰਬਰ 2014 ਦੇ ਅਠਾਰਾਂ ਮਹੀਨਿਆਂ ਦੌਰਾਨ ਇਕੱਲੇ ਬਠਿੰਡਾ ਜ਼ਿਲ੍ਹੇ ਵਿਚ ਖ਼ੁਦਕੁਸ਼ੀ ਕੀਤੀ ਸੀ। ਗ਼ੈਰ-ਸਰਕਾਰੀ ਅੰਦਾਜ਼ਿਆਂ ਅਨੁਸਾਰ, ਪੰਜਾਬ ਵਿਚ ਪਿਛਲੇ ਡੇਢ ਕੁ ਦਹਾਕੇ ਵਿਚ ਇਨ੍ਹਾਂ ਖ਼ੁਦਕੁਸ਼ੀਆਂ ਦੀ ਤਾਦਾਦ 5000 ਤੋਂ ਉਪਰ ਹੈ।

ਇਸ ਸਾਲ ਮਾਲਵੇ ਦੀ ਨਰਮਾ ਪੱਟੀ ਵਿਚ ਮਹਾਂਮਾਰੀ ਖੇਤੀ ਆਰਥਿਕਤਾ ਨੂੰ ਹੋਰ ਵੀ ਸੰਕਟਗ੍ਰਸਤ ਕਰ ਗਈ। ਜਿਵੇਂ ਡੇਢ ਕੁ ਦਹਾਕਾ ਪਹਿਲਾਂ 'ਮਿੱਲੀ ਬੱਗ' ਨੇ ਨਰਮਾ ਪੱਟੀ ਨੂੰ ਖ਼ੁਦਕੁਸ਼ੀਆਂ ਵੱਲ ਧੱਕਿਆ ਸੀ, ਇਸ ਸਾਲ 'ਚਿੱਟਾ ਮੱਛਰ' ਨਰਮੇ ਦੇ ਖੇਤਾਂ ਨੂੰ ਟਿੱਡੀ-ਦਲ ਵਾਂਗ ਚੱਟਮ ਕਰ ਗਿਆ; ਐਨ ਉਵੇਂ ਜਿਵੇਂ ਅਕਾਲੀਆਂ ਵਲੋਂ ਪ੍ਰੋਮੋਟ ਕੀਤਾ 'ਚਿੱਟਾ' ਪੰਜਾਬ ਦੀ ਜਵਾਨੀ ਨੂੰ ਖਾ ਗਿਆ ਹੈ। ਭਾਰੀ ਕਰਜ਼ੇ ਚੁੱਕ ਕੇ ਖੇਤੀ ਨੂੰ ਠੁੰਮ੍ਹਣਾ ਦੇਣ ਦੀ ਚਾਰਾਜੋਈ ਕਰ ਰਹੇ ਕਿਸਾਨਾਂ ਦੀਆਂ ਉਮੀਦਾਂ ਉਪਰ ਪਾਣੀ ਫਿਰ ਗਿਆ ਅਤੇ ਨਾ-ਉਮੀਦੀ ਦੀ ਹਾਲਤ ਵਿਚ ਖੇਤੀ 'ਤੇ ਨਿਰਭਰ ਕਿਰਤੀਆਂ ਦੀਆਂ ਖ਼ੁਦਕੁਸ਼ੀਆਂ ਦੇ ਵਰਤਾਰੇ ਵਿਚ ਤੇਜ਼ੀ ਆ ਗਈ। ਹੁਣ ਸ਼ਾਇਦ ਹੀ ਕੋਈ ਦਿਨ ਐਸਾ ਚੜ੍ਹਦਾ ਹੈ ਜਿਸ ਦਿਨ ਕਿਸਾਨ ਦੀ ਖ਼ੁਦਕੁਸ਼ੀ ਮੀਡੀਆ ਦੀ ਸੁਰਖ਼ੀ ਨਹੀਂ ਬਣਦੀ। ਦੋ ਮਹੀਨਿਆਂ ਵਿਚ 49 ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ। ਲਿਹਾਜ਼ਾ, ਸੂਬੇ ਦੀ ਤਸਵੀਰ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਟੁੱਟ ਚੁੱਕੇ ਜ਼ਰੱਈ ਕਾਮਿਆਂ ਸਮੇਤ ਲੋਕਾਈ ਦੀ ਘੋਰ ਮਾਯੂਸੀ ਤੇ ਬੇਵਸੀ ਅਤੇ ਤਿੱਖੇ ਰੋਹ ਦੋਹਾਂ ਪਹਿਲੂਆਂ ਨੂੰ ਦਿਖਾ ਰਹੀ ਹੈ। ਇਸ ਲਈ ਜਥੇਬੰਦਕ ਤਾਕਤ 'ਤੇ ਆਧਾਰਿਤ ਸੰਘਰਸ਼ਾਂ ਦੀ ਐਨੀ ਅਹਿਮੀਅਤ ਬਣਦੀ ਹੈ।

ਲੋਕ ਪੱਖੀ ਕਿਸਾਨ ਜਥੇਬੰਦੀਆਂ ਡੂੰਘੇ ਸੰਕਟ 'ਚ ਘਿਰੀ ਕਿਸਾਨੀ ਨੂੰ ਰਾਹ ਦਿਖਾਉਣ ਲਈ ਦਿਨ-ਰਾਤ ਸਰਗਰਮ ਹਨ। ਨਿਸ਼ਚੇ ਹੀ, ਉਨ੍ਹਾਂ ਦੇ ਇਹ ਯਤਨ ਘੋਰ ਹਨੇਰੇ ਵਿਚ ਘਿਰੇ ਸਮਾਜ ਲਈ ਉਮੀਦ ਦੀ ਕਿਰਨ ਹਨ ਜਿਸ ਦੀ ਬਦੌਲਤ ਖ਼ੁਦਕੁਸ਼ੀਆਂ ਦੇ ਰੁਝਾਨ 'ਤੇ ਕਾਫ਼ੀ ਹੱਦ ਤਕ ਰੋਕ ਲੱਗੀ ਹੋਈ ਹੈ। ਜਿਸ ਕਦਰ ਨਾ-ਉਮੀਦੀ ਦਾ ਆਲਮ ਹੈ, ਜੇ ਇਹ ਲੋਕ-ਹਿਤੈਸ਼ੀ ਜਾਗਰੂਕ ਹਿੱਸੇ ਕਿਸਾਨਾਂ-ਮਜ਼ਦੂਰਾਂ ਨੂੰ ਜਥੇਬੰਦ ਕਰ ਕੇ ਉਨ੍ਹਾਂ ਦਾ ਸਹਾਰਾ ਨਾ ਬਣਦੇ ਤਾਂ ਖ਼ੁਦਕੁਸ਼ੀਆਂ ਦੀ ਭਿਆਨਕਤਾ ਦੀ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ। ਇਹ ਵੀ ਸੱਚ ਹੈ ਕਿ ਮੂੰਹ-ਜ਼ੋਰ ਸੰਕਟ ਵਿਚ ਘਿਰੇ ਕਾਮਿਆਂ ਨੂੰ ਧਰਵਾਸ ਦੇਣ ਵਿਚ ਜਥੇਬੰਦੀਆਂ ਦੇ ਸਿਰਤੋੜ ਤੇ ਸਿਰੜੀ ਹੀਲੇ-ਵਸੀਲੇ ਵੀ ਊਣੇ ਨਜ਼ਰ ਆ ਰਹੇ ਹਨ। ਇਸ ਦਾ ਸਬੂਤ ਬਠਿੰਡਾ ਵਿਖੇ ਕਿਸਾਨਾਂ ਦੇ ਪੱਕੇ ਮੋਰਚੇ ਵਿਚ ਸ਼ਾਮਲ ਨੌਜਵਾਨ ਕਿਸਾਨ ਵਲੋਂ ਕੀਤੀ ਖ਼ੁਦਕੁਸ਼ੀ ਹੈ। ਚੁੱਘਿਆਂ ਦੇ ਕੁਲਦੀਪ ਸਿੰਘ ਦੇ ਦਿਲੋ-ਦਿਮਾਗ ਉਪਰ ਨਿਰਾਸ਼ਤਾ ਭਾਰੂ ਹੋ ਗਈ। ਹਜ਼ਾਰਾਂ ਦੀ ਤਾਦਾਦ 'ਚ ਪਿੰਡਾਂ ਵਿਚੋਂ ਆ ਕੇ ਬੇਰਹਿਮ ਹਕੂਮਤੀ ਲਾਣੇ ਦਾ ਸਿਆਪਾ ਕਰ ਰਹੇ ਜਥੇਬੰਦ ਕਾਫ਼ਲਿਆਂ ਦਾ ਰੋਹ ਵੀ ਉਸ ਨੂੰ ਧੀਰ ਨਾ ਬੰਨ੍ਹਵਾ ਸਕਿਆ।



***ਔਰਤਾਂ ਤੇ ਬੱਚਿਆਂ ਨੇ ਵੀ ਸਰਕਾਰ ਖਿਲਾਫ ਸੰਭਾਲੇ ਮੋਰਚੇ।***

ਬਹੁਤ ਜ਼ਿਆਦਾ ਹਾਹਾਕਾਰ ਮੱਚ ਜਾਣ 'ਤੇ ਹੀ ਬਾਦਲਕੇ ਸੱਤਾ ਦੇ ਸਰੂਰ ਤੋਂ ਰਤਾ ਕੁ ਜਾਗੇ ਅਤੇ ਅੱਖਾਂ ਪੂੰਝਣ ਲਈ ਨਿਗੂਣਾ ਮੁਆਵਜ਼ਾ ਐਲਾਨ ਦਿੱਤਾ। ਇਸ ਨੂੰ ਕਿਸਾਨ ਜਥੇਬੰਦੀਆਂ ਨੇ ਰੱਦ ਕਰ ਦਿੱਤਾ। ਰਾਜਤੰਤਰ ਦੀ ਜ਼ਮੀਨੀ ਹਕੀਕਤ ਹੋਰ ਵੀ ਬੇਰਹਿਮ ਹੈ। ਬੇਵੱਸ ਕਿਸਾਨਾਂ ਨੂੰ ਮੁਆਵਜ਼ੇ ਦੇ ਨਾਂ ਹੇਠ ਪੰਜ-ਪੰਜ ਰੁਪਏ ਦੇ ਚੈੱਕ ਦੇ ਕੇ ਮਜ਼ਾਕ ਕੀਤਾ ਗਿਆ। ਫਿਰ ਸੰਘਰਸ਼ 'ਚ ਡਟੇ ਕਿਸਾਨਾਂ-ਮਜ਼ਦੂਰਾਂ ਦੀ ਦ੍ਰਿੜਤਾ ਦੇਖ ਕੇ ਮੁਆਵਜ਼ੇ ਦੀ ਕੁੱਲ ਰਕਮ ਵਧਾ ਕੇ 640 ਕਰੋੜ ਰੁਪਏ ਕਰ ਦਿੱਤੀ ਗਈ, ਪਰ ਨੁਕਸਾਨ ਦੇ ਮੱਦੇਨਜ਼ਰ ਕਿਸਾਨ ਜਥੇਬੰਦੀਆਂ ਵਲੋਂ 4000 ਕਰੋੜ ਰੁਪਏ ਮੁਆਵਜ਼ਾ ਮੰਗਦੇ ਹੋਏ 7 ਅਕਤੂਬਰ ਤੋਂ ਲੈ ਕੇ ਪੂਰੇ ਛੇ ਦਿਨ ਪੰਜਾਬ ਵਿਚ ਰੇਲਵੇ ਆਵਾਜਾਈ ਠੱਪ ਰੱਖੀ ਗਈ। ਪੁਲਿਸ ਦੇ ਬੇਸ਼ੁਮਾਰ ਲਸ਼ਕਰ ਵੀ ਸੰਘਰਸ਼ਸ਼ੀਲ ਜਥੇਬੰਦੀਆਂ ਦੀ ਦ੍ਰਿੜਤਾ ਅੱਗੇ ਬੇਵੱਸ ਹੋ ਗਏ। ਸੰਘਰਸ਼ ਦੇ ਦਬਾਅ ਹੇਠ ਮੁੱਖ ਮੰਤਰੀ ਜਥੇਬੰਦੀਆਂ ਨਾਲ ਮੀਟਿੰਗ ਕਰਨ ਲਈ ਤਾਂ ਮੰਨ ਗਿਆ, ਪਰ ਮੀਟਿੰਗ ਵਿਚ ਸਰਕਾਰ ਦੀ ਮਾੜੀ ਆਰਥਿਕਤਾ ਦਾ ਰੋਣਾ ਰੋ ਕੇ ਕੋਈ ਵੀ ਮੰਗ ਮੰਨਣ ਤੋਂ ਇਨਕਾਰ ਕਰ ਦਿੱਤਾ।

ਸ਼ਾਤਰ ਹੁਕਮਰਾਨਾਂ ਦੀ ਬਦਨੀਅਤ ਅਤੇ ਬਦਨੀਤੀ ਜੱਗ ਜ਼ਾਹਰ ਹੈ- ਅੱਖਾਂ ਤੇ ਕੰਨ ਬੰਦ ਕਰ ਕੇ ਘੇਸਲ ਮਾਰੀ ਰੱਖੋ। ਘਰ-ਬਾਰ, ਕੰਮ-ਧੰਦੇ ਛੱਡ ਕੇ ਧਰਨੇ ਲਾਈ ਬੈਠੇ ਕਿਸਾਨ ਕਿੰਨਾ ਕੁ ਵਕਤ ਮੰਗਾਂ ਮੰਨੇ ਜਾਣ ਦੀ ਉਮੀਦ 'ਚ ਬੈਠੇ ਨਾਅਰੇ ਮਾਰਦੇ ਰਹਿਣਗੇ? ਆਪੇ ਹੰਭ-ਹਾਰ ਕੇ ਘਰਾਂ ਨੂੰ ਤੁਰ ਜਾਣਗੇ! ਸਾਉਣੀ ਦੀ ਫ਼ਸਲ ਦੀ ਕਟਾਈ ਅਤੇ ਹਾੜ੍ਹੀ ਦੀ ਬਿਜਾਈ ਦੀ ਤਿਆਰੀ ਸਿਰ 'ਤੇ ਖੜ੍ਹੀ ਹੈ। ਇਸ ਦੇ ਮੱਦੇਨਜ਼ਰ ਹਾਲੀਆ ਬੇਸਿੱਟਾ ਮੀਟਿੰਗਾਂ ਹੁਕਮਰਾਨਾਂ ਦੀ ਬੇਰਹਿਮੀ ਦੀ ਸੱਜਰੀ ਤਸਦੀਕ ਹਨ। ਪਹਿਲਾਂ 2 ਅਕਤੂਬਰ ਨੂੰ ਵੀ ਮੁੱਖ ਮੰਤਰੀ ਨੇ ਅੱਠ ਜਥੇਬੰਦੀਆਂ ਦੇ ਵਫ਼ਦ ਨੂੰ ਮੀਟਿੰਗ ਲਈ ਬੁਲਾ ਕੇ ਮੀਟਿੰਗ ਵਿਚ ਆਪਣੀ ਥਾਂ ਮੁੱਖ ਸਕੱਤਰ ਨੂੰ ਭੇਜ ਦਿੱਤਾ ਸੀ। ਇਸ ਫਜ਼ੂਲ ਕਵਾਇਦ ਤੋਂ ਰੋਹ 'ਚ ਆਏ ਕਿਸਾਨ-ਮਜ਼ਦੂਰ ਆਗੂਆਂ ਅੱਗੇ ਕੋਈ ਤਿੱਖੀ ਕਾਰਵਾਈ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ ਬਚਿਆ।

ਇਨ੍ਹਾਂ ਸੰਘਰਸ਼ਾਂ ਦਾ ਇਕ ਹੋਰ ਪਸਾਰ ਵੀ ਗ਼ੌਰਤਲਬ ਹੈ; ਉਹ ਹੈ ਅੱਕੇ-ਸਤੇ ਕਿਸਾਨਾਂ ਵਲੋਂ ਕਿਸਾਨ ਮੇਲਿਆਂ ਦੇ ਸਰਕਾਰੀ ਮੰਚਾਂ ਉਪਰ ਕਬਜ਼ੇ, ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਫਿਟਕਾਰਾਂ ਅਤੇ ਕਿਸਾਨ ਇਕੱਠਾਂ ਵਿਚ 'ਵੋਟ ਬਟੋਰੂਆਂ' ਦੀ ਝਾੜ-ਝੰਬ। ਅਖਾਉਤੀ ਮੁੱਖਧਾਰਾ ਦੇ ਜ਼ਿਆਦਾਤਰ ਘਾਗ ਆਗੂਆਂ ਨੇ ਤਾਂ ਹਕੂਮਤ ਦੀ ਬੇਰੁਖ਼ੀ ਬਾਰੇ ਨਿਖੇਧੀਨੁਮਾ ਬਿਆਨ ਦੇ ਕੇ ਡੰਗ ਟਪਾ ਲਿਆ। ਜਿਹੜੇ ਵਧੇਰੇ ਉਤਸ਼ਾਹੀ ਧਰਨਿਆਂ ਨਾਲ ਹੇਜ ਦਿਖਾਉਣ ਗਏ, ਉਨ੍ਹਾਂ ਨੂੰ ਲਾਹ-ਪਾਹ ਕਰਵਾ ਕੇ ਮੁੜਨਾ ਪਿਆ। ਇਹ ਰੋਸ ਧਰਨੇ ਮਹਿਜ਼ ਪ੍ਰਸ਼ਾਸਨਿਕ ਸਦਰ ਮੁਕਾਮਾਂ ਤਕ ਮਹਿਦੂਦ ਨਹੀਂ, ਇਨ੍ਹਾਂ ਦਾ ਸੇਕ ਹੁਣ ਰੋਸ-ਮੁਜ਼ਾਹਰਿਆਂ ਦੀ ਸ਼ਕਲ 'ਚ ਚੁਣੇ ਵਿਧਾਇਕਾਂ, ਸੰਸਦ ਮੈਂਬਰਾਂ ਅਤੇ ਸੱਤਾਧਾਰੀ ਧਿਰ ਦੇ ਮੰਤਰੀਆਂ ਦੇ ਘਰਾਂ ਤਕ ਪਹੁੰਚਣਾ ਸ਼ੁਰੂ ਹੋ ਗਿਆ ਹੈ। ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਨੂੰ ਕਿਸਾਨਾਂ ਨੇ ਕਿਸਾਨ ਮੇਲੇ ਦੇ ਮੰਚ ਉਪਰ ਜਾ ਘੇਰਿਆ। ਕਿਸਾਨਾਂ ਦੇ ਤੇਵਰ ਦੇਖ ਕੇ ਹੁਕਮਰਾਨਾਂ ਨੂੰ ਕਿਸਾਨ ਮੇਲੇ ਰੱਦ ਕਰਨੇ ਪੈ ਗਏ। ਇਸ ਦੌਰਾਨ ਖੇਤੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਖੇਤੀ ਸੰਕਟ ਲਈ ਕਿਸਾਨਾਂ ਨੂੰ ਹੀ ਕਸੂਰਵਾਰ ਕਰਾਰ ਦੇਣ ਦਾ ਬਿਆਨ ਦੇ ਬੈਠਾ। ਉਸ ਖ਼ਿਲਾਫ਼ ਪੁਤਲੇ-ਸਾੜ ਮੁਹਿੰਮ ਨੇ ਸੰਕੇਤ ਦੇ ਦਿੱਤਾ ਹੈ ਕਿ ਹੁਣ ਲੋਕਾਂ ਦਾ ਸਬਰ ਦਾ ਬੰਨ੍ਹ ਟੁੱਟ ਚੁੱਕਾ ਹੈ ਅਤੇ ਹਕੂਮਤ ਦੇ ਤਾਬਿਆਦਾਰ ਬੇਜ਼ਮੀਰੇ ਨੌਕਰਸ਼ਾਹ ਵੀ ਆਵਾਮੀ ਕਰੋਧ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ।

ਜਥੇਬੰਦੀਆਂ ਦੀ ਜਾਗਰੂਕ ਲੀਡਰਸ਼ਿਪ ਇਸ ਹਕੀਕਤ ਨੂੰ ਬਾਖ਼ੂਬੀ ਸਮਝਦੀ ਹੈ ਕਿ ਵਿਰੋਧੀ ਧਿਰ ਦਾ ਹਮਾਇਤ ਦਾ ਢੌਂਗ ਅਗਲੀਆਂ ਚੋਣਾਂ ਦੀਆਂ ਸਿਆਸੀ ਗਿਣਤੀਆਂ-ਮਿਣਤੀਆਂ ਵਿਚੋਂ ਹੈ। ਉਹ ਇਨ੍ਹਾਂ ਸਾਰਿਆਂ ਲਈ ਜੋ ਲਕਬ 'ਵੋਟ ਬਟੋਰੂ ਲਾਣਾ' ਇਸਤੇਮਾਲ ਕਰਦੇ ਹਨ, ਉਹ ਐਨ ਸਹੀ ਹੈ। ਇਹ ਲਾਣਾ ਕਦੇ ਉਨ੍ਹਾਂ ਦੇ ਮੰਗਾਂ-ਮਸਲਿਆਂ ਨੂੰ ਲੈ ਕੇ ਮੋਰਚੇ ਨਹੀਂ ਲਾਉਂਦਾ, ਕਦੇ ਜਾਨ-ਹੂਲਵੇਂ ਸੰਘਰਸ਼ ਨਹੀਂ ਲੜਦਾ। ਬਸ ਖ਼ਾਸ ਮੌਕਿਆਂ 'ਤੇ ਉਨ੍ਹਾਂ ਦੇ ਮੰਗਾਂ-ਮਸਲਿਆਂ ਨੂੰ ਵੋਟ-ਬੈਂਕ ਵਿਚ ਢਾਲਣ ਲਈ ਮਹਿਜ਼ ਚੋਣ ਮੁੱਦੇ ਬਣਾਉਂਦਾ ਹੈ। ਸਭ ਤੋਂ ਅਹਿਮ ਗੱਲ, ਇਨ੍ਹਾਂ ਕੋਲ ਖੇਤੀ ਸੰਕਟ ਸਮੇਤ ਚੌਤਰਫ਼ੇ ਆਰਥਿਕ-ਸਮਾਜੀ ਸੰਕਟ ਨੂੰ ਦੂਰ ਕਰਨ ਲਈ ਸੱਤਾਧਾਰੀ ਧਿਰ ਤੋਂ ਵੱਖਰਾ ਕੋਈ ਮੁਤਬਾਦਲ ਪ੍ਰੋਗਰਾਮ ਨਹੀਂ ਹੈ। ਤੱਥ ਤਾਂ ਇਹ ਹੈ ਕਿ ਬਾਦਲਕਿਆਂ ਦਾ ਆਰਥਿਕ ਮਾਡਲ ਦਰਅਸਲ ਇਨ੍ਹਾਂ ਦਾ ਖ਼ੁਦ ਦਾ ਈਜਾਦ ਕੀਤਾ ਹੋਇਆ ਹੈ। ਬਰਾੜ-ਕਪਤਾਨ-ਭੱਠਲ ਕਿਆਂ ਦੀਆਂ ਸਰਕਾਰਾਂ ਦੀ ਆਪਣੇ ਸਿਆਸੀ ਪੁਰਖੇ ਕੈਰੋਂ ਦੇ ਜ਼ਮਾਨੇ ਤੋਂ ਲੈ ਕੇ ਨੇੜਲੇ ਬੀਤੇ ਤਕ ਦੀ ਕਾਰਗੁਜ਼ਾਰੀ ਕਿਸੇ ਨੂੰ ਭੁੱਲੀ ਹੋਈ ਨਹੀਂ। ਝਾੜੂ ਕੈਂਪ ਦੀ ਭੰਡਨੁਮਾ ਸਿਆਸਤ ਦਾ ਮੁਲੰਮਾ ਵੀ ਇਸ ਹਕੀਕਤ ਨੂੰ ਲੁਕੋ ਨਹੀਂ ਸਕਦਾ ਕਿ ਭ੍ਰਿਸ਼ਟਾਚਾਰ ਵਰਗੇ ਇਕਾ-ਦੁੱਕਾ ਮੁੱਦਿਆਂ ਨੂੰ ਛੱਡ ਕੇ ਸਹੀ ਮਾਇਨਿਆਂ 'ਚ ਕੋਈ ਵੱਖਰੀ ਨੀਤੀ ਇਨ੍ਹਾਂ ਕੋਲ ਵੀ ਨਹੀਂ। ਇਨ੍ਹਾਂ ਦੇ ਇਕੱਠਾਂ ਦੀ ਰੌਣਕ ਮੁੱਖ ਤੌਰ 'ਤੇ ਇਨ੍ਹਾਂ ਦੇ ਵੱਖਰੇ ਪ੍ਰੋਗਰਾਮ ਕਰ ਕੇ ਨਹੀਂ, ਸਗੋਂ ਪੁਰਾਣੀਆਂ ਪਾਰਟੀਆਂ ਤੋਂ ਆਵਾਮ ਦਾ ਮੋਹ ਭੰਗ ਹੈ। ਇਹੀ ਰੌਣਕ ਕੁਝ ਸਾਲ ਪਹਿਲਾਂ ਮਨਪ੍ਰੀਤ ਬਾਦਲ ਦੀ ਭੂਰੀ 'ਤੇ ਜੁੜੇ ਇਕੱਠਾਂ ਵਿਚ ਹੁੰਦੀ ਸੀ।

ਖ਼ਰੇ ਬਦਲ ਦੀ ਅਣਹੋਂਦ 'ਚ ਉਭਰਨ ਵਾਲੇ ਮੰਚ ਹਕੀਕਤ ਵਿਚ ਨਾ ਬਦਲ ਹੁੰਦੇ ਹਨ, ਨਾ ਹੀ ਬਦਲ ਬਣ ਸਕਦੇ ਹਨ। ਜੈਪ੍ਰਕਾਸ਼ ਨਰਾਇਣ ਦੇ ਅਖੌਤੀ ਸੰਪੂਰਨ ਇਨਕਲਾਬ ਦਾ ਆਵਾਮ ਦੀ ਜ਼ਿੰਦਗੀ ਦੀ ਬਿਹਤਰੀ ਦੇ ਨਜ਼ਰੀਏ ਤੋਂ ਸਭ ਤੋਂ ਵੱਡਾ ਸਬਕ ਇਹੀ ਸੀ। ਆਵਾਮ ਦੀ ਤ੍ਰਾਸਦੀ ਇਹ ਹੈ ਕਿ ਮੁਤਬਾਦਲ ਪ੍ਰੋਗਰਾਮ ਨੂੰ ਲੈ ਕੇ ਬਣੀਆਂ ਕਿਸਾਨ-ਮਜ਼ਦੂਰ ਜਥੇਬੰਦੀਆਂ ਆਰਥਿਕ ਮੁੱਦਿਆਂ ਨੂੰ ਲੈ ਕੇ ਸੰਘਰਸ਼ ਤਾਂ ਬਥੇਰੇ ਲੜਦੀਆਂ ਹਨ, ਤੇ ਬਾਖ਼ੂਬੀ ਲੜਦੀਆਂ ਹਨ, ਪਰ ਆਪਣੇ ਪ੍ਰੋਗਰਾਮ ਨੂੰ ਇਸ ਆਦਮਖ਼ੋਰ ਪ੍ਰਬੰਧ ਨੂੰ ਖ਼ਤਮ ਕਰਨ ਦੇ ਉਦੇਸ਼ ਵਾਲੀ ਠੋਸ ਰਾਜਸੀ ਤਹਿਰੀਕ 'ਚ ਬਦਲਣ ਦੀ ਸੇਧ 'ਚ ਅੱਗੇ ਨਹੀਂ ਵਧ ਸਕੀਆਂ। ਇਸ ਦੀ ਅਣਹੋਂਦ 'ਚ ਆਰਥਿਕ ਮਸਲਿਆਂ ਉਪਰ ਉਨ੍ਹਾਂ ਦੇ ਸੰਘਰਸ਼ ਇਕ ਦਾਇਰੇ ਵਿਚ ਸਿਮਟੇ ਰਹਿਣਗੇ। ਤਲਖ਼ ਹਕੀਕਤ ਇਹੀ ਹੋਵੇਗੀ ਕਿ ਲੋਕਾਂ ਦੇ ਆਰਥਿਕ ਹਿੱਤਾਂ ਲਈ ਸੰਘਰਸ਼ ਉਹ ਕਰਦੇ ਰਹਿਣਗੇ ਅਤੇ ਇਸ ਆਦਮਖ਼ੋਰ ਪ੍ਰਬੰਧ ਵਿਚ ਬੁਨਿਆਦੀ ਤਬਦੀਲੀ ਲਿਆਉਣ ਦੇ ਮਨੋਰਥ ਵਾਲੇ ਸੱਚੇ ਸਿਆਸੀ ਬਦਲ ਦੀ ਅਣਹੋਂਦ 'ਚ ਆਵਾਮ ਦੇ ਗੁੱਸੇ ਦਾ ਸਿਆਸੀ ਲਾਹਾ ਜਾਅਲੀ ਬਦਲ ਉਠਾਉਂਦੇ ਰਹਿਣਗੇ।

# ਤਿਆਗੀ ਯੋਧਿਆਂ ਨੂੰ ਸਾਡਾ ਸਲਾਮ

ਤਤਕਾਲੀ ਘਟਨਾਕ੍ਰਮ ਦੌਰਾਨ ਕੁੱਝ ਦੁਖਦਾਈ ਵਾਰਦਾਤਾਂ ਵਾਪਰੀਆਂ। ਦੋ ਗੈਰ ਪੰਜਾਬੀ ਨਾਮਵਰ ਲੇਖਕਾਂ ਕਲਬੁਰਗੀ ਅਤੇ ਦਬੋਲਕਰ ਦੀ ਹੱਤਿਆ ਇਸ ਕਰਕੇ ਕੀਤੀ ਗਈ ਕਿ ਉਕਤ ਦਾਨਸ਼ਵਰ ਫਿਰਕਾਪ੍ਰਸਤੀ ਅਤੇ ਧਾਰਮਿਕ ਅੰਧਵਿਸ਼ਵਾਸ ਖਿਲਾਫ ਝੰਡਾ-ਬਰਦਾਰ ਸਨ। ਇਨ੍ਹਾਂ ਦੀ ਹੱਤਿਆ ਪਿੱਛੇ ਹਿੰਦੂਤਵੀ ਤਾਕਤਾਂ ਤਾਂ ਸਨ ਹੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦਾ ਮੰਤਰੀ-ਮੰਡਲ ਮੂਕ ਦਰਸ਼ਕ ਬਣਿਆ ਰਿਹਾ। ਸਥਿਤੀ ਨੂੰ ਵਾਚਣ ਵਾਲੇ ਲੋਕ ਇਸ ਨਤੀਜੇ 'ਤੇ ਪਹੁੰਚੇ ਕਿ ਇਨ੍ਹਾਂ ਕਤਲਾਂ ਪਿੱਛੇ ਸਰਕਾਰੀ ਸ਼ਹਿ ਅਤੇ ਸਰਕਾਰ ਦੀ ਹਮਦਰਦੀ ਮਕਤੂਲਾਂ ਨਾਲ ਹੋਣ ਦੀ ਬਜਾਏ ਕਾਤਲਾਂ ਨਾਲ ਸੀ। ਇਹ ਸਰਕਾਰੀ ਵਰਤਾਰਾ ਨਿੰਦਣਯੋਗ ਅਤੇ ਦੁਖਦਾਈ ਹੈ।

**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਦੂਜੀ ਵੱਡੀ ਘਟਨਾ ਦਾਦਰੀ ਲਾਗੇ ਵਾਪਰੀ ਜਿਸ ਵਿਚ ਇਕ ਮੁਸਲਮਾਨ ਪਰਿਵਾਰ ਉਪਰ ਹਿੰਦੂ ਕੱਟੜਪੰਥੀਆਂ ਨੇ ਇਸ ਲਈ ਕਾਤਲਾਨਾ ਹਮਲਾ ਕੀਤਾ ਕਿਉਂਕਿ ਉਨ੍ਹਾਂ ਨੂੰ ਇਹ ਸ਼ਕ ਪੈ ਗਿਆ ਸੀ ਕਿ ਮੁਸਲਮਾਨ ਪਰਿਵਾਰ ਦੇ ਚੁੱਲ੍ਹੇ ਉਪਰ ਗਊ ਮਾਸ ਪਕਾਇਆ ਜਾ ਰਿਹਾ ਹੈ। ਮੰਦਰ ਦੇ ਲਾਊਡਸਪੀਕਰ ਤੋਂ ਐਲਾਨ ਕਰਕੇ ਹਜੂਮ ਹਮਲਾ ਕਰਨ ਲਈ ਤੁਰਿਆ ਅਤੇ ਵਹਿਸ਼ੀਆਨਾ ਵਾਰਦਾਤ ਸਰੰਜਾਮ ਕੀਤੀ। ਕਾਤਲਾਂ ਨੂੰ ਫੜ ਕੇ ਸੰਗੀਨ ਅਪਰਾਧ ਕਾਰਨ ਮੁਕੱਦਮਾ ਦਰਜ ਕਰਨ ਦੀ ਬਜਾਏ ਪੁਲਿਸ ਰਿੱਝਦੇ ਹੋਏ ਮੀਟ ਨੂੰ ਪਰਖਣ ਲਈ ਪ੍ਰਯੋਗਸ਼ਾਲਾਵਾਂ ਵਿਚ ਭੇਜਣ ਵਿਚ ਰੁੱਝ ਗਈ। ਅਰਥ ਇਹ ਹੋਇਆ ਕਿ ਜੇ ਵਾਕਿਆ ਹੀ ਮੀਟ ਗਾਂ ਦਾ ਹੋਇਆ ਤਾਂ ਇਹ ਕਤਲ ਜਾਇਜ਼ ਹਨ। ਇਨ੍ਹਾਂ ਦੋ ਘਟਨਾਵਾਂ ਨੇ ਭਾਰਤ ਨੂੰ ਹਿਲਾ ਦਿੱਤਾ।

ਸਰਕਾਰ ਦਾ ਅਜਿਹਾ ਫਿਰਕੂ ਰਵੱਈਆ ਦੇਖਦਿਆਂ ਨਾਮਵਰ ਲੇਖਕਾਂ ਨੇ ਆਪੋ ਆਪਣੇ ਪ੍ਰਾਪਤ ਕੀਤੇ ਮਾਨ-ਸਨਮਾਨ ਵਾਪਸ ਕਰਨੇ ਸ਼ੁਰੂ ਕਰ ਦਿੱਤੇ। ਇਨਾਮ ਵਾਪਸ ਕਰਨ ਵਾਲੇ ਮੋਢੀਆਂ ਵਿਚ ਸ੍ਰੀ ਉਦੈ ਪ੍ਰਕਾਸ਼, ਨਯਨਤਾਰਾ ਸਹਿਗਲ, ਅਸ਼ੋਕ ਵਾਜਪੇਈ, ਰਹਿਮਾਨ ਅੱਬਾਸ, ਸ਼ਸ਼ੀ ਦੇਸ਼ਪਾਂਡੇ, ਸੇਰਾ ਜੋਜ਼ਫ ਅਤੇ ਕੇ. ਸਚਿਦਾਨੰਦਨ ਹਨ। ਅਸੀਂ ਦਿਲਚਸਪੀ ਅਤੇ ਉਤੇਜਨਾ ਨਾਲ ਦੇਖ ਰਹੇ ਸਾਂ ਕਿ ਇਸ ਦਿਸ਼ਾ ਵਿਚ ਪੰਜਾਬ ਕੀ ਭੂਮਿਕਾ ਨਿਭਾਏਗਾ। ਸਭ ਤੋਂ ਪਹਿਲੀ ਖਬਰ ਮਿਲੀ ਕਿ ਉਘੇ ਕਹਾਣੀਕਾਰ, ਨਾਵਲਕਾਰ ਅਤੇ ਸੰਪਾਦਕ-ਪੱਤਰਕਾਰ ਸ. ਗੁਰਬਚਨ ਸਿੰਘ ਭੁੱਲਰ ਨੇ ਸਾਹਿਤ ਅਕਾਦਮੀ ਦਾ ਨਾਮਵਰ ਪੁਰਸਕਾਰ ਰੋਸ ਵਜੋਂ ਵਾਪਸ ਕਰ ਦਿੱਤਾ। ਉਨ੍ਹਾਂ ਪਿੱਛੋਂ ਸ੍ਰੀ ਅਜਮੇਰ ਔਲਖ, ਵਰਿਆਮ ਸੰਧੂ, ਆਤਮਜੀਤ ਅਤੇ ਮੇਘਰਾਜ ਮਿੱਤਰ ਨੇ ਆਪੋ ਆਪਣੇ ਸਨਮਾਨ ਵਾਪਸ ਕੀਤੇ। ਇਨ੍ਹਾਂ ਪਿੱਛੋਂ ਸ੍ਰੀ ਸੁਰਜੀਤ ਪਾਤਰ, ਬਲਦੇਵ ਸਿੰਘ ਸੜਕਨਾਮਾ, ਗਜ਼ਲਗੋ ਜਸਵਿੰਦਰ ਅਤੇ ਦਰਸ਼ਨ ਬੁੱਟਰ ਨੇ ਆਪਣੇ ਸਨਮਾਨ ਚਿੰਨ੍ਹ ਤਿਆਗ ਦਿੱਤੇ। ਇਥੇ ਇਹ ਦੱਸਣਾ ਜਰੂਰੀ ਹੈ ਕਿ ਇਸ ਲੜੀ ਵਿਚ ਕਨੜ ਭਾਸ਼ਾ ਦੇ ਸੱਤ ਲੇਖਕ ਪਹਿਲੋਂ ਹੀ ਸਰਕਾਰੀ ਸਨਮਾਨ ਵਾਪਸ ਕਰ ਚੁੱਕੇ ਹਨ।

ਸੰਗੀਨ ਦੁਖਦਾਈ ਘੜੀ ਵਿਚ ਪੰਜਾਬੀਆਂ ਵਲੋਂ ਦਿਖਾਇਆ ਤਿਆਗ ਹਿੰਦੂਸਤਾਨ ਦੀ ਰਹਿਨੁਮਾਈ ਕਰੇਗਾ ਕਿਉਂਕਿ ਪੰਜਾਬੀ ਸਾਹਿਤਕਾਰਾਂ ਨੇ ਗੈਰ ਪੰਜਾਬੀ ਹਿਤਾਂ ਦੀ ਰੱਖਿਆ ਵਾਸਤੇ ਆਪੋ ਆਪਣੇ ਸਨਮਾਨ ਚਿੰਨ੍ਹ ਵਾਪਸ ਕਰ ਦਿੱਤੇ। ਇਸ ਮੌਕੇ ਤੇ ਪੰਜਾਬੀ ਅਤੇ ਅੰਗਰੇਜ਼ੀ ਟ੍ਰਿਬਿਊਨ ਨੇ ਇਸ ਪ੍ਰਸੰਗ ਵਿਚ ਤਾਕਤਵਰ ਸੰਪਾਦਕੀ ਲਿਖੇ। ਸ੍ਰੀ ਹਰੀਸ਼ ਹਰੇ ਨੇ ਦੁਖਿਆਰਿਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਿਆਂ ਮਾਰਟਿਨ ਨਿਮੋਲਰ ਦੀਆਂ ਪੰਕਤੀਆਂ ਦੁਹਰਾਈਆਂ ਜਿਹੜੀਆਂ ਉਸਨੇ ਜਰਮਨ ਫਾਸ਼ੀਵਾਦ ਵਿਰੁੱਧ ਲਿਖੀਆਂ ਸਨ-

ਪਹਿਲਾਂ ਉਹ ਸੋਸ਼ਲਿਸਟਾਂ ਨੂੰ ਫੂੰਡਣ ਆਏ
ਮੈਂ ਖਾਮੋਸ਼ ਰਿਹਾ ਕਿਉਂਕਿ ਮੈ ਸੋਸ਼ਲਿਸਟ ਨਹੀਂ ਸਾਂ।
ਫਿਰ ਉਹ ਮਜਦੂਰ ਆਗੂਆਂ ਨੂੰ ਫੂੰਡਣ ਆਏ
ਮੈਂ ਚੁੱਪ ਰਿਹਾ, ਮੈਂ ਕਿਹੜਾ ਮਜਦੂਰ ਆਗੂ ਸਾਂ।
ਫਿਰ ਉਹ ਯਹੂਦੀਆਂ ਨੂੰ ਫੂੰਡਣ ਆਏ
ਮੈਂ ਦੇਖਦਾ ਰਿਹਾ ਕਿਉਂਕਿ ਮੈਂ ਕਿਹੜਾ ਯਹੂਦੀ ਸਾਂ।
ਫਿਰ ਉਹ ਮੇਰੇ ਉਪਰ ਹਮਲਾ ਕਰਨ ਆਏ
ਮੈਂ ਇੱਕਲਾ ਰਹਿ ਗਿਆ, ਕੋਈ ਮੇਰੇ ਹੱਕ ਵਿਚ ਨਾ ਨਿੱਤਰਿਆ।

ਕੁੱਝ ਕੁ ਤਮਾਸ਼ਬੀਨਾਂ ਨੇ ਸਨਮਾਨ ਤਿਆਗਣ ਵਾਲਿਆਂ ਦੀ ਇਹ ਕਹਿ ਕੇ ਖਿੱਲੀ ਉਡਾਈ ਕਿ ਇਨ੍ਹਾਂ ਨੇ ਕਾਗਜ਼ਾਂ ਦੇ ਸਰਟੀਫਿਕੇਟ ਵਾਪਸ ਕਰ ਦਿੱਤੇ ਪਰ ਸਰਕਾਰ ਵਲੋਂ ਪ੍ਰਾਪਤ ਧਨ ਰਾਸ਼ੀ ਨਹੀਂ ਮੋੜੀ। ਇਲਜ਼ਾਮ-ਤਰਾਸ਼ੀ ਕਰਨ ਵਾਲਿਆਂ ਨੂੰ ਇਸ ਗੱਲ ਦੀ ਖਬਰ ਨਹੀਂ ਸੀ ਕਿ ਇਨ੍ਹਾਂ ਸਾਰੇ ਲੇਖਕਾਂ ਨੇ ਰੋਸ ਵਜੋਂ ਸਰਕਾਰ ਨੂੰ ਲਿਖੇ ਪੱਤਰਾਂ ਨਾਲ ਸਨਮਾਨ ਰਾਸ਼ੀ ਦੇ ਚੈਕ ਨੱਥੀ ਕੀਤੇ ਸਨ। ਮੈਨੂੰ ਸੱਠਵਿਆਂ ਵਿਚ ਸੋਵੀਅਤ ਰੂਸ ਅੰਦਰ ਵਾਪਰੀ ਘਟਨਾ ਯਾਦ ਆਈ। ਨੋਬਲ ਇਨਾਮ ਜੇਤੂ ਨਾਵਲਕਾਰ ਸਿਕੰਦਰ ਸੋਲਜ਼ੇਨਿਤਸਨ ਨੂੰ ਸੋਵੀਅਤ ਲੇਖਕ ਸੰਘ ਨੇ ਇਸ ਕਰਕੇ ਛੇਕ ਦਿੱਤਾ ਸੀ ਕਿਉਂਕਿ ਉਹ ਕਮਿਊਨਿਸਟ ਨਹੀਂ ਸੀ। ਸੋਵੀਅਤ ਲੇਖਕ ਸੰਘ ਵਿਚੋਂ ਕੱਢੇ ਜਾਣ ਦਾ ਅਰਥ ਭੁੱਖਮਰੀ ਦੀ ਮੌਤ ਮਰਨਾ ਸੀ। ਸੋਲਜ਼ੇਨਿਤਸਨ ਇਸ ਕਰਕੇ ਬਚਿਆ ਰਿਹਾ ਕਿਉਂਕਿ ਉਸ ਦੀਆਂ ਲਿਖਤਾਂ ਪੱਛਮ ਵਿਚ ਧੜਾਧੜ ਛਪਣ ਲੱਗੀਆਂ। ਹੁਣ ਉਸ ਉਪਰ ਕਮਿਊਨਿਸਟਾਂ ਨੇ ਇਹ ਇਲਜ਼ਾਮ ਲਾਇਆ ਕਿ ਸੋਲਜ਼ੇਨਿਤਸਨ ਪੱਛਮ ਪਾਸ ਵਿਕ ਗਿਆ ਹੈ। ਇਹ ਇਲਜ਼ਾਮ ਪੜ੍ਹ ਕੇ ਸੋਲਜ਼ੇਨਿਤਸਨ ਨੇ ਐਲਾਨ ਕਰ ਦਿੱਤਾ ਕਿ ਉਹ ਪੱਛਮੀ ਪ੍ਰੈਸ ਤੋਂ ਭਵਿੱਖ ਵਿਚ ਰਾਇਲਟੀ ਦੇ ਪੈਸੇ ਨਹੀਂ ਲਵੇਗਾ। ਇਸ ਬਾਅਦ ਅਲੋਚਕਾਂ ਨੇ ਕਿਹਾ, ਸੋਲਜ਼ੇਨਿਤਸਨ ਹੁਣ ਪੈਸੇ ਨਾਲ ਪੱਛਮ ਦੀ ਮਦਦ ਕਰ ਰਿਹਾ ਹੈ। ਜਦੋਂ ਉਸ ਨੂੰ ਜਲਾਵਤਨ ਕਰ ਦਿੱਤਾ ਤਾਂ ਅਮਰੀਕਾ ਤੋਂ ਉਸ ਨੇ ਸੋਵੀਅਤ ਸਰਕਾਰ ਦੇ ਨਾਮ ਖੁਲ੍ਹਾ ਖ਼ਤ ਲਿਖਿਆ ਜਿਸ ਵਿਚ ਇਕ ਵਾਕ ਇਹ ਸੀ, "ਤੁਸੀਂ ਆਪਣੇ ਦੇਸ ਦੇ ਦੁਆਲੇ ਲੋਹੇ ਦੀਆਂ ਉਚੀਆਂ ਕੰਧਾਂ ਉਸਾਰ ਰੱਖੀਆਂ ਹਨ, ਇਨ੍ਹਾਂ ਕੰਧਾਂ ਨੂੰ ਢਾਹੋਗੇ ਤਾਂ ਦੇਖੋਗੇ ਕਿ ਬਾਹਰ ਤਾਂ ਕਦੋਂ ਦਾ ਸੂਰਜ ਚੜ੍ਹ ਚੁੱਕਿਆ ਹੈ।"

ਪੰਜਾਬ ਦੇ ਲੇਖਕਾਂ ਨੇ ਇਸ ਮੌਕੇ ਸਾਰੀਆਂ ਹੱਦਬੰਦੀਆਂ ਤੋਂ ਉਪਰ ਉਠਦਿਆਂ ਜਿਵੇਂ ਭਾਰਤੀ ਮਜ਼ਲੂਮਾਂ ਦੇ ਹੱਕ ਵਿਚ ਆਪਣੇ ਸਨਮਾਨ ਤਿਆਗੇ ਹਨ ਉਸ ਨਾਲ ਸਾਰੇ ਸੰਸਾਰ ਵਿਚ ਪੰਜਾਬ ਦਾ ਮਰਾਤਬਾ ਬੁਲੰਦ ਹੋਇਆ ਹੈ। ਦਿਲਚਸਪ ਤੱਥ ਇਹ ਹੈ ਕਿ ਸਨਮਾਨ ਵਾਪਸ ਕਰਨ ਵਾਲੇ ਲਗਭਗ ਸਾਰੇ ਪੰਜਾਬੀ ਖੱਬੇ ਪੱਖੀ ਵਿਚਾਰਧਾਰਾ ਦੇ ਸਮਰਥਕ ਲੇਖਕ ਹਨ। ਇਨ੍ਹਾਂ ਨੇ ਜੋ ਫੈਸਲਾ ਇਸ ਦੁਖਦਾਈ ਘੜੀ ਵਿਚ ਲਿਆ ਉਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਯਾਦ ਕਰਵਾ ਦਿੰਦਾ ਹੈ ਜਿਨ੍ਹਾਂ ਨੇ ਉਸ ਤਿਲਕ ਜੰਜੂ ਦੀ ਸਲਾਮਤੀ ਵਾਸਤੇ ਜਾਨ ਦੇ ਦਿੱਤੀ ਸੀ ਜਿਸ ਤਿਲਕ ਜੰਜੂ ਨੂੰ ਧਾਰਨ ਕਰਨ ਤੋਂ ਗੁਰੂ ਨਾਨਕ ਦੇਵ ਜੀ ਨੇ ਇਨਕਾਰ ਕਰ ਦਿੱਤਾ ਸੀ।

ਵਿਦਰੋਹੀ ਪੰਜਾਬੀ ਸਾਹਿਤਕਾਰਾਂ ਦਾ ਫੈਸਲਾ ਮਨੁੱਖਤਾ ਦਾ ਸਿਰ ਉਚਾ ਕਰਦਾ ਹੈ। ਇਨ੍ਹਾਂ ਲੇਖਕਾਂ ਦੇ ਤਿਆਗਮਈ ਫੈਸਲੇ ਨੂੰ ਸਾਡਾ ਸਲਾਮ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

# ਗਾਗਰ ਵਿਚ ਸਾਗਰ ਭਰਨ ਦੀ ਕਲਾ

ਸਾਡੀ ਜ਼ਿੰਦਗੀ ਵਿਚ ਅਕਸਰ ਕੋਈ ਨਾ ਕੋਈ ਅਜਿਹਾ ਵਿਅਕਤੀ ਜ਼ਰੂਰ ਹੁੰਦਾ ਹੈ ਜਿਸ ਨੂੰ ਗੱਲ-ਕੱਥ ਕਰਨ ਵੇਲੇ 'ਗਿੱਲਾ ਪੀਹਣ ਪਾ ਬਹਿਣ' ਦੀ ਆਦਤ ਹੁੰਦੀ ਹੈ। ਸਮੇਂ ਦੀ ਨਜ਼ਾਕਤ ਅਣਡਿੱਠ ਕਰ ਕੇ ਲੰਮੀ ਰਾਮ ਕਹਾਣੀ ਛੇੜਨ ਵਾਲੇ ਅਜਿਹੇ ਸੱਜਣਾਂ ਨੂੰ ਅਖੀਰ ਕਹਿਣਾ ਪੈ ਜਾਂਦਾ ਹੈ ਕਿ ਭਰਾ ਜੀ, ਪਾਣੀ ਵਿਚ ਮਧਾਣੀ ਨਾ ਪਾਓ, ਛੇਤੀ ਗੱਲ ਮੁਕਾ ਦਿਓ। ਅਜਿਹੀ ਆਦਤ ਵਾਲਾ ਕੋਈ ਜਾਣੂ ਜੇ ਦਿਸ ਪਵੇ ਤਾਂ ਕੰਨੀ ਕਤਰਾਉਂਦਿਆਂ ਪਾਸੇ ਹੋਣ ਵਿਚ ਹੀ ਗਨੀਮਤ ਹੁੰਦੀ ਹੈ; ਕਿਉਂਕਿ ਪਤਾ ਹੀ ਹੁੰਦਾ ਹੈ ਕਿ ਜੇ ਉਸ ਨੇ ਇਕ ਵਾਰ 'ਫਹੇ ਤੰਦ' ਪਾ ਲਈ, ਤਾਂ ਉਹ ਗੱਲਾਂ ਦਾ ਪੂਰਾ ਗਲੋਟਾ ਲਾਹ ਕੇ ਹੀ ਹਟੇਗਾ। ਭੱਜ-ਨੱਠ ਤੇ ਕਾਹਲ ਭਰੇ ਅਜੋਕੇ ਸਮੇਂ ਵਿਚ ਭਲਾ ਕਿਹਦੇ ਕੋਲ ਟਾਈਮ ਹੈ ਜੋ ਕਿਸੇ ਨੂੰ ਅਕਾਰਥ ਹੀ ਲੱਸੀ ਵਿਚ ਪਾਣੀ ਪਾ-ਪਾ ਵਧਾਉਂਦਾ ਹੋਇਆ ਦੇਖੀ ਜਾਵੇ।

ਪੰਜਾਬੀ ਜਨ-ਜੀਵਨ ਵਿਚ ਸੰਖੇਪ ਤੋਂ ਸੰਖੇਪ ਸ਼ਬਦਾਂ 'ਚ ਗੱਲ ਕਹਿਣ ਦੀ ਕਲਾ ਬਾਰੇ ਇਕ ਲਤੀਫ਼ਾ ਬੜਾ ਮਸ਼ਹੂਰ ਹੈ, ਅਖੇ, ਕਿਸੇ ਕਾਰੋਬਾਰੀ ਅਦਾਰੇ ਦੇ ਦਫਤਰ ਵਿਚ ਕੋਈ ਖਾਲੀ ਅਸਾਮੀ ਪੂਰ ਕਰਨ ਲਈ ਇੰਟਰਵਿਊ ਚੱਲ ਰਹੀ ਸੀ। ਇੰਟਰਵਿਊ ਲੈ ਰਹੇ ਅਫਸਰ ਨੇ ਉਮੀਦਵਾਰਾਂ ਨੂੰ ਇਹ ਸ਼ਰਤ ਸੁਣਾ ਦਿੱਤੀ ਕਿ ਦਫਤਰ ਅੰਦਰ ਆਉਣ ਦੀ ਇਜਾਜ਼ਤ ਮੰਗਣ ਲਈ ਜਿਹੜਾ ਉਮੀਦਵਾਰ ਘੱਟ ਤੋਂ ਘੱਟ ਲਫ਼ਜ਼ਾਂ ਦੀ ਵਰਤੋਂ ਕਰੇਗਾ, ਉਸ ਨੂੰ ਰਖ ਲਿਆ ਜਾਵੇਗਾ।

ਅੰਗਰੇਜ਼ੀ ਬੋਲਣ ਵਿਚ ਪੂਰੇ ਮਾਹਰ ਇਕ ਮੁੰਡੇ ਨੇ ਦਰਵਾਜ਼ੇ 'ਤੇ ਲਟਕਦੀ ਚਿਕ ਪਾਸੇ ਕਰਦਿਆਂ ਸਾਹਮਣੇ ਬੈਠੇ ਅਫਸਰ ਨੂੰ ਪੁੱਛਿਆ, "ਮੇ ਆਈ ਕਮ ਇਨ ਸਰ?" ਅਫਸਰ ਨੇ ਸਿਰ ਫੇਰ ਦਿੱਤਾ। ਦੂਸਰੇ ਲੜਕੇ ਨੇ ਹਿੰਦੀ ਵਿਚ ਪੁੱਛਿਆ, "ਸ੍ਰੀ ਮਾਨ ਜੀ, ਅੰਦਰ ਆ ਸਕਤਾ ਹੂੰ?" ਉਸ ਨੂੰ ਵੀ ਨਾਂਹ ਹੋ ਗਈ। ਤੀਜਾ ਲੜਕਾ ਉਰਦੂ ਜਾਣਦਾ ਸੀ। ਉਸ ਨੇ ਬੜੀ ਆਜਜ਼ੀ ਨਾਲ ਕਿਹਾ, "ਅੰਦਰ ਆਨੇ ਕੀ ਇਜਾਜ਼ਤ ਹੈ ਜਨਾਬ?" ਅਫਸਰ ਖੁਸ਼ ਨਾ ਹੋਇਆ। ਸਭ ਤੋਂ ਅਖੀਰ ਵਿਚ ਪੰਜਾਬੀ ਦੀ ਵਾਰੀ ਆਈ। ਸਰਟੀਫਿਕੇਟਾਂ ਦੀ ਫਾਈਲ ਕੱਛੇ ਮਾਰੀ ਉਹ ਦਰਵਾਜ਼ੇ ਵਿਚ ਜਾ ਖੜ੍ਹਿਆ। ਅਫਸਰ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਹਿੰਦਾ, "ਵੜਾਂ?"

ਕਿਸੇ ਕੋਲੋਂ ਲੰਮੀਆਂ 'ਰਾਮ ਕਹਾਣੀਆਂ' ਸੁਣਨ ਦੀ ਗੱਲ ਤਾਂ ਇਕ ਪਾਸੇ, ਹੁਣ ਤਾਂ ਅਖਬਾਰਾਂ ਮੈਗਜ਼ੀਨਾਂ ਦੇ ਪਾਠਕ ਵੀ ਮਿਨੀ ਕਹਾਣੀਆਂ ਵਰਗੇ ਮਿੰਟਾਂ-ਸਕਿੰਟਾਂ ਵਿਚ ਮੁੱਕ ਜਾਣ ਵਾਲਾ ਮਸਾਲਾ ਪੜ੍ਹਨਾ ਸ਼ੁਰੂ ਕਰਦੇ ਹਨ। ਉਹ ਸਮਾਂ ਲੱਦ ਗਿਆ ਜਦੋਂ ਅਖਬਾਰਾਂ ਰਸਾਲਿਆਂ ਵਿਚ ਸਾਲ ਸਾਲ ਭਰ ਨਾਟਕ-ਨਾਵਲਾਂ ਦੀਆਂ ਲੜੀਆਂ ਚੱਲਦੀਆਂ ਰਹਿੰਦੀਆਂ ਸਨ। ਵਿਹਲ ਨਾਲ ਭਰੇ-ਭਕੁੰਨੇ ਪਾਠਕ ਉਤਸੁਕਤਾ ਨਾਲ ਇਨ੍ਹਾਂ ਲੜੀਆਂ ਨਾਲ ਜੁੜੇ ਰਹਿੰਦੇ ਸਨ। ਅੱਗੇ ਕੀ ਹੋਇਆ? ਜਾਨਣ ਦੀ ਖਿੱਚ ਬਰਕਰਾਰ ਰਹਿੰਦੀ ਸੀ ਉਦੋਂ।

ਹੁਣ ਵੀ ਭਾਵੇਂ ਕੁਝ ਅਖਬਾਰ ਨਾਵਲ ਵਗੈਰਾ ਕਿਸ਼ਤਵਾਰ ਛਾਪ ਰਹੇ ਹਨ, ਪਰ ਬਹੁਤੇ ਪਾਠਕ ਤਾਂ ਕੋਈ ਲੰਮੀ ਕਵਿਤਾ ਕਹਾਣੀ ਪੜ੍ਹਨੀ ਸ਼ੁਰੂ ਕਰਨ ਤੋਂ ਪਹਿਲਾਂ, ਉਸ ਦਾ 'ਅੰਤਲਾ ਪਹਿਰਾ' ਲੱਭ ਕੇ, ਉਸ ਦੀ ਲੰਬਾਈ ਚੌੜਾਈ ਨਾਲ ਆਪਣੇ ਕੀਮਤੀ ਵਿਹਲ ਦੀ ਜਮ੍ਹਾਂ-ਘਟਾਓ ਕਰਦੇ ਹਨ। ਜਿਸ ਇਬਾਰਤ ਦੇ ਅੰਤ ਵਿਚ ਲਿਖਿਆ ਹੋਵੇ 'ਚੱਲਦਾ', ਤਦ ਸਮਝੋ ਪਾਠਕ ਵੀ ਉਸ ਨੂੰ ਛੱਡ ਕੇ ਚੱਲਦਾ ਹੋ ਜਾਵੇਗਾ। ਸ਼ਾਰਟਕੱਟ ਦੇ ਇਸ ਦੌਰ ਵਿਚ ਉਹ ਕੁਝ ਸੰਕੋਚਵਾਂ ਹੀ ਲੱਭੇਗਾ ਪੜ੍ਹਨ ਲਈ।

'ਹਾਂ' ਜਾਂ 'ਨਾਂਹ' ਵਰਗੀ ਦੋ ਹਰਫ਼ੀ ਗੱਲ ਕਹਿਣ-ਸੁਣਨ ਦੀ ਪ੍ਰੇਰਨਾ ਦੇਣ ਵਾਲੀ ਇਕ ਇਤਿਹਾਸਕ ਸਾਖੀ ਵੀ ਹੈ। ਇਕ ਵਾਰ ਦਸਵੇਂ ਗੁਰੂ ਨੇ ਵੀ ਸਿੰਘਾਂ ਦੀ ਬਿਬੇਕ ਬੁੱਧ ਪਰਖਣ ਹਿੱਤ ਆਪਣੇ ਦਰਬਾਰੀ ਸਿੱਖ ਸੇਵਕਾਂ ਨੂੰ ਸਵਾਲ ਪਾਇਆ ਕਿ ਕੋਈ ਸਿੰਘ ਆ ਕੇ ਸਾਨੂੰ ਘੋੜੇ ਦੀ ਰਕਾਬ ਵਿਚ ਪੈਰ ਪਾਉਣ ਜਿੰਨੇ ਸਮੇਂ ਵਿਚ (ਗੁਰੂ) ਗ੍ਰੰਥ ਸਾਹਿਬ ਦਾ ਪਾਠ ਸੁਣਾਏ। ਗੁਰਬਾਣੀ ਦੇ ਨੇਮੀ ਪ੍ਰੇਮੀ ਭਾਵੇਂ ਇਹ ਅਨੋਖਾ ਸਵਾਲ ਸੁਣ ਕੇ ਖਾਮੋਸ਼ ਹੋ ਗਏ ਸਨ, ਪਰ ਆਤਮਿਕ ਸੋਝੀ ਵਾਲੇ ਇਕ ਸਿੱਖ ਨੇ ਗੁਰੂ ਜੀ ਦਾ ਦਿਲ ਜਿੱਤ ਲਿਆ ਸੀ, ਜਦ ਉਸ ਨੇ ਗੁਰੂ ਸਾਹਿਬ ਵੱਲੋਂ ਰਕਾਬ ਵਿਚ ਪੈਰ ਪਾਉਂਦਿਆਂ ਹੀ ਹੱਥ ਜੋੜ ਕੇ 'ਇਕ ਓਂਕਾਰ' ਦਾ ਉਚਾਰਨ ਕਰ ਦਿੱਤਾ।

ਜਾਪਦਾ ਹੈ, ਦੁਨੀਆਂ ਭਰ ਦਾ ਸਾਹਿਤ ਪੜ੍ਹੇ-ਗੁੜ੍ਹੇ ਅਚਾਰੀਆ ਰਜਨੀਸ਼ ਨੇ ਕਿਤੇ ਇਹ ਇਤਿਹਾਸ ਜ਼ਰੂਰ ਪੜ੍ਹਿਆ ਹੋਵੇਗਾ। ਇਸੇ ਕਰ ਕੇ ਉਸ ਨੇ ਇਸ ਵਾਰਤਾ ਦੇ ਅੰਤਰੀਵੀ ਭਾਵ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰਦਿਆਂ ਕਿਹਾ ਕਿ ਜੋ ਗਿਆਨੀ ਪੁਰਸ਼ ਹੈ, ਉਨ ਕੇ ਲੀਏ ਤੋ ਇਕ ਓਂਕਾਰ ਹੀ ਕਾਫੀ ਹੈ। ਆਗੇ ਕੀ ਬਾਣੀ ਤੋਂ ਅਗਿਆਨੀਓਂ ਕੋ ਸਮਝਾਨੇ ਕੇ ਹੇਤੂ ਹੈ!

ਪ੍ਰਿੰਸੀਪਲ ਗੰਗਾ ਸਿੰਘ ਨੇ ਆਪਣੀ ਪੁਸਤਕ 'ਜਨਤਾ ਵਿਚ ਕਿਵੇਂ ਬੋਲੀਏ' ਵਿਚ ਕਿਸੇ ਮਦਰੱਸੇ ਦੇ ਮੌਲਵੀ ਦੀ ਦੁਰਗਤੀ ਬਿਆਨ ਕੀਤੀ ਹੋਈ ਹੈ ਜੋ ਆਪਣੇ ਵਿਦਿਆਰਥੀਆਂ ਨੂੰ ਸਿਖਾ ਰਿਹਾ ਸੀ ਕਿ ਐਵੇਂ ਠਾਹ ਸੋਟਾ ਮਾਰਨ ਵਾਂਗ ਮੂੰਹੋਂ ਗੱਲ ਨਹੀਂ ਕੱਢ ਮਾਰੀਦੀ, ਸਗੋਂ ਜਿਵੇਂ ਗਹਿਣੇ-ਗੱਟੇ ਪਾ ਕੇ ਔਰਤਾਂ ਨੇ ਆਪਣੇ ਹੁਸਨ ਨੂੰ ਚਾਰ ਚੰਨ ਲਾਏ ਹੁੰਦੇ ਨੇ, ਕੋਈ ਗੱਲ ਕਹਿਣ ਲੱਗਿਆਂ, ਉਸ ਵਿਚ ਮਾਣ ਸਤਿਕਾਰ ਤੇ ਮੋਹ ਮਿਠਾਸ ਵਾਲੇ ਵਿਸ਼ੇਸ਼ਣ ਜੜਨੇ ਚਾਹੀਦੇ ਹਨ, ਤਾਂ ਕਿ ਅਗਲੇ 'ਤੇ ਤੁਹਾਡੀ ਵਿਦਵਤਾ ਦਾ ਰੋਹਬ ਪੈ ਸਕੇ।

ਵਿਦਿਆਰਥੀਆਂ ਨੂੰ ਇਹ ਨੁਕਤੇ ਸਮਝਾਉਂਦਿਆਂ ਮੌਲਵੀ ਸਾਹਿਬ ਚਿਲਮ ਦੇ ਸੂਟੇ ਵੀ ਖਿੱਚੀ ਗਿਆ। ਕਿਤੇ ਬੇ-ਧਿਆਨੀ ਵਿਚ ਚਿਲਮ 'ਚੋਂ ਚੰਗਿਆੜੀ ਉਡ ਕੇ ਉਸ ਦੇ ਸਿਰ 'ਤੇ ਪਾਏ ਕੁੱਲੇ 'ਤੇ ਡਿਗ ਪਈ। ਥੋੜ੍ਹੀ ਥੋੜ੍ਹੀ ਹਵਾ ਚੱਲਦੀ ਹੋਣ ਕਰ ਕੇ ਕੁੱਲੇ 'ਤੇ ਅੱਗ ਸੁਲਘਣ ਲੱਗ ਪਈ। ਕੁੱਲਾ ਕਿਉਂਕਿ ਪੱਗ ਦੇ ਵਿਚਾਲੇ ਉਤੇ ਨੂੰ ਉਠਿਆ ਹੋਇਆ ਹੁੰਦਾ ਹੈ, ਸੁਲਘਦੀ ਚੰਗਿਆੜੀ ਤੋਂ ਬੇਖਬਰ ਮੌਲਵੀ ਚਿਲਮ ਦੇ ਸੂਟੇ ਮਾਰੀ ਗਿਆ। ਇੰਨੇ ਨੂੰ ਜਮਾਤ ਵਿਚੋਂ ਉਠ ਕੇ ਇਕ ਮੁੰਡਾ ਹੱਥ ਜੋੜ ਕੇ ਖੜ੍ਹਾ ਹੋ ਗਿਆ। ਮੌਲਵੀ ਸਾਹਿਬ ਨੂੰ ਕਹਿਣ ਲੱਗਾ, "ਸਾਡੀ ਸਾਰੀ ਜਮਾਤ ਦੇ ਚਾਨਣ ਮੁਨਾਰੇ, ਮਹਾਨ ਆਲਮ ਫ਼ਾਜ਼ਲ ਜਨਾਬ ਮੁਹੰਮਦ ਫਲਾਣੇ ਸ਼ਾਹ ਜੀਓ, ਬਾ-ਅਦਬ ਆਪ ਜੀਆਂ ਨੂੰ ਇਹ ਇਤਲਾਹ ਦਿੰਦੇ ਹੋਏ ਦੁੱਖ ਹੋ ਰਿਹਾ ਹੈ ਕਿ ਆਪ ਜੀ ਦੀ ਦਸਤਾਰ-ਏ-ਮੁਬਾਰਕ ਦੇ ਵਿਚਕਾਰ ਸ਼ੋਭਾ ਵਧਾ ਰਹੇ ਕੁੱਲੇ ਪਰ, ਮੌਲਵੀ ਸਾਹਿਬ ਜੀ ਦੇ ਦਸਤ-ਏ-ਮੁਬਾਰਕ ਵਿਚ ਫੜੀ ਹੋਈ ਚਿਲਮ ਵਿਚੋਂ ਚਮਕਦੀ ਦਮਕਦੀ ਅੱਗ ਦੀ ਚੰਗਿਆੜੀ ਡਿੱਗ ਪਈ ਸੀ, ਜੋ ਹੁਣ ਐਸ ਵੇਲੇ...।"

ਉਸਤਾਦ ਤੋਂ ਤਾਜ਼ੀ ਤਾਜ਼ੀ ਮਿਲੀ ਸਿੱਖਿਆ ਦਾ ਪਾਲਣ ਕਰਦਿਆਂ ਮੁੰਡੇ ਦਾ ਵਿਸ਼ੇਸ਼ਣਾਂ ਨਾਲ ਸ਼ਿੰਗਾਰੀ ਇਬਾਰਤ ਦਾ ਪਾਠ ਹਾਲੇ ਚੱਲ ਹੀ ਰਿਹਾ ਸੀ ਕਿ ਸਿਰ ਨੂੰ ਸੇਕ ਮਹਿਸੂਸ ਕਰ ਕੇ ਭੁੜਕਦੇ ਮੌਲਵੀ ਨੇ ਪੱਗ ਲਾਹ ਕੇ ਪਰੇ ਸੁੱਟ ਦਿੱਤੀ; ਤਾਂ ਮੌਲਵੀ ਜੀ ਦਾ ਬਚਾਅ ਹੋ ਗਿਆ, ਨਹੀਂ ਤਾਂ ਬੇਲੋੜੇ ਵਿਸ਼ੇਸ਼ਣਾਂ ਨੇ ਉਸ ਦਾ ਫ਼ਾਤਿਹਾ ਪੜ੍ਹ ਦੇਣਾ ਸੀ।

ਚਲੋ 'ਗੱਲ ਮੁੱਕੀ ਰਿਹਾੜ ਗਈ' ਵਾਲਾ ਮੁਹਾਵਰਾ ਯਾਦ ਕਰ ਕੇ ਮੈਂ ਵੀ ਗਿੱਲਾ ਪੀਹਣ ਪਾਉਣ ਤੋਂ ਗੁਰੇਜ਼ ਕਰਦਿਆਂ ਸਿਰਫ ਇੰਨਾ ਆਖ ਗੱਲ ਨਿਬੇੜਦਾ ਹਾਂ ਕਿ ਇਸ ਵਿਚਾਰ ਦਾ ਫੁਰਨਾ ਕਿਵੇਂ ਫੁਰਿਆ। ਕਿਸੇ ਸੰਮੇਲਨ ਵਿਚ ਕਥਾ ਕਰਦੇ ਬਾਬੇ ਨੇ ਲੰਮਾ-ਚੌੜਾ ਖਿਲਾਰਾ ਪਾ ਲਿਆ। ਸਾਖੀਆਂ ਸੁਣਾਉਂਦੇ ਨੂੰ ਜਾਚ ਨਾ ਆਵੇ ਕਿ ਹੁਣ ਸਮਾਪਤੀ ਕਿਵੇਂ ਕਰਾਂ! ਉਸ ਪਿਛੋਂ ਇਕ ਢਾਡੀ ਜਥੇ ਨੂੰ ਮਿਲੇ ਤਾਂ 15-20 ਮਿੰਟ ਹੀ, ਪਰ ਉਨ੍ਹਾਂ ਵੱਡੇ ਸਾਹਿਬਜ਼ਾਦਿਆਂ ਦੀ ਚਮਕੌਰ ਸਾਹਿਬ ਵਾਲੀ ਜੰਗ ਦੀ ਵਾਰ ਸੁਣਾ ਕੇ ਸਰੋਤਿਆਂ ਦੇ ਲੂੰ ਕੰਡੇ ਖੜ੍ਹੇ ਕਰ ਦਿੱਤੇ। ਬਾਹਰ ਨੂੰ ਤੁਰੇ ਆ ਰਹੇ ਸਰੋਤੇ ਗੱਲਾਂ ਕਰਨ, "ਪਹਿਲਾ ਬਾਬਾ ਤਾਂ ਕੱਦੂਆਂ ਪੇਠਿਆਂ ਦੇ ਬੀ ਹੀ ਗਿਣੀ ਗਿਆ, ਢਾਡੀਆਂ ਨੇ 'ਗਾਗਰ ਵਿਚ ਸਾਗਰ' ਭਰ ਕੇ ਦਿਖਾ ਦਿੱਤਾ!"

---

ਪਿਛਲੇ ਪੰਨੇ

# ਗਾਗੀ ਅਤੇ ਸੁਪਰਮੈਨ

***ਫਿਲਮ ਨਿਰਦੇਸ਼ਕ, ਗੀਤਕਾਰ, ਸਕਰੀਨ ਰਾਈਟਰ, ਪ੍ਰੋਡਿਊਸਰ, ਸ਼ਾਇਰ ਅਤੇ ਲੇਖਕ ਗੁਲਜ਼ਾਰ ਦਾ ਅਸਲ ਨਾਂ ਸੰਪੂਰਨ ਸਿੰਘ ਕਾਲੜਾ (ਜਨਮ 18 ਅਗਸਤ 1934) ਸੀ ਪਰ ਉਹ ਵਿਚਰੇ ਆਪਣੇ ਕਲਮੀ ਨਾਂ ਗੁਲਜ਼ਾਰ ਨਾਲ ਹੀ। ਨਜ਼ਮ ਹੋਵੇ ਜਾਂ ਨਸਰ ਹਰ ਵਿਧਾ ਵਿਚ ਉਨ੍ਹਾਂ ਸਿਖਰਾਂ ਛੂਹੀਆਂ ਅਤੇ ਬਹੁਤ ਸਾਰੇ ਆਹਲਾ ਦਰਜੇ ਦੇ ਇਨਾਮ ਜਿੱਤੇ। 'ਗਾਗੀ ਅਤੇ ਸੁਪਰਮੈਨ' ਨਾਂ ਦੀ ਆਪਣੀ ਇਸ ਲਿਖਤ ਵਿਚ ਉਨ੍ਹਾਂ 11 ਸਾਲਾਂ ਦੀ ਇਕ ਛੋਟੀ ਜਿਹੀ ਬੱਚੀ ਦੇ ਉਸ ਹੌਸਲੇ ਨੂੰ ਸਲਾਮ ਆਖੀ ਹੈ ਜਿਸ ਨਾਲ ਉਹ ਕੈਂਸਰ ਜਿਹੀ ਭਿਆਨਕ ਬਿਮਾਰੀ ਨਾਲ ਲੜੀ। ਇਸ ਲਿਖਤ ਨੂੰ ਪੜ੍ਹਦਿਆਂ ਪਾਠਕ ਇੰਨਾ ਭਾਵੁਕ ਹੋ ਜਾਂਦਾ ਹੈ ਕਿ ਹੰਝੂ ਆਪ ਮੁਹਾਰੇ ਉਸ ਦੀਆਂ ਅੱਖਾਂ ਵਿਚੋਂ ਵਹਿ ਤੁਰਦੇ ਹਨ। -ਸੰਪਾਦਕ***

ਮੂਲ: ਗੁਲਜ਼ਾਰ

ਅਨੁਵਾਦ: ਭਜਨਬੀਰ ਸਿੰਘ

ਫੋਨ:91-98556-75724

ਮੇਰੇ ਘਰ 'ਸੁਪਰਮੈਨ' ਦੇ ਵੀਡੀਓ ਕੈਸੇਟਾਂ ਅਤੇ ਕਾਮਿਕਸ ਦਾ ਢੇਰ ਲੱਗਾ ਹੋਇਆ ਸੀ। ਸ਼ੁਰੂ ਸ਼ੁਰੂ ਵਿਚ ਤਾਂ ਢੇਰੀਆਂ ਸਿਰਫ਼ ਬੱਚਿਆਂ ਦੇ ਕਮਰਿਆਂ ਵਿਚ ਨਜ਼ਰ ਆਉਂਦੀਆਂ ਸਨ। ਪਰ ਹੌਲੀ-ਹੌਲੀ ਉਹ ਸਰਕ-ਸਰਕ ਕੇ ਮੇਰੇ ਬੁੱਕ ਸ਼ੈਲਫ਼ ਵਿਚ ਵੀ ਆਉਣ ਲੱਗੀਆਂ। ਇਕ ਕਿਤਾਬ ਕੱਢਾਂ ਤਾਂ ਦੋ ਤਿੰਨ 'ਸੁਪਰਮੈਨ' ਹੇਠਾਂ ਆ ਡਿੱਗਦੇ। ਥੋੜ੍ਹੀ ਦੇਰ ਉਲਝਣ ਹੁੰਦੀ ਅਤੇ ਫ਼ਿਰ ਮੈਂ ਵੀ ਕਿਤੇ ਨਾ ਕਿਤੇ ਕਿਤਾਬਾਂ ਦੇ ਪਿੱਛੇ ਹੀ ਉਨ੍ਹਾਂ ਨੂੰ ਸੁੱਟ ਦਿੰਦਾ। ਦੋ-ਤਿੰਨ ਵਾਰ ਇਹ ਵੀ ਹੋਇਆ ਕਿ ਮੈਂ ਘਰਵਾਲੀ ਨੂੰ ਕਿਹਾ, "ਇਹ ਸਭ ਕੱਢ ਕੇ ਰੱਦੀ ਵਿਚ ਕਿਉਂ ਨਹੀਂ ਵੇਚ ਦਿੰਦੀ?"

"ਮੰਮੀ ਨੋ...!" ਬੁਚਕੀ ਪਤਾ ਨਹੀਂ ਕਿੱਥੋਂ ਨਿਕਲ ਆਈ। ਉਸ ਦੇ ਹੱਥ ਵਿਚ ਉਸ ਵੇਲੇ ਵੀ 'ਸੁਪਰਮੈਨ' ਦੀ ਕਿਤਾਬ ਸੀ। ਅੰਗ੍ਰੇਜ਼ੀ ਵਿਚ ਬੋਲੀ, "ਪਾਪਾ! ਹਾਊ ਕੈਨ ਯੂ?...'ਸੁਪਰਮੈਨ' ਇਜ਼ ਸੁਪਰਮੈਨ! ਤੁਸੀਂ ਆਪਣੀਆਂ ਥੋੜ੍ਹੀਆਂ ਜਿਹੀਆਂ ਕਿਤਾਬਾਂ ਵੇਚ ਦਿਉ ਨਾ। 'ਸੁਪਰਮੈਨ' ਨੂੰ ਵੀ ਤਾਂ ਥਾਂ ਚਾਹੀਦੀ ਹੈ ਨਾ।" ਇਹ ਕਹਿੰਦਿਆਂ ਉਂਜ ਹੀ ਹੱਸਦੀ ਹੋਈ ਮੁੜ ਗਈ।

"ਅਜੇ ਤਾਂ ਵੀਡੀਓ ਆਉਣੀਆਂ ਹਨ। ਉਨ੍ਹਾਂ ਦਾ ਕਮਰਾ ਭਰ ਚੁੱਕਾ ਹੈ।"

"ਪਰ ਇੰਨੇ ਸਾਰੇ ਆਉਂਦੇ ਕਿੱਥੋਂ ਹਨ?"

"ਗਾਗੀ ਲਿਆਉਂਦੀ ਹੈ।"

ਗਾਗੀ ਮੇਰੀ ਧੀ ਦੀ ਹਮ-ਉਮਰ ਸੀ, ਹਮਜਮਾਤਣ ਸੀ। ਪਰ ਸਕੂਲ ਵੱਖ-ਵੱਖ ਸਨ। ਆਪਣੀ ਅੱਧੀ ਉਮਰ ਤੋਂ ਥੋੜ੍ਹਾ ਘੱਟ ਮੇਰੇ ਘਰ ਵਿਚ ਪਲੀ ਸੀ ਅਤੇ ਬਾਕੀ ਆਪਣੇ ਮਾਂ-ਬਾਪ ਦੇ ਨਾਲ। ਵਿਕਾਸ ਦੇਸਾਈ ਅਤੇ ਅਰੁਣਾ ਰਾਜੇ। ਉਹ ਗਿਆਰਾਂ ਸਾਲ ਜਿਊਂਦੀ ਰਹੀ।

ਦਿਨ-ਰਾਤ ਬੱਸ ਇਹੀ ਕੰਮ ਸੀ ਇਨ੍ਹਾਂ ਬੱਚਿਆਂ ਦਾ। ਟੀ.ਵੀ. 'ਤੇ 'ਸੁਪਰਮੈਨ' ਦੇਖਣਾ ਅਤੇ 'ਸੁਪਰਮੈਨ' ਕਾਮਿਕਸ ਕਿਤਾਬਾਂ ਪੜ੍ਹਨਾ। ਮਨ੍ਹਾਂ ਕਰਦੇ ਤਾਂ ਤੁਰੰਤ ਆਪਣੀ ਮਾਰਕ-ਸ਼ੀਟ ਦਿਖਾ ਦਿੰਦੇ। ਇਹ ਤਿੰਨੇ-ਚਾਰੇ ਬੱਚੇ, ਸਾਰੇ ਫ਼ਸਟ ਰਹਿੰਦੇ ਸਨ ਆਪਣੀ ਜਮਾਤ ਵਿਚ। ਸਿਰਫ਼ ਪੜ੍ਹਾਈ ਵਿਚ ਹੀ ਨਹੀਂ, ਹਰ ਕੰਮ ਵਿਚ। ਇਕ ਦਿਨ ਬਹੁਤ ਤੰਗ ਆਇਆ, ਤਾਂ ਮੈਂ ਸਭ ਨੂੰ ਡਾਂਟ ਦਿੱਤਾ। ਗਾਗੀ ਬੋਲੀ, "ਅੰਕਲ, 'ਸੁਪਰਮੈਨ' ਇਜ਼ ਲਾਈਕ ਗਾਡ। ਗਾਡ ਵਾਂਗ ਹੀ ਸਭ ਕੁਝ ਕਰ ਸਕਦਾ ਹੈ!" ਬੜੀ ਹਾਜ਼ਰ ਜਵਾਬ ਸੀ ਗਾਗੀ।

ਨੌਂ ਸਾਲ ਦੀ ਸੀ। ਜਦ ਪਤਾ ਲੱਗਾ ਸੀ, ਉਸ ਨੂੰ ਕੈਂਸਰ ਹੈ। ਬੋਨ ਕੈਂਸਰ। ਪੱਗੀ ਅਤੇ ਬੁਚਕੀ। ਪੱਗੀ ਬਸੂ ਦੀ ਧੀ ਸੀ। ਫ਼ਿਲਮਸਾਜ਼ ਹੋਣ ਕਾਰਨ ਅਸੀਂ ਅਕਸਰ ਮਿਲਦੇ ਰਹਿੰਦੇ ਸਾਂ, ਇਸ ਲਈ ਸਾਡੇ ਬੱਚਿਆਂ ਦਾ ਕਿਸੇ ਇਕ ਘਰ 'ਚ ਇਕੱਠੇ ਹੋ ਜਾਣਾ ਸੁਭਾਵਿਕ ਹੋ ਗਿਆ। ਮੇਰੀ ਪਤਨੀ ਕਿਉਂਕਿ ਨਾਲ ਨਹੀਂ ਸੀ, ਇਸ ਲਈ ਮੇਰੇ ਘਰ ਸਾਰੇ ਬੱਚੇ ਜ਼ਿਆਦਾ ਆਜ਼ਾਦੀ ਮਹਿਸੂਸ ਕਰਦੇ ਸਨ। ਜ਼ਿਆਦਾਤਰ ਅੱਡੇ ਇੱਥੇ ਹੀ ਜੰਮਦੇ।

ਇਕ ਵਾਰ ਅਸੀਂ ਬੰਗਲੌਰ ਇਕੱਠੇ ਸਾਂ। ਵਿਕਾਸ ਨੂੰ ਸਵਿਮਿੰਗ ਦਾ ਬਹੁਤ ਸ਼ੌਕ ਸੀ। ਉਸ ਦਾ ਵਕਤ ਸਵਿਮਿੰਗ ਪੂਲ ਵਿਚ ਹੀ ਲੰਘਦਾ ਸੀ। ਉਹ ਬੱਚਿਆਂ ਨੂੰ ਸਵਿਮਿੰਗ ਦੀ ਪ੍ਰੈਕਟਿਸ ਕਰਵਾਉਂਦਾ ਅਤੇ ਉਨ੍ਹਾਂ ਨਾਲ ਪਾਣੀ ਦੀਆਂ ਖੇਡਾਂ ਖੇਡਦਾ ਰਹਿੰਦਾ ਸੀ। ਜਸਾਮਤ ਤੋਂ ਜ਼ਰਾ ਭਾਰਾ ਸੀ ਉਹ। ਗਾਗੀ ਨੇ ਇੱਕ ਵਾਰ ਕਿਹਾ, "ਪਾਪਾ ਤੁਸੀਂ ਇੰਨੇ ਮੋਟੇ ਹੋ? ਪਾਣੀ ਵਿਚ ਡੁੱਬਦੇ ਕਿਉਂ ਨਹੀਂ?"

"ਪਾਣੀ ਵਿਚ ਬੜੀ ਤਾਕਤ ਹੈ ਬੇਟਾ। ਵੱਡੇ-ਵੱਡੇ ਜਹਾਜ਼ ਵੀ ਚੁੱਕ ਲੈਂਦਾ ਹੈ।"

"ਮੇਰੀ ਘੜੀ ਤਾਂ ਡੁੱਬ ਗਈ।"

ਵਿਕਾਸ ਨੇ ਲਾਜਵਾਬ ਹੋ ਕੇ ਅਰੁਣਾ ਵੱਲ ਦੇਖਿਆ। ਅਰੁਣਾ ਦਾ ਹਾਸਾ ਨਿਕਲ ਗਿਆ ਅਤੇ ਕਿੰਨਾ ਚਿਰ ਹੱਸਦੀ ਰਹੀ। ਵਿਕਾਸ ਖ਼ਸਿਆਨਾ ਮਹਿਸੂਸ ਕਰਨ ਲੱਗਾ ਤਾਂ ਅਸੀਂ ਉਠ ਕੇ ਕਮਰੇ ਵਿਚ ਚਲੇ ਗਏ। ਵਿਕਾਸ ਜਦ ਗਾਗੀ ਨੂੰ ਲੈ ਕੇ ਆਇਆ ਤਾਂ ਉਹ ਥੋੜ੍ਹਾ-ਥੋੜ੍ਹਾ ਲੰਗੜਾ ਰਹੀ ਸੀ। ਸਭ ਤੋਂ ਪਹਿਲੀ ਅਲਾਮਤ ਗਾਗੀ ਦੇ ਪੈਰ ਤੋਂ ਪ੍ਰਗਟ ਹੋਈ। ਜਦ ਗਾਗੀ ਨੂੰ ਤੁਰਨ ਵਿਚ ਤਕਲੀਫ਼ ਹੋਈ ਤਾਂ ਉਸ ਦੇ ਪੈਰ ਦਾ ਇਲਾਜ ਸ਼ੁਰੂ ਹੋਇਆ। ਕਈ ਤਰ੍ਹਾਂ ਦੀਆਂ ਜੁੱਤੀਆਂ ਬਦਲੀਆਂ ਗਈਆਂ ਅਤੇ ਬਣਵਾਈਆਂ ਗਈਆਂ। ਪਰ ਉਸ ਦੇ ਪੈਰ ਦਾ ਦਰਦ ਨਹੀਂ ਗਿਆ। 'ਕੱਥਕ' ਸਿੱਖਣ ਦਾ ਬਹੁਤ ਸ਼ੌਕ ਸੀ ਉਸ ਨੂੰ। ਉਹ ਬੰਦ ਹੋ ਗਿਆ ਪਰ ਮੂੰਹ ਜ਼ੁਬਾਨੀ ਤੋੜੇ ਬਹੁਤ ਬੋਲਦੀ ਸੀ। ਗੱਡੀ ਵਾਂਗ ਭੱਜਦਿਆਂ ਪੌੜੀਆਂ ਉਤਰਦਿਆਂ "ਤਰ ਕਟ ਥਾ ਥਈ ਥਈ...ਤਰ ਕੱਟ ਤਾ ਥਈ ਥਈ...।"

ਸੰਗੀਤ ਉਂਜ ਵੀ ਉਸ ਦੇ ਘਰਾਣੇ ਵਿਚ ਸੀ। ਛੋਟਾ ਦਾਦਾ ਸੰਗੀਤਕਾਰ ਸੀ। ਵਸੰਤ ਦੇਸਾਈ।

ਜਦ ਲਗਾਤਾਰ ਲੱਤ ਵਿਚ ਦਰਦ ਰਹਿਣ ਲੱਗੀ, ਤਾਂ ਸਕੂਲੋਂ ਵੀ ਛੁੱਟੀਆਂ ਲੈਣੀਆਂ ਪੈਂਦੀਆਂ। ਗਾਗੀ ਕਦੇ-ਕਦੇ ਕਥਕ ਦੀ ਕਲਾਸ ਦੀ ਇੱਛਾ



ਪ੍ਰਗਟ ਕਰਦੀ। ਇਸ ਲਈ ਅਰੁਣਾ ਨੇ ਘਰੇ ਇੱਕ ਡਾਂਸ ਮਾਸਟਰ ਦਾ ਪ੍ਰਬੰਧ ਕਰ ਦਿੱਤਾ। ਪਰ ਗਾਗੀ ਆਪਣੇ ਪੈਰ ਤੋਂ ਭਾਰੀ ਘੁੰਗਰੂ ਪਹਿਨ ਕੇ ਤੁਰਨ ਦਾ ਲੁਤਫ਼ ਲੈਂਦੀ ਸੀ। ਨੱਚ ਨਹੀਂ ਸੀ ਹੁੰਦਾ।

ਪਹਿਲੀ ਵਾਰ ਡਾਕਟਰ ਅਧਿਕਾਰੀ ਨੂੰ ਸ਼ੱਕ ਹੋਇਆ ਕਿ ਤਕਲੀਫ਼ ਪੈਰ ਜਾਂ ਗਿੱਟੇ ਵਿਚ ਨਹੀਂ; ਪਿੰਡਲੀ ਦੀ ਹੱਡੀ ਵਿਚ ਹੈ। ਐਕਸਰੇ ਵਿਚ ਵੀ ਕੁਝ ਨਾ ਆਇਆ, ਤਾਂ ਦੂਜੇ ਟੈਸਟ ਸ਼ੁਰੂ ਹੋ ਗਏ। ਵਿਕਾਸ ਆਪਣੇ ਚਾਚੇ ਵਸੰਤ ਦੇਸਾਈ ਦੇ ਸ਼ਿਫ਼ਟ ਕਰ ਗਿਆ, ਜਿਸ ਦਾ ਘਰ 'ਜਸਲੋਕ' ਹਸਪਤਾਲ ਦੇ ਬਿਲਕੁਲ ਸਾਹਮਣੇ ਸੀ, ਪੇਡਰ ਰੋਡ 'ਤੇ।

ਅਧਿਕਾਰੀ ਨੂੰ ਸ਼ੱਕ ਹੋ ਗਿਆ ਸੀ ਪਰ ਦੋ ਤਿੰਨ ਮਹੀਨੇ ਉਹ ਆਪਣੀ ਉਮੀਦ ਦੇ ਟੈਸਟ ਲੈਂਦਾ ਰਿਹਾ। ਆਖ਼ਰ ਇੱਕ ਦਿਨ ਉਸ ਨੇ ਰਿਪੋਰਟ ਦੋਹਾਂ ਦੇ ਸਾਹਮਣੇ ਰੱਖ ਦਿੱਤੀ। ਗਾਗੀ ਬਾਹਰਲੇ ਕਮਰੇ ਵਿਚ ਬੈਠੀ ਸੀ। ਅਰੁਣਾ ਅਤੇ ਵਿਕਾਸ ਸੁੰਨ ਹੋਏ ਅੰਦਰ ਬੈਠੇ ਸਨ। ਗਾਗੀ ਦਾ ਕੈਂਸਰ ਸਾਬਤ ਹੋ ਚੁੱਕਾ ਸੀ।

ਜਦ ਉਠੇ ਤਾਂ ਦੋਵਾਂ ਨੇ ਸਹੁੰ ਖਾਧੀ ਕਿ ਗਾਗੀ ਦੇ ਸਾਹਮਣੇ ਰੋਣਗੇ ਨਹੀਂ। ਕਦੇ ਨਹੀਂ। ਇਕਾਂਤ ਵਿਚ ਕੌਣ ਕਿੰਨਾ ਰੋਇਆ ਪਤਾ ਨਹੀਂ ਪਰ ਸੱਚ ਹੈ ਕਿ ਅਸੀਂ ਬਾਕੀ ਦੋ ਸਾਲ ਉਨ੍ਹਾਂ ਨੂੰ ਇਸ ਦੁਖਾਂਤ ਨਾਲ ਬੜੀ ਜ਼ਿੰਦਾ ਦਿਲੀ ਨਾਲ ਲੜਦੇ ਦੇਖਿਆ। ਗਾਗੀ ਉਦੋਂ 9 ਸਾਲ ਦੀ ਸੀ।

ਪੁਰਾਣੇ ਦੋਸਤ, ਨਵੀਆਂ ਸਹੇਲੀਆਂ, ਆਂਟੀਆਂ, ਅੰਕਲ, ਖੇਡ ਅਤੇ ਵੀਡੀਓ, ਬਾਂਦਰਵਾਲਾ ਅਤੇ ਭਾਲੂ ਵਾਲਾ...ਕੀ ਕੁਝ ਨਹੀ ਆਇਆ ਗਾਗੀ ਦੇ ਕਮਰੇ ਵਿਚ। ਗਾਗੀ ਨੂੰ ਕੁਝ ਸੋਚਣ ਦਾ ਵਕਤ ਨਹੀਂ ਦਿੱਤਾ ਗਿਆ। ਵਿਕਾਸ ਅਤੇ ਅਰੁਣਾ ਨੇ ਹਸਪਤਾਲ ਦੀ ਸੰਜੀਦਗੀ ਘਰ ਤੱਕ ਨਹੀਂ ਆਉਣ ਦਿੱਤੀ। ਮੈਨੂੰ ਹੈਰਾਨੀ ਹੁੰਦੀ, ਉਨ੍ਹਾਂ ਦੋਵਾਂ ਦੇ ਹੌਸਲੇ 'ਤੇ। ਗਾਗੀ ਉਨ੍ਹੀਂ ਦਿਨੀਂ 'ਅੰਤਾਕਸ਼ਰੀ' ਵਿਚ ਐਕਸਪਰਟ ਹੋ ਗਈ ਸੀ। ਜਦ ਬਾਕੀ ਇਲਾਜ ਹਾਰ ਗਏ ਤਾਂ ਗੱਲ ਆਪਰੇਸ਼ਨ 'ਤੇ ਆ ਕੇ ਰੁਕ ਗਈ ਤਾਂ ਗਾਗੀ ਨੂੰ ਅਮਰੀਕਾ ਲਿਜਾਇਆ ਗਿਆ। ਹੁਣ ਗਾਗੀ ਜਾਣਦੀ ਸੀ, ਉਸ ਨੂੰ ਕੈਂਸਰ ਹੋ ਗਿਆ ਹੈ।

"ਬੋਨ ਕੈਂਸਰ ਹੈ ਬੇਟਾ। ਲੱਤ ਦੀ ਹੱਡੀ ਹੈ। ਆਪਰੇਸ਼ਨ ਨਾਲ ਠੀਕ ਹੋ ਜਾਵੇਗੀ। ਫ਼ੈਲਣ ਤੋਂ ਪਹਿਲਾਂ ਉਸ ਨੂੰ ਕੁਰੇਦ ਕੇ ਕੱਢ ਦੇਣਗੇ।"

ਅਮਰੀਕਾ ਵਿਚ ਕਈ ਮਹੀਨੇ ਇਲਾਜ ਚੱਲਿਆ। 'ਕੀਮੋਥਰੈਪੀ' ਕਾਰਨ ਗਾਗੀ ਦੇ ਸਾਰੇ ਵਾਲ ਝੜ ਗਏ। ਉਹ ਆਪਣੇ ਸਿਰ ਤੇ ਹੱਥ ਫੇਰ ਕੇ ਡਰ ਜਾਂਦੀ ਸੀ ਅਤੇ ਡਰੀਆਂ ਡਰੀਆਂ ਅੱਖਾਂ ਨਾਲ ਮਾਂ-ਬਾਪ ਵੱਲ ਦੇਖਦੀ, ਤਾਂ ਉਹ ਹੱਸ ਕੇ ਕਹਿੰਦੇ, "ਗੰਜੂ! ਦੋ ਮਹੀਨੇ ਬਾਅਦ ਤੇਰੇ ਵਾਲ ਫ਼ਿਰ ਆ ਜਾਣਗੇ।"

"ਬਈ, ਮੈਨੂੰ ਤਾਂ ਗੰਜੀ ਹੀ ਚੰਗੀ ਲੱਗਦੀ ਹੈ। ਇਹੀ ਤਾਂ ਨਵਾਂ ਸਟਾਈਲ ਹੈ।"

"ਹਾਇ ਯੂਲ ਬੀਰੰਅਗ।"

ਮੇਰਾ ਖ਼ਿਆਲ ਹੈ ਕਿ ਗਾਗੀ ਨੂੰ ਮਾਂ-ਬਾਪ ਦੇ ਹਾਸੇ 'ਤੇ ਬਹੁਤ ਯਕੀਨ ਸੀ ਕਿ ਉਹ ਠੀਕ ਹੋ ਜਾਵੇਗੀ। ਡਾਕਟਰ ਨੇ ਇਹੀ ਉਮੀਦ ਬੰਨ੍ਹਾਈ ਸੀ, ਜਦ ਉਸ ਦੀ ਲੱਤ ਤੇ ਪਲੱਸਤਰ ਕਰਕੇ ਵਾਪਸ ਭੇਜਿਆ ਸੀ।

ਅਮਰੀਕਾ ਤੋਂ ਵਾਪਸ ਆਉਣ ਪਿੱਛੋਂ ਕੁਝ ਹੀ ਦਿਨਾਂ ਵਿਚ ਉਸ ਦੀ ਲੱਤ 'ਚ ਸੜ੍ਹਾਂਦ ਆਉਣ ਲੱਗੀ। ਬੜੀ ਤਕਲੀਫ਼ ਹੁੰਦੀ ਸੀ। ਡਾਕਟਰ ਅਧਿਕਾਰੀ ਦੀ ਬਜਾਏ ਇਸ ਵਾਰ ਕੋਈ ਹੋਰ ਡਾਕਟਰ ਆਇਆ। ਉਸ ਨੇ ਤੁਰੰਤ ਪਲੱਸਤਰ ਖੁੱਲ੍ਹਵਾ ਦਿੱਤਾ। ਲੱਤ ਥਾਂ-ਥਾਂ ਤੋਂ ਜ਼ਖ਼ਮੀ ਹੋ ਗਈ ਸੀ। ਸਾਰੇ ਕਹਿੰਦੇ ਸਨ ਕੈਂਸਰ ਤਾਂ ਨਹੀਂ ਹੈ। ਪਰ ਇਲਾਜ ਵੀ ਕਿਸੇ ਕੋਲੋਂ ਨਹੀਂ ਸੀ ਹੋ ਰਿਹਾ। ਡਾਕਟਰ ਦਵਾਈਆਂ ਵਾਂਗ ਬਦਲਣ ਲੱਗੇ। ਤਿੰਨ ਮਹੀਨੇ ਦੇ ਅੰਦਰ-ਅੰਦਰ, ਇਸ ਡਰ ਨਾਲ ਕਿ ਕਿਤੇ ਫ਼ਿਰ ਕੈਂਸਰ ਨਾ ਹੋਣ ਲੱਗੇ, ਗਾਗੀ ਦੀ ਸੱਜੀ ਲੱਤ ਕੱਟ ਦਿੱਤੀ ਗਈ ਅਤੇ ਉਸ ਦਾ ਕਥਕ, ਬਿਜਲੀ ਦੇ ਕ੍ਰੇਸਟੋਰੀਅਮ ਵਿਚ ਲਿਜਾ ਕੇ ਸਾੜ ਦਿੱਤਾ ਗਿਆ। ਬਿਲਕੁਲ ਮੁਰਦੇ ਵਾਂਗ।

ਗਾਗੀ ਦੀ ਨਜ਼ਰ ਛੱਤ ਤੋਂ ਹੇਠਾਂ ਉਤਰੀ ਤਾਂ ਉਸ ਨੇ ਬੜੀ ਚੁੱਪ ਜਿਹੀ ਆਵਾਜ਼ ਵਿਚ ਪੁੱਛਿਆ, "ਪਾਪਾ, ਗਾਡ ਮੈਨੂੰ ਕਿਉਂ ਪਨਿਸ਼ ਕਰ ਰਿਹਾ ਹੈ। ਮੈਂ ਤਾਂ ਕੁਝ ਕੀਤਾ ਵੀ ਨਹੀਂ।"

ਅਰੁਣਾ ਨੇ ਉਨ੍ਹਾਂ ਦਿਨਾਂ ਵਿਚ ਕ੍ਰਿਸ਼ਨ ਦੀ ਮੂਰਤੀ ਕਮਰੇ ਵਿਚ ਲਿਆ ਕੇ ਰੱਖ ਦਿੱਤੀ ਸੀ। ਧੂਫ ਜਗਾਉਂਦੀ ਅਤੇ ਦਿਨ-ਰਾਤ ਉਸ ਦੇ ਸਾਹਮਣੇ ਦੀਵਾ ਬਲਦਾ ਰਹਿੰਦਾ ਸੀ। ਪਛਤਾਵੇ ਵਜੋਂ ਮਾਸ-ਮੱਛੀ, ਸਭ ਛੱਡ ਦਿੱਤਾ...ਭਾਵੇਂ ਗਾਗੀ ਕਦੇ-ਕਦੇ ਕਬਾਬ ਜਾਂ ਟਿੱਕਾ ਮੰਗ ਲੈਂਦੀ ਤਾਂ ਮਨ੍ਹਾਂ ਨਹੀਂ ਕਰਦੇ ਸਨ। ਡਾਕਟਰ ਤੋਂ ਪੁੱਛ ਵੀ ਲਿਆ ਸੀ। ਉਸ ਨੇ ਇਜ਼ਾਜ਼ਤ ਵੀ ਦੇ ਦਿੱਤੀ ਸੀ।

ਇੱਕ ਦਿਨ ਜਦ ਨਵਾਂ ਡਾਕਟਰ ਦਾਖ਼ਲ ਹੋਇਆ ਤਾਂ ਗਾਗੀ ਨੇ ਪੁੱਛਿਆ, "ਫਿਰ ਡਾਕਟਰ ਬਦਲ ਲਏ ਪਾਪਾ?"

"ਹਾਂ ਬੇਟਾ! ਉਸ ਡਾਕਟਰ ਤੋਂ ਕੁਝ ਨਹੀਂ ਹੋਇਆ।"

"ਇਸ ਗਾਡ ਤੋਂ ਵੀ ਕੁਝ ਨਹੀਂ ਹੋਇਆ ਪਾਪਾ। ਕੋਈ ਹੋਰ ਗਾਡ ਨਹੀਂ ਹੈ?"

ਅਰੁਣਾ ਦੇ ਮੂੰਹੋਂ ਪਤਾ ਨਹੀਂ ਕਿਉਂ ਨਿਕਲਿਆ, "ਉਹ ਸੁਪਰਮੈਨ ਵਰਗਾ ਹੀ ਹੈ ਬੇਟਾ, ਕਿਤਾਬਾਂ ਵਿਚ ਸਭ ਕੁਝ ਕਰ ਲੈਂਦਾ ਹੈ।"

# ਕਸ਼ਮੀਰ ਸਮੱਸਿਆ: ਕੂਟਨੀਤੀ ਨਾਲੋਂ ਸਿਆਸਤ ਭਾਰੂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦੀ ਰੂਸ ਵਾਲੀ ਮੀਟਿੰਗ ਤੋਂ ਬਾਅਦ ਜਦੋਂ ਸੁਣਿਆ ਗਿਆ ਕਿ ਉਲਝਣ ਬਣਦੇ ਮੁੱਦਿਆਂ ਦੇ ਹੱਲ ਲੱਭਣ ਲਈ ਦੋਵਾਂ ਧਿਰਾਂ ਦੇ ਸੁਰੱਖਿਆ ਸਲਾਹਕਾਰ ਮੀਟਿੰਗ ਕਰਨਗੇ ਤਾਂ ਲੋਕ ਬੜੀ ਵੱਡੀ ਆਸ ਲਾ ਬੈਠੇ ਸਨ। ਫਿਰ ਉਹ ਮੀਟਿੰਗ ਨਹੀਂ ਸੀ ਹੋ ਸਕੀ। ਪਾਕਿਸਤਾਨ ਨੇ ਉਦੋਂ ਕਸ਼ਮੀਰ ਦਾ ਅੜਿੱਕਾ ਪਾ ਦਿੱਤਾ ਸੀ। ਮੀਟਿੰਗ ਨਾ ਹੋ ਸਕੀ ਤਾਂ ਅਮਰੀਕਾ ਦਾ ਕੌਮੀ ਸੁਰੱਖਿਆ ਸਲਾਹਕਾਰ ਖੜੇ ਪੈਰ ਪਾਕਿਸਤਾਨ ਆਇਆ ਤੇ ਗੱਲਬਾਤ ਚੱਲਦੀ ਰੱਖਣ ਦੀ ਨਵੀਂ ਸਲਾਹ ਦੇ ਕੇ ਚਲਾ ਗਿਆ। ਫਿਰ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀ ਅਮਰੀਕਾ ਗਏ, ਮੌਕਾ ਤਾਂ ਯੂ ਐਨ ਓ ਦੀ 70ਵੀਂ ਵਰ੍ਹੇਗੰਢ ਦਾ ਸੀ, ਪਰ ਅਜੀਬ ਸਬੱਬ ਇਹ ਸੀ ਕਿ ਦੋਵਾਂ ਪ੍ਰਧਾਨ ਮੰਤਰੀਆਂ ਦੇ ਰਹਿਣ ਦਾ ਪ੍ਰਬੰਧ ਇੱਕੋ ਹੋਟਲ ਵਿਚ ਕੀਤਾ ਗਿਆ ਅਤੇ ਇਹ ਗੱਲ ਵਾਰ-ਵਾਰ ਦੁਹਰਾਈ ਜਾਂਦੀ ਰਹੀ ਕਿ ਦੋਵਾਂ ਦੀ ਆਪਸ ਵਿਚ ਵਾਰਤਾ ਨਹੀਂ ਹੋਣੀ। ਦੋਵੇਂ ਜਣੇ ਆਪੋ ਵਿਚ ਨਾ ਵੀ ਮਿਲੇ ਹੋਣ, ਕੁਝ ਲੋਕ ਇਹ ਗੱਲ ਫਿਰ ਵੀ ਕਹਿ ਸਕਦੇ ਹਨ, ਤੇ ਕਹਿੰਦੇ ਵੀ ਹਨ ਕਿ ਭਾਵੇਂ ਵਲਾਵੇਂ ਪਾ ਕੇ ਕੀਤਾ ਹੋਵੇ, ਕੁਝ ਨਾ ਕੁਝ ਸੰਪਰਕ ਇੱਕ-ਦੂਜੇ ਨਾਲ ਹੋਇਆ ਹੋ ਸਕਦਾ ਹੈ।

ਕੁਝ ਹੋਰ ਲੋਕ ਇਸ ਸੋਚਣੀ ਨੂੰ ਇਹ ਕਹਿ ਕੇ ਰੱਦ ਕਰ ਦਿੰਦੇ ਹਨ ਕਿ ਦੋਹਾਂ ਦੇਸ਼ਾਂ ਦੇ ਮੁਖੀ ਆਪਸ ਵਿਚ ਸੰਪਰਕ ਕਰਨ ਤਾਂ ਗੱਲ ਲੁਕਾਈ ਨਹੀਂ ਜਾ ਸਕਦੀ। ਇਹ ਸੋਚਣਾ ਗਲਤ ਹੈ। ਦੇਸ਼ਾਂ ਦੇ ਮੁਖੀਆਂ ਦੀਆਂ ਅਜਿਹੀਆਂ ਗੱਲਾਂ ਕਿਸੇ ਤੀਜੇ ਅਣਗੌਲੇ ਵਿਚੋਲੇ ਰਾਹੀਂ ਹੋਣ ਦੀਆਂ ਮਿਸਾਲਾਂ ਦੁਨੀਆਂ ਵਿਚ ਮੌਜੂਦ ਹਨ। ਭਾਰਤ ਵੀ ਇਸ ਚੱਕਰ ਤੋਂ ਬਚਿਆ ਨਹੀਂ, ਪਰ ਭੇਦ ਕੁਝ ਚਿਰ ਪਿੱਛੋਂ ਖੁੱਲ੍ਹਦੇ ਹਨ। ਦੇਸ਼ਾਂ ਵਿਚਾਲੇ ਕੂਟਨੀਤੀ ਓਨੀ ਲੋਕਾਂ ਸਾਹਮਣੇ ਨਹੀਂ ਹੁੰਦੀ, ਇਹ ਹੋ ਵੀ ਨਹੀਂ ਸਕਦੀ, ਜਿੰਨੀ ਪਰਦੇ ਪਿੱਛੇ ਹੁੰਦੀ ਹੈ। ਕਈ ਵਾਰੀ ਇਸ ਤਰ੍ਹਾਂ ਦੀ ਕੂਟਨੀਤੀ ਰਾਤ ਨੂੰ ਉਦੋਂ ਵੀ ਹੁੰਦੀ ਹੈ, ਜਦੋਂ ਲੋਕ ਘੁਰਾੜੇ ਮਾਰ ਰਹੇ ਹੁੰਦੇ ਹਨ।

ਬੀਤੇ ਵੀਰਵਾਰ ਇੱਕ ਖਬਰ ਅਚਾਨਕ ਆਈ ਅਤੇ ਫਿਰ ਜਿਵੇਂ ਆਈ ਸੀ, ਉਵੇਂ ਹੀ ਦੱਬੀ ਗਈ। ਉਸ ਖਬਰ ਦਾ ਸਾਰ ਸਿਰਫ ਏਨਾ ਸੀ ਕਿ ਕਸ਼ਮੀਰ ਸਮੱਸਿਆ ਦਾ ਹੱਲ ਲੱਭਣ ਵਾਸਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਪਾਕਿਸਤਾਨ ਦਾ ਫੌਜੀ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਲੁਕਵੀਂਆਂ ਮੀਟਿੰਗਾਂ ਕਰਦੇ ਰਹੇ ਸਨ ਤੇ ਇਨ੍ਹਾਂ ਦਾ ਗਿਣੇ-ਮਿੱਥੇ ਕੁਝ ਲੋਕਾਂ ਤੋਂ ਬਿਨਾ ਕਿਸੇ ਨੂੰ ਪਤਾ ਨਹੀਂ ਸੀ ਹੁੰਦਾ। ਖਬਰ ਦੇ ਨਾਲ ਇਹ ਵੀ ਲਿਖਿਆ ਸੀ ਕਿ ਪਿਛਲੇ ਸਾਲ ਸਤਾਈ ਮਈ ਨੂੰ ਮਨਮੋਹਨ ਸਿੰਘ ਨੇ ਆਪਣੀ ਥਾਂ ਪ੍ਰਧਾਨ ਮੰਤਰੀ ਬਣੇ ਨਰਿੰਦਰ ਮੋਦੀ ਨੂੰ ਇਸ ਦੇ ਵੇਰਵੇ ਦੇਣ ਦਾ ਫਰਜ਼ ਵੀ ਨਿਭਾ ਦਿੱਤਾ ਸੀ। ਨਰਿੰਦਰ ਮੋਦੀ ਉਸ ਤੋਂ ਇੱਕ ਦਿਨ ਪਹਿਲਾਂ ਮਨਮੋਹਨ ਸਿੰਘ ਦੀ ਥਾਂ ਕਮਾਨ ਸੰਭਾਲ ਚੁੱਕਾ ਸੀ। ਇਸ ਦੇ ਬਾਵਜੂਦ ਪਿਛਲੇ ਸਾਲ ਤੋਂ ਹੁਣ ਤੱਕ ਇਹ ਗੱਲ ਲੋਕਾਂ ਤੋਂ ਲੁਕੀ ਰਹੀ ਤੇ ਹੁਣ ਜਦੋਂ ਮੀਡੀਏ ਵਿਚ ਆ ਗਈ ਹੈ ਤਾਂ ਹੁਣ ਦੀ ਜਾਂ ਪਿਛਲੀ ਸਰਕਾਰ ਦੇ ਕਿਸੇ ਪ੍ਰਤੀਨਿਧ ਨੇ ਇਸ ਦਾ ਖੰਡਨ ਵੀ ਨਹੀਂ ਕੀਤਾ। ਕੀ ਇਸ ਤੋਂ ਲੋਕਾਂ ਨੂੰ ਇਹ ਅੰਦਾਜ਼ਾ ਲਾਉਣ ਦਾ ਹੱਕ ਨਹੀਂ ਕਿ ਕੁਝ ਨਾ ਕੁਝ ਹੁਣ ਵੀ ਇਹੋ ਜਿਹਾ ਵਾਪਰਦਾ ਹੋ ਸਕਦਾ ਹੈ, ਜਿਸ ਦਾ ਅੱਜ ਨਾ ਸਹੀ, ਅਗਲੇ ਜਾਂ ਅਗਲੇਰੇ ਸਾਲ ਤੱਕ ਪਤਾ ਲੱਗ ਜਾਵੇਗਾ।

ਇਹ ਕੁਝ ਕਈ ਵਾਰ ਹੋ ਚੁੱਕਾ ਹੈ। ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਰਾਜ ਵੇਲੇ ਅੰਮ੍ਰਿਤਸਰ ਤੋਂ ਲਾਹੌਰ ਨੂੰ ਬੱਸ ਸੇਵਾ ਸ਼ੁਰੂ ਹੋਣੀ ਸੀ। ਇਸ ਦੇ ਉਦਘਾਟਨ ਦੀ ਮਿਥੀ ਗਈ ਤਰੀਕ ਨੂੰ ਸਿਰਫ ਸੱਤ ਦਿਨ ਬਾਕੀ ਰਹਿ ਗਏ ਤਾਂ ਅਚਾਨਕ ਐਲਾਨ ਆ ਗਿਆ ਕਿ ਪਹਿਲੀ ਬੱਸ ਵਿਚ ਵਾਜਪਾਈ ਜੀ ਆਪ ਵੀ ਜਾਣਗੇ। ਇਹੋ ਜਿਹਾ ਫੈਸਲਾ ਰਾਤੋ-ਰਾਤ ਅਚਾਨਕ ਨਹੀਂ ਹੋਇਆ ਕਰਦਾ, ਪਰਦੇ ਓਹਲੇ ਹਿੱਲੀਆਂ ਤਾਰਾਂ ਇਸ ਵਿਚ ਰੋਲ ਨਿਭਾਉਂਦੀਆਂ ਹੁੰਦੀਆਂ ਹਨ। ਵਾਜਪਾਈ ਸਰਕਾਰ ਦੇ ਵਕਤ ਹੀ ਜਦੋਂ ਪਾਰਲੀਮੈਂਟ ਉਤੇ ਹਮਲਾ ਹੋਇਆ ਤਾਂ ਭਾਰਤੀ ਫੌਜ ਉਦੋਂ ਪਾਕਿਸਤਾਨ ਨਾਲ ਸਿੱਧੀ ਜੰਗ ਲਈ ਤਿਆਰ ਵੇਖੀ ਗਈ ਸੀ। ਪ੍ਰਧਾਨ ਮੰਤਰੀ ਵਾਜਪਾਈ ਇਸ ਦੌਰਾਨ ਸ੍ਰੀਨਗਰ ਗਏ ਤਾਂ ਮੀਡੀਏ 'ਚ ਕਿਹਾ ਗਿਆ ਕਿ ਉਹ ਜੰਗੀ ਤਿਆਰੀ ਵੇਖਣ ਗਏ ਹਨ। ਮੀਡੀਏ ਨੇ ਜਦੋਂ ਉਨ੍ਹਾਂ ਤੋਂ ਜੰਗ ਲੱਗਣ ਜਾਂ ਨਾ ਲੱਗਣ ਬਾਰੇ ਪੁੱਛਿਆ ਤਾਂ ਜਵਾਬ ਸੀ: 'ਬੱਦਲ ਜਦ ਗੱਜਦੇ ਹਨ, ਬਿਜਲੀ ਜਦੋਂ ਚਮਕਦੀ ਹੈ ਤਾਂ ਫਿਰ ਜੋ ਹੁੰਦਾ ਹੈ, ਤੁਹਾਨੂੰ ਪਤਾ ਹੀ ਹੈ।' ਰਾਤੋ-ਰਾਤ ਪਤਾ ਨਹੀਂ ਕਿਸ ਨੇ ਕਿੱਥੋਂ ਤਾਰ ਹਿਲਾ ਦਿੱਤੀ, ਅਗਲੇ ਦਿਨ ਦੀ ਪ੍ਰੈਸ ਕਾਨਫਰੰਸ 'ਚ ਏਸੇ ਸਵਾਲ ਨੂੰ ਵਾਜਪਾਈ ਸਾਹਿਬ ਇਹ ਕਹਿ ਕੇ ਟਾਲ ਗਏ ਕਿ ਕਈ ਵਾਰ ਬੱਦਲ ਗੱਜਦੇ ਹਨ, ਬਿਜਲੀ ਚਮਕਦੀ ਰਹਿੰਦੀ ਹੈ, ਪਰ ਹਵਾ ਬੱਦਲਾਂ ਨੂੰ ਉਡਾ ਕੇ ਲੈ ਜਾਂਦੀ ਹੈ ਤੇ ਫਿਰ ਕੁਝ ਵਾਪਰਦਾ ਹੀ ਨਹੀਂ। ਵਿਚਲੀ ਗੱਲ ਉਦੋਂ ਇਹ ਸੁਣੀ ਗਈ ਸੀ ਕਿ ਅਮਰੀਕਾ ਨੇ ਜੰਗ ਰੋਕਣ ਲਈ ਦਖਲ ਦਿੱਤਾ ਹੈ।

ਪਰਵੇਜ਼ ਮੁਸ਼ੱਰਫ ਨਾਲ ਕਾਰਗਿਲ ਦੀ ਜੰਗ ਤੋਂ ਕੁੜੱਤਣ ਸੀ, ਪਾਕਿਸਤਾਨ ਵਿਚ ਲੋਕਾਂ ਦੀ ਚੁਣੀ ਸਰਕਾਰ ਦਾ ਤਖਤਾ ਪਲਟਣ ਦਾ ਵਿਰੋਧ ਵੀ ਉਸ ਨਾਲ ਸੀ ਅਤੇ ਵਾਜਪਾਈ ਜੀ ਗੱਲ ਕਰਨ ਨੂੰ ਤਿਆਰ ਨਹੀਂ ਸਨ। ਪਾਰਲੀਮੈਂਟ ਉਤੇ ਹਮਲੇ ਕਾਰਨ ਹੋਰ ਵੀ ਕੌੜ ਵਿਚ ਆ ਗਏ ਸਨ। ਇਸ ਦੇ ਬਾਵਜੂਦ ਉਸੇ ਮੁਸ਼ੱਰਫ ਨੂੰ ਗੱਲਬਾਤ ਦਾ ਸੱਦਾ ਭੇਜ ਦਿੱਤਾ ਸੀ। ਮੀਟਿੰਗ ਦੋਵਾਂ ਦੀ ਆਗਰੇ ਵਿਚ ਹੋਣੀ ਸੀ, ਪਹਿਲਾਂ ਉਸ ਨੂੰ ਦਿੱਲੀ ਸੱਦਿਆ ਅਤੇ ਉਸ ਦੇ ਜਨਮ ਵਾਲੇ ਸਥਾਨ 'ਨਹਿਰ ਵਾਲੀ ਹਵੇਲੀ' ਵਿਖਾ ਕੇ ਉਸ ਦੀ ਦਾਈ ਨਾਲ ਮਿਲਾਇਆ ਗਿਆ। ਦੋ ਦਿਨ ਸ਼ਾਹੀ ਸਵਾਗਤ ਕੀਤਾ ਗਿਆ। ਦਿੱਲੀ ਦੇ ਇਹ ਦੋ ਦਿਨ ਸਿਰਫ ਵੰਨ-ਸੁਵੰਨੇ ਪਕਵਾਨਾਂ ਦਾ ਮਜ਼ਾ ਲੈਣ ਲਈ ਨਹੀਂ, ਸਗੋਂ ਆਗਰੇ ਤੋਂ ਪਹਿਲਾਂ ਦਿੱਲੀ ਵਿਚ ਭਾਰਤ ਦੇ ਵੱਖ-ਵੱਖ ਰਾਜਸੀ ਧਿਰਾਂ ਦੇ ਆਗੂਆਂ ਨਾਲ ਇੱਕ-ਇੱਕ ਪਲ ਨੁਕਤਿਆਂ ਉਤੇ ਵਿਚਾਰ ਹੁੰਦੀ ਰਹੀ ਸੀ। ਆਗਰੇ ਵਿਚ ਦੋਵਾਂ ਨੇ ਫਿਰ ਮੀਟਿੰਗਾਂ ਕੀਤੀਆਂ ਤੇ ਐਲਾਨਨਾਮਾ ਤਿਆਰ ਹੋਣ ਪਿੱਛੋਂ ਸਿਰਫ ਇੱਕ ਨੁਕਤੇ ਉਤੇ ਗੱਲ ਅੜ ਗਈ। ਮੁਸ਼ੱਰਫ ਨੇ ਉਦੋਂ ਮੀਡੀਏ ਨੂੰ ਕਿਹਾ ਸੀ ਕਿ ਗੱਲ ਦੁਵੱਲੀ ਕੂਟਨੀਤੀ ਦੀ ਨਹੀਂ, ਆਪੋ-ਆਪਣੇ ਦੇਸ਼ ਵਿਚ ਰਾਜਨੀਤੀ ਦੀ ਵੀ ਹੈ, ਜੇ ਮੈਂ ਇਹ ਇੱਕੋ ਨੁਕਤਾ ਪਾਸੇ ਰੱਖਣ ਦੀ ਸੋਚਾਂ ਤਾਂ ਪਾਕਿਸਤਾਨ ਮੁੜਨ ਦੀ ਥਾਂ ਦਿੱਲੀ ਦੀ 'ਨਹਿਰ ਵਾਲੀ ਹਵੇਲੀ' ਵਿਚ ਬਾਕੀ ਜ਼ਿੰਦਗੀ ਗੁਜ਼ਾਰਨੀ ਪਵੇਗੀ। ਉਸ ਪਿੱਛੋਂ ਐਲਾਨਨਾਮੇ ਦੀ ਸਹਿਮਤੀ ਹੋ ਗਈ। ਜਦੋਂ ਹਰ ਕੋਈ ਇਹ ਉਡੀਕ ਰਿਹਾ ਸੀ ਕਿ ਹੁਣ ਦੋਵੇਂ ਆਗੂ ਇਸ ਉਤੇ ਦਸਤਖਤ ਕਰਨਗੇ, ਉਦੋਂ ਅਚਾਨਕ ਇਹ ਖਬਰ ਆ ਗਈ ਕਿ ਮੁਸ਼ੱਰਫ ਨੇ ਇਨਕਾਰ ਕਰ ਦਿੱਤਾ ਹੈ ਤੇ ਉਹ ਵਾਪਸ ਚੱਲਿਆ ਹੈ।

ਵਾਪਸੀ ਤੋਂ ਪਹਿਲਾਂ ਉਸ ਨੇ ਮੀਡੀਏ ਨਾਲ ਗੱਲਬਾਤ ਵਿਚ ਕਿਹਾ ਸੀ ਕਿ ਮੈਂ ਸਤਿਕਾਰ ਵਜੋਂ ਕੋਈ ਸ਼ਬਦ ਵਰਤਣ ਦੀ ਥਾਂ ਸਿੱਧਾ ਕਹਿਣਾ ਚਾਹੁੰਦਾ ਹਾਂ ਕਿ ਸਿਰੇ ਲੱਗੀ ਖੇਡ ਇੱਕ ਔਰਤ ਨੇ ਵਿਗਾੜ ਦਿੱਤੀ ਹੈ। ਹਾਕਮ ਪਾਰਟੀ ਦੀ ਜਿਹੜੀ ਔਰਤ ਆਗੂ ਵੱਲ ਮੁਸ਼ੱਰਫ ਨੇ ਇਸ਼ਾਰਾ ਕੀਤਾ ਸੀ, ਉਸ ਦਾ ਇਸ਼ਾਰਿਆਂ ਵਿਚ ਜ਼ਿਕਰ ਹੁੰਦਾ ਰਿਹਾ ਸੀ, ਕਦੇ ਨਾਂ ਨਹੀਂ ਲਿਆ ਗਿਆ। ਕਹਿੰਦੇ ਸਨ ਕਿ ਉਸ ਬੀਬੀ ਨੇ ਕਹਿ ਦਿੱਤਾ ਸੀ ਕਿ ਜੇ ਮੁਸ਼ੱਰਫ ਇੱਕ ਨੁਕਤੇ ਕਾਰਨ ਦਿੱਲੀ ਦੀ ਨਹਿਰ ਵਾਲੀ ਹਵੇਲੀ ਵਿਚ ਰਹਿਣ ਨੂੰ ਮਜਬੂਰ ਹੋ ਸਕਦਾ ਹੈ ਤਾਂ ਇਸ ਨੁਕਤੇ ਦੇ ਕਾਰਨ ਕੁਰਸੀ ਆਪਾਂ ਨੂੰ ਵੀ ਛੱਡਣੀ ਪੈ ਸਕਦੀ ਹੈ।

ਮਨਮੋਹਨ ਸਿੰਘ ਅਤੇ ਜਾਰਜ ਬੁੱਸ਼ ਵਿਚਾਲੇ ਐਟਮੀ ਸਮਝੌਤੇ ਦੇ ਵਕਤ ਪਰਦੇ ਪਿੱਛੇ ਦੀ ਰਾਜਨੀਤੀ ਦੀ ਗੱਲ ਵੀ ਕਈ ਸਾਲ ਮਗਰੋਂ ਖੁੱਲ੍ਹੀ ਹੈ। ਸਾਰੇ ਲੋਕ ਇਹੋ ਸੋਚਦੇ ਰਹੇ ਕਿ ਮਨਮੋਹਨ ਸਿੰਘ ਅਮਰੀਕਾ ਦੇ ਦਬਾਅ ਹੇਠ ਝੁਕ ਕੇ ਸਮਝੌਤਾ ਕਰ ਆਇਆ ਸੀ। ਉਸ ਸਮਝੌਤੇ ਦੀ ਦਸਵੀਂ ਵਰ੍ਹੇਗੰਢ ਦੇ ਸਮਾਗਮ ਵਿਚ ਅਮਰੀਕਾ ਦੀ ਵਿਦੇਸ਼ ਮੰਤਰੀ ਰਹਿ ਚੁੱਕੀ ਕੌਂਡਾਲੀਜ਼ਾ ਰਈਸ ਨੇ ਇਹ ਕਹਿ ਕੇ ਸਨਸਨੀ ਫੈਲਾ ਦਿੱਤੀ ਕਿ ਮਨਮੋਹਨ ਸਿੰਘ ਤਾਂ ਆਪਣੇ ਦੇਸ਼ ਦੀਆਂ ਰਾਜਸੀ ਪਾਰਟੀਆਂ ਦੇ ਦਬਾਅ ਹੇਠ ਸਮਝੌਤੇ ਤੋਂ ਪਿੱਛੇ ਹਟ ਚੱਲਿਆ ਸੀ। ਭਾਰਤ ਦਾ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ ਐਮ ਕੇ ਨਰਾਇਣਨ ਉਥੇ ਮੌਜੂਦ ਸੀ, ਉਸ ਨੇ ਕੌਂਡਾਲੀਜ਼ਾ ਦਾ ਭਾਸ਼ਣ ਮੁੱਕਦਿਆਂ ਸਾਰ ਮੰਚ ਤੋਂ ਜਾ ਕੇ ਕਹਿ ਦਿੱਤਾ ਕਿ ਮਨਮੋਹਨ ਸਿੰਘ ਸਮਝੌਤੇ ਤੋਂ ਹਟ ਚੱਲਿਆ ਸੀ, ਪਰ ਭਾਰਤ ਦੀ ਰਾਜਨੀਤੀ ਕਾਰਨ ਨਹੀਂ, ਇਸ ਦਾ ਕਾਰਨ ਅਮਰੀਕਾ ਦੀ ਕੂਟਨੀਤੀ ਸੀ। ਫਿਰ ਉਸ ਨੇ ਦੱਸਿਆ ਕਿ ਇਹ ਤੈਅ ਹੋ ਚੁੱਕਾ ਸੀ ਕਿ ਭਾਰਤ ਦੇ ਛੇ ਤੋਂ ਅੱਠ ਐਟਮੀ ਰਿਐਕਟਰ ਕੌਮਾਂਤਰੀ ਨਿਗਰਾਨੀ ਤੋਂ ਬਾਹਰ ਰੱਖੇ ਜਾਣਗੇ, ਪਰ ਅਮਰੀਕੀ ਰਾਜਨੀਤੀ ਦੇ ਕੁਝ ਲੋਕ ਭਾਰਤ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ, ਉਨ੍ਹਾਂ ਨੇ ਸਮਝੌਤੇ ਦੇ ਖਰੜੇ ਵਿਚ ਸਿਰਫ ਦੋ ਰਿਐਕਟਰ ਨਿਗਰਾਨੀ ਤੋਂ ਪਾਸੇ ਰੱਖ ਕੇ ਬਾਕੀ ਸਭ ਨੂੰ ਨਿਗਰਾਨੀ ਹੇਠ ਪਾ ਦਿੱਤਾ। ਮਨਮੋਹਨ ਸਿੰਘ ਨੇ ਇਸ ਤੋਂ ਗੁੱਸਾ ਖਾ ਕੇ ਸਮਝੌਤੇ ਤੋਂ ਇਨਕਾਰ ਕਰ ਦਿੱਤਾ। ਇਹ ਗੱਲ ਜਾਰਜ ਬੁੱਸ਼ ਤੱਕ ਪਹੁੰਚੀ ਤਾਂ ਉਸ ਨੇ ਕੌਂਡਾਲੀਜ਼ਾ ਰਈਸ ਨੂੰ ਮਨਮੋਹਨ ਸਿੰਘ ਨੂੰ ਮਨਾਉਣ ਲਈ ਭੇਜਿਆ ਤੇ ਮਨਮੋਹਨ ਸਿੰਘ ਨੇ ਇਸ ਬੀਬੀ ਨੂੰ ਮਿਲਣ ਤੋਂ ਨਾਂਹ ਕਰ ਕੇ ਅਗਲਾ ਸੰਕੇਤ ਦੇ ਦਿੱਤਾ।

ਫਿਰ ਕੌਂਡਾਲੀਜ਼ਾ ਰਈਸ ਭਾਰਤੀ ਵਿਦੇਸ਼ ਮੰਤਰੀ ਨਟਵਰ ਸਿੰਘ ਨੂੰ ਅੱਧੀ ਰਾਤ ਵੇਲੇ ਮਿਲੀ ਤੇ ਇਹ ਮੰਨ ਕੇ ਗਈ ਕਿ ਜਿਵੇਂ ਮਨਮੋਹਨ ਸਿੰਘ ਕਹਿੰਦੇ ਹਨ, ਉਵੇਂ ਹੀ ਕਰ ਲਵਾਂਗੇ। ਮੂਹਰੇ ਬੈਠੀ ਕੌਂਡਾਲੀਜ਼ਾ ਰਈਸ ਇਸ ਖੁਲਾਸੇ ਨੂੰ ਕੱਟ ਨਹੀਂ ਸੀ ਸਕੀ। ਭਾਰਤ ਦੇ ਲੋਕ ਅੱਜ ਵੀ ਮਨਮੋਹਨ ਸਿੰਘ ਨੂੰ ਕਮਜ਼ੋਰ ਜਿਹਾ ਆਦਮੀ ਸਮਝਦੇ ਹਨ।

ਗੱਲ ਮਨਮੋਹਨ ਸਿੰਘ ਦੀ ਕਮਜ਼ੋਰੀ ਜਾਂ ਸਖਤ ਸਟੈਂਡ ਦੀ ਨਹੀਂ, ਭਾਰਤੀ ਰਾਜਨੀਤੀ ਦਾ ਕਮਜ਼ੋਰ ਗਿਣਿਆ ਜਾ ਰਿਹਾ ਬੰਦਾ ਵੀ ਜਾਰਜ ਬੁੱਸ਼ ਦੇ ਸਾਹਮਣੇ ਇਸ ਲਈ ਡਟ ਗਿਆ ਸੀ ਕਿ ਕੂਟਨੀਤੀ ਵਿਚ ਕੋਈ ਕਮਜ਼ੋਰੀ ਉਸ ਦੇ ਸਾਹਮਣੇ ਸੰਕਟ ਖੜਾ ਕਰ ਸਕਦੀ ਸੀ। ਇਹ ਸੰਕਟ ਉਹੋ ਸੀ, ਜਿਸ ਬਾਰੇ ਮੁਸ਼ੱਰਫ ਨੇ ਕਿਹਾ ਸੀ ਕਿ ਜੇ ਮੈਂ ਫਲਾਣੀ ਗੱਲ ਸਮਝੌਤੇ ਵਿਚ ਨਾ ਪਾਈ ਤਾਂ ਪਾਕਿਸਤਾਨ ਦੇ ਲੋਕ ਮੈਨੂੰ ਵੜਨ ਨਹੀਂ ਦੇਣਗੇ ਤੇ ਦਿੱਲੀ ਦੀ ਨਹਿਰ ਵਾਲੀ ਹਵੇਲੀ ਵਿਚ ਰਹਿਣਾ ਪਵੇਗਾ। ਕੂਟਨੀਤੀ ਹੁਣ ਵੀ ਚੱਲਦੀ ਪਈ ਹੈ। ਭਾਰਤੀ ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਆਪੋ ਵਿਚ ਸਿੱਧੇ ਮਿਲਣ ਜਾਂ ਜਨਰਲ ਮੁਸ਼ੱਰਫ ਤੇ ਮਨਮੋਹਨ ਸਿੰਘ ਵਾਂਗ ਲੁਕਵੇਂ ਤੌਰ ਉਤੇ ਮਿਲਦੇ ਰਹਿਣ ਦੀ ਗੱਲ ਕਈ ਸਾਲ ਪਿੱਛੋਂ ਸਾਹਮਣੇ ਆਵੇ, ਕੂਟਨੀਤੀ ਆਪਣੀ ਥਾਂ ਚੱਲੀ ਜਾਂਦੀ ਹੈ। ਇਸ ਨੇ ਏਸੇ ਤਰ੍ਹਾਂ ਚੱਲੀ ਜਾਣਾ ਹੈ। ਦੋਵਾਂ ਦੇਸ਼ਾਂ ਵਿਚੋਂ ਕਿਸੇ ਦਾ ਕੋਈ ਹਾਕਮ ਵੀ ਦੂਸਰੇ ਦੇਸ਼ ਦੀ ਜ਼ਿਦ ਅੱਗੇ ਕੁਝ ਝੁਕ ਕੇ ਕਸ਼ਮੀਰ ਸਮੱਸਿਆ ਬਾਰੇ ਸਮਝੌਤਾ ਕਰਨ ਤੁਰ ਪਵੇਗਾ, ਇਹ ਸੋਚਣਾ ਦਿਨੇ ਸੁਫਨੇ ਲੈਣ ਵਾਂਗ ਹੋਵੇਗਾ। ਜਿੱਦਾਂ ਦੀ ਹਾਲਤ ਹੈ, ਏਦਾਂ ਦੀ ਹੀ ਰਹਿਣੀ ਹੈ, ਵੱਧ ਤੋਂ ਵੱਧ ਇਹ ਹੋ ਸਕਦਾ ਹੈ ਕਿ ਤਨਾਅ ਥੋੜ੍ਹਾ ਜਿਹਾ ਘਟ ਜਾਵੇ, ਹੋਰ ਕੁਝ ਨਹੀਂ ਹੋਣ ਲੱਗਾ। ਕਾਰਨ ਇਸ ਦਾ ਸਿਰਫ ਇਹੋ ਹੈ ਕਿ ਕਸ਼ਮੀਰ ਦੀ ਸਮੱਸਿਆ ਦੋਵਾਂ ਦੇਸ਼ਾਂ ਦੀ ਕੂਟਨੀਤੀ ਨਾਲੋਂ ਅੰਦਰੂਨੀ ਰਾਜਨੀਤੀ ਦੀਆਂ ਲੋੜਾਂ ਨਾਲ ਵਧੇਰੇ ਬੱਝੀ ਹੋਈ ਹੈ ਤੇ ਇਸ ਨੂੰ ਉਨ੍ਹਾਂ ਲੋੜਾਂ ਨਾਲੋਂ ਵੱਖ ਕਰ ਕੇ ਵੇਖਣ ਦੀ ਹਿੰਮਤ ਕੋਈ ਵੀ ਨਹੀਂ ਕਰ ਸਕਦਾ।

DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

Flat Rate Funding Group
Are you tired of waiting to get paid on your outstanding freight invoices?
Get your $$$ now!
At Flat Rate Funding Group, we offer the lowest fixed factoring rate in the transportation industry-
***1.5%!***
Call Goldy Dhillon 734-444-9625
sales@flatratefunding.com

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ
ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625

# ਵਾਰੀ ਵੱਟੇ ਵਾਲੀ ਸਿਆਸਤ ਖਿਲਾਫ ਡਟਣ ਦਾ ਸੱਦਾ

**ਬੰਗਾ:** ਬਹੁਜਨ ਸਮਾਜ ਪਾਰਟੀ ਨੇ ਪੰਜਾਬ 'ਤੇ ਵਾਰੋ ਵਾਰੀ ਰਾਜ ਕਰਕੇ ਸੂਬੇ ਨੂੰ ਕੰਗਾਲ ਕਰਨ ਵਾਲੀਆਂ ਸਿਆਸੀ ਧਿਰਾਂ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਸੱਦਾ ਦਿੱਤਾ ਹੈ। ਬਾਬੂ ਕਾਂਸ਼ੀ ਰਾਮ ਦੀ ਬਰਸੀ ਮੌਕੇ ਸੂਬਾ ਪੱਧਰੀ ਰੈਲੀ ਕੀਤੀ ਗਈ ਜਿਸ ਵਿਚ ਵੱਡੀ ਗਿਣਤੀ ਜੁੜੇ ਪਾਰਟੀ ਵਰਕਰਾਂ ਨੇ ਆਪਣੇ ਰਹਿਬਰ ਪ੍ਰਤੀ ਸ਼ਰਧਾ ਦਾ ਇਜ਼ਹਾਰ ਕੀਤਾ। ਰੈਲੀ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਪਾਰਟੀ ਦੇ ਕੌਮੀ ਜਨਰਲ ਸਕੱਤਰ ਨਰਿੰਦਰ ਕਸ਼ਯਪ ਨੇ ਕਿਹਾ ਕਿ ਪੰਜਾਬ 'ਤੇ ਵਾਰੋ ਵਾਰੀ ਰਾਜ ਕਰਨ ਵਾਲੀਆਂ ਸਿਆਸੀ ਧਿਰਾਂ ਨੇ ਆਪਣੇ ਨਿੱਜੀ ਹਿੱਤਾਂ ਖਾਤਰ ਸੂਬੇ ਨੂੰ ਕੰਗਾਲ ਬਣਾ ਕੇ ਰੱਖ ਦਿੱਤਾ ਹੈ ਤੇ ਜੇਕਰ ਸੂਬਾ ਵਾਸੀ ਪੰਜਾਬ ਦਾ ਭਲਾ ਚਾਹੁੰਦੇ ਹਨ ਤਾਂ ਬਸਪਾ ਵੱਲੋਂ ਆਰੰਭੀ ਸੱਤਾ ਪਰਿਵਰਤਨ ਦੀ ਲਹਿਰ ਨੂੰ ਮਜ਼ਬੂਤ ਕਰਨ।



ਉਨ੍ਹਾਂ ਬਸਪਾ ਸੰਸਥਾਪਕ ਬਾਬੂ ਕਾਂਸ਼ੀ ਰਾਮ ਨੂੰ ਦੇਸ਼ ਦਾ ਮਹਾਨ ਹੀਰੋ ਦੱਸਦਿਆਂ।ਕਿਹਾ ਕਿ ਦੂਜੀਆਂ ਪਾਰਟੀ ਰਾਖਵੇਂਕਰਨ ਕਾਰਨ ਦਲਿਤ ਆਗੂਆਂ ਨੂੰ ਨੁਮਾਇੰਦੇ ਬਣਨ ਦਾ ਮੌਕਾ ਤਾਂ ਦਿੰਦੀਆਂ ਹਨ, ਪਰ ਉਨ੍ਹਾਂ ਨੂੰ ਬੋਲਣ ਦੀ ਆਜ਼ਾਦੀ ਨਹੀਂ ਦਿੰਦੀਆਂ। ਮੋਦੀ ਸਰਕਾਰ ਦਾ 'ਮੇਕ ਇਨ ਇੰਡੀਆ' ਅਤੇ ਬਾਦਲ ਸਰਕਾਰ ਦਾ 'ਰਾਜ ਨਹੀਂ ਸੇਵਾ' ਦੇ ਨਾਅਰੇ ਤਹਿਸ ਨਹਿਸ ਹੋ ਚੁੱਕੇ ਹਨ। ਰੈਲੀ ਦੀ ਪ੍ਰਧਾਨਗੀ ਕਰਦਿਆਂ ਪਾਰਟੀ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਅੱਜ ਬਾਬੂ ਕਾਂਸ਼ੀ ਰਾਮ ਇਕ ਨਾਂ ਨਹੀਂ ਸਗੋਂ ਲਹਿਰ ਦਾ ਰੂਪ ਧਾਰ ਚੁੱਕਾ ਹੈ।

ਸੂਬੇ ਅੰਦਰ ਕਿਸਾਨਾਂ ਦੇ ਹਮਦਰਦ ਦੱਸ ਕੇ ਮੁੱਖ ਮੰਤਰੀ ਦਾ ਕਿਸਾਨਾਂ ਦੀਆਂ ਮੰਗਾਂ 'ਤੇ ਚੁੱਪ ਹੋ ਜਾਣਾ ਤੇ ਦਲਿਤ ਵਰਗ ਨੂੰ ਸਹੂਲਤਾਂ ਦੀਆਂ ਟਾਹਰਾਂ ਮਾਰ ਕੇ ਗੁੰਮਰਾਹ ਕਰਨਾ ਦੋਹਰੀ ਨੀਤੀ ਨੂੰ ਪੇਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ ਰਾਖਾਂਵਕਰਨ ਲਾਗੂ ਕਰਨ ਦੇ ਮਾਮਲੇ ਵਿਚ ਭੇਦਭਾਵ ਕੀਤਾ ਜਾ ਰਿਹਾ ਹੈ ਤੇ ਅਨੁਸੂਚਿਤ ਜਾਤੀ ਦੇ ਮੁਲਾਜ਼ਮਾਂ ਲਈ ਸੂਬੇ ਵਿਚ 85ਵੀਂ ਸੋਧ ਲਾਗੂ ਨਹੀਂ ਕੀਤੀ ਜਾ ਰਹੀ।

## ਪੰਜਾਬ ਲਈ ਬਸਪਾ ਦੀ ਰਣਨੀਤੀ

**ਪਟਿਆਲਾ:** ਬਸਪਾ ਵੱਲੋਂ ਸੰਵਿਧਾਨ ਦੀ ਸੁਰੱਖਿਆ, ਜਵਾਨੀ, ਕਿਸਾਨੀ ਨੂੰ ਬਚਾਉਣ ਲਈ 31 ਦਸੰਬਰ ਤੱਕ ਇਕ ਲੱਖ ਬੰਦਿਆਂ ਦੀ ਫੌਜ ਤਿਆਰ ਕੀਤੀ ਜਾਵੇਗੀ। ਪਾਰਟੀ ਵੱਲੋਂ ਠੇਕੇਦਾਰ ਰਾਜਿੰਦਰ ਸਿੰਘ ਨੂੰ ਪਾਰਟੀ ਦਾ ਬੰਗਾ ਤੋਂ ਉਮੀਦਵਾਰ ਐਲਾਨਿਆ ਗਿਆ। ਕਿਸਾਨਾਂ ਨੂੰ ਸੰਕਟ ਵਿਚੋਂ ਕੱਢਣ ਲਈ ਬਸਪਾ ਦਾ ਏਜੰਡਾ ਸਾਂਝਾ ਕਰਦਿਆਂ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਅੰਦਰ ਸੱਤਾ ਤਬਦੀਲੀ ਤੋਂ ਬਾਅਦ ਕੋਈ ਕਿਸਾਨ ਖੁਦਕੁਸ਼ੀ ਕਰਨ ਲਈ ਮਜਬੂਰ ਨਹੀਂ ਹੋਵੇਗਾ।

## ਰੂਸ ਵੱਲੋਂ ਜਹਾਦੀਆਂ ਖਿਲਾਫ ਵੱਡੀ ਮੁਹਿੰਮ

**ਮਾਸਕੋ:** ਰੂਸ ਨੇ ਸੀਰੀਆ ਵਿਚ ਆਈ.ਐਸ. ਦੇ ਟਿਕਾਣਿਆਂ ਉੱਤੇ ਹਵਾਈ ਹਮਲੇ ਤੇਜ਼ ਕਰ ਦਿੱਤੇ ਹਨ। ਆਈ.ਐਸ. ਦੇ 60 ਟਿਕਾਣਿਆਂ ਉਤੇ ਰੂਸੀ ਏਅਰ ਫੋਰਸ ਵੱਲੋਂ ਬੰਬਾਰੀ ਕੀਤੀ ਗਈ ਹੈ। ਰੂਸ ਨੇ 300 ਦਹਿਸ਼ਤਗਰਦਾਂ ਦੇ ਮਾਰੇ ਜਾਣ ਦਾ ਦਾਅਵਾ ਵੀ ਕੀਤਾ ਹੈ।

ਰੱਖਿਆ ਮੰਤਰਾਲੇ ਦੇ ਬੁਲਾਰੇ ਏਗੋਰ ਮਾਕੁਸ਼ੇਵ ਨੇ ਹਮਲੇ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਦੱਸਿਆ ਹੈ। ਰੂਸ ਅਨੁਸਾਰ ਰੱਕਾ ਸੂਬੇ ਵਿਚ 200 ਤੇ ਅਲੈਪੋ ਵਿਚ 100 ਦਹਿਸ਼ਤਗਰਦ ਮਾਰੇ ਗਏ ਹਨ। ਰੂਸ ਵੱਲੋਂ ਹਮਲੇ ਦੀਆਂ ਜਾਰੀ ਕੀਤੀਆਂ ਗਈਆਂ ਤਸਵੀਰਾਂ ਅਨੁਸਾਰ ਇਸਲਾਮਿਕ ਗਰੁੱਪ ਲਿਵਾ-ਅਲ ਹੱਕਾ ਦਾ ਹੈੱਡਕੁਆਟਰ ਤਬਾਹ ਕਰ ਦਿੱਤਾ ਗਿਆ ਹੈ। ਇਹ ਗਰੁੱਪ 2012 ਤੋਂ ਬਸ਼ਰ ਅੱਲ ਅਸਦ ਸਰਕਾਰ ਖ਼ਿਲਾਫ਼ ਲੜ ਰਿਹਾ ਹੈ। ਇਸ ਦੌਰਾਨ ਫਰਾਂਸ ਨੇ ਵੀ ਆਈ.ਐਸ. ਦੇ ਟਿਕਾਣਿਆਂ ਉੱਤੇ ਹਮਲੇ ਤੇਜ਼ ਕਰ ਦਿੱਤੇ ਹਨ। ਰੂਸ ਪਿਛਲੇ ਕਈ ਦਿਨਾਂ ਤੋਂ ਸੀਰੀਆ ਵਿਚ ਆਈ.ਐਸ. ਉੱਤੇ ਹਵਾਈ ਹਮਲੇ ਕਰ ਰਿਹਾ ਹੈ।

# ਕੁਦਰਤੀ ਆਫਤਾਂ ਕਾਰਨ ਹੇਮਕੁੰਟ ਸਾਹਿਬ ਸੰਗਤ ਦੀ ਆਮਦ ਘਟੀ

**ਦੇਹਰਾਦੂਨ:** ਕੁਦਰਤੀ ਆਫਤਾਂ ਕਰਕੇ ਸ੍ਰੀ ਹੇਮਕੁੰਟ ਸਾਹਿਬ ਵਿਚ ਸੰਗਤਾਂ ਦੀ ਆਮਦ ਘਟੀ ਹੈ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸਰਦੀਆਂ ਦੇ ਮੌਸਮ ਲਈ ਬੰਦ ਕਰ ਦਿੱਤੇ ਗਏ ਹਨ। ਇਸ ਵਾਰ ਪੌਣੇ ਦੋ ਲੱਖ ਤੋਂ ਵੱਧ ਦੇਸ-ਵਿਦੇਸ ਤੋਂ ਆਈਆਂ ਸੰਗਤਾਂ ਨੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕੀਤੇ ਹਨ। ਟਰੱਸਟ ਨੂੰ ਇਸ ਵਾਰ ਪੰਜ ਲੱਖ ਤੋਂ ਵੱਧ ਸੰਗਤਾਂ ਦੇ ਆਉਣ ਦੀ ਸੰਭਾਵਨਾ ਸੀ, ਪਰ ਪੁਲ ਟੁੱਟਣ ਪਿੱਛੋਂ ਫੈਲੀਆਂ ਅਫਵਾਹਾਂ ਤੋਂ ਸੰਗਤਾਂ ਘਬਰਾ ਗਈਆਂ ਤੇ ਯਾਤਰਾ ਵਿਚ ਇਸ ਵਾਰ ਸੰਗਤਾਂ ਦੀ ਗਿਣਤੀ ਘੱਟ ਰਹੀ।



ਗੁਰਦੁਆਰਾ ਸਾਹਿਬ ਟਰੱਸਟ ਦੇ ਮੀਤ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਅਨੁਸਾਰ ਇਸ ਵਾਰ ਪੌਣੇ ਦੋ ਲੱਖ ਤੋਂ ਵੱਧ ਦੇਸ-ਵਿਦੇਸ ਤੋਂ ਆਈਆਂ ਸੰਗਤਾਂ ਨੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕੀਤੇ ਹਨ। ਟਰੱਸਟ ਵੱਲੋਂ ਗੁਰਦੁਆਰਾ ਸਾਹਿਬ ਦੇ ਕਿਵਾੜ ਬੰਦ ਹੋਣ ਪਿੱਛੋਂ ਅਗਲੇ ਸਾਲ ਦੀ ਯਾਤਰਾ ਦੀਆਂ ਤਿਆਰੀਆਂ ਲਈ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਟਰੱਸਟ ਨੂੰ ਇਸ ਵਾਰ ਪੰਜ ਲੱਖ ਤੋਂ ਵੱਧ ਸੰਗਤਾਂ ਦੇ ਆਉਣ ਦੀ ਸੰਭਾਵਨਾ ਸੀ, ਪਰ ਪੁਲ ਟੁੱਟਣ ਪਿੱਛੋਂ ਫੈਲੀਆਂ ਅਫਵਾਹਾਂ ਤੋਂ ਸੰਗਤਾਂ ਘਬਰਾ ਗਈਆਂ ਤੇ ਯਾਤਰਾ ਵਿਚ ਇਸ ਵਾਰ ਸੰਗਤਾਂ ਦੀ ਗਿਣਤੀ ਘੱਟ ਰਹੀ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਦੇ ਸੇਵਾਦਾਰ ਕ੍ਰਿਪਾਲ ਸਿੰਘ ਨੇ ਦੱਸਿਆ ਕਿ ਕੁਦਰਤੀ ਆਫਤ ਪਿੱਛੋਂ ਪੌਣੇ ਦੋ ਲੱਖ ਤੋਂ ਵੱਧ ਸੰਗਤਾਂ ਦਾ ਦਰਬਾਰ ਸਾਹਿਬ ਵਿਚ ਅਰਦਾਸ ਕਰਨ ਦਾ ਅੰਕੜਾ ਵੀ ਘੱਟ ਨਹੀਂ ਕਿਹਾ ਜਾ ਸਕਦਾ। ਅਗਲੇ ਸਾਲ ਦੀ ਯਾਤਰਾ ਵਿਚ ਟਰੱਸਟ ਦੀ ਇਹ ਕੋਸ਼ਿਸ਼ ਹੋਵੇਗੀ ਕਿ ਯਾਤਰਾ ਵੱਧ ਤੋਂ ਵੱਧ ਚੱਲੇ। ਇਸ ਬਾਰੇ ਸਬੰਧਤ ਅਧਿਕਾਰੀਆਂ ਨਾਲ ਵੀ ਮਸ਼ਵਰਾ ਕੀਤਾ ਜਾਵੇਗਾ।

# ਮਹਿੰਦਰ ਸਿੰਘ ਗਿਲਜੀਆਂ ਇੰਡੀਅਨ ਓਵਰਸੀਜ਼ ਕਾਂਗਰਸ ਯੂ ਐਸ ਏ ਦੇ ਪ੍ਰਧਾਨ ਬਣੇ

**ਨਿਊ ਯਾਰਕ (ਬਿਊਰੋ):** ਸ. ਮਹਿੰਦਰ ਸਿੰਘ ਗਿਲਜੀਆਂ ਸਰਬਸੰਮਤੀ ਨਾਲ ਇੰਡੀਅਨ ਓਵਰਸੀਜ਼ ਕਾਂਗਰਸ ਯੂ ਐਸ ਏ ਦੇ ਦੋ ਸਾਲ ਲਈ ਪ੍ਰਧਾਨ ਨਿਯੁਕਤ ਕੀਤੇ ਗਏ ਹਨ। ਇਸ ਨਿਯੁਕਤੀ ਤੋਂ ਪਹਿਲਾਂ ਸ. ਗਿਲਜ਼ੀਆਂ ਪਾਰਟੀ ਦੇ ਮੀਤ ਪ੍ਰਧਾਨ ਸਨ। ਇਹ ਅਹੁਦਾ ਜੁਨੈਦ ਕਾਜ਼ੀ ਵਲੋਂ ਅਸਤੀਫਾ ਦਿਤੇ ਜਾਣ ਨਾਲ ਖਾਲੀ ਹੋਇਆ ਸੀ। ਆਪਣੀ ਨਿਯੁਕਤੀ ਬਾਰੇ ਸ. ਗਿਲਜੀਆਂ ਨੇ ਕਿਹਾ ਕਿ ਪਾਰਟੀ ਵਲੋਂ ਦਿੱਤੀ ਗਈ ਜ਼ਿੰਮੇਵਾਰੀ ਉਹ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਦੇ ਵਰਕਰਾਂ ਨੂੰ ਨਾਲ ਜੋੜਨਗੇ ਤੇ ਉਨ੍ਹਾਂ ਨੂੰ ਨਾਲ ਲੈ ਕੇ ਚੱਲਣਗੇ।

ਸ. ਮਹਿੰਦਰ ਸਿੰਘ ਗਿਲਜੀਆਂ ਨੇ ਆਪਣਾ ਸਿਆਸੀ ਸਫਰ ਪੰਜਾਬ ਯੂਥ ਕਾਂਗਰਸ ਦੇ ਵਰਕਰ ਵਜੋਂ ਸ਼ੁਰੂ ਕੀਤਾ ਸੀ। ਫਿਰ ਉਨ੍ਹਾਂ ਅਮਰੀਕਾ ਵਿਚ ਕਾਂਗਰਸ ਪਾਰਟੀ ਲਈ ਲਗਾਤਾਰ ਕੰਮ ਕਰਕੇ ਕਾਂਗਰਸ ਨੂੰ ਮਜ਼ਬੂਤ ਕੀਤਾ। ਉਹ ਪਾਰਟੀ ਦੇ ਸਾਰੇ ਸਮਾਗਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਹਨ। ਸ. ਗਿਲਜ਼ੀਆਂ ਦੁਆਬੇ ਦੇ ਇਕ ਸਾਧਾਰਨ ਕਿਸਾਨ ਪਰਿਵਾਰ ਤੋਂ ਹਨ।

ਸਾਲ 2001 'ਚ ਕੁਲ ਹਿੰਦ ਕਾਂਗਰਸ ਦੀ ਪ੍ਰਧਾਨ ਸ੍ਰੀਮਤੀ ਸੋਨੀਆਂ ਗਾਂਧੀ ਜਦੋਂ ਅਮਰੀਕਾ ਆਏ ਤਾਂ ਉਨ੍ਹਾਂ ਦੇ ਮਾਣ ਵਿਚ ਇੰਡੀਅਨ ਓਵਰਸੀਜ਼ ਕਾਂਗਰਸ ਵਲੋਂ ਕਰਵਾਏ ਗਏ ਸਮਾਗਮ ਦੇ ਉਹ ਚੇਅਰਮੈਨ ਸਨ। ਉਸ ਤੋਂ ਬਾਅਦ 2004 ਵਿਚ ਡਾ. ਮਨਮੋਹਨ ਸਿੰਘ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਮਗਰੋਂ ਜਦ ਅਮਰੀਕਾ ਫੇਰੀ 'ਤੇ ਆਏ ਤਾਂ ਉਨ੍ਹਾਂ ਦੇ ਸਵਾਗਤ ਲਈ ਰੱਖੇ ਸਨਮਾਨ ਸਮਾਗਮ ਦੇ ਵੀ ਉਹ ਚੇਅਰਮੈਨ ਸਨ।

ਸ. ਗਿਲਜੀਆਂ ਨੇ ਕਿਹਾ ਕਿ ਉਹ ਪੰਜਾਬ ਚੋਣਾਂ 'ਚ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ ਤੇ ਇਸੇ ਕਰਕੇ ਉਹ ਪਾਰਟੀ 'ਚ ਉਚ ਅਹੁਦੇ 'ਤੇ ਪਹੁੰਚੇ। ਉਹ ਭਾਰਤ ਵਿਚ ਵੀ ਪਾਰਟੀ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਂਦੇ ਰਹਿਣਗੇ ਅਤੇ ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਜਾ ਕੇ ਕਾਂਗਰਸ ਦੀ ਜਿੱਤ ਲਈ ਕੰਮ ਕਰਨਗੇ। ਇੰਡੀਅਨ ਓਵਰਸੀਜ਼ ਕਾਂਗਰਸ ਵਿਧਾਨ ਸਭਾ ਚੋਣਾਂ ਵਿਚ ਆਪਣਾ ਇਕ ਵਫਦ ਪੰਜਾਬ ਭੇਜੇਗੀ। ਉਨ੍ਹਾਂ ਅਕਾਲੀ-ਭਾਜਪਾ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਨ੍ਹਾਂ ਪਾਰਟੀਆਂ ਨੇ ਲੋਕਾਂ ਨੂੰ ਗੁਮਰਾਹ ਕਰਕੇ ਸੱਤਾ ਹਾਸਲ ਕੀਤੀ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਝੂਠੇ ਲਾਰੇ ਲਾਏ ਹਨ। ਅਕਾਲੀ-ਭਾਜਪਾ ਸਰਕਾਰ ਨੇ ਆਪਣੇ ਰਾਜ ਦੌਰਾਨ ਵਿਕਾਸ ਦਾ ਕੋਈ ਕੰਮ ਤਾਂ ਕੀਤਾ ਨਹੀਂ ਪਰ ਨਸ਼ਿਆਂ ਦੇ ਦਰਿਆ ਜਰੂਰ ਵਗਾਏ ਹਨ ਜਾਂ ਫਿਰ ਹਰ ਚੀਜ਼ 'ਤੇ ਆਪਣੇ ਕਬਜ਼ੇ ਜਮਾਏ ਹਨ ਭਾਵੇਂ ਉਹ ਰੇਤਾ-ਬਜਰੀ ਹੈ, ਬੱਸਾਂ ਹਨ ਤੇ ਜਾਂ ਕੁਝ ਹੋਰ।



*ਮਹਿੰਦਰ ਸਿੰਘ ਗਿਲਜੀਆਂ*

ਸ. ਗਿਲਜੀਆਂ ਨੇ ਕਿਹਾ ਕਿ ਇਸ ਸਮੇਂ ਮੁਲਾਜ਼ਮਾਂ ਨੂੰ ਤਨਖਾਹਾਂ ਲੈਣ ਲਈ ਧਰਨੇ ਲਾਉਣੇ ਪੈ ਰਹੇ ਹਨ ਅਤੇ ਕਿਸਾਨਾਂ ਦੀ ਮਿਹਨਤ ਦਾ ਕੋਈ ਮੁੱਲ ਨਹੀਂ ਪੈ ਰਿਹਾ ਜਿਸ ਕਾਰਨ ਕਿਸਾਨ ਅੱਕ ਕੇ ਖੁਦਕੁਸ਼ੀ ਦੇ ਰਾਹ ਪੈ ਗਿਆ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਬਾਰੇ ਕਿਹਾ ਕਿ ਉਨ੍ਹਾਂ ਦਾ ਧਿਆਨ ਦੇਸ਼ ਦੇ ਵਿਕਾਸ ਵੱਲ ਘੱਟ ਪਰ ਫਿਰਕਾਪ੍ਰਸਤੀ ਨੂੰ ਬੜਾਵਾ ਦੇਣ ਵੱਲ ਵਧੇਰੇ ਹੈ।

ਇਸ ਸਬੰਧੀ ਹੋਏ ਸਮਾਗਮ ਦੌਰਾਨ ਸ. ਗਿਲਜੀਆਂ ਨਾਲ ਚੇਅਰਮੈਨ ਜਾਰਜ ਇਬਰਾਹਮ, ਚੇਅਰਮੈਨ ਜਨਤ ਕਾਜੀ, ਹਰਭਜਨ ਸਿੰਘ ਜਨਰਲ ਸਕੱਤਰ, ਡੀ ਜੇ ਗਿੱਲ, ਜਸਵੀਰ ਸਿੰਘ ਨਵਾਂ ਸ਼ਹਿਰ, ਸਵਰਨ ਸਿੰਘ ਪ੍ਰਧਾਨ ਹਰਿਆਣਾ ਚੈਪਟਰ, ਮਿਸਟਰ ਜੋਸਫ ਪ੍ਰਧਾਨ ਤਾਮਿਲਨਾਡੂ ਚੈਪਟਰ, ਜਿੰਦਾ ਸਿੰਘ ਪ੍ਰਧਾਨ ਦਿੱਲੀ ਚੈਪਟਰ, ਅਰੂਜਾ ਜਾਰਜ ਖਜਾਨਚੀ, ਰਾਜਿੰਦਰ ਸਿੰਘ, ਸੋਨੀਆ, ਜੈਕ ਥਾਮਸ ਮੀਤ ਪ੍ਰਧਾਨ, ਪ੍ਰਸਾਦ ਅਧਦਾ, ਹੈਰ ਸਿੰਘ ਦਿੱਲੀ, ਡਾ. ਨਾਈਕੇ ਪ੍ਰਧਾਨ ਕਰਨਾਟਕਾ ਚੈਪਟਰ, ਗੁੱਜਰ ਆਂਧਰਾ ਪ੍ਰਦੇਸ਼, ਮਾਲਕੀ ਸਾਹ ਬੰਬੇ, ਗਰੀਸ਼ ਵੈਦਿਆ, ਜਿੰਦਰਾ ਸੁਖਵੈਨ ਰਾਜਸਥਾਨ, ਸ੍ਰੀ ਸ਼ਰਮਾ ਜੰਮੂ ਤੇ ਹੋਰ ਅਹੁਦੇਦਾਰ ਹਾਜ਼ਰ ਸਨ।

## ਕਲਿੰਟਨ ਨੂੰ ਕੁੱਟਦੀ ਹੁੰਦੀ ਸੀ ਹਿਲੇਰੀ

**ਵਾਸ਼ਿੰਗਟਨ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ ਨੂੰ ਉਨ੍ਹਾਂ ਦੀ ਪਤਨੀ ਕਮਰੇ ਵਿਚ ਬੰਦ ਕਰਕੇ ਕੁੱਟਦੀ ਸੀ। ਇਹ ਖੁਲਾਸਾ ਜਲਦ ਪ੍ਰਕਾਸ਼ਿਤ ਹੋਣ ਜਾ ਰਹੀ ਇਕ ਕਿਤਾਬ ਵਿਚ ਕੀਤਾ ਗਿਆ ਹੈ। ਕਿਤਾਬ ਵਿਚ ਦਾਅਵਾ ਕੀਤਾ ਗਿਆ ਹੈ ਕਿ ਕਲਿੰਟਨ ਨੂੰ ਉਨ੍ਹਾਂ ਦੀ ਪਤਨੀ ਹਿਲੇਰੀ ਇੰਨਾ ਜ਼ਿਆਦਾ ਕੁੱਟਦੀ ਸੀ ਕਿ ਉਨ੍ਹਾਂ ਦੇ ਸਰੀਰ 'ਤੇ ਨਿਸ਼ਾਨ ਤੱਕ ਪੈ ਜਾਂਦੇ ਸਨ। ਅਮਰੀਕਾ ਵਿਚ ਇਕ ਨਵੀਂ ਕਿਤਾਬ 'ਦ ਕਲਿੰਟਨਜ਼ ਵਾਰ ਆਨ ਵਿਮੈਨ' ਦੀ ਚਰਚਾ ਹੈ। ਇਸ ਨੂੰ ਰੋਜਰ ਸਟੋਨ ਨੇ ਲਿਖਿਆ ਹੈ। ਸਟੋਨ ਨੇ ਕਿਤਾਬ ਵਿਚ ਦਾਅਵਾ ਕੀਤਾ ਹੈ ਕਿ ਕਲਿੰਟਨ ਨੂੰ ਇਸ ਕਦਰ ਮਾਰ ਪੈਂਦੀ ਸੀ ਕਿ ਉਨ੍ਹਾਂ ਦੇ ਸਰੀਰ ਵਿਚੋਂ ਖੂਨ ਤੱਕ ਵਗ ਆਉਂਦਾ ਸੀ। ਸੱਟਾਂ ਵੇਖ ਜਦੋਂ ਕੋਈ ਕਲਿੰਟਨ ਤੋਂ ਪੁੱਛਦਾ ਤਾਂ ਉਹ ਜਵਾਬ ਦਿੰਦੇ ਕਿ ਸ਼ੇਵ ਕਰਨ ਲੱਗੇ ਕੱਟ ਲੱਗ ਗਿਆ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਮੋਨਿਕਾ ਲੇਵਿੰਸਕੀ ਨਾਲ ਸਬੰਧਾਂ ਦੇ ਖੁਲਾਸੇ ਤੋਂ ਬਾਅਦ ਹਲੇਰੀ ਨੇ ਕਲਿੰਟਨ ਨੂੰ ਧੱਪੜ ਜੜਿਆ ਸੀ।



# ਭਾਰਤੀ ਫੌਜ 'ਚ ਔਰਤਾਂ ਵੀ ਉਡਾਉਣਗੀਆਂ ਲੜਾਕੂ ਜਹਾਜ਼

**ਨਵੀਂ ਦਿੱਲੀ:** ਭਾਰਤੀ ਹਵਾਈ ਸੈਨਾ ਨੇ ਆਪਣੇ ਲੜਾਕਾ ਹਵਾਈ ਜਹਾਜ਼ਾਂ ਲਈ ਮਹਿਲਾ ਪਾਇਲਟ ਲਾਉਣ ਦੀ ਯੋਜਨਾ ਬਣਾਈ ਹੈ। ਇਹ ਐਲਾਨ ਹਵਾਈ ਸੈਨਾ ਮੁਖੀ ਏਅਰ ਚੀਫ ਮਾਰਸ਼ਲ ਅਰੂਪ ਸਾਹਾ ਨੇ ਕੀਤਾ। ਮੰਤਰਾਲਾ ਪਿਛਲੇ ਦੋ ਸਾਲਾਂ ਤੋਂ ਇਸਤਰੀਆਂ ਨੂੰ ਹਵਾਈ ਸੈਨਾ ਵਿਚ ਵੱਧ ਸਰਗਰਮ ਭੂਮਿਕਾ ਸੌਂਪੇ ਜਾਣ ਦੇ ਸੁਝਾਅ ਦੇ ਰਿਹਾ ਸੀ। ਇਸ ਨੇ ਆਪਣੀ ਸਿਫਾਰਸ਼ ਤੋਂ ਪਹਿਲਾਂ ਕਈ ਅਧਿਐਨ ਕਰਵਾਏ ਜਿਨ੍ਹਾਂ ਤੋਂ ਇਹ ਤੱਥ ਸਾਹਮਣੇ ਆਇਆ ਕਿ ਮਹਿਲਾ ਪਾਇਲਟ ਜਿਸਮਾਨੀ, ਜ਼ਿਹਨੀ ਤੇ ਡਾਕਟਰੀ ਪੱਖੋਂ ਪੁਰਸ਼ ਪਾਈਲਟਾਂ ਤੋਂ ਕਮਜ਼ੋਰ ਨਹੀਂ ਤੇ ਉਹ ਲੜਾਕੂ ਪਾਈਲਟਾਂ ਦਾ ਕਾਰਜ ਬਾਖੂਬੀ ਨਿਭਾ ਸਕਦੀਆਂ ਹਨ।

ਇਸ ਫੈਸਲੇ ਦਾ ਜ਼ਿਕਰਯੋਗ ਪੱਖ ਇਹ ਹੈ ਕਿ ਪਾਕਿਸਤਾਨ ਇਸ ਪੱਖੋਂ ਭਾਰਤ ਨਾਲੋਂ ਅੱਗੇ ਹੈ। ਉਸ ਨੇ ਆਪਣੀ ਹਵਾਈ ਸੈਨਾ ਦੀ ਲੜਾਕੂ ਸ਼ਾਖਾ ਵਿਚ ਪਹਿਲਾਂ ਹੀ ਚਾਰ ਇਸਤਰੀਆਂ ਸ਼ਾਮਲ ਕੀਤੀਆਂ ਹੋਈਆਂ ਹਨ। ਸੈਨਾਵਾਂ ਦੇ ਤਿੰਨੇ ਅੰਗਾਂ ਵਿਚ ਅਜਿਹਾ ਪਹਿਲੀ ਵਾਰ ਹੋਣ ਜਾ ਰਿਹਾ ਹੈ ਜਿਥੇ ਪਹਿਲਾਂ ਯੁੱਧ ਖੇਤਰ ਵਿਚ ਔਰਤਾਂ ਦੀ ਸ਼ਮੂਲੀਅਤ ਦੇ ਵਿਚਾਰ 'ਤੇ ਗੌਰ ਨਹੀਂ ਕੀਤੀ ਜਾਂਦੀ ਸੀ। ਰੱਖਿਆ ਮੰਤਰੀ ਮਨੋਹਰ ਪਰੀਕਰ ਨੇ ਮਈ ਮਹੀਨੇ ਔਰਤਾਂ ਨੂੰ ਹਥਿਆਰਬੰਦ ਦਸਤਿਆਂ ਦੇ ਲੜਾਕਾ ਅਪਰੇਸ਼ਨਾਂ ਵਿਚ ਉਨ੍ਹਾਂ ਦੀ ਸੁਰੱਖਿਆ ਦੇ ਖ਼ਦਸ਼ਿਆਂ ਦੇ ਆਧਾਰ ਤੇ ਸ਼ਾਮਲ ਕਰਨ ਦੀ ਸੰਭਾਵਨਾ ਖਾਰਜ ਕਰ ਦਿੱਤੀ ਸੀ, ਪਰ ਉਨ੍ਹਾਂ ਕਿਹਾ ਸੀ ਕਿ ਮਹਿਲਾ ਪਾਈਲਟਾਂ ਨੂੰ ਹੋਰਨਾਂ ਅਪਰੇਸ਼ਨਲ ਖੇਤਰਾਂ ਵਿਚ ਸ਼ਾਮਲ ਕਰਨ ਬਾਰੇ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਬਲ ਵਿਚ ਮਹਿਲਾ ਕਰਮੀਆਂ ਦੀ ਗਿਣਤੀ 1300 ਦੇ ਕਰੀਬ ਹੈ ਜਿਨ੍ਹਾਂ ਵਿਚ 94 ਪਾਇਲਟ ਅਤੇ 14 ਨੇਵੀਗੇਟਰ ਹਨ।



ਦੱਸਣਯੋਗ ਹੈ ਕਿ ਤਕਰੀਬਨ ਇਕ ਸਾਲ ਪਹਿਲਾਂ ਅਰੂਪ ਰਾਹਾ ਨੇ ਔਰਤਾਂ ਦੀ ਸਰੀਰਕ ਸਮਰੱਥਾ ਕਾਰਨ ਲੜਾਕੂ ਜਹਾਜ਼ਾਂ ਲਈ ਔਰਤ ਪਾਇਲਟ ਨਿਯੁਕਤ ਕਰਨ ਦੇ ਵਿਚਾਰ ਦੀ ਮੁਖ਼ਾਲਫਤ ਕੀਤੀ ਸੀ, ਪਰ ਬੀਤੇ ਦਿਨੀਂ ਗਾਜੀਆਬਾਦ ਵਿਖੇ ਹਿੰਡਨ ਏਅਰਬੇਸ 'ਤੇ ਹਵਾਈ ਫੌਜ ਦਾ 83ਵਾਂ ਸਥਾਪਨਾ ਦਿਵਸ ਮਨਾਉਂਦਿਆਂ ਉਨ੍ਹਾਂ ਐਲਾਨ ਕੀਤਾ ਸੀ ਕਿ ਛੇਤੀ ਹੀ ਔਰਤ ਪਾਇਲਟ ਲੜਾਕੂ ਜਹਾਜ਼ ਉਡਾਉਣਗੀਆਂ। ਇਸਰਾਈਲ, ਕੈਨੇਡਾ, ਡੈਨਮਾਰਕ, ਬ੍ਰਿਟੇਨ, ਫਿਨਲੈਂਡ ਤੇ ਸੰਯੁਕਤ ਅਰਬ ਅਮੀਰਾਤ ਸਮੇਤ ਡੇਢ ਦਰਜਨ ਦੇਸ਼ਾਂ ਵਿਚ ਫੌਜੀ ਮਹਿਲਾਵਾਂ ਨਾ ਸਿਰਫ ਲੜਾਕੂ ਜਹਾਜ਼ ਤੇ ਲੜਾਕੂ ਹੈਲੀਕਾਪਟਰ ਚਲਾਉਂਦੀਆਂ ਹਨ, ਸਗੋਂ ਟੈਂਕਾਂ ਤੇ ਬਖਤਰਬੰਦ ਗੱਡੀਆਂ ਦਾ ਸੰਚਾਲਣ ਵੀ ਕਰਦੀਆਂ ਹਨ। ਭਾਰਤੀ ਹਵਾਈ ਸੈਨਾ ਵਿਚ ਵੀ ਤਕਰੀਬਨ 50 ਮਹਿਲਾ ਪਾਈਲਟਾਂ ਵੱਲੋਂ ਟਰਾਂਸਪੋਰਟ ਜਹਾਜ਼ ਚਲਾਏ ਜਾਂਦੇ ਹਨ ਤੇ ਉਹ ਸਪਲਾਈ ਤੇ ਬਚਾਓ ਮਿਸ਼ਨਾਂ 'ਤੇ ਹੈਲੀਕਾਪਟਰ ਵੀ ਲੈ ਕੇ ਜਾਂਦੀਆਂ ਹਨ।

## ਰੱਖਿਆ ਮੰਤਰੀ ਮਨੋਹਰ ਪਾਰੀਕਰ ਨੇ ਭਰੀ ਹਾਮੀ

**ਨਵੀਂ ਦਿੱਲੀ:** ਰੱਖਿਆ ਮੰਤਰੀ ਮਨੋਹਰ ਪਾਰੀਕਰ ਨੇ ਹਥਿਆਰਬੰਦ ਸੈਨਾਵਾਂ ਵਿਚ ਔਰਤਾਂ ਦੀ ਜੰਗੀ ਭੂਮਿਕਾ ਦਾ ਸਮਰਥਨ ਕੀਤਾ ਹੈ ਤੇ ਨਾਲ ਹੀ ਕਿਹਾ ਹੈ ਕਿ ਸਿਖਲਾਈ ਸਮੇਤ ਅਮਲੀ ਰੂਪ ਵਿਚ ਆਉਣ ਵਾਲੀਆਂ ਹੋਰ ਸਮੱਸਿਆਵਾਂ ਦੇ ਅਧਿਅਨ ਤੋਂ ਬਾਅਦ ਇਸ ਬਾਰੇ ਨੀਤੀਗਤ ਫੈਸਲਾ ਛੇਤੀ ਲੈ ਲਿਆ ਜਾਵੇਗਾ। ਰੱਖਿਆ ਮੰਤਰੀ ਨੇ ਇਹ ਵੀ ਕਿਹਾ ਹੈ ਕਿ ਉਹ ਸਿਧਾਂਤਕ ਤੌਰ 'ਤੇ ਇਸ ਵਿਚਾਰ ਦੀ ਹਮਾਇਤ ਕਰਦੇ ਹਨ, ਪਰ ਅਮਲੀ ਤੇ ਸਿਖਲਾਈ ਸਮੱਸਿਆਵਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ।

ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜੱਗ ਚਾਨਣ ਹੋਆ॥

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਛੇਵਾਂ

# ਮਹਾਨ ਨਗਰ ਕੀਰਤਨ




## ਨਗਰ ਕੀਰਤਨ 25 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 11:00 ਵਜੇ ਗੁਰੂ ਘਰ ਤੋਂ ਰਵਾਨਗੀ ਕਰੇਗਾ।



ਦਮਦਮੀ ਟਕਸਾਲ ਦੇ 16ਵੇਂ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਵੱਲੋਂ ਸੰਗਤਾਂ ਨੂੰ ਖਾਸ ਤੌਰ 'ਤੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ

**ਅੰਮ੍ਰਿਤ ਸੰਚਾਰ:** ਅੰਮ੍ਰਿਤ ਸੰਚਾਰ 24 ਅਕਤੂਬਰ ਦਿਨ ਸ਼ਨੀਵਾਰ ਨੂੰ ਠੀਕ ਸਵੇਰੇ 10 ਵਜ਼ੇ ਹੋਵੇਗਾ। ਸਮੂੰਹ ਅੰਮ੍ਰਿਤ ਅਭਿਲਾਸ਼ੀ ਸਮੇਂ ਸਿਰ ਪਹੁੰਚਣ ਅਤੇ ਪ੍ਰਬੰਧਕਾ ਕੋਲ ਆਪਣੇ ਨਾਂ ਜਰੂਰ ਦਰਜ ਕਰਵਾ ਦੇਣ।

ਇਲਾਕੇ ਭਰ ਦੇ ਸਮੂੰਹ ਗੁਰੂ ਘਰਾ ਦੇ ਕੀਰਤਨੀ ਜੱਥੇ ਹਾਜ਼ਰੀ ਭਰਨਗੇ। ਗੁਰੂ ਘਰ ਵਿਖੇ ਰੋਜਾਨਾ ਸਵੇਰ ਅਤੇ ਸਾਮ ਦੇ ਦੀਵਾਨ ਸਜ਼ਦੇ ਹਨ। ਉੱਥੇ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕ ਅਤੇ ਕਥਾਂ ਵਾਚਕ ਹਾਜ਼ਰੀ ਭਰਦੇ ਹਨ। ਸੰਗਤਾਂ ਨੂੰ ਰੋਜ਼ਾਨਾ ਦੇ ਗੁਰਬਾਣੀ ਦੇ ਚਲ ਰਹੇ ਸਮਾਗਮਾ ਅਤੇ ਨਗਰ ਕੀਰਤਨ ਵਿੱਚ ਸਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ। ਨਗਰ ਕੀਰਤਨ ਦੌਰਾਨ ਸੇਵਾਵਾ ਫਲੋਟ ਸਜਾਉਣ, ਸਟਾਲ ਲਾਉਣ ਜਾਂ ਲੰਗਰਾਂ ਆਦਿਕ ਦੀਆਂ ਸੇਵਾਵਾ ਲਈ ਪ੍ਰਬੰਧਕਾ ਨਾਲ ਸੰਪਰਕ ਕਰ ਸਕਦੇ ਹੋ।

### ਪ੍ਰੋਗਰਾਮ ਦਾ ਵੇਰਵਾ

**ਭੋਗ ਸ੍ਰੀ ਅਖੰਡ ਪਾਠ ਸਹਿਬ:**
25 ਅਕਤੂਬਰ ਦਿਨ ਐਤਵਾਰ ਸਵੇਰੇ 8 ਤੋਂ 10 ਵਜੇ ਤੱਕ ਪਾਏ ਜਾਣਗੇ।

**ਗੁਰੂ ਘਰ ਵਿਖੇ ਦੀਵਾਨ:**
ਸਵੇਰੇ 10 ਤੋਂ 11 ਵਜੇ ਸਜਾਏ ਜਾਣਗੇ। ਇਸ ਉਪਰੰਤ ਨਗਰ ਕੀਰਤਨ ਦੀ ਰਵਾਨਗੀ ਠੀਕ 11 ਵਜੇ ਹੋਵੇਗੀ।

### ਹੋਰ ਜਾਣਕਾਰੀ ਲਈ ਸੰਪਰਕ:

ਵਧੇਰੇ ਜਾਣਕਾਰੀ: ਬਾਬਾ ਅਵਤਾਰ ਸਿੰਘ (559) 261-5899,
ਭਾਈ ਹਰਪ੍ਰੀਤ ਸਿੰਘ (559) 859-0471, ਭਾਈ ਵਰਿੰਦਰ ਸਿੰਘ (559) 316-9296.
ਲੰਗਰ: ਪਰਮਿੰਦਰ ਸਿੰਘ ਮੋਹਣਾ (559) 312-6222.
ਸਟਾਲ: ਪਲਵਿੰਦਰ ਸਿੰਘ (559) 696-4089,
ਰਣਜੀਤ ਸਿੰਘ (559) 351-0505.
ਫਲੋਟ ਲਾਉਣ ਜਾਂ ਸਜ਼ਾਉਣ ਸੰਬੰਧੀ: ਰਾਜਵਿੰਦਰ ਸਿੰਘ (559) 708-9199,
ਜਗਰੂਪ ਸਿੰਘ (209) 648-4994.

ਗੁਰੂਘਰ ਤੋਂ ਚਲਣ ਉਪਰੰਤ ਨਗਰ ਕੀਰਤਨ 'ਫਾਉਲਰ' ਸ਼ਹਿਰ ਦੀਆਂ ਵੱਖ-ਵੱਖ ਸੜਕਾ ਤੋਂ ਹੁੰਦਾ ਹੋਇਆ ਸ਼ਹਿਰ ਦੇ 'ਪਨਜ਼ੈਕ ਪਾਰਕ' ਵਿੱਚ ਪੜਾਅ ਕਰਨ ਉਪਰੰਤ ਬਾਅਦ ਵਾਪਸ ਗੁਰੂਘਰ ਦੀ ਰਵਾਨਗੀ ਪਾਵੇਗਾ।

### ਗੁਰੂ ਘਰ ਦਾ ਪਤਾ

4250-E. LINCOLN AVE FRESNO, California - 93725.

ਨਗਰ ਕੀਰਤਨ ਦੇ ਰੂਟ ਦਾ ਨਕਸ਼ਾ।




ਸਮੂੰਹ ਪੰਜਾਬੀ ਮੀਡੀਆਂ ਦਾ ਸਹਿਯੋਗ ਦੇਣ ਲਈ ਧੰਨਵਾਦ। ਫੋਟੋ ਅਤੇ ਵੀਡੀਓ ਸੇਵਾ: ਜੀਤ ਗਿੱਲ Mogavideo.com ਅਤੇ ਸਿੰਘਪੁਰ ਵੀਡੀਓਜ਼ ਫਰਿਜ਼ਨੋ।

ਮੀਡੀਆਂ ਸਪਾਂਸਰ: ਕੁਲਵੰਤ ਉੱਭੀ ਧਾਲੀਆਂ (559) 473-9264 ਅਤੇ ਨੀਟਾ ਮਾਛੀਕੇ (559) 333-5776.


Degined By: Kulwant Ubhi Dhalian, Dhalian & Machhike Punjabi Media Group Fresno, California, USA and Dhalian.com

# US Kabaddi Co-ordination Committee Announces 4 Kabaddi Cup Tournaments in 2016

ਯੂ ਐਸ ਕਬੱਡੀ ਕੋ-ਆਰਡੀਨੇਸ਼ਨ ਕਮੇਟੀ ਨੇ ਹੋਰਨਾਂ ਲੋਕਲ ਖੇਡ ਮੇਲਿਆਂ ਦੇ ਨਾਲ ਸਾਲ 2016 ਵਿਚ ਚਾਰ ਕਬੱਡੀ ਕੱਪ ਟੂਰਨਾਮੈਂਟ (23 ਅਪਰੈਲ ਤੋਂ 15 ਮਈ 2016 ਦਰਮਿਆਨ) ਕਰਵਾਉਣ ਦਾ ਐਲਾਨ ਕੀਤਾ ਹੈ ਤਾਂ ਜੋ ਆਪਣੀ ਨਵੀਂ ਪੀੜ੍ਹੀ ਨੂੰ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਤੇ ਹੋਰਨਾਂ ਖੇਡਾਂ ਨਾਲ ਜੋੜ ਕੇ ਉਨ੍ਹਾਂ ਨੂੰ ਨਸ਼ਿਆਂ ਤੇ ਹੋਰਨਾਂ ਬੁਰਾਈਆਂ ਅਤੇ ਮਾੜੀ ਸੰਗਤ ਤੋਂ ਦੂਰ ਰੱਖਿਆ ਜਾ ਸਕੇ।

**ਸਹਿਯੋਗੀ ਕਲੱਬ:** ਗੁਰੂ ਤੇਗ ਬਹਾਦਰ ਸਪੋਰਟਸ ਕਲੱਬ, ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ, ਸ਼ੇਰੇ ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ ਤੇ ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ (ਫਰੀਮਾਂਟ)

## ਕਿਸੇ ਵੀ ਜਾਣਕਾਰੀ ਲਈ ਸੰਪਰਕ ਕਰੋ:



ਅਮੋਲਕ ਸਿੰਘ ਗਾਖਲ
(ਪ੍ਰਧਾਨ)
ਫੋਨ: 831-247-4637



ਤਰਲੋਚਨ ਸਿੰਘ ਲੱਛਰ
(ਡਾਇਰੈਕਟਰ)
ਫੋਨ: 209-509-2595



ਮੰਗਲ ਸਿੰਘ ਭੰਡਾਲ
(ਡਾਇਰੈਕਟਰ)
ਫੋਨ: 831-588-0724



ਕਿੰਦੂ ਭਲਵਾਨ ਰਮੀਦੀ ਵਾਲਾ
(ਡਾਇਰੈਕਟਰ)
ਫੋਨ: 916-870-3303



ਅਮਰਜੀਤ ਸਿੰਘ ਸੰਘਾ
(ਟੀਮ ਕੋ-ਆਰਡੀਨੇਟਰ)
ਫੋਨ: 510-760-6131



ਸੁੱਖੀ ਸੇਖੋਂ
(ਟੀਮ ਕੋ-ਆਰਡੀਨੇਟਰ)
ਫੋਨ: 209-589-5664



ਬਲਜੀਤ ਸਹੋਤਾ
(ਟੀਮ ਕੋ-ਆਰਡੀਨੇਟਰ)
ਫੋਨ: 209-587-1571



ਸੰਤੋਖ ਸਿੰਘ ਜੱਜ
(ਕੈਸ਼ੀਅਰ)
ਫੋਨ: 925-487-4679



ਗੁਰਦਾਵਰ ਸਿੰਘ ਮਹੇੜੂ
(ਸਪੋਕਸਮੈਨ)
ਫੋਨ: 510-468-9381

## ਗਜ਼ਲਗੋ ਇਕਵਿੰਦਰ ਸਿੰਘ ਨਾਲ ਰੁਬਰੂ 17 ਨੂੰ



**ਸੈਕਰਾਮੈਂਟੋ (ਬਿਊਰੋ):** ਨਾਮੀ ਗਜ਼ਲਗੋ ਇਕਵਿੰਦਰ ਸਿੰਘ ਨਾਲ ਇਕ ਰੁਬਰੂ ਪ੍ਰੋਗਰਾਮ ਪੰਜਾਬੀ ਗੀਤਕਾਰ ਮੰਚ ਵਲੋਂ ਸਨਿਚਰਵਾਰ 17 ਅਕਤੂਬਰ ਨੂੰ ਸ਼ਾਮ 3:00 ਵਜੇ ਹੋਟਲ ਫੋਰ ਪੁਆਇੰਟ ਸ਼ੈਰੇਟਨ (4900 ਡਕਹੋਰਨ ਡਰਾਈਵ) ਵਿਚ ਕਰਵਾਇਆ ਜਾ ਰਿਹਾ ਹੈ। ਇਸ ਦੀ ਮੇਜ਼ਬਾਨੀ ਪੰਜਾਬੀ ਗੀਤਕਾਰ ਮੰਚ ਦੇ ਪ੍ਰਧਾਨ ਮਖਣ ਲੁਹਾਰ ਕਰਨਗੇ।

ਮੰਚ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਮੌਕੇ ਗਜਲਾਂ, ਗੀਤਾਂ ਅਤੇ ਹੋਰ ਕਾਵਿ ਵੰਨਗੀਆਂ ਦਾ ਰੰਗ ਜੰਮੇਗਾ। ਜ਼ਿਕਰਯੋਗ ਹੈ ਕਿ ਇਕਵਿੰਦਰ ਸਿੰਘ ਦੂਰਦਰਸ਼ਨ ਅਤੇ ਅਕਾਸ਼ਵਾਣੀ ਤੋਂ ਪ੍ਰੋਗਰਾਮ 'ਨਾਲੇ ਗੱਲਾਂ ਨਾਲੇ ਗੀਤ' ਦਾ ਸੰਚਾਲਨ ਕਰਦੇ ਰਹੇ ਹਨ।

## 'ਆਪ' ਵਲੰਟੀਅਰਾਂ ਦੀ ਹੋਈ ਸਫਲ ਮੀਟਿੰਗ



**ਫਰਿਜ਼ਨੋ (ਬਿਊਰੋ):** ਜੇ ਪੰਜਾਬ ਨੂੰ ਮੌਜੂਦਾ ਗਰਕੀ ਦੀ ਸਥਿਤੀ 'ਚੋਂ ਕੱਢਣਾ ਹੈ ਤਾਂ ਰਵਾਇਤੀ ਸਿਆਸੀ ਪਾਰਟੀਆਂ ਦੇ ਚੁੰਗਲ ਵਿਚੋਂ ਪੰਜਾਬ ਨੂੰ ਕੱਢਣਾ ਹੀ ਹੋਵੇਗਾ। ਇਸ ਖਾਤਿਰ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਨੂੰ ਜਿਤਾਉਣਾ ਇਕ ਸੁਨਹਿਰੀ ਮੌਕਾ ਹੈ।

ਇਹ ਵਿਚਾਰ ਇਥੇ ਵੱਖ ਵੱਖ ਬੁਲਾਰਿਆਂ ਨੇ 'ਪੰਜਾਬ ਬਚਾਓ ਮਹਿੰਮ 2017' ਦੇ ਬੈਨਰ ਹੇਠ ਆਮ ਆਦਮੀ ਪਾਰਟੀ ਕੈਲੀਫੋਰਨੀਆ ਦੇ ਵਲੰਟੀਅਰਾਂ ਦੀ ਇਥੇ ਹੋਈ ਇਕ ਮੀਟਿੰਗ ਵਿਚ ਪ੍ਰਗਟ ਕੀਤੇ। ਇਸ ਮੀਟਿੰਗ ਲਈ ਲੋਕਲ ਪੰਜਾਬੀਆਂ ਦਾ ਹੁੰਗਾਰਾ ਬੇਮਿਸਾਲ ਰਿਹਾ। ਭਾਰੀ ਗਿਣਤੀ ਵਿਚ ਪੰਜਾਬ ਪ੍ਰਤੀ ਦਰਦਮੰਦ ਲੋਕਾਂ ਨੇ ਇਸ ਮੀਟਿੰਗ ਵਿਚ ਆਪਣੇ ਵਿਚਾਰ ਰੱਖੇ। ਬੇ-ਏਰੀਏ ਤੋਂ ਬਿਨਾਂ ਸੈਕਰਾਮੈਂਟੋ, ਫੇਅਰਫੀਲਡ ਅਤੇ ਮਾਡੈਸਟੋ ਆਦਿ ਸ਼ਹਿਰਾਂ ਤੋਂ ਵੀ 'ਆਪ' ਦੇ ਵਲੰਟੀਅਰ ਹੁਮ ਹੁਮਾ ਕੇ ਪਹੁੰਚੇ।

'ਆਪ' ਆਗੂ ਮਨਜਿੰਦਰ ਸੰਧੂ ਨੇ ਲੋਕਾਂ ਦੇ ਸੁਆਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਸੱਚਮੁੱਚ ਆਮ ਲੋਕਾਂ ਦੀ ਪਾਰਟੀ ਹੈ ਅਤੇ ਇਹ ਗੱਲ ਸਰਮਾਏਦਾਰਾਂ ਤੇ ਦਹਾਕਿਆਂ ਤੋਂ ਹਕੂਮਤਾਂ 'ਤੇ ਕਾਬਜ ਲੋਕਾਂ ਨੂੰ ਉਕਾ ਹੀ ਨਹੀਂ ਪਚਦੀ। ਇਸੇ ਕਰਕੇ ਉਹ ਪਾਰਟੀ ਦੇ ਪ੍ਰੋਗਰਾਮ ਵਿਚ ਵਿਘਨ ਪਾਉਣ ਲਈ ਹਰ ਹੀਲਾ ਵਰਤਦੇ ਹਨ। ਉਨ੍ਹਾਂ ਦੀਆਂ ਇਨ੍ਹਾਂ ਸਾਜਿਸ਼ਾਂ ਤੋਂ ਬਚਣ ਦੀ ਲੋੜ ਹੈ।

ਅੰਮ੍ਰਿਤਪਾਲ ਢਿੱਲੋਂ ਅਤੇ ਸਾਥੀਆਂ ਨੇ 'ਆਪ' ਦੀ ਕੈਲੀਫੋਰਨੀਆ ਟੀਮ ਦੇ ਏਜੰਡੇ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਅਤੇ ਨਵੰਬਰ ਮਹੀਨੇ ਯੂਬਾ ਸਿਟੀ ਵਿਚ ਹੋ ਰਹੇ ਵਿਸ਼ਾਲ ਨਗਰ ਕੀਰਤਨ 'ਤੇ ਪਹੁੰਚ ਕੇ ਭਾਰਤ ਤੋਂ ਆ ਰਹੇ 'ਆਪ' ਲੀਡਰ ਜਰਨੈਲ ਸਿੰਘ ਦੇ ਵਿਚਾਰ ਸੁਣਨ ਲਈ ਬੇਨਤੀ ਕੀਤੀ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਕੀਤਾ। ਗੁਰਨੇਕ ਸਿੰਘ ਬਾਗੜੀ, ਰਣਜੀਤ ਗਿੱਲ, ਹਾਕਮ ਸਿੰਘ ਢਿੱਲੋਂ, ਸੁਖਦੇਵ ਸਿੰਘ ਸਿੱਧੂ, ਮਹਿੰਦਰ ਸਿੰਘ ਸੰਧਾਵਾਲੀਆ ਆਦਿ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਸੱਜਣਾਂ ਨੇ ਮੀਟਿੰਗ ਨੂੰ ਸੰਬੋਧਨ ਕੀਤਾ।

## ਨਰਿੰਦਰ ਮੋਦੀ ਵਲੋਂ ਬਾਦਲ ਨੂੰ ਨੈਲਸਨ ਮੰਡੇਲਾ ਕਰਾਰ ਦਿੱਤੇ ਜਾਣ ਦਾ ਸਵਾਗਤ

**ਸੈਕਰਾਮੈਂਟੋ (ਬਿਊਰੋ):** ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਪੰਜਾਬ ਪ੍ਰਤੀ ਨਿਭਾਈਆਂ ਸੇਵਾਵਾਂ ਅਤੇ ਆਜ਼ਾਦੀ ਸੰਗਰਾਮ ਵਿਚ ਕਰੀਬ ਦੋ ਦਹਾਕੇ ਜੇਲ੍ਹ ਕੱਟਣ ਦੇ ਇਵਜ਼ ਵਜੋਂ ਉਨ੍ਹਾਂ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਆਜ਼ਾਦ ਭਾਰਤ ਦਾ ਨੈਲਸਨ ਮੰਡੇਲਾ ਕਰਾਰ ਦਿਤੇ ਜਾਣ ਦਾ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਨੇ ਸਵਾਗਤ ਕੀਤਾ ਹੈ।

ਪਾਰਟੀ ਇਕਾਈ ਹਾਈ ਪਾਵਰ ਕੋਰ ਕਮੇਟੀ ਦੇ ਚੇਅਰਮੈਨ ਜਸਪ੍ਰੀਤ ਸਿੰਘ ਅਟਾਰਨੀ ਨੇ ਇਸ ਫੈਸਲੇ ਨੂੰ ਸਹੀ ਫੈਸਲਾ ਕਰਾਰ ਦਿੰਦਿਆਂ ਕਿਹਾ ਕਿ ਜਿੰਨੀ ਜੇਲ੍ਹ ਆਜ਼ਾਦ ਭਾਰਤ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਨੇ ਕੱਟੀ ਹੈ, ਉਨੀ ਸ਼ਾਇਦ ਹੀ ਕਿਸੇ ਹੋਰ ਲੀਡਰ ਨੇ ਕੱਟੀ ਹੋਵੇ। ਉਨ੍ਹਾਂ ਪੰਜਾਬ, ਜਮਹੂਰੀਅਤ, ਕਿਸਾਨਾਂ ਤੇ ਨੌਜਵਾਨਾਂ ਲਈ ਜਿੰਨੀਆਂ ਕੁਰਬਾਨੀਆਂ ਕੀਤੀਆਂ ਹਨ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਸ. ਬਾਦਲ ਨੇ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਲਈ ਕੰਮ ਕੀਤਾ ਹੈ, ਉਸ ਦਾ ਵੀ ਕੋਈ ਜਵਾਬ ਨਹੀਂ। ਸ਼੍ਰੋਮਣੀ ਅਕਾਲੀ ਦਲ ਅਮਰੀਕਾ ਨੇ ਇਕ ਮਤਾ ਪਾਸ ਕਰਕੇ ਮੰਗ ਕੀਤੀ ਕਿ ਸ. ਬਾਦਲ ਨੂੰ ਉਨ੍ਹਾਂ ਵਲੋਂ ਨਿਭਾਈਆਂ ਸੇਵਾਵਾਂ ਲਈ 'ਨੋਬਲ ਪੀਸ ਪ੍ਰਾਈਜ਼' ਮਿਲਣਾ ਚਾਹੀਦਾ ਹੈ।

ਪਾਰਟੀ ਇਕਾਈ ਦੀ ਇਥੇ ਹੋਈ ਇਕ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੇ ਉਸ ਬਿਆਨ ਦਾ ਸਵਾਗਤ ਕੀਤਾ ਗਿਆ ਜਿਸ ਵਿਚ ਉਨ੍ਹਾਂ ਕਿਹਾ ਹੈ ਕਿ ਅਮਰੀਕਾ-ਕੈਨੇਡਾ 'ਚ ਬਣਾਈ ਅਧਿਕਾਰਤ 18 ਮੈਂਬਰੀ ਕੋਰ ਕਮੇਟੀ ਹੀ ਨਵੀਆਂ ਨਿਯੁਕਤੀਆਂ ਸਬੰਧੀ ਹਾਈਕਮਾਂਡ ਨੂੰ ਸਿਫਾਰਸ਼ ਕਰ ਸਕਦੀ ਹੈ। ਵਰਣਨਯੋਗ ਹੈ ਕਿ ਸ. ਸੁਖਬੀਰ ਸਿੰਘ ਬਾਦਲ ਨੇ ਪਿਛਲੇ ਦਿਨੀਂ ਇਕ ਬਿਆਨ ਵਿਚ ਕਿਹਾ ਸੀ ਕਿ ਅਮਰੀਕਾ-ਕੈਨੇਡਾ ਦੇ ਜੋਨ ਪ੍ਰਧਾਨ ਜਾਂ ਚੇਅਰਮੈਨ ਆਪਣੇ ਤੌਰ 'ਤੇ ਨਵੀਆਂ ਨਿਯੁਕਤੀਆਂ ਨਹੀਂ ਕਰ ਸਕਦੇ ਤੇ ਇਹ ਨਿਯੁਕਤੀਆਂ ਪਾਰਟੀ ਦੀ ਹਾਈ ਕਮਾਂਡ ਇਸ ਸਬੰਧੀ ਬਣਾਈ 18 ਮੈਂਬਰੀ ਕਮੇਟੀ ਦੀ ਸਿਫਾਰਸ਼ 'ਤੇ ਹੀ ਕਰੇਗੀ। ਇਸ ਸਿਫਾਰਸ਼ ਤੋਂ ਬਿਨਾਂ ਹੋਈ ਕੋਈ ਵੀ ਨਿਯੁਕਤੀ ਨਹੀਂ ਮੰਨੀ ਜਾਵੇਗੀ। ਪਾਰਟੀ ਵਰਕਰਾਂ ਨੇ ਇਸ ਫੈਸਲੇ ਪ੍ਰਤੀ ਨਿਸ਼ਠਾ ਜਾਹਿਰ ਕਰਦਿਆਂ ਕਿਹਾ ਕਿ ਉਹ ਇਸ ਦੇ ਪਾਬੰਦ ਰਹਿਣਗੇ।



ਪਾਰਟੀ ਨੇ ਬੀਤੇ ਦਿਨੀਂ ਸਿੱਖ ਸੁਸਾਇਟੀ ਆਫ ਇੰਡੀਆਨਾ ਵਲੋਂ ਇੰਡੀਅਨਐਪੋਲਿਸ ਵਿਚ ਸਜਾਏ ਗਏ ਨਗਰ ਕੀਰਤਨ ਮੌਕੇ ਕੁਝ ਲੋਕਾਂ ਵਲੋਂ ਹੁੱਲੜਬਾਜ਼ੀ ਤੇ ਗਾਲੀ ਗਲੋਚ ਕੀਤੇ ਜਾਣ ਦੀ ਸਖਤ ਨਿਖੇਧੀ ਕੀਤੀ। ਪਾਰਟੀ ਵਰਕਰਾਂ ਨੇ ਰਾਏ ਜਾਹਿਰ ਕੀਤੀ ਕਿ ਅਮਰੀਕਾ ਵਿਚ ਸਾਨੂੰ ਸਿੱਖੀ ਦੀ ਸ਼ਾਨ ਵਧਾਉਣ ਲਈ ਕੰਮ ਕਰਨਾ ਚਾਹੀਦਾ ਹੈ ਅਤੇ ਆਪਸ ਵਿਚ ਗਾਲੀ ਗਲੋਚ ਅਤੇ ਲੜਾਈ ਝਗੜਾ ਕਰ ਕੇ ਆਪਣਾ ਨਾਂ ਬਦਨਾਮ ਨਹੀਂ ਕਰਨਾ ਚਾਹੀਦਾ। ਗਾਲੀ ਗਲੋਚ ਕਰਨ ਨਾਲ ਸਾਡੇ ਆਪਣੇ ਬੱਚਿਆਂ ਉਤੇ ਵੀ ਮਾੜਾ ਅਸਰ ਪੈਂਦਾ ਹੈ।

ਇਸ ਮੀਟਿੰਗ ਵਿਚ ਵੈਸਟ ਕੋਸਟ ਦੇ ਚੇਅਰਮੈਨ ਗੁਰਨਾਮ ਸਿੰਘ ਪੰਮਾ, ਬਲਜੀਤ ਸਿੰਘ ਮਾਨ (ਪ੍ਰਧਾਨ ਕੈਲੀਫੋਰਨੀਆ), ਕੋਰ ਕਮੇਟੀ ਦੇ ਮੈਂਬਰਾਂ-ਹਰਬੰਤ ਸਿੰਘ ਚਾਹਲ, ਅਰਵਿੰਦਰ ਲਾਖਨ ਤੇ ਅਵਤਾਰ ਸਿੰਘ ਗਿੱਲ; ਰਵਿੰਦਰ ਸਿੰਘ ਬੋਇਲ, ਦਲਵੀਰ ਸਿੰਘ ਸੰਘੇੜਾ, ਸ਼ੇਰ ਸਿੰਘ ਚੌਹਾਨ, ਭੁਪਿੰਦਰ ਸਿੰਘ ਜਾਡਲਾ, ਬਲਵਿੰਦਰ ਸਿੰਘ ਰਾਠੌਰ, ਸਤਵੀਰ ਸਿੰਘ, ਰਾਜਾ ਮਾਨ, ਧਰਮਿੰਦਰ ਸਿੰਘ, ਬੀਬੀ ਕੁਲਦੀਪ ਕੌਰ ਟੌਹੜਾ ਆਦਿ ਹਾਜ਼ਰ ਸਨ।








# ਸੈਕਰਾਮੈਂਟੋ ਦੇ ਗਦਰੀ ਮੇਲੇ 'ਚ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਨੂੰ ਅਕੀਦਤ

**ਸੈਕਰਾਮੈਂਟੋ (ਬਿਊਰੋ):** ਗਦਰੀ ਬਾਬਿਆਂ ਦੀ ਯਾਦ ਵਿਚ ਬਣੀ ਸਥਾਨਕ ਸੰਸਥਾ ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਆਪਣਾ ਸਾਲਾਨਾ 'ਮੇਲਾ ਗਦਰੀ ਬਾਬਿਆਂ ਦਾ' 11 ਅਕਤੂਬਰ ਨੂੰ ਮਨਾਇਆ ਗਿਆ। ਇਸ ਵਾਰ ਦਾ ਮੇਲਾ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸੱਤ
















ਗਦਰੀਆਂ-ਕਰਤਾਰ ਸਿੰਘ ਸਰਾਭਾ, ਵਿਸ਼ਨੂ ਗਣੇਸ਼ ਪਿੰਗਲੇ, ਬਖਸ਼ੀਸ਼ ਸਿੰਘ ਗਿੱਲਵਾਲੀ, ਸਰੈਣ ਸਿੰਘ ਗਿੱਲਵਾਲੀ (ਵੱਡਾ), ਸਰੈਣ ਸਿੰਘ ਗਿੱਲਵਾਲੀ (ਛੋਟਾ), ਹਰਨਾਮ ਸਿੰਘ

ਸਿਆਲਕੋਟੀ ਅਤੇ ਜਗਤ ਸਿੰਘ ਨੂੰ ਸਮਰਪਿਤ ਸੀ। ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਹਿਤ ਸਭ ਤੋਂ ਪਹਿਲਾਂ ਸੰਸਥਾ ਦੇ ਮੋਢੀ




ਮੈਂਬਰ ਅਤੇ ਹੋਰ ਸੱਜਣ ਆਜ਼ਾਦੀ ਘੁਲਾਟੀਏ ਮੌਲਵੀ ਮੁਹੰਮਦ ਬਰਕਤ ਉਲਾ ਦੀ ਮਜ਼ਾਰ ਉਤੇ ਸ਼ਰਧਾ ਦੇ ਫੁੱਲ ਚੜ੍ਹਾਉਣ ਲਈ ਗਏ ਜਿਥੇ ਕਸ਼ਮੀਰ ਸਿੰਘ ਕਾਂਗਣਾ ਤੇ ਸੰਸਥਾ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਗਦਰ ਲਹਿਰ ਦੇ ਪਰਵਾਨਿਆਂ ਵਲੋਂ ਭਾਰਤੀ ਉਪ ਮਹਾਦੀਪ ਦੀ ਆਜ਼ਾਦੀ ਲਈ ਕੀਤੀਆਂ ਗਈਆਂ ਕੁਰਬਾਨੀਆਂ ਬਾਰੇ ਜਾਣਕਾਰੀ ਦਿੱਤੀ।

ਮੁੱਖ ਸਮਾਗਮ ਇਥੇ ਐਸ ਈ ਐਸ ਹਾਲ, ਐਲਕ ਗਰੂਵ ਵਿਖੇ ਹੋਇਆ ਜਿਥੇ ਖੁੱਲ੍ਹੇ ਵਿਹੜੇ ਵਿਚ ਗਦਰ ਪਾਰਟੀ ਦਾ ਤਿੰਨ ਰੰਗਾਂ ਵਿਚ ਦੋ ਖੜੀਆਂ ਕਿਰਪਾਨਾਂ ਵਾਲਾ ਝੰਡਾ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਭਤੀਜੇ ਸ. ਕੁਲਤਾਰ ਸਿੰਘ ਦੀ ਬੇਟੀ ਬੀਬੀ ਕੰਵਲਜੀਤ ਕੌਰ ਢੇਸੀ ਨੇ ਆਪਣੇ ਕਰ ਕਲਮਾਂ ਨਾਲ ਝੁਲਾਇਆ। ਇਸ ਮੌਕੇ ਕਸ਼ਮੀਰ ਸਿੰਘ ਕਾਂਗਣਾ ਨੇ ਇਸ ਕੁਰਬਾਨੀਆਂ ਦੇ ਪ੍ਰਤੀਕ ਝੰਡੇ ਦੀ ਮਹੱਤਤਾ ਅਤੇ ਇਸ ਦੀ ਅਗਵਾਈ ਵਿਚ ਗਦਰ ਪਾਰਟੀ ਵਲੋਂ ਦਿੱਤੀਆਂ ਕੁਰਬਾਨੀਆਂ ਦੀ ਬੜੇ ਹੀ ਭਾਵੁਕ ਸ਼ਬਦਾਂ ਵਿਚ ਵਿਆਖਿਆ ਕੀਤੀ। ਉਨ੍ਹਾਂ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਸਿਮਰਨਜੀਤ ਸਿੰਘ ਮਾਨ ਵਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਅਤਿਵਾਦੀ ਕਹਿਣ ਅਤੇ ਗਦਰੀ ਸੂਰਵੀਰਾਂ ਨੂੰ ਉਸ ਦੇ ਨਾਨੇ ਰੂੜ ਸਿੰਘ, ਜੋ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦਾ ਸਰਬਰਾਹ ਸੀ, ਲਈ ਅ-ਸਿੱਖ, ਚੋਰ, ਡਾਕੂ ਆਦਿ ਜਿਹੀ ਨਿੰਦਣਯੋਗ ਸ਼ਬਦਾਵਲੀ ਵਰਤਣ ਤੇ ਉਨ੍ਹਾਂ ਦੀ ਕਦਰ ਘਟਾਈ ਕਰਨ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕੀਤੀ।

ਖਚਾਖਚ ਭਰੇ ਹਾਲ ਵਿਚ ਜਥੇਬੰਦੀ ਦੇ ਪ੍ਰਧਾਨ ਸ. ਬਿੰਦਰਾ ਨੇ ਪ੍ਰੋਗਰਾਮ ਅਰੰਭ ਕਰਦਿਆਂ ਜਥੇਬੰਦੀ ਦੇ ਹੁਣ ਤੱਕ ਦੇ ਕੀਤੇ ਕਾਰਜਾਂ, ਆਸ਼ੇ-ਨਿਸ਼ਾਨਿਆਂ ਦੀ ਪ੍ਰਾਪਤੀ ਲਈ ਲੋਕਾਂ ਦੇ ਮਿਲੇ ਸਹਿਯੋਗ ਦਾ ਉਲੇਖ ਕਰਦਿਆਂ ਆਉਣ ਵਾਲੇ ਸਮੇਂ ਲਈ ਵੀ ਸਹਿਯੋਗ ਮਿਲਦੇ ਰਹਿਣ ਦੀ ਆਸ ਜਤਾਈ।

ਉਪਰੰਤ ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਨੇ ਸ਼ਹੀਦਾਂ ਦੀਆਂ ਵਾਰਾਂ ਪੇਸ਼ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਜੋਸ਼ੀਲੀਆਂ ਢਾਡੀ




ਵਾਰਾਂ ਰਾਹੀਂ ਦਰਸ਼ਕਾਂ ਵਿਚ ਜੋਸ਼ ਦੀ ਭਾਵਨਾ ਪੈਦਾ ਕੀਤੀ ਜਦੋਂਕਿ ਗਾਇਕ ਪੰਮੀ ਮਾਨ ਤੇ ਪੂਨਮ ਮਲਹੋਤਰਾ ਨੇ ਦੇਸ਼ ਭਗਤੀ ਦੇ ਗੀਤ ਪੇਸ਼ ਕਰ ਕੇ ਰੰਗ ਬੰਨ੍ਹਿਆ।

ਜਥੇਬੰਦੀ ਦੇ ਖਜ਼ਾਨਚੀ ਕਰਮਜੀਤ ਸਿੰਘ ਕੰਗ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਬਹੁਪੱਖੀ ਸਖਸ਼ੀਅਤ 'ਤੇ ਚਾਨਣਾ ਪਾਇਆ।

ਸੁਖਦੇਵ ਸਿੰਘ ਬਾਜਵਾ ਨੇ ਪੰਜਾਬੀ ਪਰਵਾਸੀਆਂ ਦੀਆਂ ਔਕੜਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦਾ ਗਦਰੀਆਂ ਦੀ ਤਰ੍ਹਾਂ ਜਥੇਬੰਦਕ ਹੱਲ ਲੱਭਣ ਦੀ ਗੱਲ ਕੀਤੀ।

ਜਥੇਬੰਦੀ ਦੇ ਬਜ਼ੁਰਗ ਆਗੂ ਤੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਪਰਿਵਾਰ ਨਾਲ ਸਬੰਧਤ ਫਰਿਜ਼ਨੋ ਤੋਂ ਆਏ ਕਿਰਪਾਲ ਸਿੰਘ ਸੰਧੂ ਨੇ ਆਪਣੇ ਸੰਖੇਪ ਭਾਸ਼ਣ ਵਿਚ ਗਦਰ ਪਾਰਟੀ ਦੀ ਸਥਾਪਨਾ ਤੇ ਇਸ ਦੇ ਵਿਗਸਣ ਅਤੇ ਦੇਸ਼ ਦੀ ਆਜ਼ਾਦੀ ਲਈ ਗਦਰੀ ਯੋਧਿਆਂ ਵਲੋਂ ਕੀਤੀਆਂ ਗਈਆਂ ਅਥਾਹ ਕੁਰਬਾਨੀਆਂ ਅਤੇ ਇਨ੍ਹਾਂ ਰਾਹੀਂ ਆ ਰਹੀਆਂ ਲਹਿਰਾਂ ਦੇ ਪੈੜ ਚਿੰਨ੍ਹ ਬੰਨ੍ਹਣ ਦਾ ਜ਼ਿਕਰ ਕੀਤਾ। ਜਥੇਬੰਦੀ ਦੇ ਮੋਢੀ ਡਾਇਰੈਕਟਰ ਸਮਿੱਤਰ ਸਿੰਘ ਉਪਲ ਨੇ ਲੋਕਾਂ ਦੇ ਵਿਸਤ੍ਰਿਤ ਜਨ ਸਮੂਹ ਦੇ ਸਹਿਯੋਗ ਤੇ ਸ਼ਮੂਲੀਅਤ ਦਾ ਧੰਨਵਾਦ ਕਰਦਿਆਂ ਗਦਰ ਪਾਰਟੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਪੁਰਾਣੇ ਖੱਬੇ ਪੱਖੀ ਆਗੂ ਅਤੇ ਲੇਖਕ ਗਿਆਨ ਸਿੰਘ ਬਿਲਗਾ ਨੇ ਆਪਣੇ ਸੰਖੇਪ ਪਰ ਜਜ਼ਬਾਤੀ ਭਾਸ਼ਣ ਵਿਚ ਪਹਿਲੇ ਲਾਹੌਰ ਸਾਜਿਸ਼ ਕੇਸ, ਜਿਸ ਦੀ ਸਮੁੱਚੀ ਮਿਸਲ ਹੁਣ ਕਿਤਾਬ ਦੇ ਰੂਪ ਵਿਚ ਮਿਲ ਸਕਦੀ ਹੈ, ਦੀ ਗੱਲ ਕਰਦਿਆਂ ਅੰਗਰੇਜ਼ਾਂ ਵਲੋਂ ਨਿਯੁਕਤ ਟ੍ਰਿਬਿਊਨਲ ਦੇ ਪੱਖਪਾਤੀ ਵਤੀਰੇ ਦਾ ਪਾਜ ਉਧੇੜਿਆ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਜਗਤਾਰ ਦੀਆਂ ਇਹ ਲਾਈਨਾਂ ਸਰੋਤਿਆਂ ਦੇ ਸਨਮੁਖ ਕੀਤੀਆਂ:

ਮਾਦ ਪੈ ਜਾਂਦਾ ਹੈ ਸੂਰਜ ਆਪਣੇ ਅੰਤਮ ਸਮੇਂ
ਦਾਰ ਵੱਲ ਜਾਂਦੇ ਦੀ ਉਹਦੀ ਰੰਗਤ ਤਾਂ ਵੇਖ।
ਪੈਰੀਂ ਬੇੜੀਆਂ, ਦੁਆਲੇ ਸੰਗੀਨਾਂ ਦੀ ਛਾਂ
ਜਾ ਰਿਹਾ ਕੋਈ ਸਜ ਧਜ ਕੇ ਉਹਦੀ ਰੰਗਤ ਤਾਂ ਵੇਖ।

ਜਥੇਬੰਦੀ ਦੀ ਸਮੁੱਚੀ ਆਗੂ ਟੀਮ ਨੇ ਮੁੱਖ ਮਹਿਮਾਨ ਬੀਬੀ ਕਮਲਜੀਤ ਕੌਰ ਢੇਸੀ ਨੂੰ ਸਟੇਜ 'ਤੇ ਬੁਲਾ ਕੇ ਸਤਿਕਾਰ ਚਿੰਨ ਭੇਟ ਕੀਤਾ। ਉਨ੍ਹਾਂ ਦੀ ਪੁਤਰੀ ਸੋਨੀਆ ਨੇ ਜਥੇਬੰਦੀ ਤੇ ਸਰੋਤਿਆਂ ਦਾ ਉਨ੍ਹਾਂ ਦੇ ਪਰਿਵਾਰ ਦਾ ਸਤਿਕਾਰ ਲਈ ਧੰਨਵਾਦ ਕਰਦਿਆਂ ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਨਾਂ 'ਤੇ ਰੱਖੇ ਜਾਣ ਦੀ ਮੰਗ ਦੁਹਰਾਈ। ਦੇਸ਼ ਭਗਤ ਦੇਵਾ ਸਿੰਘ ਧੂਤ ਦੇ ਸਪੁੱਤਰ ਦਲਵਿੰਦਰ ਸਿੰਘ ਧੂਤ ਦੇ ਸਮੁੱਚੇ ਪਰਿਵਾਰ ਨੂੰ ਸਟੇਜ 'ਤੇ ਸੱਦਿਆ ਗਿਆ ਤੇ ਉਨ੍ਹਾਂ ਆਪਣੇ ਕਰ ਕਮਲਾਂ ਨਾਲ ਬੱਚਿਆਂ ਦਾ ਸਨਮਾਨ ਕੀਤਾ।

'ਵਿਰਸਾ ਪੰਜਾਬ' ਦੀ ਟੀਮ ਨੇ ਦੇਸ਼ ਭਗਤੀ ਦੇ ਗੀਤ ਪੇਸ਼ ਕਰ ਕੇ ਅਤੇ ਭੰਗੜਾ ਪਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿਤਾ। 'ਮੇਜਰ ਲੀਗ' ਦੀ ਭੰਗੜਾ ਟੀਮ ਦੀਆਂ ਬੱਚੀਆਂ ਨੇ ਭੰਗੜੇ ਰਾਹੀਂ ਮੇਲੇ ਨੂੰ ਪੰਜਾਬੀ ਰੰਗ ਵਿਚ ਰੰਗ ਦਿੱਤਾ। ਉਘੇ ਗੀਤਕਾਰ ਜੀਵਨ ਰੱਤੂ ਨੇ ਦੇਸ਼ ਭਗਤੀ ਦਾ ਗੀਤ ਗਾ ਕੇ ਸਰੋਤਿਆਂ ਤੋਂ ਵਾਹਵਾ ਖੱਟੀ।

ਪੱਤਰਕਾਰ ਤੇ ਲੇਖਕ ਐਸ. ਅਸ਼ੋਕ ਭੌਰਾ ਨੇ ਸੁਚੱਜੇ ਸ਼ਬਦਾਂ ਵਿਚ ਪੰਜਾਬੀ ਦੀ ਪ੍ਰਸਿਧ ਗਾਇਕਾ ਸਤਵਿੰਦਰ ਬਿੱਟੀ ਨੂੰ ਸਰੋਤਿਆਂ ਦੇ ਸਨਮੁਖ ਕੀਤਾ ਜਿਨ੍ਹਾਂ ਦੇਸ਼ ਭਗਤੀ ਤੇ ਸਭਿਆਚਾਰਕ ਗੀਤਾਂ ਦੀ ਝੜੀ ਲਾ ਦਿਤੀ। ਲੋਕ ਕਹਿੰਦੇ ਸੁਣੇ ਗਏ, ਇਹ ਹੈ ਪੰਜਾਬ ਦਾ ਅਸਲੀ ਸਭਿਆਚਾਰ।

ਇਸ ਸਮਾਗਮ ਦੀ ਖਾਸ ਗੱਲ ਲੋੜਵੰਦਾਂ ਲਈ ਫਰੀ ਮੈਡੀਕਲ ਚੈਕਅਪ ਕੈਂਪ ਲਾਇਆ ਗਿਆ ਸੀ ਜਿਸ ਵਿਚ ਡਾ. ਯਾਦਵਿੰਦਰ ਸਿੰਘ ਕੰਗ, ਵਰਿੰਦਰ ਰਾਏ ਅਤੇ ਅਲਿਜਬੈਥ ਦੀ ਟੀਮ ਨੇ ਲੋਕਾਂ ਦਾ ਮੈਡੀਕਲ ਚੈਕਅਪ ਕੀਤਾ।

ਗਦਰੀ ਸੂਰਵੀਰਾਂ ਦੀਆਂ ਤਸਵੀਰਾਂ ਦੀ ਲਾਈ ਗਈ ਪ੍ਰਦਰਸ਼ਨੀ ਵੀ ਲੋਕਾਂ ਦੀ ਖਿਚ ਦਾ ਕੇਂਦਰ ਬਣੀ ਰਹੀ। ਲੋਕ ਆਪਣੇ ਸੈਲ ਫੋਨਾਂ ਰਾਹੀਂ ਸੂਰਮਿਆਂ ਦੀਆਂ ਤਸਵੀਰਾਂ ਖਿਚ ਕੇ ਕਹਿੰਦੇ ਸੁਣੇ ਗਏ, ਇਹ ਤਾਂ ਸਾਡੇ ਪਿੰਡ ਦਾ ਗਦਰੀ ਹੈ। ਅੰਮ੍ਰਿਤਪਾਲ ਪਠਲਾਵਾ ਤੇ ਅਮਰੀਕ ਸਿੰਘ ਖੰਡਾਲੀਆ ਨੇ ਬੜੀ ਮਿਹਨਤ ਨਾਲ ਪ੍ਰਦਰਸ਼ਨੀ ਨੂੰ ਤਰਤੀਬ ਦਿਤੀ ਹੋਈ ਸੀ।

ਯੂਬਾ ਸਿਟੀ ਤੋਂ ਸਮੂਹ ਸਾਧ ਸੰਗਤ ਸੁਸਾਇਟੀ ਵਾਲਿਆਂ ਵਲੋਂ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ। ਸਟੇਜ ਦੀ ਕਾਰਵਾਈ ਕਸ਼ਮੀਰ ਸਿੰਘ ਕਾਂਗਣਾ ਤੇ ਪੂਨਮ ਮਲਹੋਤਰਾ ਨੇ ਰਲ ਕੇ ਬਾਖੂਬੀ ਨਿਭਾਈ।

ਪੰਜਾਬੀ ਵਿਰਸਾ ਸੰਭਾਲ ਸੁਸਾਇਟੀ ਦੇ ਆਗੂ ਨਰਿੰਦਰਪਾਲ ਸਿੰਘ ਹੁੰਦਲ, ਇੰਡਸ ਵੈਲੀ ਚੈਂਬਰ ਆਫ ਕਾਮਰਸ ਦੇ ਸੁਖਚੈਨ ਸਿੰਘ, ਸੀਨੀਅਰ ਸਿਟੀਜ਼ਨ ਸੈਂਟਰ ਸੈਕਰਾਮੈਂਟੋ ਦੇ ਪ੍ਰੋ. ਮੁਖਤਿਆਰ ਸਿੰਘ, ਪੰਜਾਬੀ ਕਲਚਰਲ ਸੁਸਾਇਟੀ-ਸੈਕਰਾਮੈਂਟੋ ਦੇ ਰਛਪਾਲ ਸਿੰਘ ਫਰਵਾਲਾ ਆਦਿ ਸੱਜਣ ਮੇਲੇ ਦੇ ਅਖੀਰ ਤੱਕ ਹਾਜ਼ਰ ਰਹੇ। ਪਿਛਲੇ ਸਾਲਾਂ ਦੀ ਤਰ੍ਹਾਂ ਸ਼ਿਆਰਾ



ਸਿੰਘ ਢੀਂਡਸਾ ਨੇ ਮੇਲੇ ਦੀ ਸਮੁੱਚੀ ਕਾਰਵਾਈ ਨੂੰ ਕੈਮਰਾਬੰਦ ਕੀਤਾ ਤੇ ਵੀਡੀਓਗ੍ਰਾਫੀ ਕੀਤੀ।

ਮੇਲੇ ਦੇ ਪ੍ਰਬੰਧ ਵਿਚ ਜੁਟੀ ਟੀਮ ਦੇ ਮੈਂਬਰਾਂ ਤੋਂ ਇਲਾਵਾ ਜਰਨੈਲ ਸਿੰਘ ਸਰਪੰਚ, ਜਗਜੀਤ ਸਿੰਘ ਗਿੱਲ, ਅਮਰਜੀਤ ਰਾਏ, ਬਲਵੰਤ ਬਾਂਕਾ, ਬਰਜਿੰਦਰ ਭੱਟੀ, ਪਰਮਜੀਤ ਸੰਧੂ, ਹਰਪਾਲ ਸੰਘਾ, ਕਮਲ ਬੰਗਾ ਤੇ ਜੁਝਾਰ ਗਿੱਲ ਪੱਬਾਂ ਭਾਰ ਹੋਏ ਰਹੇ।

ਮੇਲੇ ਦੇ ਅਖੀਰ 'ਤੇ ਜਥੇਬੰਦੀ ਦੇ ਸਕੱਤਰ ਸਵਰਨ ਸਿੰਘ ਸਿੱਧੂ ਨੇ ਸਰੋਤਿਆਂ, ਕਲਾਕਾਰਾਂ, ਸੁਸਾਇਟੀਆਂ, ਮੀਡੀਆ, ਕਮੇਟੀ ਮੈਂਬਰਾਂ, ਸਹਿਯੋਗੀਆਂ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ।







# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ

## ਅਤੇ ਸ਼ਹੀਦ ਭਾਈ ਬੇਅੰਤ ਸਿੰਘ-ਭਾਈ ਸਤਵੰਤ ਸਿੰਘ-ਭਾਈ ਕੇਹਰ ਸਿੰਘ ਦੀਆਂ ਮਹਾਨ ਸ਼ਹਾਦਤਾਂ ਨੂੰ ਸਮਰਪਿਤ

## 13ਵਾਂ ਅੰਤਰਰਾਸ਼ਟਰੀ ਗਤਕਾ ਯੁੱਧ ਮੁਕਾਬਲਾ

## 31 ਅਕਤੂਬਰ, ਸਨਿਚਰਵਾਰ

ਚੈਂਪੀਅਨਜ਼ ਐਰੀਨਾ, ਯੂਬਾ ਸਿਟੀ 'ਚ ਸਵੇਰੇ 10 ਤੋਂ ਸ਼ਾਮ 9 ਵਜੇ ਤੱਕ

**Champions Arena: 301 Burns Drive, Yuba City, CA 95991**



ਮੀਰੀ ਪੀਰੀ ਦੇ ਮਹਾਨ ਇਲਾਹੀ ਸਿੱਖ ਸਿਧਾਂਤ ਦੇ ਰਚਨਹਾਰੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਬਖਸ਼ਿਸ਼ ਗਤਕੇ ਦਾ ਅਮਰੀਕਾ-ਕੈਨੇਡਾ ਦੇ ਬੱਚਿਆਂ ਅਤੇ ਨੌਜਵਾਨਾਂ ਵਿਚ ਪ੍ਰਚਾਰ, ਪਸਾਰ ਤੇ ਵਿਸਥਾਰ ਕਰਨ ਲਈ ਇਹ ਪਵਿੱਤਰ ਕਾਰਜ ਅਰੰਭੇ ਗਏ ਸਨ, ਜਿਸ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਪੂਰੇ ਅਮਰੀਕਾ-ਕੈਨੇਡਾ ਵਿਚ ਭਾਰੀ ਸਫਲਤਾ ਹਾਸਲ ਹੋਈ ਹੈ। ਨਤੀਜੇ ਵਜੋਂ ਅੱਜ ਕਈ ਸੌ ਦੀ ਗਿਣਤੀ ਵਿਚ ਬੱਚੇ ਗਤਕੇ ਨਾਲ ਜੁੜ ਕੇ ਮੀਰੀ-ਪੀਰੀ ਦੇ ਬੇਨਜ਼ੀਰ ਸਿੱਖ ਫਲਸਫੇ ਦੀ ਜਾਣਕਾਰੀ ਹਾਸਲ ਕਰ ਰਹੇ ਹਨ।

ਆਪ ਸੰਗਤਾਂ ਨੂੰ ਬੇਨਤੀ ਹੈ ਕਿ ਯੂਬਾ ਸਿਟੀ ਦੇ ਨਗਰ ਕੀਰਤਨ ਤੋਂ ਇਕ ਦਿਨ ਪਹਿਲਾਂ ਹੋ ਰਹੇ ਗਤਕਾ ਯੁੱਧ ਮੁਕਾਬਲੇ ਵਿਚ ਸ਼ਾਮਲ ਹੋ ਕੇ ਗਤਕੇ ਦੇ ਜੌਹਰ ਵਿਖਾਉਣ ਵਾਲੇ ਸਿੰਘਾਂ-ਸਿੰਘਣੀਆਂ ਦੀ ਹੌਸਲਾ ਅਫਜ਼ਾਈ ਕਰੋ।

ਸੇਵਾ ਕਰਨ ਵਾਲੇ: ਗੁਰਦੁਆਰਾ ਸਾਹਿਬ ਫਰੀਮਾਂਟ, ਗੁਰੂ ਨਾਨਕ ਸਿੱਖ ਸੁਸਾਇਟੀ ਯੂਬਾ ਸਿਟੀ, ਅਮੈਰੀਕਨ ਫਰੇਟ ਲੈਥਰੋਪ, ਡਾਇਮੰਡ ਟਰਾਂਸਪੋਰਟ ਸਟਾਕਟਨ, ਵ੍ਹਾਈਟ ਹਾਕ ਸਟਾਕਟਨ, ਕੈਲੀਫੋਰਨੀਆ ਗਤਕਾ ਦਲ, ਪੀ ਐਸ ਕੈਰੀਅਨ ਯੂਨੀਅਨ ਸਿਟੀ।

### ਹੋਰ ਜਾਣਕਾਰੀ ਲਈ ਸੰਪਰਕ ਕਰੋ


| | | |
|---|---|---|
| ਬਾਬਾ ਚਤਰ ਸਿੰਘ 661-472-0596 | ਭਾਈ ਜਸਦੇਵ ਸਿੰਘ 461-835-1909 | ਭਾਈ ਜਤਿੰਦਰਬੀਰ ਸਿੰਘ 951-295-7774 |
| ਭਾਈ ਹਰਪ੍ਰੀਤ ਸਿੰਘ 559-859-0471 | ਭਾਈ ਬਲਜੀਤ ਸਿੰਘ 510-320-7079 | ਭਾਈ ਦੀਦਾਰ ਸਿੰਘ 510-417-5559 |
| ਭਾਈ ਜਸਵੰਤ ਸਿੰਘ ਜੱਸਾ 559-978-1271 | ਭਾਈ ਸੁਖਚੈਨ ਸਿੰਘ 530-301-2287 | ਭਾਈ ਹਰਪਾਲ ਸਿੰਘ ਜੌਹਲ 530-315-5318 |









ਸ੍ਰੀਮਤੀ ਸੋਨੀਆ ਗਾਂਧੀ



ਸ੍ਰੀ ਰਾਹੁਲ ਗਾਂਧੀ



ਡਾ. ਮਨਮੋਹਨ ਸਿੰਘ



ਡਾ. ਕਰਨ ਸਿੰਘ

ਲੋਕਾਂ ਦੇ ਹਰਮਨ ਪਿਆਰੇ ਆਗੂ

## ਸ. ਮਹਿੰਦਰ ਸਿੰਘ ਗਿਲਜੀਆਂ ਨੂੰ

ਇੰਡੀਅਨ ਓਵਰਸੀਜ਼ ਕਾਂਗਰਸ
ਯੂ ਐਸ ਏ ਦਾ
ਪ੍ਰਧਾਨ ਬਣਾਏ ਜਾਣ ਲਈ
ਕਾਂਗਰਸ ਹਾਈ ਕਮਾਨ ਦਾ

# ਬਹੁਤ ਬਹੁਤ ਧੰਨਵਾਦ



ਸ. ਮਹਿੰਦਰ ਸਿੰਘ ਗਿਲਜੀਆਂ

ਉਮੀਦ ਹੈ ਸ. ਮਹਿੰਦਰ ਸਿੰਘ ਗਿਲਜੀਆਂ ਅਮਰੀਕਾ ਵਸਦੇ ਪ੍ਰਵਾਸੀ
ਭਾਰਤੀਆਂ ਦੀਆਂ ਉਮੀਦਾਂ 'ਤੇ ਪੂਰਾ ਉਤਰਨਗੇ
ਅਤੇ ਪਾਰਟੀ ਨੂੰ ਹੋਰ ਮਜਬੂਤ ਕਰਨਗੇ।

## ਜਾਰੀ ਕਰਤਾ: ਸ. ਬਿਸ਼ਨ ਸਿੰਘ ਘੋਤੜਾ

**CEO of Preet & B Construction**
**Ph: 917-849-9091**



ਸ. ਬਿਸ਼ਨ ਸਿੰਘ ਘੋਤੜਾ

# ਛੇਵੇਂ ਵਿਸ਼ਵ ਕਬੱਡੀ ਕੱਪ ਸਬੰਧੀ ਮਲੂਕਾ ਦੀ ਖੇਡ ਕਲੱਬਾਂ ਨਾਲ ਮੀਟਿੰਗ



ਗੁਰਪ੍ਰੀਤ ਸਿੰਘ ਮਲੂਕਾ ਅਤੇ ਭਾਰਤੀ ਕਬੱਡੀ ਟੀਮ ਦੇ ਕੋਚ ਹਰਪ੍ਰੀਤ ਸਿੰਘ ਬਾਬਾ ਨਾਲ ਮੀਟਿੰਗ ਵਿਚ ਸ਼ਾਮਲ ਸਖ਼ਸ਼ੀਅਤਾਂ

**ਯੂਨੀਅਨ ਸਿਟੀ (ਐਸ ਅਸ਼ੋਕ ਭੌਰਾ):** ਪੰਜਾਬ ਸਰਕਾਰ ਵਲੋਂ 14 ਤੋਂ 28 ਨਵੰਬਰ ਤੱਕ ਕਰਵਾਏ ਜਾਣ ਵਾਲੇ ਛੇਵੇਂ ਵਿਸ਼ਵ ਕਬੱਡੀ ਕੱਪ ਸਬੰਧੀ ਕੈਲੀਫੋਰਨੀਆ ਪੁੱਜੇ ਅਕਾਲੀ ਨੇਤਾ ਗੁਰਪ੍ਰੀਤ ਸਿੰਘ ਮਲੂਕਾ ਨੇ ਕਿਹਾ ਕਿ ਉਹ ਅਮਰੀਕਾ ਦੀਆਂ ਸਾਰੀਆਂ ਕਬੱਡੀ ਕਲੱਬਾਂ ਨਾਲ ਤਾਲਮੇਲ ਕਰਨ ਆਏ ਹਨ ਤਾਂ ਜੋ ਅਮਰੀਕਾ ਦੀ ਕਬੱਡੀ ਟੀਮ ਪਹਿਲਾਂ ਵਾਂਗ ਹੀ ਇਸ ਵਾਰ ਦੇ ਕਬੱਡੀ ਕੱਪ ਵਿਚ ਵੀ ਭਾਗ ਲੈ ਕੇ ਵਧੀਆ ਪ੍ਰਦਰਸ਼ਨ ਕਰ ਸਕੇ। ਕਿਉਂਕਿ ਅਮਰੀਕਾ ਅਤੇ ਕੈਨੇਡਾ ਹੀ ਅਜਿਹੇ ਮੁਲਕ ਹਨ ਜਿਥੇ ਪਿਛਲੇ ਲੰਮੇ ਅਰਸੇ ਤੋਂ ਕਬੱਡੀ ਨੂੰ ਪ੍ਰੋਮੋਟ ਕਰਨ ਲਈ ਇਥੋਂ ਦੀਆਂ ਖੇਡ ਕਲੱਬਾਂ ਲਗਾਤਾਰ ਯਤਨ ਕਰਦੀਆਂ ਆ ਰਹੀਆਂ ਹਨ।

ਸਿੱਖ ਸਪੋਰਟਸ ਐਸੋਸੀਏਸ਼ਨ, ਯੁਨਾਈਟਡ ਸਪੋਰਟਸ ਕਲੱਬ, ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਵਰਗੀਆਂ ਕਬੱਡੀ ਸੰਸਥਾਵਾਂ ਦੇ ਨੁਮਾਇੰਦੇ ਇਸ ਮੀਟਿੰਗ ਵਿਚ ਹਾਜ਼ਰ ਸਨ ਜਿਨ੍ਹਾਂ ਨੇ ਆਪੋ-ਆਪਣੇ ਵਿਚਾਰ ਪ੍ਰਗਟ ਕਰਦਿਆਂ ਅਮਰੀਕਾ ਦੀ ਕਬੱਡੀ ਟੀਮ ਨੂੰ ਇਸ ਕੱਪ ਵਿਚ ਸ਼ਾਮਲ ਹੋਣ ਲਈ ਮਿਲੇ ਸੱਦੇ ਨੂੰ ਮਾਣ ਵਾਲੀ ਗੱਲ ਦੱਸਦਿਆਂ ਕਿਹਾ, ਇਸ ਵਾਰ ਅਮਰੀਕਾ ਦੀ ਟੀਮ ਵਿਸ਼ਵ ਕੱਪ ਜਿੱਤਣ ਲਈ ਸਾਂਝੇ ਰੂਪ ਵਿਚ ਵਿਸ਼ੇਸ਼ ਯਤਨ ਕਰੇਗੀ।



ਸ. ਮਲੂਕਾ ਨਾਲ ਆਏ ਭਾਰਤੀ ਕਬੱਡੀ ਟੀਮ ਦੇ ਕੋਚ ਹਰਪ੍ਰੀਤ ਸਿੰਘ ਬਾਬਾ ਨੇ ਵੀ ਕਿਹਾ ਕਿ ਜਿਥੇ ਭਾਰਤ ਵਿਚ ਹੋਣ ਵਾਲਾ ਵਿਸ਼ਵ ਕਬੱਡੀ ਕੱਪ ਕੌਮਾਂਤਰੀ ਪੱਧਰ 'ਤੇ ਕਬੱਡੀ ਖਿਡਾਰੀਆਂ ਦਾ ਕੁੰਭ ਮੰਨਿਆ ਜਾਣ ਲੱਗਾ ਹੈ ਉਥੇ ਜਦੋਂ ਅਮਰੀਕੀ ਟੀਮ ਪੁੱਜਦੀ ਹੈ ਤਾਂ ਇਸ ਦਾ ਜੋਸ਼ ਹੀ ਕੁਝ ਹੋਰ ਹੋ ਜਾਂਦਾ ਹੈ। ਹਰਜਿੰਦਰ ਸਿੰਘ ਜੌਹਲ, ਸਰਬਜੀਤ ਸਰਾਓ ਤੇ ਕੁਲਵੰਤ ਸਿੰਘ ਨਿੱਝਰ ਨੇ ਉਚੇਚੇ ਯਤਨਾਂ ਨਾਲ ਇਥੇ ਰਾਜਾ ਸਵੀਟਸ ਵਿਚ ਨਾ ਸਿਰਫ ਮੀਟਿੰਗ ਕਰਵਾਈ ਸਗੋਂ ਉਨ੍ਹਾਂ ਨੇ ਨਾਮੀ ਖੇਡ ਕਲੱਬਾਂ ਨੂੰ ਬੁਲਾ ਕੇ ਉਨ੍ਹਾਂ ਦੇ ਵਿਚਾਰ ਵੀ ਪੰਜਾਬ ਸਰਕਾਰ ਤੱਕ ਪਹੁੰਚਾਉਣ ਦਾ ਮਾਹੌਲ ਸਿਰਜਿਆ।

ਮੰਚ ਸੰਚਾਲਨ ਕਰਦਿਆਂ ਸਰਬਜੀਤ ਸਿੰਘ ਸਰਾਓ ਨੇ ਕਿਹਾ ਕਿ ਅਸੀਂ ਹਮੇਸ਼ਾ ਕੋਸ਼ਿਸ਼ ਕਰਦੇ ਹਾਂ ਕਿ ਕਬੱਡੀ ਸਪੋਰਟਸਮੈਸ਼ਿਪ ਦੀ ਭਾਵਨਾ ਨਾਲ ਹੀ ਖੇਡੀ ਜਾਵੇ ਅਤੇ ਪੰਜਾਬੀਆਂ ਦੀ ਇਸ ਮਾਂ ਖੇਡ ਪ੍ਰਤੀ ਮੇਰੇ ਸਹਿਯੋਗੀ ਹਰਜਿੰਦਰ ਸਿੰਘ ਜੌਹਲ ਅਤੇ ਕੁਲਵੰਤ ਸਿੰਘ ਨਿੱਝਰ ਪੂਰੀ ਤਰ੍ਹਾਂ ਸਮਰਪਿਤ ਹਨ। ਸਿੱਖ ਸਪੋਰਟਸ ਐਸੋਈਏਸ਼ਨ ਵਲੋਂ ਗੁਰਚਰਨ ਸਿੰਘ ਮਾਨ ਤੇ ਰਾਣਾ ਕਾਹਲੋਂ, ਰੇਡੀਓ ਚੜ੍ਹਦੀ ਕਲਾ ਤੋਂ ਲਖਵੀਰ ਸਿੰਘ, ਯੁਨਾਈਟਡ ਸਪੋਰਟਸ ਕਲੱਬ ਵਲੋਂ ਗੁਰਦਾਵਰ ਸਿੰਘ ਮਹੇੜੂ ਤੇ ਅਕਾਲੀ ਨੇਤਾ ਕੁਲਵੰਤ ਸਿੰਘ ਖਹਿਰਾ ਨੇ ਵੀ ਇਸ ਮੀਟਿੰਗ ਨੂੰ ਸੰਬੋਧਨ ਕੀਤਾ।

ਮੀਟਿੰਗ ਵਿਚ ਹਾਜ਼ਰ ਸਖਸ਼ੀਅਤਾਂ ਵਿਚ ਹੋਰਨਾਂ ਤੋਂ ਇਲਾਵਾ ਮਹਿੰਗਾ ਸਿੰਘ ਸਰਪੰਚ, ਨਰਿੰਦਰ ਸਿੰਘ ਸਹੋਤਾ, ਸਰਬਜੀਤ ਸਰਾਓ, ਯੂਥ ਅਕਾਲੀ ਨੇਤਾ ਹਰਪ੍ਰੀਤ ਸਿੰਘ ਸਿੱਧੂ, ਰਾਜਪਾਲ ਸਿੰਘ ਗਿੱਲ, ਅਵਤਾਰ ਸਿੰਘ ਤਾਰੀ, ਜਸਵੰਤ ਸਿੰਘ ਸਰਾਂ, ਕਸ਼ਮੀਰ ਸਿੰਘ ਧੁੱਗਾ, ਲਛਮਣ ਸਿੰਘ ਮਾਂਗਟ, ਇਕਬਾਲ ਸਿੰਘ ਹੁੰਦਲ, ਹਰਵਿੰਦਰ ਸਿੰਘ ਧਾਲੀਵਾਲ, ਮਨੀ ਸਿੰਘ ਧੂਰਾ, ਬਿਕਰਮ ਸਿੰਘ ਖਾਲਸਾ, ਸੁਖਵਿੰਦਰ ਸਿੰਘ ਅਬਲੋਵਾਲ, ਜੁਗਰਾਜ ਸਹੋਤਾ, ਅਮਰਜੀਤ ਸਿੰਘ ਸਿੱਧੂ ਅਤੇ ਰਾਜਾ ਸਵੀਟ ਦੇ ਮੱਖਣ ਸਿੰਘ ਬੈਂਸ ਤੇ ਰਣਵੀਰ ਸਿੰਘ ਘੋਲੀਆ ਸ਼ਾਮਲ ਸਨ। ਸਪੋਰਟਸ ਕਲੱਬਾਂ ਵਲੋਂ ਸਾਂਝੇ ਰੂਪ ਵਿਚ ਗੁਰਪ੍ਰੀਤ ਸਿੰਘ ਮਲੂਕਾ ਅਤੇ ਹਰਪ੍ਰੀਤ ਸਿੰਘ ਬਾਬਾ ਲਈ ਰਾਤ ਦੇ ਖਾਣੇ ਦਾ ਉਚੇਚਾ ਪ੍ਰਬੰਧ ਕੀਤਾ ਗਿਆ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



Need Water? Tired of waiting in Line?

Call: 844-486-9355

We have Multiple Drilling Rigs and We Convert Pumps to Solar too Run Your Well Without Bill



Kamaljit Dhillon



Simran Deol



Deep Grewal

Hydro Tech Solutions

One Stop Shop





# ਸੁੱਰੇ ਸੁਰਾਂ 'ਤੇ ਜਨੂੰਨੀ ਹੱਲਾ



## ਕਲਾ ਪਰਿਕਰਮਾ

ਸ਼ਿਵ ਸੈਨਾ ਦੇ ਬੁਰਛਾਗਰਦਾਂ ਨੇ ਇਕ ਵਾਰ ਫਿਰ ਆਪਣਾ ਜਨੂੰਨੀ ਕਿਰਦਾਰ ਜ਼ਾਹਿਰ ਕੀਤਾ ਹੈ ਅਤੇ ਮੁੰਬਈ ਵਿਚ ਪਾਕਿਸਤਾਨੀ ਵੱਸਦੇ ਗਜ਼ਲ ਗਾਇਕ ਗੁਲਾਮ ਅਲੀ ਦਾ ਪ੍ਰੋਗਰਾਮ ਡੱਕ ਦਿੱਤਾ ਹੈ। ਗੁਲਾਮ ਅਲੀ ਦੇ ਹੱਕ ਵਿਚ ਮੁਲਕ ਭਰ ਵਿਚ ਆਵਾਜ਼ ਬੁਲੰਦ ਹੋਈ ਹੈ। ਤਸੱਲੀ ਵਾਲੀ ਗੱਲ ਹੀ ਹੈ ਕਿ ਹਰ ਤਬਕੇ ਨੇ ਸ਼ਿਵ ਸੈਨਾ ਦੀ ਡਟ ਕੇ ਅਲੋਚਨਾ ਕੀਤੀ ਹੈ। ਨਵੀਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਗੁਲਾਮ ਅਲੀ ਨੂੰ ਨਵੀਂ ਦਿੱਲੀ ਵਿਚ ਪ੍ਰੋਗਰਾਮ ਪੇਸ਼ ਕਰਨ ਪੇਸ਼ਕਸ਼ ਕੀਤੀ ਹੈ ਜਿਹੜੀ ਉਨ੍ਹਾਂ ਸਵਿਕਾਰ ਵੀ ਕਰ ਲਈ ਹੈ। ਹੁਣ

**ਪ੍ਰਵੀਨ ਜੰਡਵਾੜ**

ਗੁਲਾਮ ਅਲੀ ਦਸੰਬਰ ਵਿਚ ਨਵੀਂ ਦਿੱਲੀ ਵਿਚ ਸੁਰਾਂ ਦੀ ਛਹਿਬਰ ਲਗਾਉਣਗੇ। ਇਹੀ ਨਹੀਂ, ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਦੇ ਸੱਦੇ ਉਤੇ ਗੁਲਾਮ ਅਲੀ ਨੇ ਲਖਨਾਊ ਵਿਚ ਆਪਣਾ ਪ੍ਰੋਗਰਾਮ ਪੇਸ਼ ਕਰ ਵੀ ਦਿੱਤਾ ਹੈ।


ਉਧਰ, ਕਾਂਗਰਸ ਨੇ ਗੁਲਾਮ ਅਲੀ ਨੂੰ ਮੁੰਬਈ ਵਿਚ ਪ੍ਰੋਗਰਾਮ ਕਰਨ ਦਾ ਸੱਦਾ ਦਿੱਤਾ।

### ਕਤਲੇਆਮ '84 ਅਤੇ ਸ਼ਿਵ ਸੈਨਾ

*ਜਦੋਂ 1984 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਨਵੀਂ ਦਿੱਲੀ ਅਤੇ ਮੁਲਕ ਦੇ ਹੋਰ ਹਿੱਸਿਆਂ ਵਿਚ ਹਿੰਸਾ ਭੜਕੀ ਸੀ, ਤਾਂ ਇਸ ਵਿਚ ਸ਼ਿਵ ਸੈਨਾ ਦੇ ਬੁਰਛਾਗਰਦਾਂ ਦਾ ਵੱਡਾ ਹੱਥ ਸੀ। ਇਹ ਤੱਥ ਉਸ ਵੇਲੇ ਮੀਡੀਆ ਵਿਚ ਵੀ ਨਸ਼ਰ ਹੋਏ ਸਨ।*

ਉਂਜ ਇਹ ਉਹੀ ਕਾਂਗਰਸ ਹੈ ਜਿਸ ਨੇ ਮੁੰਬਈ ਵਿਚ ਸ਼ਿਵ ਸੈਨਾ ਦੀ ਚੜ੍ਹਤ ਦਾ ਰਾਹ ਖੋਲ੍ਹਿਆ ਸੀ। ਦਰਅਸਲ, ਮੁੰਬਈ ਵਿਚ ਟਰੇਡ ਯੂਨੀਅਨ ਅੰਦੋਲਨ ਨੂੰ ਖਤਮ ਕਰਨ ਲਈ ਕਾਂਗਰਸ ਦੇ ਦੋ ਮੁੱਖ ਮੰਤਰੀਆਂ- ਵਸੰਤ ਰਾਓ ਨਾਇਕ ਅਤੇ ਵਸੰਤ ਦਾਦਾ ਪਾਟਿਲ ਨੇ ਸ਼ਿਵ ਸੈਨਾ ਨੂੰ ਖੁੱਲ੍ਹੀ ਛੁੱਟੀ ਦਿੱਤੀ। 1966 ਵਿਚ ਸ਼ਿਵ ਸੈਨਾ ਦੀ ਸਥਾਪਨਾ ਵਿਚ ਕਾਂਗਰਸ ਦਾ ਵੱਡਾ ਯੋਗਦਾਨ ਰਿਹਾ ਸੀ। ਇਸ ਦੀ ਸਥਾਪਤੀ ਤੋਂ ਬਾਅਦ ਵਿਚ ਸ਼ਿਵ ਸੈਨਾ ਦੇ ਗੁੰਡਿਆਂ ਨੂੰ ਸਮਾਜਵਾਦੀ ਆਗੂਆਂ ਅਤੇ ਟਰੇਡ ਯੂਨੀਅਨ ਅੰਦੋਲਨ ਦੇ ਲੀਡਰਾਂ ਨੂੰ ਖੂੰਜੇ ਲਾਉਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ। ਇਨ੍ਹਾਂ ਬੁਰਛਾਗਰਦਾਂ ਨੇ ਟਰੇਡ ਯੂਨੀਅਨ ਲੀਡਰ ਅਤੇ ਸੀ ਪੀ ਆਈ ਦੇ ਵਿਧਾਇਕ ਕ੍ਰਿਸ਼ਨਾ ਦੇਸਾਈ ਦਾ ਕਤਲ ਵੀ ਕਰ ਦਿੱਤਾ। ਬਾਅਦ ਵਿਚ ਡਰ ਇੰਨਾ ਜ਼ਿਆਦਾ ਫੈਲ ਗਿਆ ਕਿ ਅੰਦੋਲਨ ਸੁੰਗੜਦਾ ਗਿਆ ਅਤੇ ਇਨ੍ਹਾਂ ਦੀ ਥਾਂ ਸ਼ਿਵ ਸੈਨਾ ਵਾਲਿਆਂ ਯੂਨੀਅਨਾਂ ਨੇ ਲੈ ਲਈ।

ਯਾਦ ਰਹੇ ਕਿ ਮੁੰਬਈ ਵਾਲਾ ਸਮਾਗਮ ਗੁਲਾਮ ਅਲੀ ਨੇ ਆਪਣੇ ਪਿਆਰੇ ਮਿੱਤਰ ਗਜ਼ਲ ਗਾਇਕ ਜਗਜੀਤ ਸਿੰਘ (8 ਫ਼ਰਵਰੀ 1941-10 ਅਕਤੂਬਰ 2011) ਦੀ ਚੌਥੀ ਬਰਸੀ ਮੌਕੇ ਕਰਨਾ ਸੀ। ਦੋਹਾਂ ਗਾਇਕਾਂ ਦੀ ਦੋਸਤੀ ਬਾਰੇ ਬਥੇਰੇ ਕਿੱਸੇ ਮਸ਼ਹੂਰ ਹਨ। 2011 ਵਿਚ ਵੀ ਦੋਹਾਂ ਨੇ ਮੁੰਬਈ ਵਿਚ ਇਕੱਠਿਆਂ ਸਮਾਗਮ ਕਰਨਾ ਸੀ, ਪਰ 23 ਸਤੰਬਰ ਨੂੰ ਜਗਜੀਤ ਸਿੰਘ ਅਚਾਨਕ ਬਿਮਾਰ ਹੋ ਗਿਆ ਅਤੇ ਦੋ ਹਫ਼ਤੇ ਕੋਮਾ ਵਿਚ ਰਹਿਣ ਤੋਂ ਬਾਅਦ 10 ਅਕਤੂਬਰ ਨੂੰ ਉਸ ਦੀ ਮੌਤ ਹੋ ਗਈ ਸੀ।



ਸੁਰਾਂ ਦੀ ਗਲਵੱਕੜੀ: ਜਗਜੀਤ ਸਿੰਘ ਤੇ ਗੁਲਾਮ ਅਲੀ।

## ਸ਼ਾਇਰਾ ਫਹਿਮੀਦਾ ਰਿਆਜ਼ ਦਾ ਹੋਕਾ



### ਤੁਸੀਂ ਵੀ ਸਾਡੇ ਵਰਗੇ ਹੀ ਨਿਕਲੇ...

*ਤੁਸੀਂ ਵੀ ਬਿਲਕੁਲ ਸਾਡੇ ਵਰਗੇ ਨਿਕਲੇ...*
*ਹੁਣ ਤੱਕ ਕਿਥੇ ਲੁਕੇ ਸੀ ਭਾਈ?*
*ਉਹ ਮੂਰਖਤਾ, ਉਹ ਘਮੰਡ*
*ਜਿਸ 'ਚ ਆਪਾਂ ਸਦੀ ਗੁਆਈ*
*ਆਖਿਰ ਪਹੁੰਚੀ ਦੁਆਰ ਅਸਾਡੇ*
*ਬਈ ਵਧਾਈ ਓ ਵਧਾਈ।*

*ਭੂਤ ਧਰਮ ਦਾ ਨੱਚ ਰਿਹਾ ਹੈ*
*ਕਾਇਮ ਹਿੰਦੂ ਰਾਜ ਕਰੋਗੇ?*
*ਸਾਰੇ ਉਲਟੇ ਕਾਜ ਕਰੋਗੇ?*
*ਆਪਣਾ ਚਮਨ ਨਾਰਾਜ਼ ਕਰੋਗੇ?*
*ਤੁਸੀਂ ਵੀ ਬੈਠ ਕਰੋਗੇ ਸੋਚਾਂ*
*ਪੂਰੀ ਹੈ ਉਹੀ ਤਿਆਰੀ।*

*ਕੌਣ ਹੈ ਹਿੰਦੂ, ਕੌਣ ਨਹੀਂ ਹੈ*
*ਤੁਸੀਂ ਵੀ ਕਰੋਗੇ ਫਤਵੇ ਜਾਰੀ*
*ਉਥੇ ਵੀ ਮੁਸ਼ਕਿਲ ਹੋਊ ਜਿਉਣਾ*
*ਦੰਦੀਂ ਵੀ ਆ ਜਾਊ ਪਸੀਨਾ*
*ਜੈਸੇ ਤੈਸੇ ਕੱਟਿਆ ਕਰੇਗੀ।*

*ਉਥੇ ਵੀ ਸਭ ਦਾ ਸਾਹ ਘੁਟੇਗਾ*
*ਮੱਥੇ 'ਤੇ ਸੰਧੂਰ ਦੀ ਰੇਖਾ*
*ਕੁਝ ਵੀ ਨਹੀਂ ਗੁਆਂਢ ਤੋਂ ਸਿੱਖਿਆ!*
*ਕੀ ਹੈ ਅਸੀਂ ਦੁਰਦਸ਼ਾ ਬਣਾਈ*
*ਕੁਝ ਵੀ ਤੁਹਾਨੂੰ ਨਜ਼ਰ ਨਾ ਆਈ?*

*ਖੂਹ 'ਚ ਪਵੇ ਇਹ ਸਿੱਖਿਆ-ਸੁੱਖਿਆ*
*ਜਾਹਲਪਣੇ ਦੇ ਗੁਣ ਹੁਣ ਗਾਓ*
*ਅਗਾਂਹ ਟੋਆ ਹੈ ਇਹ ਨਾ ਦੇਖੋ*
*ਵਾਪਸ ਲਿਆਓ ਗਿਆ ਜ਼ਮਾਨਾ।*

*ਜਿਸ ਕਰ ਕੇ ਅਸੀਂ ਰੋਂਦੇ ਹੁੰਦੇ ਸਾਂ*
*ਤੁਸੀਂ ਵੀ ਉਹੀ ਗੱਲ ਹੁਣ ਕੀਤੀ*
*ਬਹੁਤ ਮਲਾਲ ਹੈ ਸਾਨੂੰ, ਲੇਕਿਨ*
*ਹਾ ਹਾ ਹਾ ਹਾ ਹੋ ਹੋ ਹੀ ਹੀ*
*ਦੁੱਖ ਨਾਲ ਸੋਚਦੀ ਹੁੰਦੀ ਸੀ।*

*ਸੋਚ ਸੋਚ ਹਾਸੀ ਅੱਜ ਆਈ*
*ਤੁਸੀਂ ਬਿਲਕੁਲ ਸਾਡੇ ਵਰਗੇ ਨਿਕਲੇ*
*ਅਸੀਂ ਦੋ ਕੌਮ ਨਹੀਂ ਸੀ ਭਾਈ*
*ਮਸ਼ਕ ਕਰੋ ਤੁਸੀਂ, ਆ ਜਾਵੇਗਾ*
*ਉਲਟੇ ਪੈਰ ਤੁਰਦੇ ਹੀ ਜਾਣਾ*
*ਦੂਜਾ ਧਿਆਨ ਨਾ ਮਨ ਵਿਚ ਆਵੇ।*

*ਬਸ ਪਿਛੇ ਹੀ ਨਜ਼ਰ ਲਗਾਇਓ*
*ਜਾਪ ਜਿਹਾ ਬੱਸ ਕਰਦੇ ਜਾਓ,*
*ਵਾਰ ਵਾਰ ਇਹੀ ਦੁਹਰਾਓ*
*ਕਿੰਨਾ ਵੀਰ ਮਹਾਨ ਸੀ ਭਾਰਤ!*
*ਕੈਸਾ ਆਲੀਸ਼ਾਨ ਸੀ ਭਾਰਤ!*

*ਫਿਰ ਤੁਸੀਂ ਲੋਕ ਪਹੁੰਚ ਜਾਓਗੇ*
*ਬੱਸ ਪਰਲੋਕ ਪਹੁੰਚ ਜਾਓਗੇ!*
*ਅਸੀਂ ਤਾਂ ਹਾਂ ਪਹਿਲੇ ਹੀ ਉਥੇ*
*ਤੁਸੀਂ ਵੀ ਸਮਾਂ ਬੱਸ ਕੱਢਦੇ ਰਹਿਣਾ।*
*ਹੁਣ ਜਿਸ ਨਰਕ 'ਚ ਵੀ ਜਾਓ,*
*ਉਥੋਂ ਚਿੱਠੀਆਂ ਛੱਡਦੇ ਰਹਿਣਾ।*

**(ਫਹਿਮੀਦਾ ਰਿਆਜ਼ ਪਾਕਿਸਤਾਨ ਦੀ ਚੋਟੀ ਦੀ ਸ਼ਾਇਰਾ ਹੈ।)**

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਅਕਤੂਬਰ 2015 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-191




*ਖੁਸ਼ ਬੜਾ ਏ ਚੜ੍ਹ ਕੇ ਉਤੇ ਲੱਗਦਾ ਤੂੰ ਸਰਦਾਰਾ।*
*ਇਹਦੇ ਬਿਨ ਨ੍ਹੀਂ ਹੁੰਦਾ ਵੇਖਿਆ ਖੇਤੀ ਵਿਚ ਗੁਜ਼ਾਰਾ।*
*ਚਿੱਟੀ ਦਾੜ੍ਹੀ ਨੀਲੀ ਪਗੜੀ ਮਾਰ ਜ਼ਰਾ ਲਲਕਾਰਾ,*
*ਨੇਤਾ ਕੋਈ ਅਕਾਲੀ ਜਾਪੇਂ ਕੱਦ ਕਾਠ ਵਿਚ ਭਾਰਾ।*
*ਤੈਨੂੰ ਵੇਖ ਕੇ ਇੰਦਰ ਵੀ ਤਾਂ ਪਾਸੇ ਹੋ ਗਿਆ ਇੰਦਰਾ,*
*ਜੌਹਨ ਡੀਅਰ ਤੋਂ ਹਾਲੇ ਚੰਗਾ ਸਾਡਾ ਓ ਮਹਿੰਦਰਾ।*

### ਕੈਪਸ਼ਨ ਮੁਕਾਬਲਾ-189



ਜਨਮ ਲਿਆ ਤੇ ਬਚਪਨ ਲੰਘਿਆ
ਆਈ ਕਦੋਂ ਜਵਾਨੀ?
ਬੱਸ ਧੁੰਦਲੀ ਜਿਹੀ ਯਾਦ ਹੈ ਬਾਕੀ
ਬੁਢਾਪੇ ਕਰੀ ਸ਼ੈਤਾਨੀ।
ਟੁੱਟਿਆ ਮੰਜਾ ਹੱਥ ਡੰਗੋਰੀ
ਕਰ ਚੱਲੇ ਮਨ-ਬੇਗਾਨੀ।

*-ਜਗਮੀਤ ਸਿੰਘ ਪੰਧੇਰ*

---

ਬੈਠ ਕੇ ਬੇਬੇ ਵਿਚ ਵਿਹੜੇ ਦੇ
ਕਰਦੀ ਉਮਰਾਂ ਦਾ ਲੇਖਾ-ਜੋਖਾ।
ਭਾਰ ਢੋ ਢੋ ਢੂੰਡਰ ਘਸਿਆ
ਕਦੇ ਖਾ ਕੇ ਨਾ ਦੇਖਿਆ ਚੋਖਾ।
ਅਮੀਰ ਤਾਂ ਹੋਰ ਅਮੀਰ ਹੋ ਗਏ
ਮਿਹਨਤਕਸ਼ ਕਿਉਂ ਗਿਆ ਥੱਲੇ?
ਨੇਤਾਵਾਂ ਇਸ ਨੂੰ ਲੁੱਟ ਲੁੱਟ ਖਾਧਾ
ਬਚਿਆ ਕੁਝ ਨਹੀਂ ਦੇਸ਼ ਦੇ ਪੱਲੇ।
ਝੂਠੇ ਵਾਅਦੇ ਲਾ ਕੇ ਫੋਕੇ ਨਾਅਰੇ
ਨੇਤਾ ਕਰਦੇ ਮੌਜ ਬਹਾਰਾਂ।
ਸਾਰ ਨਾ ਲਵੇ ਗਰੀਬ ਦੀ ਕੋਈ
ਖੱਸੀ ਹੋਈਆਂ ਪਈਆਂ ਸਰਕਾਰਾਂ।
ਅੱਧ ਕੱਚੇ ਕੋਠੇ ਤੇ ਟੁੱਟੀਆਂ ਮੰਜੀਆਂ
ਕਿਉਂ ਸਾਡੇ ਹਿੱਸੇ ਆਉਂਦੀਆਂ?
ਜੀਵਨ ਦੀ ਤੰਦ ਅਜੇ ਬਾਕੀ ਹੈ
ਸੋਚਾਂ ਵੱਢ ਵੱਢ ਸਾਨੂੰ ਖਾਂਦੀਆਂ।

*-ਸੇਵਾ ਸਿੰਘ ਨੂਰਪੁਰੀ*

---

ਸੱਚਾ ਪਿਆਰ ਹੁੰਦਾ ਮਾਂ-ਬਾਪ ਦਾ
ਰੱਖਦੇ ਨਾ ਡਰ ਨਫਾ-ਨੁਕਸਾਨ ਦਾ।
ਮਾਣ ਹੁੰਦਾ ਢਿੱਡ ਰੱਖੇ ਮਹੀਨੇ ਦਾ
ਮੰਗਣ ਮੁੱਲ ਨਾ ਚੁੰਘਾਏ ਸੀਨੇ ਦਾ।
ਲੋਰੀਆਂ ਦੇ ਕੇ ਪੁੱਤ ਵੱਡੇ ਕੀਤੇ ਦਾ
ਨਾ ਚਾਹੁਣ ਬੁਰਾ ਮਨ ਦੇ ਮੀਤੇ ਦਾ।
ਬੁਢਾਪੇ ਵਿਚ ਪੈਂਦੇ ਹੀਰੇ ਸਾਂਭਣੇ
ਮੁੜ ਕੇ ਨੀ ਮਾਂ-ਬਾਪ ਫਿਰ ਲੱਭਣੇ।
ਬਚਪਨੇ ਚੜ੍ਹੇ ਮਾਪਿਆਂ ਦਾ ਕਰਜ਼ਾ
ਬੁਢਾਪੇ ਪੈਂਦਾ ਸੱਜਣੋ ਵਿਆਜ ਤਾਰਨਾ।
ਸਿਆਣੇ ਬੰਦੇ ਪੈਂਦੀ ਸੰਭਾਲ ਰੱਖਣੀ
ਸੇਵਾ ਨਹੀਂਓਂ ਇਸ ਤੋਂ ਜਹਾਨੇ ਵੱਖਰੀ।

*-ਸਤਵਿੰਦਰ ਥਾਂਦੀ ਦੌਲਤਪੁਰੀ*

---

ਬੁੱਲ੍ਹੇ ਸ਼ਾਹ ਇਥੇ ਸਭ ਮੁਸਾਫਿਰ
ਕਿਸੇ ਨਾ ਇਥੇ ਰਹਿਣਾ।
ਆਪੋ ਆਪਣੀ ਵਾਟ ਮੁਕਾ ਕੇ
ਸਭ ਨੂੰ ਮੁੜਨਾ ਪੈਣਾ।

*-ਰਾਮ ਕੁਮਾਰ ਐਸ਼ ਜਾਜਾ*

### ਕੈਪਸ਼ਨ ਮੁਕਾਬਲਾ - 188

ਦਿਨ ਛੁੱਟੀ ਦਾ ਸੀ ਮਸਾਂ ਆਉਂਦਾ,
ਹੁੰਦੀ ਫੁੱਲ ਬੈਟ-ਬੱਲੇ ਦੀ ਤਿਆਰੀ
ਇੱਟਾਂ ਦੀਆਂ ਚਿਣ ਛੇ ਵਿਕਟਾਂ
ਬੈਟਿੰਗ ਦੀ ਲੱਭਣੀ ਪਹਿਲਾਂ ਵਾਰੀ।
ਲੱਕੜ ਦਾ ਘੜ ਬੈਟ ਵਿੰਗਾ-ਟੇਢਾ
ਟਿਊਬ ਮੁੱਠ 'ਤੇ, ਸਾਇਕਲ ਦੀ ਚਾੜ੍ਹੀ।
ਅੱਜ ਕਲ੍ਹ ਤਾਂ ਖੇਡ ਕਰੋੜਾਂ ਦੀ ਹੋ ਗਈ,
ਬਾਕੀ ਖੇਡਾਂ 'ਤੇ ਕ੍ਰਿਕਟ ਪੈ ਗਈ ਭਾਰੀ।

*-ਸਤਵਿੰਦਰ ਥਾਂਦੀ ਦੌਲਤਪੁਰੀ*

# ਫਿਰਕੂ ਦੰਗੇ ਭੜਕਾਉਣ ਦੀ ਸਾਜਿਸ਼ ਸੀ ਦਾਦਰੀ ਕਾਂਡ

**ਨੋਇਡਾ:** ਗਊ ਮਾਸ ਖਾਣ ਦੀ ਗੱਲ ਕਹਿ ਕੇ ਬਿਸਹਾੜਾ ਪਿੰਡ ਵਿਚ ਮੁਹੰਮਦ ਅਖ਼ਲਾਕ ਦੀ ਹੱਤਿਆ ਕੋਈ ਹਾਦਸਾ ਨਹੀਂ ਸੀ, ਬਲਕਿ ਇਸ ਪਿੱਛੇ ਮਕਸਦ ਫਿਰਕੂ ਦੰਗੇ ਭੜਕਾ ਕੇ ਮੁਜ਼ੱਫਰਨਗਰ ਤੋਂ ਵੀ ਜ਼ਿਆਦਾ ਬੁਰੇ ਹਾਲਾਤ ਪੈਦਾ ਕਰਨਾ ਸੀ। ਇਹ ਖੁਲਾਸਾ ਖੁਫੀਆ ਰਿਪੋਰਟ ਵਿਚ ਹੋਇਆ ਹੈ।'ਟਾਈਮਜ਼ ਆਫ ਇੰਡੀਆ' ਨੇ ਖੁਫੀਆ ਰਿਪੋਰਟ ਦੇ ਆਧਾਰ ਉਤੇ ਕਿਹਾ ਕਿ ਨੇੜਲੇ ਪਿੰਡਾਂ ਵਿਚ ਇਕ ਮਸਜਿਦ ਨੂੰ ਤੋੜਨ ਦੀ ਵੀ ਯੋਜਨਾ ਸੀ।

ਰਿਪੋਰਟ ਮੁਤਾਬਕ ਪ੍ਰਸ਼ਾਸਨ ਦੀ ਮੁਸਤੈਦੀ ਤੇ ਪਿੰਡ ਵਾਲਿਆਂ ਦੇ ਵਿਚ ਪੈਣ ਨਾਲ ਇਸ ਮਾਮਲੇ ਦਾ ਸੇਕ ਹੋਰ ਪਿੰਡਾਂ ਤੱਕ ਪਹੁੰਚਣ ਤੋਂ ਬਚਾਅ ਹੋ ਗਿਆ। ਅਖ਼ਬਾਰ ਨੇ ਖੁਫੀਆ ਰਿਪੋਰਟ ਦੇ ਆਧਾਰ 'ਤੇ ਲਿਖਿਆ ਹੈ ਕਿ ਸਾਥਾ ਚੌਰਸੀ ਦੇ ਪੂਰੇ ਇਲਾਕੇ ਵਿਚ ਦੰਗਾ ਭੜਕਾਉਣ ਦੀ ਯੋਜਨਾ ਸੀ। ਬਿਸਹਾੜਾ ਪਿੰਡ ਵਿਚ ਰਾਜਪੂਤਾਂ ਦੀ ਬਹੁਤਾਂਤ ਹੈ, ਜਿਸ ਨੂੰ ਸਾਥਾ ਚੌਰਸੀ ਕਿਹਾ ਜਾਂਦਾ ਹੈ। ਇਨ੍ਹਾਂ ਪਿੰਡਾਂ ਦੇ ਨੇੜੇ ਹੀ ਡਾਸਨਾ ਤੇ ਮਸੂਰੀ ਪਿੰਡ ਹਨ, ਜਿਥੇ ਮੁਸਲਮਾਨਾਂ ਦੀ ਕਾਫੀ ਆਬਾਦੀ ਹੈ। ਖੁਫੀਆ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਖ਼ਲਾਕ ਦੀ ਹੱਤਿਆ ਦੇ ਦੂਜੇ ਦਿਨ ਦਾਦਰੀ ਵਿਚ ਐਨ.ਟੀ.ਪੀ.ਸੀ. ਕੋਲ ਗਊ ਹੱਤਿਆ ਖਿਲਾਫ ਪ੍ਰਦਰਸ਼ਨ ਇਸੇ ਕੜੀ ਦਾ ਹਿੱਸਾ ਸੀ।

ਕਾਬਲੇਗੌਰ ਹੈ ਕਿ ਬਿਹਾਰ ਵਿਧਾਨ ਸਭਾ ਚੋਣਾਂ ਸਿਆਸੀ ਪਾਰਟੀਆਂ ਲਈ ਵੱਕਾਰ ਦਾ ਸਵਾਲ ਬਣੀਆਂ ਹੋਈਆਂ ਹਨ। ਚੋਣਾਂ ਤੋਂ ਪਹਿਲਾਂ ਦੰਗੇ ਕਰਾਉਣਾ ਭਾਰਤੀ ਸਿਆਸਤ ਦੀ ਰਵਾਇਤ ਜਿਹੀ ਬਣ ਗਈ ਹੈ। ਇਸ ਲਈ ਇਸ ਖੁਫੀਆ ਰਿਪੋਰਟ ਦੀਆਂ ਦਲੀਲਾਂ ਵਜ਼ਨਦਾਰ ਨਜ਼ਰ ਆ ਰਹੀਆਂ ਹਨ।

ਦੱਸਣਯੋਗ ਹੈ ਕਿ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਗੌਤਮ ਬੁੱਧ ਨਗਰ ਦੇ ਦਾਦਰੀ ਨੇੜੇ ਵੱਸੇ ਪਿੰਡ ਬਿਸਹੇੜਾ ਵਿਚ 28 ਸਤੰਬਰ ਨੂੰ ਇਕ ਸਥਾਨਕ ਧਾਰਮਿਕ ਅਸਥਾਨ ਤੋਂ ਪੁਜਾਰੀ ਵੱਲੋਂ ਸਪੀਕਰ ਉਤੇ ਇਹ ਐਲਾਨ ਕਰਕੇ ਲੋਕਾਂ ਨੂੰ ਭੜਕਾਇਆ ਗਿਆ ਕਿ ਮੁਹੰਮਦ ਅਖ਼ਲਾਕ ਦੇ ਪਰਿਵਾਰ ਨੇ ਗਊ ਦਾ ਮਾਸ ਪਕਾਇਆ ਹੈ ਤੇ ਫਰਿਜ ਵਿਚ ਰੱਖਿਆ ਹੋਇਆ ਹੈ।ਇਸ ਤੋਂ ਬਾਅਦ ਬਹੁਗਿਣਤੀ ਭਾਈਚਾਰੇ ਨਾਲ ਸਬੰਧਤ ਭੀੜ ਨੇ 50 ਸਾਲਾ ਅਖ਼ਲਾਕ ਦੇ ਘਰ 'ਤੇ ਹਮਲਾ ਕੀਤਾ ਤੇ ਉਸ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਤੇ ਉਸ ਦੇ 20 ਸਾਲਾ ਲੜਕੇ ਦਾਨਿਸ਼ ਨੂੰ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ।




## ਮੋਦੀ ਵੱਲ ਤਣੀਆਂ ਘਰ ਅੰਦਰੋਂ ਹੀ ਤੋਪਾਂ

**ਆਗਰਾ:** ਦੇਸ਼ ਵਿਚ ਵਧ ਰਹੇ ਫਿਰਕੂ ਤਣਾਅ ਕਰਕੇ ਜਿਥੇ ਮੋਦੀ ਸਰਕਾਰ ਵਿਰੋਧੀਆਂ ਦੇ ਨਿਸ਼ਾਨੇ ਉਤੇ ਹੈ, ਉਥੇ ਬੀ.ਜੀ.ਪੀ. ਦੇ ਅੰਦਰੋਂ ਵੀ ਸੁਰਾਂ ਉੱਠਣ ਲੱਗੀਆਂ ਹਨ। ਇਸ ਦਾ ਸੰਕੇਤ ਵਿੱਤ ਮੰਤਰੀ ਅਰੁਣ ਜੇਤਲੀ ਦੇ ਸੀਨੀਅਰ ਲੀਡਰ ਲਾਲ ਕ੍ਰਿਸ਼ਨ ਅਡਵਾਨੀ ਦੇ ਤਾਜ਼ਾ ਬਿਆਨਾਂ ਤੋਂ ਮਿਲਦਾ ਹੈ। ਦਾਦਰੀ ਕਾਂਡ ਉਤੇ ਬੇਸ਼ੱਕ ਪ੍ਰਧਾਨ ਮੰਤਰੀ ਮੋਦੀ ਖਾਮੋਸ਼ ਹਨ, ਪਰ ਜੇਤਲੀ ਨੇ ਇਸ ਘਟਨਾ ਨੂੰ ਮੰਦਭਾਗਾ ਕਰਾਰ ਦਿੱਤਾ। ਉਧਰ, ਅਡਵਾਨੀ ਨੇ ਵੀ ਇਸ਼ਾਰਿਆਂ-ਇਸ਼ਾਰਿਆਂ ਵਿਚ ਮੋਦੀ 'ਤੇ ਨਿਸ਼ਾਨਾ ਸਾਧਿਆ ਹੈ। ਆਗਰਾ ਆਏ ਅਡਵਾਨੀ ਤੋਂ ਜਦੋਂ ਦਾਦਰੀ ਕਾਂਡ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਕੁਝ ਨਹੀਂ ਬੋਲਣਗੇ। ਜੇਕਰ ਬੋਲੇ ਤਾਂ ਅਟਲ ਜੀ ਨੂੰ ਚੰਗਾ ਨਹੀਂ ਲੱਗੇਗਾ।

## ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਮਨਸੂਬੇ!

**ਨਵੀਂ ਦਿੱਲੀ:** ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹ ਮਾਮਲਾ ਸੰਯੁਕਤ ਰਾਸ਼ਟਰ ਕੋਲ ਉਠਾਇਆ ਜਾਏਗਾ। ਇਹ ਦਾਅਵਾ ਉੱਤਰ ਪ੍ਰਦੇਸ਼ ਦੇ ਕੈਬਨਿਟ ਮੰਤਰੀ ਆਜ਼ਮ ਖਾਨ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜ ਸਿਤਾਰਾ ਹੋਟਲਾਂ ਵਿਚ ਬੀਫ ਪਰੋਸਿਆ ਜਾਂਦਾ ਹੈ। ਜੇਕਰ ਹਿੰਮਤ ਹੈ ਤਾਂ ਇਨ੍ਹਾਂ ਹੋਟਲਾਂ ਨੂੰ ਵੀ ਬਾਬਰੀ ਮਸਜਿਦ ਵਾਂਗ ਤੋੜ ਦੇਵੋ। ਉਨ੍ਹਾਂ ਗਊ ਭਗਤਾਂ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਕਿ ਅੱਜ ਤੋਂ ਕਿਸੇ ਵੀ ਹੋਟਲ ਦੇ ਮੈਨਿਊ ਵਿਚ ਬੀਫ ਦੀ ਕੀਮਤ ਨਾ ਲਿਖਣ ਦੇਵੋ। ਉਨ੍ਹਾਂ ਕਿਹਾ ਕਿ ਅਸਲ ਵਿਚ ਬੀ.ਜੇ.ਪੀ. ਤੇ ਆਰ.ਐਸ.ਐਸ. ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੀਆਂ ਹਨ। ਇਸ ਲਈ ਘੱਟ ਗਿਣਤੀਆਂ ਨੂੰ ਖਤਰਾ ਹੈ।

## ਅਖ਼ਲਾਕ ਦੇ ਘਰ ਗਾਂ ਦਾ ਮਾਸ ਨਹੀਂ, ਮਟਨ ਸੀ: ਰਿਪੋਰਟ

**ਨਵੀਂ ਦਿੱਲੀ:** ਦਾਦਰੀ ਕਾਂਡ ਵਿਚ ਨਵਾਂ ਮੋੜ ਆ ਗਿਆ ਹੈ। ਗਾਂ ਦਾ ਮਾਸ ਖਾਣ ਦੇ ਸ਼ੱਕ ਵਿਚ ਕਤਲ ਕੀਤੇ ਗਏ ਅਖ਼ਲਾਕ ਦੇ ਘਰੋਂ ਬਰਾਮਦ ਮਾਸ ਦੀ ਜਾਂਚ ਰਿਪੋਰਟ ਆ ਗਈ ਹੈ। ਰਿਪੋਰਟ ਮੁਤਾਬਕ ਇਹ ਗਾਂ ਦਾ ਮਾਸ ਨਹੀਂ ਸਗੋਂ ਮਟਨ ਸੀ। ਪੀੜਤ ਪਰਿਵਾਰ ਲਗਾਤਾਰ ਦਾਅਵਾ ਕਰਦਾ ਆਇਆ ਹੈ ਕਿ ਉਨ੍ਹਾਂ ਦੇ ਘਰ ਗਾਂ ਦਾ ਮਾਸ ਨਹੀਂ ਸੀ। ਰਿਪੋਰਟ ਵਿਚ ਸਾਫ ਹੋ ਗਿਆ ਹੈ ਕਿ ਜਿਹੜਾ ਮਾਸ ਅਖ਼ਲਾਕ ਦੇ ਘਰੋਂ ਮਿਲਿਆ ਉਹ ਗਾਂ ਦਾ ਨਹੀਂ ਸੀ। ਜਾਂਚ ਰਿਪੋਰਟ ਵਿਚ ਇਸ ਮਾਸ ਦੇ ਮਟਨ ਹੋਣ ਦੀ ਪੁਸ਼ਟੀ ਹੋ ਗਈ ਹੈ। ਗੌਤਮ ਬੁੱਧ ਨਗਰ ਪ੍ਰਸ਼ਾਸਨ ਨੇ ਘਰ ਵਿਚੋਂ ਬਰਾਮਦ ਹੋਏ ਮਾਸ ਦੀ ਪਸ਼ੂ ਡਾਕਟਰ ਤੋਂ ਜਾਂਚ ਕਰਵਾਈ, ਇਸ ਤੋਂ ਬਾਅਦ ਮਥੁਰਾ ਲੈਬ ਵਿਚ ਜਾਂਚ ਲਈ ਭੇਜਿਆ ਗਿਆ ਸੀ।

## ਦਾਦਰੀ ਕਾਂਡ ਨੂੰ ਨਰੇਂਦਰ ਮੋਦੀ ਦੀ ਸਹਿਮਤੀ?

**ਨਵੀਂ ਦਿੱਲੀ:** ਦਾਦਰੀ ਕਾਂਡ ਨੂੰ ਲੈ ਕੇ ਕਾਂਗਰਸ ਦੇ ਸੀਨੀਅਰ ਲੀਡਰ ਦਿੱਗਵਿਜੈ ਸਿੰਘ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਵੱਡਾ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਸਵਾਲ ਕੀਤਾ ਹੈ ਕਿ ਮੋਦੀ ਇਸ ਘਟਨਾ 'ਤੇ ਆਖ਼ਰ ਮੋਨ ਕਿਉਂ ਹਨ। ਦਿੱਗਵਿਜੈ ਨੇ ਦਾਦਰੀ ਤੇ ਵਾਰਾਨਸੀ ਨੂੰ ਆਪਣੇ ਤਰੀਕੇ ਨਾਲ ਜੋੜਦੇ ਹੋਏ ਪੀ.ਐਮ. ਮੋਦੀ 'ਤੇ ਹਮਲਾ ਬੋਲਿਆ। ਉਨ੍ਹਾਂ ਟਵੀਟ ਕਰਕੇ ਕਿਹਾ ਹੈ ਕਿ ਹਰ ਛੋਟੀ-ਮੋਟੀ ਘਟਨਾ 'ਤੇ ਮੋਦੀ ਜੀ ਟਵੀਟ ਕਰਦੇ ਹਨ, ਪਰ ਦਾਦਰੀ ਤੇ ਵਾਰਾਨਸੀ ਦੀ ਘਟਨਾ 'ਤੇ ਮੋਨ ਕਿਉਂ ਹਨ। ਉਨ੍ਹਾਂ ਕਿਹਾ ਹੈ ਕਿ ਸ਼ਾਇਦ ਦਾਦਰੀ ਘਟਨਾ 'ਤੇ ਉਨ੍ਹਾਂ ਦੀ ਸਹਿਮਤੀ ਹੋਏ।

## ਬੀਫ ਪਾਰਟੀ ਦੇਣ ਵਾਲੇ ਵਿਧਾਇਕ ਨੂੰ ਵਿਧਾਨ ਸਭਾ 'ਚ ਕੁਟਾਪਾ

**ਸ੍ਰੀਨਗਰ:** ਕੁਝ ਭਾਜਪਾ ਵਿਧਾਇਕਾਂ ਨੇ ਇਥੇ ਗਊ ਮਾਸ ਪਾਰਟੀ ਕਰਨ ਉਤੇ ਆਜ਼ਾਦ ਵਿਧਾਇਕ ਸ਼ੇਖ ਅਬਦੁਲ ਰਾਸ਼ਿਦ ਦੀ ਜੰਮੂ ਕਸ਼ਮੀਰ ਵਿਧਾਨ ਸਭਾ ਵਿਚ ਕੁੱਟ ਮਾਰ ਕੀਤੀ, ਜਿਸ ਨੂੰ ਲੈ ਕੇ ਵਿਰੋਧੀ ਧਿਰ ਨੇ ਕਾਫੀ ਹੰਗਾਮਾ ਕੀਤਾ ਤੇ ਸਦਨ ਦਾ ਬਾਈਕਾਟ ਕੀਤਾ। ਗਊ ਮਾਸ ਪਾਰਟੀ ਕਰਨ ਵਾਲੇ ਵਿਧਾਇਕ ਨੂੰ ਕੁੱਟਣ ਦੀ ਘਟਨਾ ਅਜਿਹੇ ਸਮੇਂ ਹੋਈ ਹੈ ਜਦ ਵਿਧਾਨ ਸਭਾ ਵਿਚ ਮਾਸ 'ਤੇ ਪਾਬੰਦੀ ਬਾਰੇ ਬਿੱਲ ਪੇਸ਼ ਕੀਤਾ ਜਾਣਾ ਸੀ। ਨੈਸ਼ਨਲ ਕਾਨਫਰੰਸ ਦੇ ਨੇਤਾ ਉਮਰ ਅਬਦੁੱਲਾ ਕਿਹਾ ਕਿ ਇਸ ਘਟਨਾ ਨੂੰ ਪਚਾ ਪਾਉਣਾ ਅਸੰਭਵ ਹੈ।



## ਦਾਦਰੀ ਕਾਂਡ ਉਤੇ ਪਾਕਿਸਤਾਨ ਦੀ ਨਸੀਹਤ

**ਇਸਲਾਮਾਬਾਦ:** ਭਾਰਤ ਵਿਚ ਹੋਏ ਦਾਦਰੀ ਕਾਂਡ ਵਿਚ ਪਾਕਿਸਤਾਨ ਵੀ ਕੁੱਦ ਪਿਆ ਹੈ। ਪਾਕਿਸਤਾਨ ਨੇ ਆਖਿਆ ਹੈ ਕਿ ਭਾਰਤ ਧਰਮ ਨਿਰਪੱਖ ਦੇਸ਼ ਹੋਣ ਦਾ ਦਾਅਵਾ ਕਰਦਾ ਹੈ ਤਾਂ ਫਿਰ ਮੁਸਲਮਾਨਾਂ ਉੱਤੇ ਹਮਲੇ ਕਿਉਂ ਹੋ ਰਹੇ ਹਨ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਕਾਜ਼ੀ ਖ਼ਲੀਲ ਉੱਲਾ ਨੇ ਆਖਿਆ ਹੈ ਕਿ ਭਾਰਤ ਵਿਚ ਬੀਫ ਬੈਨ ਉੱਤੇ ਰਾਜਨੀਤੀ ਗਰਮਾ ਰਹੀ ਹੈ। ਵਿਦੇਸ਼ ਮੰਤਰਾਲੇ ਅਨੁਸਾਰ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਬੀਫ ਐਕਸਪੋਟਰ ਹੈ ਜੋ ਬਿਨਾਂ ਗਾਂ ਦੀ ਹੱਤਿਆ ਦੇ ਨਹੀਂ ਹੋ ਸਕਦਾ।

# ਮੋਗਾ ਕਾਂਡ: ਮੁਆਵਜ਼ਾ ਦੇਣ ਬਾਰੇ ਨੀਤੀ 'ਤੇ ਸਵਾਲ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਮੋਗਾ ਔਰਬਿਟ ਬੱਸ ਕਾਂਡ ਦੀ ਸੁਣਵਾਈ ਨਾ ਹੋ ਸਕੀ। ਐਡਵੋਕੇਟ ਜਨਰਲ ਪੰਜਾਬ ਦੀ ਗੈਰਮੌਜੂਦਗੀ ਕਾਰਨ ਹਾਈਕੋਰਟ ਨੇ ਮਾਮਲੇ ਦੀ ਅਗਲੀ ਤਾਰੀਖ ਤਿੰਨ ਦਸੰਬਰ ਪਾ ਦਿੱਤੀ ਹੈ। ਅਦਾਲਤ ਨੇ ਇਸ ਮਾਮਲੇ ਵਿਚ ਸਰਕਾਰ ਵੱਲੋਂ ਪੀੜਤ ਪਰਿਵਾਰ ਨੂੰ ਮੁਆਵਜ਼ਾ ਦੇਣ ਦੀ ਨੀਤੀ ਬਾਰੇ ਪੁੱਛਿਆ ਹੈ। ਦੱਸਣਯੋਗ ਹੈ 29 ਅਪਰੈਲ ਨੂੰ ਬਾਦਲ ਪਰਿਵਾਰ ਦੀ ਮਾਲਕੀ ਵਾਲੀ ਔਰਬਿਟ ਬੱਸ ਵਿਚੋਂ ਨਾਬਾਲਗ ਲੜਕੀ ਅਰਸ਼ਦੀਪ ਕੌਰ ਨੂੰ ਬੱਸ ਦੇ ਅਮਲੇ ਵੱਲੋਂ ਛੇੜਛਾੜ ਪਿੱਛੋਂ ਥੱਲੇ ਸੁੱਟ ਦਿੱਤਾ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ। ਇਹ ਘਟਨਾ ਵੱਡਾ ਸਿਆਸੀ ਮੁੱਦਾ ਬਣ ਗਈ ਸੀ ਜਿਸ ਤੋਂ ਬਾਅਦ ਤਿੰਨ ਮਈ ਨੂੰ ਪ੍ਰਸ਼ਾਸਨ ਵੱਲੋਂ ਪੀੜਤ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ, 20 ਲੱਖ ਰੁਪਏ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐਕਸਗ੍ਰੇਸ਼ੀਆ ਗ੍ਰਾਂਟ, ਕੇਂਦਰੀ ਐਸ.ਸੀ. ਕਮਿਸ਼ਨ ਦੇ ਆਦੇਸ਼ਾਂ ਅਨੁਸਾਰ ਪੰਜ ਲੱਖ ਰੁਪਏ ਗ੍ਰਾਂਟ, ਅਨੁਸੂਚਿਤ ਜਾਤੀ ਵੈਲਫੇਅਰ ਭਲਾਈ ਫੰਡ ਵਿਚੋਂ ਲੜਕੀ ਦੀ ਜ਼ਖ਼ਮੀ ਮਾਂ ਛਿੰਦਰ ਕੌਰ ਦੇ ਇਲਾਜ ਲਈ ਇਕ ਲੱਖ 20 ਹਜ਼ਾਰ ਰੁਪਏ ਤੇ ਲੜਕੀ ਦੇ ਭਰਾ ਅਕਾਸ਼ਦੀਪ ਦੀ ਪੜ੍ਹਾਈ ਲਈ ਚਾਰ ਲੱਖ ਰੁਪਏ ਆਦਿ ਸ਼ਰਤਾਂ ਮੰਨਣ 'ਤੇ ਪਰਿਵਾਰ ਨਾਲ ਸਮਝੌਤਾ ਹੋ ਗਿਆ ਸੀ। ਸਮਝੌਤੇ ਤੋਂ ਬਾਅਦ ਹੀ ਪਰਿਵਾਰ ਨੇ ਮ੍ਰਿਤਕ ਲੜਕੀ ਦਾ ਅੰਤਿਮ ਸਸਕਾਰ ਕੀਤਾ ਸੀ।

## ਬਾਦਲਾਂ ਦੀ ਬੱਸ ਦਾ ਨਵਾਂ ਕਾਰਾ

**ਜਲੰਧਰ:** ਬਾਦਲ ਪਰਿਵਾਰ ਦੀ ਮਾਲਕੀ ਵਾਲੀ ਔਰਬਿਟ ਬੱਸ ਦੇ ਸਟਾਫ ਉਤੇ ਇਲਜ਼ਾਮ ਲੱਗਿਆ ਹੈ ਕਿ ਉਨ੍ਹਾਂ ਇਕ ਵਿਦਿਆਰਥੀ ਨੂੰ ਇਸ ਲਈ ਕੁੱਟਿਆ ਕਿ ਉਸ ਨੇ ਪੀ.ਏ.ਪੀ. ਚੌਕ ਵਿਚ ਬੱਸ ਰੋਕਣ ਲਈ ਕਿਹਾ ਸੀ। ਪੀੜਤ ਮਨਿੰਦਰ ਸਿੰਘ ਸੈਣੀ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਫਿਜ਼ੀਕਲ ਐਜੂਕੇਸ਼ਨ ਦੀ ਮਾਸਟਰ ਡਿਗਰੀ ਕਰ ਰਿਹਾ ਹੈ। ਉਹ ਅੰਮ੍ਰਿਤਸਰ ਤੋਂ ਚੰਡੀਗੜ੍ਹ ਜਾਣ ਵਾਲੀ ਔਰਬਿਟ ਬੱਸ ਵਿਚ ਜਲੰਧਰ ਆ ਰਿਹਾ ਸੀ। ਉਸ ਨੇ ਡਰਾਈਵਰ ਨੂੰ ਪੀ.ਏ.ਪੀ. ਚੌਕ ਵਿਚ ਬੱਸ ਰੋਕਣ ਲਈ ਕਿਹਾ ਕਿਉਂਕਿ ਉਸ ਨੇ ਪੀ.ਏ.ਪੀ. ਚੌਕ ਤੋਂ ਗੁਰਾਇਆ ਜਾਣ ਲਈ ਬੱਸ ਫੜਨੀ ਸੀ, ਪਰ ਡਰਾਈਵਰ ਨੇ ਉਸ ਦੀ ਗੱਲ ਅਣਸੁਣੀ ਕਰ ਦਿੱਤੀ। ਇਸੇ ਦੌਰਾਨ ਬੱਸ ਦਾ ਕੰਡਕਟਰ ਮਨਿੰਦਰ ਨਾਲ ਗਾਲੀ ਗਲੋਚ ਕਰਨ ਲੱਗ ਪਿਆ ਤੇ ਬੱਸ ਸਾਈਡ ਉਤੇ ਰੋਕ ਕੇ ਡਰਾਈਵਰ ਤੇ ਕੰਡਕਟਰ ਉਸ ਨੂੰ ਕੁੱਟਣ ਲੱਗ ਪਏ। ਉਸ ਦੇ ਸਿਰ 'ਤੇ ਪੇਚਕਸ ਮਾਰੇ, ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ। ਬੱਸ ਦੇ ਡਰਾਈਵਰ ਦਾ ਨਾਂ ਗੌਰਵ ਤੇ ਕੰਡਕਟਰ ਦਾ ਨਾਂ ਗੁਰਵੀਰ ਹੈ। ਪੁਲਿਸ ਨੇ ਵਧਦੇ ਦਬਾਅ ਪਿੱਛੋਂ ਦੋਵਾਂ ਖਿਲਾਫ ਕੇਸ ਦਰਜ ਕਰ ਲਿਆ ਹੈ।



# ਏਸ਼ੀਆ 'ਚ ਚੋਟੀ ਦੇ 50 ਵਪਾਰੀ ਪਰਿਵਾਰਾਂ ਵਿਚ 14 ਭਾਰਤੀ

**ਵਾਸ਼ਿੰਗਟਨ:** ਏਸ਼ੀਆ ਦੇ 50 ਚੋਟੀ ਦੇ ਵਪਾਰੀ ਪਰਿਵਾਰਾਂ ਦੀ ਪਹਿਲੀ ਫੋਰਬਸ ਏਸ਼ੀਆ ਸੂਚੀ ਵਿਚ 14 ਭਾਰਤੀ ਪਰਿਵਾਰ ਹਨ। ਸੂਚੀ ਵਿਚ 21.5 ਅਰਬ ਡਾਲਰ ਜਾਇਦਾਦ ਨਾਲ ਅੰਬਾਨੀ ਪਰਿਵਾਰ ਤੀਜੇ ਸਥਾਨ 'ਤੇ ਹੈ। ਪ੍ਰੇਮ ਜੀ ਪਰਿਵਾਰ 17 ਅਰਬ ਡਾਲਰ ਨਾਲ ਸੱਤਵੇਂ, ਹਿੰਦੂਜਾ ਪਰਿਵਾਰ 15 ਅਰਬ ਡਾਲਰ ਨਾਲ ਨੌਵੇਂ ਤੇ ਮਿਸਤਰੀ ਪਰਿਵਾਰ 14.9 ਅਰਬ ਡਾਲਰ ਨਾਲ 10ਵੇਂ ਸਥਾਨ ਉਤੇ ਹੈ। ਸੂਚੀ ਵਿਚ ਤਕਰੀਬਨ ਅੱਧੇ ਪਰਿਵਾਰ ਚੀਨੀ ਮੂਲ ਦੇ ਹਨ, ਪਰ ਉਨ੍ਹਾਂ ਵਿਚ ਇਕ ਵੀ ਚੀਨੀ ਨਾਗਰਿਕ ਨਹੀਂ ਹੈ। ਇਸ ਤਰ੍ਹਾਂ 14 ਪਰਿਵਾਰਾਂ ਨਾਲ ਭਾਰਤ ਆਸਾਨੀ ਨਾਲ ਸੂਚੀ ਵਿਚ ਵੱਧ ਯੋਗਦਾਨ ਪਾਉਣ ਵਾਲਾ ਦੇਸ਼ ਬਣ ਗਿਆ ਹੈ।

ਦੱਖਣੀ ਕੋਰੀਆ ਵਿਚ ਸੈਮਸੰਗ ਸਮੂਹ ਦੇ ਮਾਲਕ ਲੀ ਪਰਿਵਾਰ ਨੂੰ 26.6 ਅਰਬ ਡਾਲਰ ਜਾਇਦਾਦ ਨਾਲ ਸੂਚੀ ਵਿਚ ਪਹਿਲੇ ਸਥਾਨ 'ਤੇ ਰੱਖਿਆ ਗਿਆ ਹੈ। ਦੂਜੇ ਸਥਾਨ 'ਤੇ ਇਕ ਹੋਰ ਲੀ ਪਰਿਵਾਰ ਸ਼ਾਮਲ ਹੈ, ਜੋ ਹਾਂਗਕਾਂਗ ਦੀ ਕੰਪਨੀ ਹਾਡਰਸਨ ਲੈਂਡ ਡਿਵੈਲਪਮੈਂਟ ਦੇ ਮਾਲਕ ਹਨ। ਉਨ੍ਹਾਂ ਕੋਲ 24.1 ਅਰਬ ਡਾਲਰ ਜਾਇਦਾਦ ਹੈ। ਅੰਬਾਨੀ ਪਰਿਵਾਰ ਦੀ ਜਾਇਦਾਦ ਵਿਚ ਮੁਕੇਸ਼ ਅੰਬਾਨੀ ਤੇ ਅਨਿਲ ਅੰਬਾਨੀ ਦੀ ਜਾਇਦਾਦ ਸ਼ਾਮਲ ਹੈ। 5.5 ਅਰਬ ਡਾਲਰ ਨਾਲ ਬਰਮਨ ਪਰਿਵਾਰ ਨੂੰ 30ਵੇਂ ਸਥਾਨ 'ਤੇ ਰੱਖਿਆ ਗਿਆ ਹੈ।


ਮੁਕੇਸ਼ ਅੰਬਾਨੀ ਤੇ ਅਨਿਲ ਅੰਬਾਨੀ

# ਚੋਣ ਸਰਵੇਖਣ ਵੀ ਬਿਹਾਰ ਚੋਣਾਂ ਬਾਰੇ ਟੇਵਾ ਲਾਉਣ 'ਚ ਅਸਮਰਥ

**ਨਵੀਂ ਦਿੱਲੀ:** ਬਿਹਾਰ ਵਿਧਾਨ ਸਭਾ ਚੋਣਾਂ ਵਿਚ ਚੋਣ ਸਰਵੇਖਣ ਵੀ ਕਿਸੇ ਇਕ ਧਿਰ ਦੇ ਹੱਕ ਵਿਚ ਨਹੀਂ ਭੁਗਤ ਰਹੇ। ਚੋਣ ਸਰਵੇਖਣ ਜਿਥੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਗੱਠਜੋੜ ਨੂੰ ਸਾਧਾਰਨ ਬਹੁਮਤ ਦੇ ਰਹੇ ਹਨ, ਉਥੇ ਇਕ ਹੋਰ ਸਰਵੇਖਣ ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਗੱਠਜੋੜ ਨੂੰ 243 ਮੈਂਬਰੀ ਵਿਧਾਨ ਸਭਾ ਹਲਕਿਆਂ ਵਿਚੋਂ 119 ਸੀਟਾਂ ਦਿੱਤੀਆਂ ਗਈਆਂ ਹਨ ਤੇ ਕੋਈ ਵੀ ਧਿਰ ਸਪਸ਼ਟ ਬਹੁਮਤ ਹਾਸਲ ਨਹੀਂ ਕਰ ਸਕੀ।

ਸੀ.ਐਨ.ਐਨ., ਆਈ.ਬੀ.ਐਨ./ ਆਈ.ਬੀ.ਐਨ-7 ਚੋਣ ਸਰਵੇਖਣਾਂ ਨੇ ਜਨਤਾ ਦਲ-ਯੂਨਾਈਟਿਡ (ਜੇ.ਡੀ.-ਯੂ), ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਤੇ ਕਾਂਗਰਸ ਨੂੰ 137 ਸੀਟਾਂ ਦਿੱਤੀਆਂ ਗਈਆਂ ਹਨ। ਭਾਜਪਾ ਦੀ ਅਗਵਾਈ ਹੇਠਲਾ ਗੱਠਜੋੜ 95 ਸੀਟਾਂ ਉਤੇ ਅੱਗੇ ਦਿਖਾਇਆ ਗਿਆ ਹੈ। ਭਾਜਪਾ ਇਕੱਲੀ ਹੀ 82 ਸੀਟਾਂ ਉਤੇ ਅੱਗੇ ਦਿਖਾਈ ਗਈ ਹੈ। ਰਾਮ ਵਿਲਾਸ ਪਾਸਵਾਨ ਦੀ ਐਲ.ਜੇ.ਪੀ. ਨੂੰ ਦੋ ਸੀਟਾਂ ਦਿੱਤੀਆਂ ਗਈਆਂ ਹਨ। ਸਾਬਕਾ ਮੁੱਖ ਮੰਤਰੀ ਜੀਤਨ ਰਾਮ ਮਾਂਝੀ ਦੀ ਪਾਰਟੀ ਐਚ.ਏ.ਐਮ. ਨੂੰ ਅੱਠ ਸੀਟਾਂ ਤੇ ਉਪੇਂਦਰ ਕੁਸ਼ਵਾਹਾ ਦੀ ਆਰ.ਐਲ.ਐਸ.ਪੀ. ਨੂੰ ਤਿੰਨ ਸੀਟਾਂ ਦਿੱਤੀਆਂ ਗਈਆਂ ਹਨ। ਨਿਤੀਸ਼ ਕੁਮਾਰ ਦੀ ਜੇ.ਡੀ.ਯੂ. ਨੂੰ 69 ਸੀਟਾਂ, ਲਾਲੂ ਪ੍ਰਸਾਦ ਦੀ ਆਰ.ਜੇ.ਡੀ. ਨੂੰ 48 ਸੀਟਾਂ ਤੇ ਕਾਂਗਰਸ ਨੂੰ 20 ਸੀਟਾਂ ਦਰਸਾਈਆਂ ਗਈਆਂ ਹਨ। ਚੋਣ ਸਰਵੇਖਣ ਤਿੰਨ ਸਤੰਬਰ ਤੇ ਚਾਰ ਅਕਤੂਬਰ ਦੌਰਾਨ 243 ਵਿਧਾਨ ਸਭਾ ਹਲਕਿਆਂ ਦੇ 38 ਜ਼ਿਲ੍ਹਿਆਂ ਵਿਚਲੇ 24000 ਲੋਕਾਂ ਦੇ ਵਿਚਾਰਾਂ ਤੋਂ ਪ੍ਰਾਪਤ ਕੀਤੇ ਗਏ ਹਨ।

ਚੋਣ ਸਰਵੇਖਣਾਂ ਵਿਚ 33 ਫੀਸਦੀ ਯਾਦਵ ਤੇ 28 ਫੀਸਦੀ ਮੁਸਲਮਾਨ ਆਰ.ਜੇ.ਡੀ. ਤੇ ਜਨਤਾ ਦਲ ਯੂ ਨੂੰ ਛੱਡ ਕੇ ਐਨ.ਡੀ.ਏ. ਵੱਲ ਜਾਂਦੇ ਨਜ਼ਰ ਆ ਰਹੇ ਹਨ। ਸਰਵੇਖਣਾਂ ਵਿਚ 18 ਤੋਂ 35 ਸਾਲ ਦੇ ਨੌਜਵਾਨ ਵਧੇਰੇ ਵੋਟਾਂ ਐਨ.ਡੀ.ਏ. ਨੂੰ ਪਾਉਂਦੇ ਦਿਖਾਈ ਦੇ ਰਹੇ ਹਨ। ਨਿਤੀਸ਼ ਕੁਮਾਰ ਨੂੰ ਲਾਲੂ ਪ੍ਰਸਾਦ ਨਾਲ ਗੱਠਜੋੜ ਕਰਨ ਨਾਲ 40 ਫੀਸਦੀ ਦਾ ਲਾਭ ਹੋਇਆ ਹੈ। 2010 ਵਿਚ ਭਾਜਪਾ ਤੇ ਜਨਤਾ ਦਲ ਯੂ ਗੱਠਜੋੜ ਨੇ 206 ਸੀਟਾਂ ਜਿੱਤੀਆਂ ਸਨ। ਆਰ.ਜੇ.ਡੀ. ਤੇ ਪਾਸਵਾਨ ਦੇ ਗੱਠਜੋੜ ਨੂੰ ਸਿਰਫ 25 ਸੀਟਾਂ ਮਿਲੀਆਂ ਸਨ। 2014 ਵਿਧਾਨ ਸਭਾ ਵੋਟਾਂ ਵਿਚ ਐਨ.ਡੀ.ਏ. ਨੇ 174 ਸੀਟਾਂ ਜਿੱਤੀਆਂ ਸਨ।



## ਯਾਨਿਕ ਦੀਆਂ ਯਾਦਾਂ ਜਾਣਗੀਆਂ ਬਰੂੰਡੀ

**ਪਟਿਆਲਾ:** ਅਫਰੀਕਾ ਦੇ ਬਰੂੰਡੀ ਦੇ ਰਹਿਣ ਵਾਲੇ ਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਦੇ ਵਿਦਿਆਰਥੀ ਰਹੇ ਯਾਨਿਕ ਨਿਹਾਂਗਜ਼ਾ ਦੀ ਭਾਰਤ ਤੇ ਪੰਜਾਬ ਨਾਲ ਜੁੜੀਆਂ ਆਖਰੀ ਯਾਦਾਂ ਹੁਣ ਉਸ ਦੇ ਘਰ ਬਰੂੰਡੀ ਵਿਖੇ ਪਹੁੰਚਾ ਦਿੱਤੀਆਂ ਜਾਣਗੀਆਂ। ਪਟਿਆਲਾ ਪ੍ਰਸ਼ਾਸਨ ਵੱਲੋਂ ਯਾਨਿਕ ਦੇ ਸਾਮਾਨ ਨੂੰ ਉਸ ਦੇ ਘਰ ਬਰੂੰਡੀ ਭੇਜਣ ਦਾ ਫੈਸਲਾ ਲਿਆ ਗਿਆ ਹੈ। ਯਾਨਿਕ ਅਫਰੀਕਾ ਦੇ ਬਰੂੰਡੀ ਤੋਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਦਾਖਲਾ ਲਿਆ, ਪਰ ਸਾਲ 2012 ਵਿਚ ਜਲੰਧਰ ਵਿਚ ਹੀ ਕੁਝ ਨੌਜਵਾਨਾਂ ਵੱਲੋਂ ਯਾਨਿਕ ਨੂੰ ਇਸ ਹੱਦ ਤੱਕ ਕੁੱਟਿਆ ਮਾਰਿਆ ਗਿਆ ਕਿ ਯਾਨਿਕ ਕੋਮਾ ਵਿਚ ਚਲਾ ਗਿਆ। ਉਸ ਨੂੰ ਪਟਿਆਲਾ ਦੇ ਕੋਲੰਬੀਆ ਏਸ਼ੀਆ ਹਸਪਤਾਲ ਵਿਚ ਤਕਰੀਬਨ ਡੇਢ ਸਾਲ ਵੈਂਟੀਲੇਟਰ ਉਤੇ ਰੱਖਿਆ ਗਿਆ ਤੇ ਬਾਅਦ ਵਿਚ ਉਸ ਦੀ ਮੌਤ ਹੋ ਗਈ।

# ਘਟ ਨਹੀਂ ਰਹੀਆਂ ਅਫਗਾਨਿਸਤਾਨ 'ਚ ਹਿੰਦੂ-ਸਿੱਖਾਂ ਦੀਆਂ ਮੁਸ਼ਕਿਲਾਂ

**ਕਾਬੁਲ:** ਅਫਗਾਨਿਸਤਾਨ ਵਿਚ ਰਹਿਣ ਵਾਲੇ ਸਿੱਖ ਤੇ ਹਿੰਦੂ ਭਾਈਚਾਰੇ ਦੀ ਹਾਲਤ ਦਿਨ ਪ੍ਰਤੀ ਦਿਨ ਮਾੜੀ ਹੁੰਦੀ ਜਾ ਰਹੀ ਹੈ। ਬੀ.ਬੀ.ਸੀ. ਵੱਲੋਂ ਜਾਰੀ ਰਿਪੋਰਟ ਮੁਤਾਬਕ ਦੇਸ਼ ਦੇ ਘੱਟ ਗਿਣਤੀ ਭਾਈਚਾਰੇ ਨੂੰ ਸਭ ਤੋਂ ਜ਼ਿਆਦਾ ਭੇਦਭਾਵ ਦਾ ਸਾਹਮਣਾ ਕਰਨਾ ਪੈਂਦਾ ਹੈ। ਅਫਗਾਨਿਸਤਾਨ ਸਰਕਾਰ ਹਾਲਾਂਕਿ ਘੱਟ ਗਿਣਤੀ ਭਾਈਚਾਰੇ ਦੀ ਜ਼ਮੀਨ ਤੇ ਸੰਪਤੀ ਵਿਵਾਦ ਨੂੰ ਸੁਲਝਾਉਣ ਦਾ ਦਾਅਵਾ ਕਰਦੀ ਹੈ, ਪਰ ਤਮਾਮ ਦਾਅਵਿਆਂ ਦੇ ਬਾਵਜੂਦ ਹਿੰਦੂ ਤੇ ਸਿੱਖਾਂ ਲਈ ਹਾਲਾਤ ਠੀਕ ਨਹੀਂ ਹਨ। ਅਫਗਾਨਿਸਤਾਨ ਵਿਚ ਇਕੋ ਇਕ ਸਿੱਖ ਮੈਂਬਰ ਪਾਰਲੀਮੈਂਟ ਅਨਾਰਕਲੀ ਕੌਰ ਹੋਨਰੀ ਵੀ ਭਾਈਚਾਰੇ ਦੀ ਹਾਲਤ ਉੱਤੇ ਚਿੰਤਤ ਹੈ। ਉਨ੍ਹਾਂ ਮੁਤਾਬਕ ਜ਼ਮੀਨਾਂ ਉੱਤੇ ਕਬਜ਼ੇ ਹੋਣਾ ਇਕ ਵੱਡੀ ਸਮੱਸਿਆ ਹੈ। ਕਾਬੁਲ, ਜਲਾਲਾਬਾਦ ਤੇ ਕੰਧਾਰ ਵਰਗੇ ਸ਼ਹਿਰਾਂ ਵਿਚ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਉੱਤੇ ਇਸਲਾਮ ਕਬੂਲ ਕਰਨ ਲਈ ਦਬਾਅ ਵਧਦਾ ਜਾ ਰਿਹਾ ਹੈ। ਇਸ ਕਰਕੇ ਘੱਟ ਗਿਣਤੀ ਭਾਈਚਾਰੇ ਦੇ ਲੋਕ ਦੂਜੇ ਦੇਸ਼ਾਂ ਵਿਚ ਜਾਣ ਦੀ ਕੋਸ਼ਿਸ਼ ਕਰ ਰਹੇ ਹਨ।

ਅਸਲ ਵਿਚ ਅਫਗਾਨਿਸਤਾਨ ਦੇ ਕਈ ਹਿੱਸਿਆਂ ਵਿਚ ਅਜੇ ਵੀ ਤਾਲਿਬਾਨ ਸਰਗਰਮ ਹੈ। ਤਾਲਿਬਾਨ ਵੱਲੋਂ ਹੀ ਹਿੰਦੂ ਤੇ ਸਿੱਖ ਭਾਈਚਾਰੇ ਦੀਆਂ ਸੰਪਤੀਆਂ ਉਤੇ ਕਬਜ਼ਾ ਕਰ ਲਿਆ ਜਾਂਦਾ ਹੈ। ਘੱਟ ਗਿਣਤੀ ਭਾਈਚਾਰੇ ਨੂੰ ਤਾਲਿਬਾਨ ਵੱਲੋਂ ਅਕਸਰ ਅਗਵਾ ਕਰ ਲਿਆ ਜਾਂਦਾ ਹੈ। ਤਾਲਿਬਾਨ ਦੇ ਡਰ ਕਾਰਨ ਬਹੁਤ ਸਾਰੇ ਹਿੰਦੂ ਤੇ ਸਿੱਖ ਦੇਸ਼ ਛੱਡ ਕੇ ਭਾਰਤ ਤੇ ਹੋਰ ਦੇਸ਼ਾਂ ਵਿਚ ਸ਼ਰਨ ਲੈ ਚੁੱਕੇ ਹਨ। ਹੋਨਰੀ ਦਾ ਕਹਿਣਾ ਹੈ ਕਿ ਸਿੱਖ ਭਾਈਚਾਰੇ ਨੂੰ ਅਜੇ ਵੀ ਜ਼ਮੀਨ 'ਤੇ ਕਬਜ਼ੇ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੜ੍ਹੇ-ਲਿਖੇ ਲੋਕ ਵੀ ਭਾਈਚਾਰੇ ਦੇ ਲੋਕਾਂ ਨੂੰ ਬਾਹਰੀ ਕਹਿੰਦੇ ਹਨ ਜਦੋਂ ਕਿ ਭਾਈਚਾਰਾ ਇਥੇ ਕਈ ਸਾਲਾਂ ਤੋਂ ਰਹਿ ਰਿਹਾ ਹੈ।

ਕਾਬੁਲ, ਕੰਧਾਰ ਤੇ ਜਲਾਲਾਬਾਦ ਵਰਗੇ ਸ਼ਹਿਰਾਂ ਵਿਚ ਰਹਿਣ ਵਾਲੇ ਘੱਟ ਗਿਣਤੀਆਂ ਨੇ ਹਾਲ ਹੀ ਵਿਚ ਭਾਈਚਾਰੇ ਨਾਲ ਧੱਕਾਸ਼ਾਹੀ ਖਿਲਾਫ ਆਵਾਜ਼ ਬੁਲੰਦ ਕੀਤੀ ਸੀ। ਕੁਝ ਪਰਿਵਾਰਾਂ ਦਾ ਦੋਸ਼ ਹੈ ਕਿ ਤਾਲਿਬਾਨ ਵੱਲੋਂ ਉਨ੍ਹਾਂ 'ਤੇ ਇਸਲਾਮ ਕਬੂਲ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਹੈ। ਹੋਨਰੀ ਨੇ ਕਿਹਾ ਕਿ ਅਫਗਾਨਿਸਤਾਨ ਵਿਚ ਪਿਛਲੇ ਕਾਫੀ ਸਮੇਂ ਤੋਂ ਯੁੱਧ ਚੱਲ ਰਿਹਾ ਹੈ। ਪਿਛਲੇ 30 ਸਾਲਾਂ ਵਿਚ ਵੱਡੀ ਗਿਣਤੀ ਵਿਚ ਅਫਗਾਨ ਹਿੰਦੂ ਤੇ ਸਿੱਖ ਦੂਜੇ ਦੇਸ਼ਾਂ ਵੱਲ ਚਾਲੇ ਪਾ ਗਏ ਹਨ। ਭਾਰਤ ਵਿਚ ਬਹੁਤ ਸਾਰੇ ਅਜਿਹੇ ਸ਼ਰਨਾਰਥੀ ਹਨ, ਇਨ੍ਹਾਂ ਵਿਚੋਂ ਬਹੁਤਿਆਂ ਨੂੰ ਸ਼ਰਨ ਨਹੀਂ ਮਿਲੀ ਹੈ ਤੇ ਹੁਣ ਉਹ ਯੂਰਪੀ ਦੇਸ਼ਾਂ ਵੱਲ ਜਾ ਰਹੇ ਹਨ। ਇਕ ਅਫਗਾਨ ਹਿੰਦੂ ਨੇ ਦੱਸਿਆ ਕਿ ਉਹ 40 ਦਿਨਾਂ ਤੱਕ ਤਾਲਿਬਾਨ ਦਾ ਬੰਧਕ ਰਿਹਾ। ਉਸ ਨੂੰ ਬਹੁਤ ਤੰਗ-ਪਰੇਸ਼ਾਨ ਕੀਤਾ ਗਿਆ। 24 ਘੰਟਿਆਂ ਵਿਚ ਇਕ ਵਾਰ ਖਾਣਾ ਦਿੱਤਾ ਜਾਂਦਾ ਸੀ। ਅਫਗਾਨਿਸਤਾਨ ਭਾਈਚਾਰੇ ਦੇ ਜ਼ਿਆਦਾਤਰ ਲੋਕ ਗੁਆਂਢੀ ਦੇਸ਼ ਭਾਰਤ ਦਾ ਦਰ ਖੜਕਾਉਂਦੇ ਹਨ। ਹਾਲੇ ਦੋ ਅਕਤੂਬਰ ਨੂੰ ਹੀ ਹੇਲਮੰਦ ਸੂਬੇ ਤੋਂ 30 ਪਰਿਵਾਰਾਂ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਇਸ ਗੜਬੜੀ ਵਾਲੇ ਇਲਾਕੇ ਵਿਚੋਂ ਨਿਕਲਣ ਲਈ ਮਦਦ ਦੀ ਗੁਹਾਰ ਲਗਾਈ ਸੀ।

### ਬੀ.ਬੀ.ਸੀ. ਦੀ ਰਿਪੋਰਟ ਮੁਤਾਬਕ ਭਾਈਚਾਰੇ ਲਈ ਮੰਦੇ ਨੇ ਹਾਲਾਤ



### ਗਿਣਤੀ ਲੱਖ ਤੋਂ ਘਟ ਕੇ ਅੱਠ ਹਜ਼ਾਰ 'ਤੇ ਆਈ

**ਕਾਬੁਲ:** ਅਫਗਾਨਿਸਤਾਨ ਨਾਲ ਹਿੰਦੂਆਂ ਤੇ ਸਿੱਖਾਂ ਦਾ ਰਿਸ਼ਤਾ ਕਾਫੀ ਪੁਰਾਣਾ ਹੈ। 18ਵੀਂ ਸਦੀ ਵਿਚ ਵਪਾਰ ਦਾ ਮੁੱਖ ਕੇਂਦਰ ਅਫਗਾਨਿਸਤਾਨ ਹੁੰਦਾ ਸੀ ਜੋ ਮੱਧ ਤੇ ਦੱਖਣੀ ਏਸ਼ੀਆ ਨੂੰ ਆਪਸ ਵਿਚ ਜੋੜਦਾ ਸੀ। ਉਸ ਸਮੇਂ ਕਾਬੁਲ ਪ੍ਰਮੁੱਖ ਵਪਾਰਕ ਕੇਂਦਰ ਵਜੋਂ ਜਾਣਿਆ ਜਾਂਦਾ ਸੀ। 1990 ਵਿਚ ਇਕ ਲੱਖ ਹਿੰਦੂ ਤੇ ਸਿੱਖ ਭਾਈਚਾਰੇ ਦੇ ਲੋਕ ਅਫਗਾਨਿਸਤਾਨ ਵਿਚ ਰਹਿੰਦੇ ਸਨ, ਪਰ ਇਹ ਗਿਣਤੀ ਹੁਣ ਘਟ ਕੇ ਸਿਰਫ ਅੱਠ ਹਜ਼ਾਰ ਰਹਿ ਗਈ ਹੈ।

### ਰਾਸ਼ਟਰਪਤੀ ਗਨੀ ਦਾ ਭਰੋਸਾ ਕੰਮ ਨਾ ਆਇਆ

**ਕਾਬੁਲ:** ਅਫਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗਨੀ ਨੇ ਹਾਲ ਹੀ ਵਿਚ ਕਿਹਾ ਸੀ ਕਿ ਹਿੰਦੂ ਤੇ ਸਿੱਖ ਭਾਈਚਾਰੇ ਨੇ ਦੇਸ਼ ਦੀ ਆਰਥਿਕਤਾ ਵਿਚ ਵੱਡਾ ਯੋਗਦਾਨ ਪਾਇਆ ਹੈ। ਰਾਸ਼ਟਰਪਤੀ ਨੇ ਦੋਵਾਂ ਭਾਈਚਾਰਿਆਂ ਦੀ ਸੰਪਤੀ ਤੇ ਸੁਰੱਖਿਆ ਦਾ ਵਾਅਦਾ ਕੀਤਾ ਸੀ। ਉਨ੍ਹਾਂ ਦੋਵਾਂ ਭਾਈਚਾਰਿਆਂ ਨੂੰ ਸਸਕਾਰ ਲਈ ਜ਼ਮੀਨ ਮੁਹੱਈਆ ਕਰਵਾਉਣ ਦਾ ਵੀ ਵਾਅਦਾ ਕੀਤਾ ਸੀ, ਪਰ ਤਮਾਮ ਭਰੋਸਿਆਂ ਦੇ ਬਾਵਜੂਦ ਭੈਅ ਦੀ ਭਾਵਨਾ ਭਾਈਚਾਰੇ ਅੰਦਰ ਕਾਇਮ ਹੈ।

# ਸੰਗੀਤ ਨੂੰ ਸਰਹੱਦਾਂ 'ਚ ਵੰਡਣ ਵਾਲੀ ਨੀਤੀ ਦੀ ਆਲੋਚਨਾ

**ਨਵੀਂ ਦਿੱਲੀ:** ਸ਼ਿਵ ਸੈਨਾ ਦੇ ਵਿਰੋਧ ਕਾਰਨ ਮੁੰਬਈ ਤੇ ਪੁਣੇ ਵਿਚ ਪਾਕਿਸਤਾਨੀ ਗਾਇਕ ਗੁਲਾਮ ਅਲੀ ਦੇ ਸ਼ੋਅ ਰੱਦ ਹੋਣ ਤੋਂ ਬਾਅਦ ਸਰਹੱਦ ਦੇ ਆਰ-ਪਾਰ ਬਿਆਨਬਾਜ਼ੀ ਤੇਜ਼ ਹੋ ਗਈ ਹੈ। ਭਾਰਤ ਸਥਿਤ ਪਾਕਿਸਤਾਨ ਦੇ ਹਾਈ ਕਮਿਸ਼ਨ ਅਬਦੁਲ ਬਾਸਿਤ ਨੇ ਆਖਿਆ ਹੈ ਕਿ ਪਾਕਿਸਤਾਨ ਵਿਚ ਕਦੇ ਵੀ ਕਿਸੇ ਭਾਰਤੀ ਕਲਾਕਾਰ ਦਾ ਵਿਰੋਧ ਨਹੀਂ ਹੋਇਆ ਹੈ। ਉਧਰ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਗੁਲਾਮ ਅਲੀ ਨੂੰ ਦਿੱਲੀ ਵਿਚ ਸ਼ੋਅ ਕਰਨ ਦਾ ਸੱਦਾ ਦਿੱਤਾ ਹੈ। ਮੁੱਖ ਮੰਤਰੀ ਨੇ ਆਖਿਆ ਹੈ ਕਿ ਸੰਗੀਤ ਦੀ ਕੋਈ ਸਰਹੱਦ ਨਹੀਂ ਹੁੰਦੀ। ਬੰਗਲਾਦੇਸ਼ੀ ਲੇਖਕਾ ਤਸਲੀਮਾ ਨਸਰੀਨ ਨੇ ਵੀ ਆਖਿਆ ਹੈ ਕਿ ਭਾਰਤ, ਹਿੰਦੂ ਸਾਊਦੀ ਅਰਬ ਬਣ ਰਿਹਾ ਹੈ। ਉਨ੍ਹਾਂ ਲਿਖਿਆ ਹੈ ਕਿ ਗੁਲਾਮ ਅਲੀ ਕੋਈ ਜਹਾਦੀ ਨਹੀਂ ਹੈ, ਉਹ ਇਕ ਗਾਇਕ ਹੈ। ਜਹਾਦੀ ਤੇ ਗਾਇਕ ਵਿਚ ਫਰਕ ਸਮਝਣਾ ਚਾਹੀਦਾ ਹੈ। ਗੁਲਾਮ ਅਲੀ ਦਾ ਮੁੰਬਈ ਵਿਚ ਸ਼ੋਅ ਨੌਂ ਅਕਤੂਬਰ ਨੂੰ ਹੋਣਾ ਸੀ, ਪਰ ਸ਼ਿਵ ਸੈਨਾ ਦੇ ਵਿਰੋਧ ਕਾਰਨ ਪ੍ਰਬੰਧਕਾਂ ਨੇ ਸ਼ੋਅ ਰੱਦ ਕਰ ਦਿੱਤਾ। ਇਸ ਤੋਂ ਬਾਅਦ ਪ੍ਰਬੰਧਕਾਂ ਨੇ ਪੁਣੇ ਵਿਚ ਹੋਣ ਵਾਲਾ ਸ਼ੋਅ ਵੀ ਰੱਦ ਕਰ ਦਿੱਤਾ। ਸ਼ਿਵ ਸੈਨਾ ਦੀ ਦਲੀਲ ਹੈ ਕਿ ਪਾਕਿਸਤਾਨ ਸਰਹੱਦ ਪਾਰੋਂ ਗੋਲਾਬਾਰੀ ਕਰ ਰਿਹਾ ਹੈ, ਅਜਿਹੇ ਵਿਚ ਪਾਕਿਸਤਾਨ ਗਾਇਕ ਦਾ ਮੁੰਬਈ ਵਿਚ ਸ਼ੋਅ ਨਹੀਂ ਹੋਣ ਨਹੀਂ ਦਿੱਤਾ ਜਾਵੇਗਾ।

### ਗੁਲਾਮ ਅਲੀ ਦੇ ਮੁੰਬਈ ਤੇ ਪੁਣੇ ਵਿਚ ਸ਼ੋਅ ਰੱਦ ਹੋਣ ਪਿੱਛੋਂ ਸਰਹੱਦ ਦੇ ਆਰ-ਪਾਰ ਬਿਆਨਬਾਜ਼ੀ ਤੇਜ਼



### ਪ੍ਰਸ਼ੰਸਕਾਂ ਖਾਤਰ ਭਾਰਤ ਆਉਂਦਾ ਰਹਾਂਗਾ: ਗੁਲਾਮ ਅਲੀ

**ਨਵੀਂ ਦਿੱਲੀ:** ਪਾਕਿਸਤਾਨੀ ਗ਼ਜ਼ਲ ਗਾਇਕ ਗੁਲਾਮ ਅਲੀ ਨੇ ਕਿਹਾ ਹੈ ਕਿ ਉਹ ਆਪਣੇ ਪ੍ਰਸ਼ੰਸਕਾਂ ਲਈ ਭਾਰਤ ਆਉਂਦੇ ਰਹਿਣਗੇ। 74 ਸਾਲਾ ਗਾਇਕ ਜਿਨ੍ਹਾਂ ਦੇ ਸਰਹੱਦ ਦੇ ਦੋਵੇਂ ਪਾਸੇ ਪ੍ਰਸ਼ੰਸਕ ਹਨ, ਨੇ ਕਿਹਾ ਕਿ ਉਨ੍ਹਾਂ ਦੇ ਕਰੀਬੀ ਦੋਸਤ ਜਗਜੀਤ ਸਿੰਘ ਦੀ ਬਰਸੀ ਮੌਕੇ ਹੋਣ ਵਾਲੇ ਪ੍ਰੋਗਰਾਮ ਨੂੰ ਰੱਦ ਕਰ ਦੇਣ ਨਾਲ ਉਨ੍ਹਾਂ ਨੂੰ ਧੱਕਾ ਲੱਗਾ ਹੈ। ਉਨ੍ਹਾਂ ਨਾਲੋਂ ਜ਼ਿਆਦਾ ਉਨ੍ਹਾਂ ਦੇ ਪ੍ਰਸ਼ੰਸਕ ਨਿਰਾਸ਼ ਹੋਏ ਜਿਹੜੇ ਪ੍ਰੋਗਰਾਮ ਦੀ ਉਡੀਕ ਕਰ ਰਹੇ ਸਨ।



# ਜੇਲ੍ਹ 'ਚ ਬੰਦ ਬਲਾਗਰ ਨੂੰ ਮਿਲਿਆ ਪੈਨ ਪਿੰਟਰ ਪੁਰਸਕਾਰ

**ਲੰਡਨ:** ਸਾਊਦੀ ਅਰਬ ਦੇ ਬਲਾਗਰ ਰੈਫ ਬਦਾਵੀ ਨੂੰ ਸ਼ਖਸੀ ਆਜ਼ਾਦੀ ਦਾ ਸਮਰਥਨ ਕਰਨ ਦੇ ਵਿਸ਼ੇ ਉੱਤੇ ਪੈਨ ਪਿੰਟਰ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ। ਰੈਫ ਬਦਾਵੀ 2012 ਤੋਂ ਸਾਊਦੀ ਅਰਬ ਦੀ ਜੇਲ੍ਹ ਵਿਚ ਬੰਦ ਹੈ। ਉਸ ਨੂੰ ਇਸਲਾਮ ਵਿਰੋਧੀ ਪ੍ਰਚਾਰ ਕਰਨ ਦੇ ਦੋਸ਼ ਵਿਚ ਅਦਾਲਤ ਨੇ 10 ਸਾਲ ਕੈਦ ਤੇ ਹਜ਼ਾਰ ਕੋੜੇ ਮਾਰਨ ਦੀ ਸਜ਼ਾ ਐਲਾਨੀ ਹੋਈ ਹੈ। ਰੈਬ ਬਦਾਵੀ ਤੋਂ ਇਲਾਵਾ ਇਹ ਪੁਰਸਕਾਰ ਬਰਤਾਨੀਆ ਦੇ ਕਵੀ ਤੇ ਪੱਤਰਕਾਰ ਜੇਮਸ ਫੇਂਟੋਨ ਨੂੰ ਵੀ ਦਿੱਤਾ ਗਿਆ ਹੈ।

ਸਰਕਾਰ ਵੱਲੋਂ ਦਿੱਤੇ ਗਏ ਪੁਰਸਕਾਰ ਨੂੰ ਬਦਾਵੀ ਦੀ ਪਤਨੀ ਐਨਸ਼ਾਫ ਹੈਦਰ ਨੇ ਸਵੀਕਾਰ ਕੀਤਾ। ਹੈਦਰ, ਬਦਾਵੀ ਦੀ ਰਿਹਾਈ ਲਈ ਮੁਹਿੰਮ ਚਲਾ ਰਹੀ ਹੈ। ਪੈਨ ਪਿੰਟਰ ਪੁਰਸਕਾਰ ਸਾਲ 2009 ਵਿਚ ਬਰਤਾਨੀਆ ਦੇ ਮਸ਼ਹੂਰ ਨਾਟਕਕਾਰ ਤੇ ਨੋਬਲ ਪੁਰਸਕਾਰ ਜੇਤੂ ਹੈਰੋਲਡ ਪਿੰਟਰ ਦੀ ਯਾਦ ਵਿਚ ਸ਼ੁਰੂ ਕੀਤਾ ਗਿਆ ਸੀ।

ਇਸ ਦੌਰਾਨ ਪੁਰਸਕਾਰ ਦੇਣ ਵਾਲੀ ਸੰਸਥਾ ਨੇ ਬਰਤਾਨੀਆ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਨੈਤਿਕਤਾ ਦੀ ਅਗਵਾਈ ਕਰ ਕੇ ਬਦਾਵੀ ਦੀ ਰਿਹਾਈ ਦੀ ਮੰਗ ਕਰੇ। ਬਦਾਵੀ ਨੂੰ ਇਸ ਸਾਲ ਜਨਵਰੀ ਵਿਚ 50 ਕੋੜੇ ਲਗਾਏ ਗਏ ਸਨ। ਜੂਨ ਵਿਚ ਸਾਊਦੀ ਅਰਬ ਦੀ ਉੱਚ ਅਦਾਲਤ ਨੇ ਦੁਨੀਆਂ ਭਰ ਦੇ ਲੋਕਾਂ ਦੀ ਅਲੋਚਨਾ ਦੇ ਬਾਵਜੂਦ ਬਦਾਵੀ ਦੀ ਸਜ਼ਾ ਬਰਕਰਾਰ ਰੱਖੀ ਸੀ। ਸਾਊਦੀ ਸਰਕਾਰ ਇਸ ਨੂੰ ਦੇਸ਼ ਦਾ ਅੰਦਰੂਨੀ ਮਾਮਲਾ ਦੱਸ ਰਹੀ ਹੈ।

### ਕੌਣ ਹੈ ਰੈਫ ਬਦਾਵੀ

**ਲੰਡਨ:** ਰੈਫ ਬਦਾਵੀ ਸਾਊਦੀ ਅਰਬ ਦਾ ਰਹਿਣ ਵਾਲਾ ਹੈ। ਉਹ ਸੋਸ਼ਲ ਮੀਡੀਆ ਉੱਤੇ ਇਸਲਾਮ ਨੂੰ ਲੈ ਕੇ ਬਹਿਸ ਕਰਵਾਉਂਦਾ ਸੀ। ਉਸ ਵੱਲੋਂ ਬਲਾਗ ਵੀ ਚਲਾਇਆ ਜਾ ਰਿਹਾ ਸੀ, ਪਰ 2012 ਵਿਚ ਸਰਕਾਰ ਨੇ ਉਸ ਨੂੰ ਇਸਲਾਮ ਵਿਰੋਧੀ ਪ੍ਰਚਾਰ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ। ਅਦਾਲਤ ਨੇ ਕੇਸ ਦੀ ਸੁਣਵਾਈ ਕਰਦੇ ਹੋਏ ਉਸ ਨੂੰ 10 ਸਾਲ ਕੈਦ ਤੇ ਕੋੜੇ ਮਾਰਨ ਦੀ ਸਜ਼ਾ ਸੁਣਾਈ। ਬਦਾਵੀ ਦੀ ਪਤਨੀ ਕੈਨੇਡਾ ਵਿਚ ਹੈ ਤੇ ਉਹ ਉਥੋਂ ਹੀ ਆਪਣੇ ਪਤੀ ਦੀ ਰਿਹਾਈ ਲਈ ਮੁਹਿੰਮ ਚਲਾ ਰਹੀ ਹੈ।



# ਗੁਰੂ ਘਰਾਂ 'ਚੋਂ ਪਾਵਨ ਸਰੂਪ ਚੁੱਕਣ ਦਾ ਸਿਲਸਿਲਾ ਅਜੇ ਵੀ ਜਾਰੀ

**ਮਾਲੇਰਕੋਟਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਪਿੰਡਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ, ਗੁਟਕੇ ਤੇ ਧਾਰਮਿਕ ਪੁਸਤਕਾਂ ਚੁੱਕੇ ਜਾਣ ਦੇ ਮਾਮਲੇ ਦੀ ਕਰਵਾਈ ਜਾ ਰਹੀ ਜਾਂਚ ਦੇ ਬਾਵਜੂਦ ਇਹ ਸਿਲਸਿਲਾ ਜਾਰੀ ਹੈ।

ਮਾਲੇਰਕੋਟਲਾ ਖੇਤਰ ਦੇ ਗੁਰਦੁਆਰਿਆਂ ਵਿਚੋਂ 19 ਪਾਵਨ ਸਰੂਪ ਚੁੱਕਣ ਦੇ ਮਾਮਲੇ ਸਾਹਮਣੇ ਆਏ ਹਨ। ਗੁਰਦੁਆਰਾ ਨਾਨਕੀਆਣਾ ਸਾਹਿਬ, ਸੰਗਰੂਰ ਦੇ ਮੈਨੇਜਰ ਦਰਸ਼ਨ ਸਿੰਘ ਨੇ ਦੱਸਿਆ ਕਿ ਪੜਤਾਲ ਦੌਰਾਨ ਵੱਖ-ਵੱਖ ਪਿੰਡਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ 19 ਸਰੂਪਾਂ ਤੋਂ ਇਲਾਵਾ ਪੋਥੀਆਂ ਤੇ ਧਾਰਮਿਕ ਪੁਸਤਕਾਂ ਚੁੱਕੇ ਜਾਣ ਬਾਰੇ ਪਤਾ ਲੱਗਿਆ ਹੈ।

ਜਾਂਚ ਟੀਮ ਆਪਣੀ ਪੜਤਾਲੀਆ ਰਿਪੋਰਟ ਸਕੱਤਰ, ਧਰਮ ਪ੍ਰਚਾਰ ਕਮੇਟੀ ਨੂੰ ਸੌਂਪ ਦੇਵੇਗੀ। ਦੱਸਣਯੋਗ ਹੈ ਕਿ ਬਾਬਾ ਬੁੱਢਾ ਜੀ ਗੁਰਮਤਿ ਗ੍ਰੰਥੀ ਸਭਾ ਦੇ ਪ੍ਰਧਾਨ ਭਾਈ ਨਰਿੰਦਰਪਾਲ ਸਿੰਘ ਵੱਲੋਂ 15 ਅਗਸਤ ਨੂੰ ਇਹ ਮਾਮਲਾ ਅਕਾਲ ਤਖਤ ਦੇ ਜਥੇਦਾਰ ਦੇ ਧਿਆਨ ਵਿਚ ਲਿਆਂਦਾ ਗਿਆ ਸੀ। ਧਰਮ ਪ੍ਰਚਾਰ ਕਮੇਟੀ ਵੱਲੋਂ ਪਹਿਲਾਂ ਇਸ ਮਾਮਲੇ ਦੀ ਜਾਂਚ 25 ਸਤੰਬਰ ਨੂੰ ਪ੍ਰਚਾਰਕ ਭਾਈ ਜਗਤਾਰ ਸਿੰਘ ਜੰਗੀਆਣਾ ਰਾਹੀਂ ਕਰਵਾਈ ਜਾ ਚੁੱਕੀ ਹੈ। ਤਿੰਨ ਅਕਤੂਬਰ ਨੂੰ ਮਾਮਲੇ ਨਾਲ ਸਬੰਧਤ ਬੀਬੀ ਹਰਿਬੰਧਨ ਕੌਰ ਮੁਹਾਲੀ ਤੇ ਉਸ ਦੇ ਜਥੇ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਜਸਵਿੰਦਰ ਸਿੰਘ ਨੂੰ ਦਿੱਤੇ ਸਪੱਸ਼ਟੀਕਰਨ ਤੋਂ ਬਾਅਦ ਹੁਣ ਧਰਮ ਪ੍ਰਚਾਰ ਕਮੇਟੀ ਵੱਲੋਂ ਤਿੰਨ ਮੈਂਬਰੀ ਕਮੇਟੀ ਤੋਂ ਮਾਮਲੇ ਦੀ ਜਾਂਚ ਕਰਵਾਈ ਜਾ ਰਹੀ ਹੈ। ਇਸ ਸਬੰਧੀ ਥਾਣਾ ਅਮਰਗੜ੍ਹ ਵਿਚ 28 ਸਤੰਬਰ ਨੂੰ ਸੰਪੂਰਨਗੜ੍ਹ ਛੰਨਾ ਦੇ ਗ੍ਰੰਥੀ ਭਾਈ ਅਮਰਜੀਤ ਸਿੰਘ ਦੇ ਬਿਆਨਾਂ ਦੇ ਆਧਾਰ ਉਤੇ ਗੁਰਦੁਆਰਾ, ਸੰਪੂਰਨਗੜ੍ਹ ਤੋਂ ਬੀਬੀ ਹਰਿਬੰਧਨ ਕੌਰ ਮੁਹਾਲੀ ਤੇ ਚਾਰ ਹੋਰ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ, ਪਰ ਅਜੇ ਤੱਕ ਇਸ ਮਾਮਲੇ ਵਿਚ ਅੱਗੇ ਕੋਈ ਕਾਰਵਾਈ ਨਹੀਂ ਹੋਈ।

# ਆਈ.ਐਸ. ਦੇ ਗੜ੍ਹ 'ਚ ਬਿਪਤਾ ਮਾਰਿਆਂ ਦੀ ਮਦਦ

**ਰੱਕਾ:** ਇੰਗਲੈਂਡ ਦੀ ਸਮਾਜ ਭਲਾਈ ਸੰਸਥਾ ਖਾਲਸਾ ਏਡ ਨੇ ਇਸਲਾਮਿਕ ਸਟੇਟ (ਆਈ.ਐਸ.) ਪ੍ਰਭਾਵਿਤ ਇਲਾਕੇ ਇਰਾਕ ਤੇ ਸੀਰੀਆ ਵਿਚ ਲੰਗਰ ਲਗਾ ਕੇ ਮਿਸਾਲ ਕਾਇਮ ਕੀਤੀ ਹੈ। ਸੀਰੀਆ ਵਿਚ ਸਿੱਖ ਭਾਈਚਾਰੇ ਵੱਲੋਂ ਯਜ਼ੀਦੀ ਕੈਂਪਾਂ ਵਿਚ ਰਹਿਣ ਵਾਲੇ ਲੋਕਾਂ ਲਈ ਲੰਗਰ ਲਾਇਆ ਗਿਆ ਹੈ।

ਖਾਲਸਾ ਏਡ ਦੇ ਕਈ ਵਰਕਰਾਂ ਨੇ ਇਰਾਕੀ ਸ਼ਹਿਰ ਈਰਬਲ ਦੇ ਸੂਬੇ ਦੁਹੋਕ ਵਿਚ ਕੈਂਪ ਲਾਇਆ ਹੋਇਆ ਹੈ। ਇਹ ਥਾਂ ਸੀਰੀਆਈ ਸਰਹੱਦ ਤੋਂ 19 ਕਿਲੋਮੀਟਰ ਦੂਰ ਹੈ। ਇਸ ਥਾਂ ਤੋਂ ਖਾਲਸਾ ਏਡ ਵੱਲੋਂ ਜਹਾਦੀ ਭਾਈਚਾਰੇ ਦੇ ਲੋਕਾਂ ਲਈ ਲਈ ਲੰਗਰ ਸਪਲਾਈ ਕੀਤਾ ਜਾ ਰਿਹਾ ਹੈ। ਖਾਲਸਾ ਏਡ ਦੇ ਵਲੰਟੀਅਰ ਪਿਛਲੇ ਕਈ ਮਹੀਨੇ ਤੋਂ ਸੀਰੀਆ ਵਿਚ ਯਜ਼ੀਦੀਆਂ ਨੂੰ ਖਾਣ ਪੀਣ ਦਾ ਸਾਮਾਨ ਸਪਲਾਈ ਕਰ ਰਹੇ ਹਨ। ਸਿੱਖਾਂ ਤੋਂ ਇਲਾਵਾ ਯੂਰਪੀ ਲੋਕਾਂ ਵੱਲੋਂ ਯਜ਼ੀਦੀ ਭਾਈਚਾਰੇ ਦੀ ਮਦਦ ਕੀਤੀ ਜਾ ਰਹੀ ਹੈ।

ਇੰਗਲੈਂਡ ਦੀ ਇਹ ਸੰਸਥਾ ਨੇਪਾਲ ਸਮੇਤ ਦੁਨੀਆਂ ਦੇ ਕਈ ਦੇਸ਼ਾਂ ਵਿਚ ਸਮਾਜ ਭਲਾਈ ਦੇ ਪ੍ਰੋਜੈਕਟ ਚਲਾ ਰਹੀ ਹੈ। ਨੇਪਾਲ ਵਿਚ ਆਏ ਭੂਚਾਲ ਦੌਰਾਨ ਵੱਡੇ ਗਿਣਤੀ ਵਿਚ ਸੰਸਥਾ ਵੱਲੋਂ ਰਾਹਤ ਕਾਰਜ ਸ਼ੁਰੂ ਕੀਤੇ ਗਏ ਸਨ।



### ਜਾਮਾ ਮਸਜਿਦ ਵਿਚ ਗੁਰੂ ਕਾ ਲੰਗਰ

**ਅੰਮ੍ਰਿਤਸਰ:** 'ਅੰਤਰਾਸ਼ਟਰੀ ਲੰਗਰ ਵੀਕ-2015' ਤਹਿਤ ਸਿੱਖ ਪ੍ਰੈੱਸ ਐਸੋਸੀਏਸ਼ਨ ਵੱਲੋਂ ਅੰਮ੍ਰਿਤਸਰ ਦੀ ਜਾਮਾ ਮਸਜਿਦ ਵਿਚ ਲੰਗਰ ਲਾਇਆ ਗਿਆ। ਇਸ ਮੌਕੇ ਸਿੱਖ, ਮੁਸਲਮਾਨ, ਹਿੰਦੂ ਤੇ ਇਸਾਈ ਭਾਈਚਾਰੇ ਦੇ ਲੋਕਾਂ ਨੇ ਇਕੱਠਿਆਂ ਲੰਗਰ ਛਕਿਆ। ਸੰਸਥਾ ਦੇ ਨੁਮਾਇੰਦਿਆਂ ਨੇ ਲੋਕਾਂ ਨੂੰ ਸਿੱਖ ਧਰਮ ਵਿਚ ਲੰਗਰ ਦੀ ਮਹੱਤਤਾ ਬਾਰੇ ਵੀ ਜਾਣੂ ਕਰਵਾਇਆ। ਲੰਗਰ ਲਾਉਣ ਦਾ ਮੁੱਖ ਮੰਤਵ ਸਾਰੇ ਧਰਮਾਂ ਨੂੰ ਆਪਸ ਵਿਚ ਮਿਲ ਕੇ ਰਹਿਣ ਤੇ ਸਾਂਝੀਵਾਲਤਾ ਦਾ ਸੰਦੇਸ਼ ਦੇਣਾ ਸੀ।

# ਕੈਲੰਡਰ ਵਿਵਾਦ ਨੇ ਮੁੜ ਦੁਚਿੱਤੀ ਵਿਚ ਪਾਈ ਸੰਗਤ

**ਅੰਮ੍ਰਿਤਸਰ:** ਕੈਲੰਡਰ ਵਿਵਾਦ ਨੇ ਸਿੱਖ ਸੰਗਤ ਵਿਚ ਇਕ ਵਾਰ ਫਿਰ ਭੰਬਲਭੂਸਾ ਪੈਦਾ ਕਰ ਦਿੱਤਾ ਹੈ। ਇਸ ਵਿਵਾਦ ਕਾਰਨ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਦੋ ਵਾਰ ਮਨਾਇਆ ਜਾਵੇਗਾ। ਸਿੱਖ ਜਥੇਬੰਦੀਆਂ ਅਕਾਲ ਪੁਰਖ ਕੀ ਫੌਜ ਤੇ ਪੰਥਕ ਤਾਲਮੇਲ ਸੰਗਠਨ ਵੱਲੋਂ ਅੱਠ ਅਕਤੂਬਰ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਪ੍ਰਕਾਸ਼ ਪੁਰਬ ਮਨਾਇਆ ਗਿਆ ਹੈ। ਜਦੋਂ ਕਿ ਸ੍ਰੀ ਅਕਾਲ ਤਖ਼ਤ ਤੋਂ ਜਾਰੀ ਕੀਤੇ ਗਏ ਤੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਵਾਨਿਤ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਹ ਪ੍ਰਕਾਸ਼ ਪੁਰਬ 29 ਅਕਤੂਬਰ ਨੂੰ ਮਨਾਇਆ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਕੈਲੰਡਰ ਵਿਵਾਦ ਕਾਰਨ ਸਮੁੱਚਾ ਸਿੱਖ ਜਗਤ ਦੁਬਿਧਾ ਵਿੱਚ ਹੈ ਤੇ ਵਧੇਰੇ ਗੁਰਪੁਰਬ ਦੋ-ਦੋ ਵਾਰ ਵੱਖ-ਵੱਖ ਤਰੀਕਾਂ 'ਤੇ ਮਨਾਏ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਸ ਵਰ੍ਹੇ ਨਵਾਂ ਕੈਲੰਡਰ ਜਾਰੀ ਕੀਤਾ ਗਿਆ ਸੀ ਜਿਸ ਨੂੰ ਭਾਰਤ ਸਮੇਤ ਵੱਡੀ ਗਿਣਤੀ ਵਿਦੇਸ਼ੀ ਸਿੱਖ ਜਥੇਬੰਦੀਆਂ ਨੇ ਰੱਦ ਕਰ ਦਿੱਤਾ ਸੀ। ਨਵੇਂ ਕੈਲੰਡਰ ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਗੁਰਗੱਦੀ ਦਿਵਸ ਪੰਜ ਚੇਤ ਭਾਵ 18 ਮਾਰਚ ਨੂੰ ਦਰਸਾਇਆ ਗਿਆ ਹੈ। ਇਹ ਦਿਹਾੜਾ ਪਹਿਲਾਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਹਮੇਸ਼ਾ 14 ਮਾਰਚ ਨੂੰ ਮਨਾਇਆ ਜਾਂਦਾ ਹੈ। ਇਸ ਲਈ ਪਹਿਲੇ ਦਿਨ ਹੀ ਨਵੇਂ ਕੈਲੰਡਰ ਕਾਰਨ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਗੁਰਗੱਦੀ ਦਿਵਸ ਬਾਰੇ ਮਤਭੇਦ ਪੈਦਾ ਹੋ ਗਏ।

ਇਸੇ ਤਰ੍ਹਾਂ ਹੋਰ ਗੁਰੂ ਸਾਹਿਬਾਨ ਦੇ ਦਿਵਸ ਵੀ ਪਹਿਲੇ ਕੈਲੰਡਰਾਂ ਨਾਲ ਮੇਲ ਨਹੀਂ ਖਾਂਦੇ। ਨਵੇਂ ਕੈਲੰਡਰ ਵਿਚ ਕਈ ਸਿੱਖ ਜਰਨੈਲਾਂ ਦੇ ਸ਼ਹੀਦੀ ਦਿਹਾੜੇ ਵੀ ਮਨਫ਼ੀ ਕਰ ਦਿੱਤੇ ਗਏ ਹਨ। ਇਸੇ ਤਰ੍ਹਾਂ ਕਈ ਹਿੰਦੂ ਭਾਈਚਾਰੇ ਦੇ ਤਿਉਹਾਰਾਂ ਬਾਰੇ ਵੀ ਜਾਣਕਾਰੀ ਨਹੀਂ ਦਿੱਤੀ ਗਈ ਜਦੋਂਕਿ ਪਿਛਲੇ ਕੈਲੰਡਰਾਂ ਵਿਚ ਇਹ ਜਾਣਕਾਰੀ ਸ਼ਾਮਲ ਸੀ। ਜ਼ਿਕਰਯੋਗ ਹੈ ਕਿ 2003 ਵਿਚ ਜਾਰੀ ਕੀਤੇ ਗਏ ਮੂਲ ਨਾਨਕਸ਼ਾਹੀ ਕੈਲੰਡਰ ਵਿਚ ਹੋਲੀ ਤੇ ਹੋਲਾ ਮੁਹੱਲਾ, ਦੀਵਾਲੀ ਤੇ ਬੰਦੀ ਛੋੜ ਦਿਵਸ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਛੱਡ ਕੇ ਬਾਕੀ ਗੁਰਪੁਰਬਾਂ ਤੇ ਦਿਨ ਤਿਉਹਾਰਾਂ ਦੀਆਂ ਤਰੀਕਾਂ ਨਿਰਧਾਰਤ ਕਰ ਦਿੱਤੀਆਂ ਗਈਆਂ ਸਨ। 2010 ਵਿਚ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਵਿਚ ਬਿਕਰਮੀ ਕੈਲੰਡਰ ਦੀਆਂ ਤਰੀਕਾਂ ਸ਼ਾਮਲ ਕੀਤੇ ਜਾਣ ਕਾਰਨ ਕਈ ਤਰੀਕਾਂ ਪੁਰਾਣੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਸਨ ਤੇ ਕੁਝ ਤਰੀਕਾਂ ਨਵੀਆਂ ਸਨ। ਨਵੇਂ ਕੈਲੰਡਰ ਵਿਚ ਗੁਰਪੁਰਬਾਂ ਦੀਆਂ ਤਰੀਕਾਂ ਦੋਵੇਂ ਕੈਲੰਡਰਾਂ ਤੋਂ ਅਲੱਗ ਹੋਣ ਕਾਰਨ ਉਸ ਨੂੰ ਪੂਰੀ ਤਰ੍ਹਾਂ ਬਿਕਰਮੀ ਕੈਲੰਡਰ ਦਾ ਰੂਪ ਦੱਸਿਆ ਜਾ ਰਿਹਾ ਹੈ। ਸੋਧੇ ਹੋਏ (ਨਾਨਕਸ਼ਾਹੀ) ਕੈਲੰਡਰ ਮੁਤਾਬਕ ਵੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਅੱਠ ਅਕਤੂਬਰ ਨੂੰ ਮਨਾਇਆ ਜਾਂਦਾ ਸੀ ਜਦਕਿ ਕਿ ਇਸ ਵਾਰ ਇਹ 29 ਅਕਤੂਬਰ ਨੂੰ ਆਏਗਾ। ਗੁਰੂ ਗ੍ਰੰਥ ਸਾਹਿਬ ਦਾ ਗੁਰਗੱਦੀ ਦਿਵਸ, ਗੁਰੂ ਅਮਰਦਾਸ ਜੀ ਦਾ ਜੋਤੀ-ਜੋਤਿ, ਗੁਰੂ ਰਾਮਦਾਸ ਜੀ ਦਾ ਗੁਰਗੱਦੀ ਦਿਵਸ ਤੇ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਦਿਹਾੜਾ ਵੀ ਬਿਕਰਮੀ ਕੈਲੰਡਰ ਅਨੁਸਾਰ ਬਦਲ ਦਿੱਤਾ ਗਿਆ ਹੈ।




## ਕੈਲੰਡਰ ਬਾਰੇ ਕਮੇਟੀ ਵੀ ਵਿਵਾਦਾਂ ਵਿਚ

**ਅੰਮ੍ਰਿਤਸਰ:** ਪੰਜ ਸਿੰਘ ਸਾਹਿਬਾਨ ਵੱਲੋਂ ਕੈਲੰਡਰ ਵਿਵਾਦ ਦੇ ਹੱਲ ਲਈ ਬਣਾਈ 18 ਮੈਂਬਰੀ ਕਮੇਟੀ ਵੀ ਵਿਵਾਦਾਂ ਵਿਚ ਘਿਰੀ ਹੋਈ ਹੈ। ਕਮੇਟੀ ਵਿਚ ਨਾਨਕਸ਼ਾਹੀ ਕੈਲੰਡਰ ਸਮਰਥਕ ਘੱਟ, ਆਲੋਚਕ ਵੱਧ ਹਨ। ਕਮੇਟੀ ਵਿਚ ਸਮਰਥਕ ਵਜੋਂ ਇਕੱਲੇ ਪਾਲ ਸਿੰਘ ਪੁਰੇਵਾਲ ਹੀ ਹਨ। ਬਿਕਰਮੀ ਕੈਲੰਡਰ ਵਿਚ ਵਧੇਰੇ ਖ਼ਾਮੀਆਂ ਹੋਣ ਕਾਰਨ 2003 ਵਿਚ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਤੇ ਸੰਤ ਸਮਾਜ ਬਿਕਰਮੀ ਕੈਲੰਡਰ ਲਾਗੂ ਕਰਨ 'ਤੇ ਅੜੇ ਹੋਏ ਹਨ ਜਦੋਂ ਕਿ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੂੰ ਨਾਨਕਸ਼ਾਹੀ ਕੈਲੰਡਰ ਦਾ ਸਮਰਥਨ ਕਰਨ ਬਦਲੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਫਾਰਗ ਕਰ ਗਿਆ ਸੀ।

## ਭਾਰਤ 'ਚ ਨਹੀਂ ਮਿਲਦੀ ਸਕੂਨ ਵਾਲੀ ਮੌਤ



**ਲੰਡਨ:** ਇਕ ਸਰਵੇ ਮੁਤਾਬਕ ਮਰਨ ਵਾਸਤੇ ਭਾਰਤ ਸਭ ਤੋਂ ਵਧ ਮਾੜੇ ਸਥਾਨਾਂ ਵਿਚੋਂ ਇਕ ਹੈ, ਪਰ ਕੇਰਲਾ ਵਿਚ ਜੀਵਨ ਦੇ ਚੰਗੇ ਅੰਤ ਦੀ ਵਿਵਸਥਾ ਹੈ ਜਿਸ ਵਾਸਤੇ ਉਸ ਦੀ ਸ਼ਲਾਘਾ ਕੀਤੀ ਗਈ ਹੈ। ਇਹ ਪ੍ਰਗਟਾਵਾ 80 ਦੇਸ਼ਾਂ ਦੇ 'ਕੁਆਲਿਟੀ ਆਫ ਡੈੱਥ' ਬਾਰੇ ਕੀਤੇ ਗਏ ਅਧਿਐਨ ਵਿਚ ਕੀਤਾ ਗਿਆ ਹੈ। ਇਕਨਾਮਿਕ ਇੰਟੈਲੀਜੈਂਸ ਯੂਨਿਟ ਦੀ ਰਿਪੋਰਟ ਅਨੁਸਾਰ ਮਰਨ ਵਾਸਤੇ ਬਰਤਾਨੀਆ ਵਿਸ਼ਵ ਦਾ ਸਭ ਤੋਂ ਵਧੀਆ ਸਥਾਨ ਹੈ ਜਦ ਕਿ ਭਾਰਤ ਵਰਗੇ ਵਿਕਾਸਸ਼ੀਲ ਦੇਸ਼ 80 ਦੇਸ਼ਾਂ ਦੀ ਸੂਚੀ ਵਿਚ ਸਭ ਤੋਂ ਹੇਠਲੇ ਸਥਾਨਾਂ 'ਤੇ ਹਨ।

ਰਿਪੋਰਟ ਵਿਚ ਕੇਰਲਾ ਜਿਥੇ ਦੇਸ਼ ਦੀ ਕੇਵਲ ਤਿੰਨ ਫੀਸਦੀ ਅਬਾਦੀ ਰਹਿੰਦੀ ਹੈ, ਦੀ ਪ੍ਰਸ਼ੰਸਾ ਕੀਤੀ ਗਈ ਹੈ। ਇਥੇ ਗੰਭੀਰ ਬਿਮਾਰੀ ਵਾਲੇ ਰੋਗੀਆਂ ਨੂੰ ਸੰਭਾਲਣ ਦੀ ਵਿਵਸਥਾ ਹੈ। ਸੂਚੀ ਵਿਚ ਹੇਠਲੀ ਦਰਜਾਬੰਦੀ ਵਿਚ ਵਿਕਾਸਸ਼ੀਲ ਤੇ ਬਰਿਕਸ ਦੇਸ਼ਾਂ ਦੀ ਭਰਮਾਰ ਹੈ। ਇਨ੍ਹਾਂ ਦੇਸ਼ਾਂ ਵਿਚ ਭਾਰਤ ਤੋਂ ਇਲਾਵਾ ਚੀਨ, ਮੈਕਸੀਕੋ, ਬਰਾਜ਼ੀਲ ਤੇ ਯੂਗਾਂਡਾ ਸ਼ਾਮਲ ਹਨ।

## ਸਰਕਾਰੀ ਕੋਸ਼ਿਸ਼ਾਂ ਰੋਕ ਨਾ ਸਕੀਆਂ ਕਾਲੇ ਧਨ ਦਾ ਪਰਵਾਹ

**ਨਵੀਂ ਦਿੱਲੀ:** ਭਾਰਤ ਸਰਕਾਰ ਭਾਵੇਂ ਕਾਲੇ ਧਨ 'ਤੇ ਕਾਬੂ ਪਾਉਣ ਦੀ ਗੱਲ ਕਰਦੀ ਹੈ, ਪਰ ਇਕ ਨਿੱਜੀ ਚੈਨਲ ਦੀ ਰਿਪੋਰਟ ਮੁਤਾਬਕ 59 ਕੰਪਨੀਆਂ ਦੀ ਮਿਲੀ ਭੁਗਤ ਨਾਲ 6000 ਕਰੋੜ ਰੁਪਏ ਦਾ ਘੁਟਾਲਾ ਸਾਹਮਣੇ ਆਇਆ ਹੈ। ਇੰਨਾ ਹੀ ਨਹੀਂ ਇਨ੍ਹਾਂ ਰੁਪਈਆਂ ਨੂੰ ਦਿੱਲੀ ਸਥਿਤ ਇਕ ਸਰਕਾਰੀ ਬੈਂਕ ਰਾਹੀਂ ਬਾਹਰ ਵੀ ਭੇਜਿਆ ਗਿਆ।

ਇਸ ਕਾਲੇ ਧਨ ਦੀ ਰਕਮ ਨੂੰ ਖਾਣ ਵਾਲੀਆਂ ਵਸਤੂਆਂ ਜਿਵੇਂ ਕਾਜੂ, ਚਾਵਲ ਤੇ ਹਾਰ ਸ਼ਿੰਗਾਰ ਦੀਆਂ ਚੀਜ਼ਾਂ ਦੇ ਆਯਾਤ ਦਾ ਬਹਾਨਾ ਬਣਾ ਕੇ ਵਿਦੇਸ਼ ਭੇਜਿਆ ਗਿਆ ਹੈ। ਬੈਂਕ ਆਫ ਬੜੌਦਾ ਵਿਚ 59 ਕੰਪਨੀਆਂ ਦੇ ਜੋ 59 ਖਾਤੇ ਸੀ, ਵਿਚ ਨਗਦ ਰਕਮ ਜਮ੍ਹਾ ਕਰਵਾਈ ਜਾਂਦੀ ਸੀ।

# ਪੁਲਿਸ ਵੱਲੋਂ ਪਿੰਕੀ ਦੀ ਬਰਖਾਸਤਗੀ ਸਹੀ ਕਰਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਗੁਰਮੀਤ ਸਿੰਘ ਪਿੰਕੀ ਕੈਟ ਦੀ ਇੰਸਪੈਕਟਰ ਦੇ ਅਹੁਦੇ ਤੋਂ ਬਰਖਾਸਤਗੀ ਨੂੰ ਹਾਈਕੋਰਟ ਵਿਚ ਸਹੀ ਕਰਾਰ ਦਿੱਤਾ ਹੈ। ਪੁਲਿਸ ਨੇ ਇਹ ਵੀ ਕਿਹਾ ਕਿ ਪਿੰਕੀ ਨੂੰ ਡੀ.ਆਈ.ਜੀ. ਲੁਧਿਆਣਾ ਨੇ ਗਲਤੀ ਨਾਲ ਬਹਾਲ ਕਰ ਦਿੱਤਾ ਸੀ। ਆਪਣੀ ਬਰਖਾਸਤਗੀ ਦੇ ਹੁਕਮਾਂ ਖਿਲਾਫ ਪਿੰਕੀ ਨੇ ਹਾਈਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ, ਜਿਸ 'ਤੇ ਪੰਜਾਬ ਪੁਲਿਸ ਨੇ ਅਦਾਲਤ ਵਿਚ ਆਪਣਾ ਜਵਾਬ ਦਾਇਰ ਕੀਤਾ।

ਫਤਹਿਗੜ੍ਹ ਸਾਹਿਬ ਦੇ ਡੀ.ਐਸ.ਪੀ. ਜਤਿੰਦਰ ਸਿੰਘ ਖਹਿਰਾ ਵੱਲੋਂ ਹਲਫਨਾਮੇ ਦੇ ਰੂਪ ਵਿਚ ਜਵਾਬ ਦਾਇਰ ਕੀਤਾ ਗਿਆ। ਜਵਾਬ ਵਿਚ ਪੁਲਿਸ ਨੇ ਕਿਹਾ ਕਿ ਡੀ.ਆਈ.ਜੀ. ਲੁਧਿਆਣਾ ਨੇ ਗਲਤ ਸਮਝ ਲਿਆ ਸੀ ਕਿ ਪਿੰਕੀ ਨੂੰ ਉਸ ਦੀ ਬਰਖਾਸਤਗੀ ਦਾ ਹੁਕਮ ਨਹੀਂ ਮਿਲਿਆ, ਇਸੇ ਕਾਰਨ ਡੀ.ਆਈ.ਜੀ. ਨੇ ਪਿੰਕੀ ਨੂੰ ਬਹਾਲ ਕਰ ਦਿੱਤਾ, ਪਰ ਆਈ.ਜੀ. ਜਲੰਧਰ ਜੋਨ ਨੇ ਪਿੰਕੀ ਦੀ ਬਹਾਲੀ ਦੇ ਹੁਕਮ 'ਤੇ ਮੁੜ-ਵਿਚਾਰ ਕਰਕੇ ਡੀ.ਆਈ.ਜੀ. ਦਾ ਹੁਕਮ ਰੱਦ ਕਰ ਦਿੱਤਾ। ਜਵਾਬ ਵਿਚ ਪੁਲਿਸ ਨੇ ਇਹ ਵੀ ਕਿਹਾ ਕਿ ਪਿੰਕੀ ਐਨਾ ਬੇਖੌਫ ਹੋ ਗਿਆ ਸੀ ਕਿ ਉਸ ਨੇ ਸ਼ਰੇਆਮ ਗੋਲੀਆਂ ਚਲਾਈਆਂ ਤੇ ਇਸ ਦੌਰਾਨ ਇਕ ਵਿਅਕਤੀ ਦੀ ਮੌਤ ਹੋ ਗਈ। ਇਸ ਮਾਮਲੇ ਵਿਚ ਲੁਧਿਆਣਾ ਡਵੀਜ਼ਨ-5 ਥਾਣੇ ਵਿਚ ਅਮਰੀਕ ਸਿੰਘ ਦੀ ਸ਼ਿਕਾਇਤ 'ਤੇ ਜਨਵਰੀ, 2001 ਨੂੰ ਪਿੰਕੀ ਖਿਲਾਫ ਕਤਲ ਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ। ਅਕਤੂਬਰ, 2006 ਵਿਚ ਯਮੁਨਾਨਗਰ ਦੇ ਸੈਸ਼ਨ ਜੱਜ ਨੇ ਪਿੰਕੀ ਨੂੰ ਇਸ ਮਾਮਲੇ ਵਿਚ ਦੋਸ਼ੀ ਕਰਾਰ ਦਿੰਦੇ ਹੋਏ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਸੇ ਸਜ਼ਾ ਦੇ ਆਧਾਰ 'ਤੇ ਐਸ.ਐਸ.ਪੀ. ਫਤਹਿਗੜ੍ਹ ਸਾਹਿਬ ਨੇ ਪਿੰਕੀ ਨੂੰ ਸਾਲ 2006 ਵਿਚ ਬਰਖਾਸਤ ਕਰ ਦਿੱਤਾ ਸੀ। ਪਿੰਕੀ ਨੇ ਸੱਤ ਸਾਲ ਕੈਦ ਕੱਟੀ, ਫਿਰ ਬੀਤੇ ਵਰ੍ਹੇ ਪੰਜਾਬ ਸਰਕਾਰ ਦੀ ਮਿਹਰਬਾਨੀ ਸਦਕਾ ਰਿਹਾਈ ਮਿਲ ਗਈ। ਇਸ ਤੋਂ ਬਾਅਦ ਪਿੰਕੀ ਨੇ ਐਸ.ਐਸ.ਪੀ. ਫ਼ਤਹਿਗੜ੍ਹ ਸਾਹਿਬ ਵੱਲੋਂ 2006 ਵਿਚ ਦਿੱਤੇ ਉਸ ਦੀ ਬਰਖਾਸਤਗੀ ਦੇ ਹੁਕਮਾਂ ਖਿਲਾਫ ਲੁਧਿਆਣੇ ਦੇ ਡੀ.ਆਈ.ਜੀ. ਕੋਲ ਅਪੀਲ ਕੀਤੀ ਤੇ ਕਿਹਾ ਕਿ ਮੈਨੂੰ ਆਪਣੀ ਬਰਖਾਸਤਗੀ ਦਾ ਹੁਕਮ ਕਦੇ ਮਿਲਿਆ ਹੀ ਨਹੀਂ, ਜਦਕਿ ਪੁਲਿਸ ਨੇ ਹੁਣ ਅਦਾਲਤ ਨੂੰ ਦੱਸਿਆ ਕਿ ਪਿੰਕੀ ਨੂੰ ਉਸ ਦੀ ਬਰਖਾਸਤਗੀ ਦਾ ਹੁਕਮ ਮਿਲ ਚੁੱਕਾ ਸੀ ਤੇ ਇਹ ਤੱਥ ਪਿੰਕੀ ਨੇ ਲਕੋਇਆ ਹੈ। ਇਸੇ ਕਾਰਨ ਪਹਿਲਾਂ ਉਸ ਨੂੰ ਬਹਾਲ ਕਰ ਦਿੱਤਾ ਗਿਆ ਪਰ ਬਾਅਦ ਵਿਚ ਮੁੜ ਵਿਚਾਰ ਕਰਕੇ ਉਸ ਦੀ ਬਹਾਲੀ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਗਿਆ। ਪੁਲਿਸ ਦੇ ਇਸ ਜਵਾਬ ਨੂੰ ਜਸਟਿਸ ਸੰਧਾਵਾਲੀਆ ਨੇ ਰਿਕਾਰਡ ਵਿਚ ਲੈਂਦੇ ਹੋਏ ਪਟੀਸ਼ਨ 'ਤੇ ਸੁਣਵਾਈ ਪੰਜ ਨਵੰਬਰ ਨੂੰ ਕਰਨ ਦੇ ਹੁਕਮ ਦਿੱਤੇ। ਚੇਤੇ ਰਹੇ ਕਿ ਸਾਲ, 2001 ਵਿਚ ਪਿੰਕੀ ਨੂੰ ਲੁਧਿਆਣਾ ਦੇ ਇਕ ਨੌਜਵਾਨ ਅਵਤਾਰ ਸਿੰਘ ਦੇ ਕਤਲ ਦੇ ਮਾਮਲੇ ਵਿਚ ਦੋਸ਼ੀ ਪਾਉਂਦੇ ਹੋਏ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।



ਪਿੰਕੀ ਦੀ ਸਜ਼ਾ ਮੁਆਫੀ ਦੀ ਅਰਜ਼ੀ ਨੂੰ ਸਾਲ 2012 ਵਿਚ ਪਹਿਲਾਂ ਹਾਈਕੋਰਟ ਤੇ ਫਿਰ ਬਾਅਦ ਵਿਚ ਸੁਪਰੀਮ ਕੋਰਟ ਨੇ ਖਾਰਜ ਕਰ ਦਿੱਤਾ ਸੀ। ਬਾਵਜੂਦ ਇਸ ਦੇ ਪੰਜਾਬ ਸਰਕਾਰ ਨੇ ਬੀਤੇ ਵਰ੍ਹੇ 17 ਜੂਨ ਨੂੰ ਪਿੰਕੀ ਦੀ ਸਜ਼ਾ ਮੁਆਫ ਕਰਦੇ ਹੋਏ ਮਿਆਦ ਤੋਂ ਪਹਿਲਾਂ ਹੀ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ ਸਨ। ਪਿੰਕੀ ਦੀ ਸਜ਼ਾ ਮੁਆਫੀ ਨੂੰ ਲੈ ਕੇ ਕਾਫੀ ਵਿਵਾਦ ਹੋਇਆ ਸੀ। ਮਈ ਮਹੀਨੇ ਵਿਚ ਸਰਕਾਰ ਵੱਲੋਂ ਪਿੰਕੀ ਨੂੰ ਦੁਬਾਰਾ ਇੰਸਪੈਕਟਰ ਦੇ ਅਹੁਦੇ 'ਤੇ ਬਹਾਲ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਸੀ।

# 1965 ਦੀ ਜੰਗ 'ਚ ਜਨਤਕ ਸਹਿਯੋਗ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰਾ ਘਰ ਫੌਜੀ ਅਫਸਰਾਂ ਦੇ ਸੈਕਟਰ ਵਿਚ ਹੈ। ਮੇਰੇ ਗੁਆਂਢ ਵਿਚ ਰਹਿੰਦੇ ਕਰਨਲ ਰਾਜ ਕੁਮਾਰ ਦੱਤਾ 1965 ਵਾਲੀ ਜੰਗ ਦੌਰਾਨ ਅੰਮ੍ਰਿਤਸਰ ਤਾਇਨਾਤ ਸੀ ਤੇ ਮੇਜਰ ਜਨਰਲ ਰਾਜਿੰਦਰ ਨਾਥ 1971 ਵਿਚ ਭਾਰਤ-ਬੰਗਲਾ ਦੇਸ਼ ਸਰਹੱਦ ਉਤੇ। ਜਿੱਥੇ ਜਨਰਲ ਰਾਜਿੰਦਰ ਨਾਥ ਨੇ ਅਪਣੀ ਕਾਰਵਾਈ ਅਪਣੀਆਂ ਪੁਸਤਕਾਂ ਵਿਚ ਦਰਜ ਕਰ ਰਖੀ ਹੈ, ਕਰਨਲ ਦੱਤਾ ਕੋਲੋਂ 1965 ਦੀ ਕਾਰਗੁਜ਼ਾਰੀ ਉਹਦੇ ਕੋਲ ਬੈਠ ਕੇ ਕਢਣੀ ਪੈਂਦੀ ਹੈ।

ਡਾ. ਦੱਤਾ ਅਨੁਸਾਰ 1965 ਵਿਚ 3,000 ਤੋਂ ਉਤੇ ਭਾਰਤੀ ਵਸਨੀਕ ਜੰਗ ਦੀ ਬਲੀ ਚੜ੍ਹੇ ਜਿਨ੍ਹਾਂ ਵਿਚੋਂ 1,500 ਭਾਰਤੀ ਸੈਨਾ ਦੇ ਬਹਾਦਰ ਸਨ। ਉਨ੍ਹਾਂ ਸਮਿਆਂ ਵਿਚ ਮ੍ਰਿਤਕ ਦੀ ਦੇਹ ਨੂੰ ਤਾਬੂਤ ਵਿਚ ਬੰਦ ਕਰਕੇ ਪਰਿਵਾਰ ਕੋਲ ਭੇਜਣ ਦੀ ਸਹੂਲਤ ਨਹੀਂ ਸੀ। ਸ਼ਹੀਦ ਹੋਏ ਜਵਾਨਾਂ ਨੂੰ ਸਥਾਨਕ ਧਾਰਮਕ ਪੁਰਸ਼ਾਂ ਦੀ ਮਦਦ ਨਾਲ ਸਸਕਾਰ ਜਾਂ ਦਫਨਾਉਣ ਦਾ ਅਮਲ ਥਾਏਂ ਹੀ ਕਰ ਦਿੱਤਾ ਜਾਂਦਾ ਸੀ। ਕਰਨਲ ਦੱਤਾ ਉਸ ਵੇਲੇ ਆਰਮੀ ਮੈਡੀਕਲ ਕੋਰ ਵਿਚ ਮੇਜਰ ਸਨ। ਖਾਸਾ ਛਾਉਣੀ ਦੇ ਸਭ ਰੋਗੀ ਉਸ ਦੀ ਦੇਖ ਥਲੇ ਸਨ। ਉਹਦੇ ਕੋਲ ਜ਼ਖ਼ਮੀ ਜਵਾਨਾਂ ਦੀ ਰੂਹ ਨੂੰ ਕੰਬਾ ਦੇਣ ਵਾਲੀਆਂ ਵਾਰਦਾਤਾਂ ਹਨ। ਦੁਸ਼ਮਣ ਦੀ ਬੰਬਾਰੀ ਨਾਲ ਜ਼ਹਿਰੀਲੀ ਛੂਤ ਦੇ ਰੋਗੀ ਸੰਭਾਲਣੇ ਔਖੇ ਸਨ ਪਰ ਅੰਮ੍ਰਿਤਸਰ ਦੇ ਮੈਡੀਕਲ ਕਾਲਜਾਂ ਤੇ ਸਿਵਲ ਹਸਪਤਾਲਾਂ ਨੇ ਦਿਲ ਖੋਲ੍ਹ ਕੇ ਮਦਦ ਕੀਤੀ। ਖਾਸ ਕਰਕੇ ਖੂਨ ਦਾਨ ਵਿਚ। ਜਲੰਧਰ ਤੱਕ ਸਾਰੇ ਹਸਪਤਾਲ ਪੂਰੀ ਸਰਧਾ ਨਾਲ ਸੈਨਿਕਾਂ ਦੀ ਸਾਂਭ ਸੰਭਾਲ ਵਿਚ ਜੁਟੇ ਹੋਏ ਸਨ। ਛਾਉਣੀਆਂ ਨੇ ਅਪਣੀਆਂ ਬੈਰਕਾਂ ਮੈਡੀਕਲ ਵਾਰਡ ਬਣਾ ਛੱਡੀਆਂ ਸਨ। ਸਥਾਨਕ ਜਨਤਾ ਵਲੋਂ ਪਹੁੰਚਾਏ ਜਾਂਦੇ ਰਾਸ਼ਨ ਪਾਣੀ ਤੇ ਵਸਤਰਾਂ ਦਾ ਸ਼ੁਕਰਾਨਾ ਅਦਾ ਕਰਦਿਆਂ ਅੱਜ ਵੀ ਕਰਨਲ ਦੱਤਾ ਦਾ ਮਨ ਭਰ ਆਉਂਦਾ ਹੈ। ਇੰਜ ਸਾਰੇ ਦਾ ਸਾਰਾ ਅੰਮ੍ਰਿਤਸਰ ਤੇ ਉਸ ਦੇ ਨਾਲ ਲਗਦਾ ਇਲਾਕਾ ਸੈਨਿਕਾਂ ਦਾ ਇਕ ਵਿਸ਼ਾਲ ਪਰਿਵਾਰ ਬਣਿਆ ਪਿਆ ਸੀ। ਜਵਾਨਾਂ ਦੇ ਅੰਤਮ ਸੰਸਕਾਰ ਲਈ ਦੁਰਗਿਆਨਾ ਮੰਦਰ ਤੇ ਹਰਿਮੰਦਰ ਸਾਹਿਬ ਨੇ ਵਧ ਚੜ੍ਹ ਕੇ ਸਹਾਇਤਾ ਕੀਤੀ। ਮ੍ਰਿਤਕ ਦੀ ਪਹਿਚਾਣ ਉਸ ਦੇ ਹਥ ਵਾਲੇ ਕੜੇ ਤੋਂ ਕੀਤੀ ਜਾਂਦੀ ਸੀ ਜਿਸ ਦੇ ਉਤੇ ਜਵਾਨ ਦਾ ਨਾਂ, ਧਰਮ ਤੇ ਸੈਨਿਕ ਇਕਾਈ ਲਿਖੀ ਹੁੰਦੀ ਸੀ। ਸਸਕਾਰ ਤੋਂ ਪਿਛੋਂ ਮ੍ਰਿਤਕ ਦੀਆਂ ਅਸਥੀਆਂ ਵਾਲੀ ਮਿੱਟੀ ਦੇ ਬਰਤਨ ਤੇ ਕੜਾ ਮ੍ਰਿਤਕ ਦੇ ਪਰਿਵਾਰ ਨੂੰ ਭੇਜ ਦਿੱਤਾ ਜਾਂਦਾ ਸੀ।


ਡਾ. ਆਰ ਕੇ ਦੱਤਾ

ਡਾ. ਦੱਤਾ ਨੇ ਇੱਕ ਪਾਕਿਸਤਾਨੀ ਜੰਗੀ ਕੈਦੀ ਦਾ ਇਲਾਜ ਵੀ ਕੀਤਾ ਜਿਹੜਾ ਸੀਮਾਂ ਤੋਂ ਏਧਰ ਆ ਕੇ ਬੜਾ ਖੁਸ਼ ਸੀ ਕਿਉਂਕਿ ਉਹ ਹੁਸ਼ਿਆਰਪੁਰ ਦਾ ਜੰਮਿਆ ਜਾਇਆ ਸੀ ਤੇ ਦੇਸ਼ ਵੰਡ ਪਿਛੋਂ ਅਪਣੇ ਪਰਿਵਾਰ ਨਾਲ ਓਧਰ ਚਲਾ ਗਿਆ ਸੀ।

ਕਰਨਲ ਦੱਤਾ 1981 ਵਿਚ ਚੰਡੀਗੜ੍ਹ ਵਾਲੀ ਵੈਸਟਰਨ ਕਮਾਂਡ ਦੇ ਹਸਪਤਾਲ ਦੇ ਕਮਾਂਡੈਂਟ ਵਜੋਂ ਸੇਵਾ ਮੁਕਤ ਹੋਇਆ। ਉਹ ਪਿਛੋਂ ਬੰਗਾ ਦਾ ਜੰਮਪਲ ਹੈ। ਪਿਛਲੇ ਦਿਨੀਂ ਜਦੋਂ ਭਾਰਤੀ ਸੈਨਾ ਨੇ 15 ਡਿਵੀਜ਼ਨ ਦੇ ਅੰਮ੍ਰਿਤਸਰ ਹੈਡ ਕੁਆਰਟਰ ਨੇ ਜਨਰਲ ਦੱਤਾ ਦਾ ਸਨਮਾਨ ਕੀਤਾ ਤਾਂ ਉਸ ਨੂੰ 1965 ਦੀ ਜੰਗ ਦੀਆਂ ਇਹ ਵਾਰਦਾਤਾਂ ਮੁੜ ਚੇਤੇ ਆ ਗਈਆਂ।

**ਦੁਬਈ ਦੇ ਮੁਸਾਫਰ:** 1978 ਵਿਚ ਇਲਸਟ੍ਰੇਟਿਡ ਵੀਕਲੀ, ਮੁੰਬਈ ਦਾ ਸੰਪਾਦਕ ਐਮ ਵੀ ਕਾਮਥ ਪੰਜਾਬ ਆਇਆ ਤਾਂ ਦੋਰਾਹੇ ਦੇ ਅਨਪੜ੍ਹ ਜੱਟ ਨੂੰ ਪੁਛਣ ਲਗਿਆ ਕਿ ਉਹ ਦੋਰਾਹੇ ਤੋਂ ਬਾਹਰ ਕਿੰਨੀ ਦੂਰ ਤੱਕ ਗਿਆ ਹੈ। ਉਸ ਦੇ ਉਤਰ, 'ਮੈਂ ਤਾਂ ਜੀ ਦੁਬਈ ਤੱਕ ਹੀ ਗਿਆ ਹਾਂ' ਨੇ ਕਾਮਥ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਲੈ ਆਂਦੇ। ਹੁਣ ਤਾਂ ਪੰਜਾਬੀਆਂ ਦਾ ਦੁਬਈ ਦੀਆਂ ਤੇਲ ਕੰਪਨੀਆਂ ਵਿਚ ਕੰਮ ਕਰਨ ਦਾ ਅੰਤ ਹੀ ਕੋਈ ਨਹੀਂ। ਮੁਢਲੇ ਸਮਿਆਂ ਵਿਚ ਸਮੁੰਦਰੀ ਲੁਟ ਖਸੁਟ ਨਾਲ ਨਿਰਬਾਹ ਕਰਨ ਵਾਲੇ ਦੁਬਈ ਵਾਸੀ ਹੁਣ ਤਾਂ ਗੋਤੇ ਲਾ ਕੇ ਹੀਰੇ ਮੋਤੀ ਚੁਗਣ ਤੇ ਮੱਛੀ ਪਾਲਣ ਦੇ ਧੰਦਿਆਂ ਤੋਂ ਅੱਗੇ ਲੰਘ ਕੇ ਤੇਲ ਕੰਪਨੀਆਂ ਦੇ ਵੱਡੇ ਮਾਲਕ ਬਣੇ ਬੈਠੇ ਹਨ।

ਮੇਰੇ ਸੇਵਾ ਮੁਕਤ ਵਿੰਗ ਕਮਾਂਡਰ ਭਤੀਜੇ ਹਰਵਿੰਦਰ ਸੇਖੋਂ ਨੇ ਇੰਡੀਗੋ ਏਅਰਲਾਈਨਜ਼ ਵਿਚ ਪ੍ਰਵੇਸ਼ ਕੀਤਾ ਤਾਂ ਇੰਡੀਗੋ ਵਾਲਿਆਂ ਨੇ ਉਸ ਨੂੰ ਵਿਸ਼ੇਸ਼ ਸਿੱਖਲਾਈ ਲਈ ਦੁਬਈ ਭੇਜਿਆ। ਕੱਲ ਹੀ ਉਸ ਦੀ ਪਤਨੀ ਹੰਸਪ੍ਰੀਤ ਅਪਣੇ ਦੋਵਾਂ ਬੱਚਿਆਂ ਨੂੰ ਲੈ ਕੇ ਦੁਬਈ ਹੋ ਕੇ ਆਈ ਹੈ। ਉਸ ਨੇ ਦੱਸਿਆ ਕਿ ਅੱਜ ਦੇ ਦਿਨ ਦੁਬਈ ਦੇ ਪੂੰਜੀਪਤੀ ਬੁਰਜ-ਅਲ-ਅਰਬ ਵਰਗੇ ਸੱਤ ਤਾਰਾ ਹੋਟਲਾਂ ਦੇ ਮਾਲਕ ਹਨ। ਸਮੁੰਦਰ ਦੇ ਕੰਢੇ ਉਸਰੀਆਂ ਬਹੁ-ਮੰਜ਼ਲੀ ਇਮਾਰਤਾਂ ਨੂੰ ਦੇਖਦਿਆਂ ਧੌਣ ਆਕੜ ਜਾਂਦੀ ਹੈ। ਸ਼ਹਿਰ ਵਿਚ ਸੋਨਾ-ਚਾਂਦੀ, ਮਿਰਚ-ਮਸਾਲਾ ਤੇ ਪੁਰਾਤਨ ਵਸਤਾਂ ਦੇ ਵਿਸ਼ਾਲ ਤੇ ਕੀਮਤੀ ਬਾਜ਼ਾਰ ਮੁਸਾਫਰਾਂ ਨੂੰ ਚੁੰਧਿਆਉਣ ਵਾਲੇ ਹਨ।

ਔਰਤਾਂ ਦੀ ਸੁਰੱਖਿਆ ਵਲ ਖਾਸ ਧਿਆਨ ਦਿੱਤਾ ਜਾਂਦਾ ਹੈ। ਮਰਦਾਂ ਲਈ ਚਿੱਟੇ ਪੀਲੇ ਰੰਗ ਦੀਆਂ ਟੈਕਸੀਆਂ ਹਨ ਤਾਂ ਔਰਤਾਂ ਲਈ ਚਿੱਟੇ ਗੁਲਾਬੀ ਰੰਗ ਦੀਆਂ, ਜਿਨ੍ਹਾਂ ਨੂੰ ਕੇਵਲ ਮਹਿਲਾਵਾਂ ਹੀ ਚਲਾਉਂਦੀਆਂ ਹਨ। ਮੈਟਰੋ ਟਰੇਨਾਂ ਵਿਚ ਵੀ ਮਹਿਲਾਵਾਂ ਲਈ ਦੋ ਡੱਬੇ ਰਾਖਵੇਂ ਹਨ। ਮਹਿਲਾਵਾਂ ਲੰਮੀ ਬਾਂਹ ਵਾਲੀਆਂ ਕਮੀਜ਼ਾਂ ਤੇ ਗੋਡੇ ਤੋਂ ਨੀਵੀਆਂ ਫਰਾਕਾਂ ਪਹਿਨਦੀਆਂ ਹਨ। ਜਨਤਕ ਥਾਂਵਾਂ 'ਤੇ ਪਿਆਰ ਜਤਾਉਣ ਦੀ ਮਨਾਹੀ ਹੈ। ਹੰਸਪ੍ਰੀਤ ਨੇ ਇੱਕ ਪਾਕਿਸਤਾਨੀ ਦੇ ਅਜਿਹੇ ਅਮਲ ਪਿੱਛੋਂ ਉਸ ਦੇ ਪਾਕਿਸਤਾਨੀ ਮਿੱਤਰ ਤੋਂ ਝਿੜਕਾਂ ਪੈਂਦੀਆਂ ਵੀ ਸੁਣੀਆਂ। ਕੁੱਲ ਮਿਲਾ ਕੇ ਹੰਸਪ੍ਰੀਤ ਤੇ ਉਸ ਦੇ ਬੱਚੇ ਓਥੋਂ ਦੀ ਅਮੀਰੀ, ਦਿਖਾਵੇ ਤੇ ਔਰਤਾਂ ਦੀ ਹਿਫ਼ਾਜ਼ਤ ਤੋਂ ਬੜੇ ਪ੍ਰਭਾਵਤ ਹੋ ਕੇ ਆਏ ਹਨ।

**ਅੰਤਿਕਾ:** (ਗੁਰਤੇਜ ਕੁਹਾਰਵਾਲਾ ਦੀ 'ਪਾਣੀ ਦਾ ਹਾਸ਼ੀਆ')

ਕਿਤੇ ਦੁਨੀਆਂ ਦੇ ਸਾਰੇ ਰਿਸ਼ਤਿਆਂ ਦੀ
ਰਾਖ ਨਾ ਉਡੇ,
ਅਸੀਂ ਕੁਝ ਰਿਸ਼ਤਿਆਂ ਨੂੰ
ਏਸ ਲਈ ਬੇਨਾਮ ਰੱਖਾਂਗੇ।
ਗਵਾਚੇ ਇਉਂ ਕਿ ਸਾਨੂੰ ਭੁੱਲ ਗਏ
ਰੰਗਾਂ ਦੇ ਨਾਂ ਤੀਕਰ,
ਕਦੇ ਇਹ ਸੋਚਦੇ ਸਾਂ,
ਮਹਿਕ ਦਾ ਵੀ ਨਾਮ ਰੱਖਾਂਗੇ।

# ਮੈਂ ਤੇ ਮੇਰੀ .ਗਜ਼ਲ

*ਜਸਵਿੰਦਰ ਪੰਜਾਬੀ .ਗਜ਼ਲ ਦਾ ਨਵੀਂ ਪੀੜ੍ਹੀ ਦਾ ਸ਼ਾਹਸਵਾਰ ਹੈ। ਉਹਦੀ .ਗਜ਼ਲ ਵਿਚ ਕਲਾ ਅਤੇ ਵਿਚਾਰਾਂ ਦੀ ਲੜੀ ਪਰੋਈ ਦਿਸਦੀ ਹੈ। ਇਸ ਲੜੀ ਵਿਚ ਮਾਨਵੀ ਕਦਰਾਂ-ਕੀਮਤਾਂ ਅਤੇ ਇਨ੍ਹਾਂ ਨਾਲ ਖਹਿ ਰਹੀਆਂ ਦੁਸ਼ਵਾਰੀਆਂ, ਖਾਸ ਰੰਗ ਵਿਚ ਪੇਸ਼ ਹੁੰਦੀਆਂ ਹਨ। ਇਸ ਖਾਸ ਰੰਗ ਕਰ ਕੇ ਹੀ ਉਹ ਆਪਣੇ ਸਮਕਾਲੀ .ਗਜ਼ਲਗੋਆਂ ਤੋਂ ਨਿਵੇਕਲਾ ਅਤੇ ਨਿਆਰਾ ਹੈ। ਜਸਵਿੰਦਰ .ਗਜ਼ਲ ਦੀ, ਫੁੱਲ ਦੀ ਪੱਤੀ ਨਾਲ ਹੀਰੇ ਦਾ ਜਿਗਰ ਕੱਟਣ ਦੀ ਸ਼ਕਤੀ ਦਾ ਕਾਇਲ ਹੈ। ਆਪਣੀ .ਗਜ਼ਲਾਂ ਦੇ ਸ਼ਿਅਰਾਂ ਵਿਚ ਉਹ ਫੁੱਲ ਪੱਤੀ ਦਾ ਇਹ ਜਲੌਅ ਬਰਕਰਾਰ ਰੱਖਦਾ ਹੈ। ਉਹਦੀਆਂ .ਗਜ਼ਲਾਂ ਦੇ ਸ਼ਿਅਰ, ਪਾਠਕ ਮਨ ਦੀ ਤੜਫਦੀ ਰੇਤ ਦੀ ਪਿਆਸ ਬੁਝਾਉਂਦੇ ਹੋਏ ਇਸ ਦੀ ਤੀਬਰਤਾ ਨੂੰ ਤਿੱਖੀ ਕਰਦੇ ਜਾਂਦੇ ਹਨ। ਇਹ ਤੀਬਰਤਾ ਤੇ ਤਿੱਖਾਪਣ ਹੀ ਉਹਦੀ .ਗਜ਼ਲ ਦਾ ਬੁਰਜ ਉਸਾਰਦੇ ਚਲੇ ਜਾਂਦੇ ਹਨ। -ਸੰਪਾਦਕ*

**ਮੈਂ ਗ਼ਜ਼ਲ ਕਿਉਂ ਲਿਖਦਾ ਹਾਂ?**

ਇਸ ਸਵਾਲ ਦਾ ਜਵਾਬ ਤਲਾਸ਼ਦਾ ਹਾਂ ਤਾਂ ਸਰੋਦੀ ਸ਼ਾਇਰੀ ਦਾ ਉਹ ਨਿਰੰਤਰ ਸਿਲਸਿਲਾ ਜ਼ਿਹਨ 'ਚ ਆਉਂਦਾ ਹੈ ਜੋ ਸਦੀਆਂ ਤੋਂ ਪੰਜਾਬ ਦੀ ਮਿੱਟੀ ਵਿਚ ਰਚਿਆ ਵਸਿਆ ਹੈ। ਇਸ ਸਰੋਦੀ ਕਾਵਿ-ਪਰੰਪਰਾ ਵਿਚ ਹੀ ਪੰਜਾਬੀ ਗ਼ਜ਼ਲ ਦੇ ਬੀਜ ਪਏ ਨੇ। ਰੂਪਕ ਪੱਖੋਂ ਇਹ ਵਿਧਾ ਭਾਵੇਂ ਅਰਬੀ ਫ਼ਾਰਸੀ ਤੋਂ ਆਈ ਹੈ, ਪਰ ਪੰਜਾਬੀ ਵਿਚ ਆ ਕੇ ਅਰੂਜ਼ ਦੀਆਂ ਉਹ ਬਹਿਰਾਂ ਹੀ ਮਕਬੂਲ ਹੋਈਆਂ ਜੋ ਸਾਡੀ ਕਵਿਤਾ ਦੇ ਸੁਰ-ਤਾਲ ਨਾਲ ਮੇਲ ਖਾਂਦੀਆਂ ਹਨ। ਪੰਜਾਬੀ ਗ਼ਜ਼ਲ ਵਿਚ ਦੇਸੀ ਛੰਦਾਂ ਦੀ ਆਮਦ ਨੇ ਇਸ ਨੂੰ ਹੋਰ ਅਮੀਰੀ ਬਖ਼ਸ਼ੀ। ਸੋ ਪੰਜਾਬੀ ਗ਼ਜ਼ਲ ਦੀ ਵੱਥ ਤੇ ਕੱਥ ਪੰਜਾਬੀਅਤ ਦੇ ਰੰਗ ਵਿਚ ਰੰਗੀ ਹੋਈ ਹੈ।

ਸ਼ਿਅਰ ਦੇ ਸੀਮਤ ਸ਼ਬਦਾਂ 'ਚ ਵੱਡੇ ਅਰਥ ਪੈਦਾ ਕਰਨ ਦੀ ਗੱਲ ਮੈਨੂੰ ਟੁੰਬਦੀ ਹੈ। ਮੈਂ ਗ਼ਜ਼ਲ ਦੀ, ਫੁੱਲ ਦੀ ਪੱਤੀ ਨਾਲ ਹੀਰੇ ਦਾ ਜਿਗਰ ਕੱਟਣ ਦੀ ਸ਼ਕਤੀ ਦਾ ਕਾਇਲ ਹਾਂ। ਗ਼ਜ਼ਲ ਦੇ ਸ਼ਿਅਰਾਂ ਵਿਚ ਅਨੇਕ ਰੰਗਾਂ, ਤਰੰਗਾਂ, ਬੁਲੰਦੀਆਂ, ਗਹਿਰਾਈਆਂ ਦੇ ਕੋਲਾਜ ਬਣਦੇ ਹਨ ਜੋ ਚਿਰ-ਸਥਾਈ ਪ੍ਰਭਾਵ ਛੱਡਦੇ ਹਨ। ਗ਼ਜ਼ਲ ਦੇ ਸ਼ਿਅਰ, ਪਾਠਕ ਮਨ ਦੀ ਤੜਫਦੀ ਰੇਤ ਦੀ ਪਿਆਸ ਬੁਝਾਉਂਦੇ ਹੋਏ ਇਸ ਦੀ ਤੀਬਰਤਾ ਨੂੰ ਨਵੇਂ ਸਿਰਿਓਂ ਤਿੱਖੀ ਕਰਦੇ ਜਾਂਦੇ ਨੇ ਅਤੇ ਅਖ਼ੀਰ



ਜਸਵਿੰਦਰ

ਵਿਚ ਜ਼ਿੰਦਗੀ ਦੇ ਗੁੱਝੇ ਭੇਤ ਉਜਾਗਰ ਕਰਨ ਵਾਲੇ ਸਕੂਨ ਅਤੇ ਤੜਫਾਹਟ ਦੇ ਮਿਲਵੇਂ ਅਹਿਸਾਸ ਪਿੱਛੇ ਬਚਦੇ ਹਨ।

ਕੁਦਰਤ ਦੀ ਹਰ ਗਤੀਵਿਧੀ ਕਿਸੇ ਖ਼ਾਸ ਲੈਅ ਵਿਚ ਵਾਪਰ ਰਹੀ ਹੈ। ਸਾਹ ਲੈਣਾ, ਦਿਲ ਦੀ ਧੜਕਣ, ਰਗਾਂ 'ਚ ਦੌੜਦਾ ਲਹੂ, ਸਭ ਲੈਅ ਵਿਚ ਹੈ। ਕੁਦਰਤ ਦੀ ਇਹ ਸੁਰ-ਤਾਲ ਜਦੋਂ ਸ਼ਾਇਰੀ ਵਿਚ ਆਉਂਦੀ ਹੈ ਤਾਂ ਇਹ ਗ਼ਜ਼ਲ ਵਿਧਾ ਵਿਚ ਸਿਖਰਲੇ ਮੁਕਾਮ 'ਤੇ ਹੁੰਦੀ ਹੈ।

ਗ਼ਜ਼ਲ ਨਾਲ ਗਹਿਰਾ ਲਗਾਓ ਹੋਣ ਦੇ ਬਾਵਜੂਦ ਕਵਿਤਾ ਦੇ ਹੋਰ ਰੂਪਾਂ ਦੀ ਸਮਰੱਥਾ ਬਾਰੇ ਮੈਨੂੰ ਕੋਈ ਸ਼ੱਕ ਨਹੀਂ; ਸਗੋਂ ਮੈਂ ਚੰਗੀ ਨਜ਼ਮ ਸਮੇਤ ਸਮੁੱਚੇ ਸਾਹਿਤ ਤੋਂ ਹੀ ਅਸਰ ਗ੍ਰਹਿਣ ਕਰਦਾ ਹਾਂ ਜੋ ਮੇਰੀ ਗ਼ਜ਼ਲ ਸਿਰਜਣਾ ਵਿਚ ਸਹਾਈ ਹੁੰਦਾ ਹੈ। ਇਸ ਵਿਧਾ ਨੂੰ ਅਪਨਾਉਣਾ ਮੇਰੀ ਆਪਣੀ ਸਹਿਜ ਚੋਣ ਹੈ, ਕਿਉਂਕਿ ਹੋਰ ਵਿਧਾਵਾਂ ਨਾਲੋਂ ਗ਼ਜ਼ਲ ਮੇਰੇ ਸੁਭਾਅ ਦੇ ਵੱਧ ਅਨੁਕੂਲ ਹੈ।

**ਮੈਂ ਗ਼ਜ਼ਲ ਵਿਚ ਕੀ ਲਿਖਦਾ ਹਾਂ?**

ਇਕ ਸ਼ਿਅਰ ਦਰਜ ਕਰ ਰਿਹਾ ਹਾਂ:

ਜੋ ਨਾ ਦੇਹੀ ਨਾਲ ਸੜਦੇ, ਹਸ਼ਰ ਤਕ ਜੋ ਰਹਿਣ ਬਲਦੇ
ਉਨ੍ਹਾਂ ਜ਼ਖ਼ਮਾਂ ਦੀ ਸ਼ਨਾਖ਼ਤ ਕਰਨ ਖ਼ਾਤਰ ਲਿਖ ਰਿਹਾ ਹਾਂ।

ਇਹ ਜ਼ਖ਼ਮ ਪੂਰੇ ਇਤਿਹਾਸਕ ਕਾਲ ਵਿਚ ਮਾਨਵਤਾ ਦੀ ਹੋਣੀ ਸਮੇਤ ਕੁੱਲ ਕਾਇਨਾਤ ਦੇ ਨੇ। ਮਨੁੱਖ ਹਰ ਵਾਪਰੇ ਜਾਂ ਵਾਪਰ ਰਹੇ ਵਰਤਾਰੇ 'ਚੋਂ ਇਨ੍ਹਾਂ ਦੀ ਸ਼ਨਾਖ਼ਤ ਕਰਨ ਅਤੇ ਇਨ੍ਹਾਂ ਨੂੰ ਭਰਨ ਲਈ ਯਤਨਸ਼ੀਲ ਰਹਿੰਦਾ ਹੈ। ਸਮਕਾਲੀ ਯਥਾਰਥ ਦੇ ਨਾਲ ਨਾਲ ਮਨੁੱਖ ਅਤੇ ਪ੍ਰਕਿਰਤੀ ਦੇ ਸਬੰਧਾਂ-ਦਵੰਧਾਂ ਦੇ ਅਨੇਕ ਪਾਸਾਰ ਮੇਰੇ ਵਿਸ਼ੇ ਬਣਦੇ ਨੇ। ਮੇਰੀ ਗ਼ਜ਼ਲ ਵਿਚ ਆਪਣੇ ਆਪ ਨਾਲ ਅਤੇ ਆਪਣੇ ਮਾਹੌਲ ਨਾਲ ਨਿਰੰਤਰ ਸੰਵਾਦ ਚਲਦਾ ਰਹਿੰਦਾ ਹੈ। ਮਨੁੱਖ ਨੂੰ ਹਾਸ਼ੀਏ 'ਤੇ ਧੱਕ ਕੇ ਅਮੁੱਕ ਹਿਰਸ ਦਾ ਭਾਰੂ ਹੋ ਜਾਣਾ ਮੈਨੂੰ ਅਤਿ ਪ੍ਰੇਸ਼ਾਨ ਕਰਦਾ ਹੈ। ਇਸ ਅਮਾਨਵੀ ਵਰਤਾਰੇ ਵਿਚ ਬੰਦੇ ਦੀ ਬੇਵਸੀ ਵੀ ਮੇਰੀ ਸੰਵੇਦਨਾ ਦਾ ਅੰਗ ਬਣਦੀ ਹੈ:

ਫ਼ਸੀਲਾਂ ਕੋਲ ਭਾਵੇਂ ਦਰਦ ਅਪਣਾ ਫੋਲਦਾ ਹੋਵੇ।
ਕੋਈ ਪੱਥਰ ਤਾਂ ਇਸ ਖੰਡਰ ਦੇ ਅੰਦਰ ਬੋਲਦਾ ਹੋਵੇ।
ਵੇਚਣੇ ਦੀਵੇ ਅਤੇ ਇਤਰਾਜ਼ ਕਰਨਾ ਰੌਸ਼ਨੀ 'ਤੇ
ਰਾਤ ਦੇ ਸੌਦਾਗਰਾਂ ਦਾ ਇਹ ਵੀ ਕੀ ਦਸਤੂਰ ਹੋਇਆ।

***

ਜੁੜੇ ਨਾ ਰਿਜ਼ਕ ਜੇ ਤਾਂ ਆਲ੍ਹਣੇ ਛੱਡ ਜਾਣ ਪੰਛੀ ਵੀ
ਘਰਾਂ ਦੇ ਅਰਥ ਕੀ ਰਹਿੰਦੇ ਜਦੋਂ ਚੁੱਲ੍ਹਿਆਂ 'ਚ ਘਾਹ ਹੱਸੇ।

ਮਨੁੱਖ ਦੀ ਅਥਾਹ ਰਚਨਾਤਮਕ ਸ਼ਕਤੀ ਵਿਚ ਮੇਰਾ ਗਹਿਰਾ ਵਿਸ਼ਵਾਸ ਹੈ। ਤਬਾਹੀ ਵਿਚ ਨਵੀਂ ਉਸਾਰੀ ਦੇ ਬੀਜ ਹੁੰਦੇ ਨੇ ਅਤੇ ਉਦਾਸੀ ਵਿਚੋਂ ਨਵੀਂ ਉਮੀਦ ਜਨਮਦੀ ਹੈ:

ਮੇਰੀ ਮਿੱਟੀ 'ਚ ਉੱਗੇ ਫੁੱਲ ਜੇ ਮੁਰਝਾ ਗਏ ਤਾਂ ਕੀ
ਜੋ ਖ਼ੁਸ਼ਬੂ ਰਹਿ ਗਈ ਪਿੱਛੇ ਨਾ ਅੱਜ ਜਾਣੀ ਨਾ ਕੱਲ੍ਹ ਜਾਣੀ।

**ਦਿਲ ਦਰਿਆ ਸਮੁੰਦਰੋਂ ਡੂੰਘੇ...**

ਬੰਦੇ ਦੇ ਮਨ ਦੀਆਂ ਦਿਸ਼ਾਵਾਂ ਕੌਣ ਜਾਣ ਸਕਿਆ ਹੈ। ਆਦਿ ਜੁਗਾਦੀ ਤੇਹਾਂ ਦੀ ਪੂਰਤੀ ਲਈ ਇਹ ਕਿੱਥੇ ਕਿੱਥੇ ਨਹੀਂ ਭਟਕਦਾ? ਇਹ ਜਿਉਣ ਦੀ ਚਾਹਤ ਪਾਲਦਿਆਂ ਮੁਹੱਬਤ ਅਤੇ ਕਰੁਣਾ ਦੇ ਖੰਭਾਂ ਆਸਰੇ ਦੁੱਖਾਂ-ਸੁੱਖਾਂ ਦੇ ਅਸਮਾਨ ਗਾਹੁੰਦਾ ਰਹਿੰਦਾ ਹੈ। ਸੰਜੋਗ-ਵਿਜੋਗ ਨਾਲ ਨਾਲ ਚਲਦੇ ਨੇ:

ਤੇਰੀ ਵਿਦਾਈ ਬਾਅਦ ਮੈਂ ਸੰਭਲਦਾ ਕਿਸ ਤਰ੍ਹਾਂ
ਹਿਲਦੀ ਸੀ ਇਹ ਜ਼ਮੀਨ ਵੀ ਹਿਲਦੇ ਰੁਮਾਲ ਨਾਲ।

ਅਜਿਹੇ ਬਹੁਤ ਸਾਰੇ ਅਹਿਸਾਸ ਮੇਰੀ ਗ਼ਜ਼ਲ ਦੀ ਜ਼ਮੀਨ ਵਿਚ ਉਗਦੇ ਰਹਿੰਦੇ ਨੇ। ਇੱਕ ਸ਼ਿਅਰ ਦੀਆਂ ਦਿਸਦੀਆਂ ਤੇ ਅਣਦਿਸਦੀਆਂ ਕਈ ਪਰਤਾਂ ਹੋ ਸਕਦੀਆਂ ਨੇ ਅਤੇ ਪਾਠਕ ਆਪਣੇ ਨਜ਼ਰੀਏ ਅਨੁਸਾਰ ਅਰਥਾਂ ਦੀ ਤਲਾਸ਼ ਕਰਦਾ ਹੈ।

ਮੇਰੀ ਗ਼ਜ਼ਲ ਵਿਚ ਕੀ ਹੈ, ਕੀ ਹੋਣਾ ਚਾਹੀਦਾ ਹੈ...

ਇਸ ਦਾ ਠੀਕ ਨਿਰਣਾ ਤਾਂ ਸੂਝਵਾਨ ਪਾਠਕ ਤੇ ਵਿਦਵਾਨ ਹੀ ਕਰ ਸਕਦੇ ਨੇ। ਮੇਰੀ ਸੰਵੇਦਨਾ ਮੈਥੋਂ ਜੋ ਲਿਖਵਾਉਂਦੀ ਹੈ, ਸਿਰਫ਼ ਉਹ ਹੀ ਲਿਖਦਾ ਹਾਂ। ਲਿਖਣ ਵੇਲੇ ਮਾਨਵੀ ਹੋਂਦ ਨਾਲ ਜੁੜੇ ਅਨੇਕ ਸਵਾਲ ਮੇਰੇ ਸਾਹਮਣੇ ਹੁੰਦੇ ਨੇ:


ਕੀ, ਕੌਣ, ਕਿੱਥੇ, ਕਿਸ ਤਰ੍ਹਾਂ, ਕਿਹੜਾ, ਕਦੋਂ, ਕਿਵੇਂ
ਸਾਰੇ ਸਫ਼ਰ 'ਚ ਤੁਰ ਰਹੇ ਕਿੰਨੇ ਸਵਾਲ ਨਾਲ

**ਮੈਂ .ਗਜ਼ਲ ਕਿਵੇਂ ਲਿਖਦਾ ਹਾਂ?**

ਕਵੀ ਦੇ ਅਰਧ ਚੇਤਨ ਮਨ 'ਚ ਕਵਿਤਾ ਦੇ ਬੀਜ ਹਮੇਸ਼ਾ ਪਏ ਹੁੰਦੇ ਨੇ। ਬਾਹਰੀ ਜਾਂ ਅੰਦਰੂਨੀ ਵਰਤਾਰਿਆਂ ਦੇ ਰੂਬਰੂ ਤਾਂ ਹਰ ਕੋਈ ਹੁੰਦਾ ਹੈ ਪਰ ਕਵੀ ਮਨ ਉਤੇ ਇਹ ਅਲੱਗ ਪ੍ਰਭਾਵ ਪਾਉਂਦੇ ਨੇ। ਕਵੀ ਚੀਜ਼ਾਂ ਦੇ ਆਰ ਪਾਰ ਦੇਖਦਾ ਹੈ। ਕਈ ਵਾਰ ਕਿਸੇ ਸਾਧਾਰਨ ਗੱਲ, ਘਟਨਾ ਜਾਂ ਦ੍ਰਿਸ਼ ਨਾਲ ਕਵਿਤਾ ਦਾ ਬੀਜ ਪੁੰਗਰ ਪੈਂਦਾ ਹੈ। ਇਸ ਦੇ ਮੁਕੰਮਲ ਪੌਦਾ ਬਣਨ ਤੱਕ ਕਵੀ ਕਈ ਤਣਾਵਾਂ, ਉਤਰਾਵਾਂ, ਚੜ੍ਹਾਵਾਂ 'ਚੋਂ ਗੁਜ਼ਰਦਾ ਹੈ ਅਤੇ ਇਸ ਤਣਾਓ ਤੋਂ ਮੁਕਤੀ ਲਈ ਸਿਰਜਣਾਤਮਕ ਮਾਹੌਲ ਦੀ ਤਲਾਸ਼ ਵਿਚ ਰਹਿੰਦਾ ਹੈ। ਮੇਰੇ ਲਈ ਅਜਿਹਾ ਮਾਹੌਲ ਆਮ ਤੌਰ 'ਤੇ ਰਾਤ ਵੇਲੇ ਹੁੰਦਾ ਹੈ। ਮਨ ਮਸਤਕ ਉਤੇ ਖ਼ਾਸ ਕਿਸਮ ਦਾ ਕਾਵਿਕ ਵਾਤਾਵਰਣ ਛਾਇਆ ਹੋਵੇ ਤਾਂ ਖ਼ਿਆਲਾਂ ਦੀ ਜਗਮਗ ਹੁੰਦੀ ਹੈ। ਸ਼ਬਦਾਂ ਦੇ ਜੁਗਨੂੰ ਆਪਣੀ ਲੈਅ ਦੀ ਲੋਅ ਸਮੇਤ ਆਉਂਦੇ ਨੇ। ਜ਼ਿੰਦਗੀ 'ਚ ਹੰਢਾਇਆ, ਪੜ੍ਹਿਆ ਵਿਚਾਰਿਆ ਅਨੁਭਵ ਕਾਵਿ-ਅਹਿਸਾਸ ਨੂੰ ਮਾਰਗ ਦਿਖਾਉਂਦਾ ਹੈ ਅਤੇ ਸ਼ਿਅਰ ਰੂਪ ਧਾਰਦੇ ਨੇ। ਇਕ ਵਾਰ ਮਨਪਸੰਦ ਸ਼ਿਅਰ ਲਿਖਿਆ ਜਾਵੇ ਤਾਂ ਉਦੋਂ ਬੁਣ ਨਾਲ ਖ਼ਿਆਲ ਦੀ ਸ਼ਿੱਦਤ ਪੇਤਲੀ ਪੈਣ ਦਾ ਤੌਖ਼ਲਾ ਬਣਿਆ ਰਹਿੰਦਾ ਹੈ। ਆਪਣੀ ਗ਼ਜ਼ਲ ਦਾ ਪਹਿਲਾ ਆਲੋਚਕ ਮੈਂ ਖ਼ੁਦ ਹੁੰਦਾ ਹਾਂ। ਵਿਚਾਰ ਦੀ ਸਪਸ਼ਟਤਾ, ਸੰਚਾਰਮੁਖਤਾ, ਭਾਸ਼ਾ ਦੀ ਤਾਜ਼ਗੀ ਅਤੇ ਮੌਲਿਕਤਾ ਦਾ ਖ਼ਿਆਲ ਰਖਦਾ ਹਾਂ। ਗ਼ਜ਼ਲ ਪੂਰੀ ਹੋਣ ਉਪਰੰਤ ਉਕਾਈਆਂ 'ਤੇ ਨਜ਼ਰਸਾਨੀ ਕਰਦਾ ਹਾਂ। ਦੋਸਤਾਂ ਦੀ ਨੇਕ ਰਾਇ ਦੀ ਕਦਰ ਕਰਦਾ ਹਾਂ। ਫਿਰ ਵੀ ਸੰਪੂਰਨਤਾ ਦਾ ਕੋਈ ਦਾਅਵਾ ਨਹੀਂ।

ਗ਼ਜ਼ਲ ਸਿਰਜਣਾ ਦੇ ਪੂਰੇ ਸਫ਼ਰ ਦੌਰਾਨ ਮੈਂ ਕਦੇ ਕਾਹਲੀ




*.ਗਜ਼ਲਗੋ ਜਸਵਿੰਦਰ ਦੀਆਂ ਦੋ ਕਿਤਾਬਾਂ ਦੇ ਟਾਈਟਲ। .ਗਜ਼ਲ ਸੰਗ੍ਰਿਹ 'ਅਗਰਬੱਤੀ' ਨੂੰ ਵੱਕਾਰੀ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ ਹੈ।*

ਤੱਕ ਅਨੰਦਮਈ ਛਟਪਟਾਹਟ ਦਾ ਆਲਮ ਤਾਰੀ ਰਹਿੰਦਾ ਹੈ ਜਦੋਂ ਤੱਕ ਗ਼ਜ਼ਲ ਪੂਰੀ ਨਹੀਂ ਹੋ ਜਾਂਦੀ। ਇਸ ਪ੍ਰਕਿਰਿਆ ਵਿਚ ਕਈ ਦਿਨ ਵੀ ਲੱਗ ਸਕਦੇ ਨੇ। ਅਜਿਹਾ ਬਹੁਤ ਘੱਟ ਹੋਇਆ ਹੈ ਜਦੋਂ ਲਿਖਿਆ ਗਿਆ ਸ਼ਿਅਰ ਸਾਲਾਂ ਬੱਧੀ ਗ਼ਜ਼ਲ ਬਣ ਨਾ ਸਕੇ। ਬਸ ਇੱਕੋ ਮਤਲਾ ਯਾਦ ਆ ਰਿਹਾ ਹੈ ਜਿਸ ਦੀ ਗ਼ਜ਼ਲ ਪੂਰੀ ਕਰਨ ਬਾਰੇ ਦਸ ਸਾਲ ਬਾਅਦ ਸੋਚਿਆ, ਉਹ ਇਉਂ ਹੈ:

ਅੱਗ ਹੈ, ਪਾਣੀ ਹੈ, ਇਹ ਆਕਾਸ਼ ਹੈ ਜਾਂ ਪੌਣ ਹੈ।
ਮੇਰੇ ਚੇਤਨ ਤੇ ਅਚੇਤਨ ਦੇ ਵਿਚਾਲੇ ਕੌਣ ਹੈ।

ਮੈਂ ਸਮੁੱਚੀ ਕਾਵਿ-ਪਰੰਪਰਾ ਨੂੰ ਆਪਣੀ ਉਸਤਾਦ ਮੰਨਦਾ ਹਾਂ। ਬਚਪਨ ਤੋਂ ਹੀ ਸਰੋਦੀ ਕਵਿਤਾ ਪ੍ਰਤੀ ਖਿੱਚ ਨੇ ਅਰੂਜ਼ੀ ਬਾਰੀਕੀਆਂ ਸਮਝਣੀਆਂ ਮੇਰੇ ਲਈ ਆਸਾਨ ਕਰ ਦਿੱਤੀਆਂ। ਬਹਿਰਾਂ ਵਿਚ ਨਵੇਂ ਤੇ ਓਪਰੇ ਤਜਰਬੇ ਕਰਨੇ ਮੈਨੂੰ ਪਸੰਦ ਨਹੀਂ, ਕਿਉਂਕਿ ਬਹਿਰ ਮੇਰੇ ਲਈ ਅਹਿਸਾਸ ਦੇ ਪ੍ਰਗਟਾਵੇ ਦਾ ਮਾਧਿਅਮ ਮਾਤਰ ਹੈ। ਮਹਿਜ਼ ਸ਼ਿਲਪਕਾਰੀ ਦੀ ਉਧੇੜ ਨਹੀਂ ਕੀਤੀ। ਜੋ ਵੀ ਲਿਖਿਆ, ਆਪਣੀ ਸਹਿਜ ਚਾਲ ਕਾਇਮ ਰਖਦਿਆਂ ਹੀ ਲਿਖਿਆ। ਸ਼ਾਇਰੀ ਦਾ ਕੋਈ ਇਲਹਾਮ ਨਹੀਂ ਹੁੰਦਾ ਅਤੇ ਆਮਦ ਵੀ ਰੋਜ਼ ਰੋਜ਼ ਨਹੀਂ ਹੁੰਦੀ। ਮੈਨੂੰ ਸਹਿਜ ਅੰਦਾਜ਼ ਵਿਚ ਗ਼ਜ਼ਲ ਲਿਖ ਕੇ ਅਜੀਬ ਕਿਸਮ ਦੀ ਸੰਤੁਸ਼ਟੀ ਅਤੇ ਤੜਫ ਬਰਾਬਰ ਮਿਲਦੀਆਂ ਨੇ:

ਮੇਰੀ ਗ਼ਜ਼ਲ ਦੇ ਦਿਲ 'ਚ ਉਹ ਸਾਰੇ ਹੀ ਲਹਿ ਗਏ।
ਰੋਕੇ ਸੀ ਜਿਹੜੇ ਤੀਰ ਮੈਂ ਸ਼ਬਦਾਂ ਦੀ ਢਾਲ ਨਾਲ।

ਆਪਣੇ ਗ਼ਜ਼ਲ ਸੰਗ੍ਰਹਿ 'ਅਗਰਬੱਤੀ' ਬਾਰੇ ਮੈਨੂੰ ਇਉਂ ਮਹਿਸੂਸ ਹੋ ਰਿਹਾ ਹੈ ਜਿਵੇਂ ਜ਼ਿੰਦਗੀ ਦੇ ਅਨੁਭਵ 'ਚੋਂ ਮਿਲੀ ਸ਼ਬਦ ਸੰਵੇਦਨਾ ਦੀ ਦਾਤ ਵਿਚ ਆਪਣੇ ਰੰਗ ਭਰ ਕੇ ਵਾਪਸ ਪਰਤਾ ਰਿਹਾ ਹੋਵਾਂ:

ਮੈਂ ਜੋ ਲਿਖਿਆ ਰੂਹ ਦੀ ਲਿੱਪੀ ਵਿਚ ਲਿਖਿਆ ਹੈ ਯਾਰੋ।
ਪੇਸ਼ ਤੁਹਾਡੀ ਖ਼ਿਦਮਤ ਵਿਚ ਨੇ ਦਿਲ ਦੇ ਸੂਹੇ ਵਰਕੇ।

###

## ਜਸਵਿੰਦਰ ਦਾ .ਗਜ਼ਲ-ਰੰਗ

ਅਸੀਂ ਦਿਲ ਛੱਡ ਗਏ ਹੋਈਏ ਅਜੇਹਾ ਵੀ ਨਹੀਂ ਲਗਦਾ।
ਪਤਾ ਨਈਂ ਫੇਰ ਕਿਉਂ ਸਾਡਾ ਕਿਤੇ ਵੀ ਜੀ ਨਹੀਂ ਲਗਦਾ।

ਕਦੇ ਲਗਦੇ ਨੇ ਤਾਰੇ, ਫੁੱਲ, ਪੰਛੀ ਆਪਣੇ ਵਰਗੇ,
ਕਦੇ ਸ਼ੀਸ਼ੇ 'ਚ ਅਪਣਾ ਅਕਸ ਅਪਣਾ ਹੀ ਨਹੀਂ ਲਗਦਾ।

ਕਿਵੇਂ ਇਕ ਨਾਮ ਦੇਈਏ ਇਸ 'ਚ ਸਭ ਰਿਸ਼ਤੇ ਸਮੋਏ ਨੇ,
ਲਹੂ ਵਿਚ ਦਰਦ ਜੋ ਘੁਲਿਆ ਹੈ, ਸਾਡਾ ਕੀ ਨਹੀਂ ਲਗਦਾ।

ਕਿਸੇ ਨੂੰ ਜਗ ਰਹੀ ਹਰ ਚੀਜ਼ 'ਚੋਂ ਸੂਰਜ ਨਜ਼ਰ ਆਵੇ,
ਕਿਸੇ ਨੂੰ ਪੁੰਨਿਆਂ ਦਾ ਚੰਨ ਵੀ ਅਸਲੀ ਨਹੀਂ ਲਗਦਾ।

ਜਦੋਂ ਤਕ ਹੋਸ਼ ਆਉਂਦੀ ਕੁਝ ਨਹੀਂ ਬਚਦਾ ਸੰਭਾਲਣ ਨੂੰ,
ਪਤਾ ਮੁੱਠੀ 'ਚੋਂ ਕਿਰਦੀ ਰੇਤ ਦਾ ਛੇਤੀ ਨਹੀਂ ਲਗਦਾ।
ਛਿੜੇ ਜਦ ਕੰਬਣੀ ਖ਼ਾਬਾਂ 'ਚ ਉਸ ਵੇਲੇ ਸਮਝ ਆਉਂਦੀ,
ਕਿ ਪਾਲਾ ਸਿਰਫ ਖੁੱਲ੍ਹੀਆਂ ਬਾਰੀਆਂ ਵਿਚਦੀ ਨਹੀਂ ਲਗਦਾ।
ਘੜੀ ਵਿਚ ਨੁਕਸ ਹੈ ਜਾਂ ਵਕਤ ਹੀ ਬੇਵਕਤ ਹੋ ਚੱਲਿਆ,
ਸਵੇਰਾ ਹੋ ਗਿਆ ਪਰ ਦਿਨ ਤਾਂ ਚੜ੍ਹਿਆ ਹੀ ਨਹੀਂ ਲਗਦਾ।

***

ਸੁਣੀਆਂ ਖ਼ੁਦੀ ਤੋਂ ਬੇਖ਼ੁਦੀ ਤੀਕਰ ਕਹਾਣੀਆਂ।
ਫਿਰ ਵੀ ਮੈਂ ਜ਼ਿੰਦਗੀ ਦੀਆਂ ਰਮਜ਼ਾਂ ਨਾ ਜਾਣੀਆਂ।
ਦਿਸੀਆਂ ਸੀ ਖ਼ੁਦ ਨੂੰ ਤੇਰਿਆਂ ਨੈਣਾਂ 'ਚੋਂ ਦੇਖ ਕੇ,
ਮੇਰੇ ਜ਼ਿਹਨ 'ਚ ਉਲਝੀਆਂ ਜਿੰਨੀਆਂ ਵੀ ਤਾਣੀਆਂ।

ਮੁੜ ਮੁੜ ਕੇ ਮੈਨੂੰ ਕਰ ਰਿਹੈਂ ਝੀਲਾਂ ਦੇ ਰੂਬਰੂ,
ਹਾਲੇ ਵੀ ਨਾ ਤੂੰ ਮੇਰੀਆਂ ਤੇਹਾਂ ਪਛਾਣੀਆਂ।

ਮਿਲਿਆ ਕਿਸੇ ਵੀ ਯੁੱਗ 'ਚ ਨਾ ਇਕ ਪਲ ਸਕੂਨ ਦਾ,
ਖੰਡਰ ਲਏ ਫਰੋਲ ਮੈਂ ਥੇਹਾਂ ਵੀ ਛਾਣੀਆਂ।

ਗਰਦਿਸ਼ 'ਚ ਕਾਇਨਾਤ ਹੈ, ਤਾਰੇ ਨੇ ਬੇਆਰਾਮ,
ਹੁੰਦੀਆਂ ਮਹਾਨ ਹਸਤੀਆਂ ਆਖ਼ਰ ਨਿਮਾਣੀਆਂ।

ਪੰਛੀ ਵੀ ਸਿਰ ਤੋਂ ਲੰਘ ਕੇ ਪਹੁੰਚੇ ਦੁਮੇਲ ਤਕ,
ਤੂੰ ਕਿਉਂ ਖਲੋ ਕੇ ਦੇਖਦੈਂ ਪੈੜਾਂ ਪੁਰਾਣੀਆਂ।

***

ਉਚੇ ਟਿੱਬੇ ਤੋਂ ਸੁਰੀਲੀ ਤਾਨ ਸੁਣ ਕੇ
ਵੱਗ ਹੀ ਮੁੜਦੇ ਨੇ ਹੇ ਗੋਪਾਲ ਤੇਰੇ।
ਮੁਕਟ ਲਾਹ ਕੇ ਜੇ ਵਜਾਉਂਦਾ ਬੰਸਰੀ ਤੂੰ
ਸਾਰਾ ਜੰਗਲ ਝੂਮਣਾ ਸੀ ਨਾਲ ਤੇਰੇ।

ਪੰਛੀਆਂ ਵਰਗਾ ਸੁਦਾਮੇ ਦਾ ਕਬੀਲਾ
ਰਿਜ਼ਕ ਅਪਣਾ ਨਾਮ ਤੇਰੇ ਕਰ ਰਿਹਾ ਹੈ।
ਬਹੁਤ ਗੁੰਝਲਦਾਰ ਹੈ ਤੇਰਾ ਤਲਿਸਮ
ਬਹੁਤ ਹੀ ਬਾਰੀਕ ਨੇ ਇਹ ਜਾਲ ਤੇਰੇ।

ਸੁੱਕੀਆਂ ਝੀਲਾਂ 'ਚ ਕੀ ਹੰਸਾਂ ਦੀ ਹੋਣੀ
ਰੋੜ ਖਾ ਖਾ ਕੇ ਕਦੋਂ ਤਕ ਜੀਣਗੇ ਇਹ
ਆਉਣਗੇ ਤੇ ਕਰਨਗੇ ਖ਼ਾਲੀ ਕਿਸੇ ਦਿਨ
ਮੋਤੀਆਂ ਦੇ ਨਾਲ ਲੱਦੇ ਥਾਲ ਤੇਰੇ।

ਕਿਸ ਤਰ੍ਹਾਂ ਦਾ ਹੈ ਭਲਾ ਇਹ ਅਹਿਦ ਤੇਰਾ।
ਫੁੱਲ ਤਾਂ ਸਭ ਦੇ ਨੇ ਪਰ ਇਹ ਸ਼ਹਿਦ ਤੇਰਾ।
ਘੇਰਦੇ ਰਹਿੰਦੇ ਨੇ ਭੀਲਾਂ ਨੂੰ ਯੁਗਾਂ ਤੋਂ
ਗੁੰਬਦਾਂ 'ਚੋਂ ਉਡ ਕੇ ਮਖਿਆਲ ਤੇਰੇ।

ਜਲ ਵੀ ਓਹੀ, ਪੌਣ ਓਹੀ, ਰੇਤ ਓਹੀ
ਜ਼ਖ਼ਮ ਵੀ ਓਹੀ ਤੇ ਸਿੰਮਦੀ ਰੱਤ ਓਹੀ
ਤੇਰੀ ਸ਼ਹਿ 'ਤੇ ਜੋ ਕੁਰੂਖੇਤਰ 'ਚ ਚੱਲੇ
ਭਰ ਕੇ ਹੁਣ ਵੀ ਵਗਣ ਓਹੀ ਖਾਲ ਤੇਰੇ।

ਓਹੀ ਸੀਨੇ, ਸੀਨਿਆਂ ਵਿਚ ਤੀਰ ਓਹੀ
ਦਰਦ ਓਹੀ, ਦਰਦ ਦੀ ਤਾਸੀਰ ਓਹੀ
ਫ਼ਰਕ ਬਸ ਏਨਾ ਪਿਆ ਕਲਯੁਗ ਚ ਆ ਕੇ
ਬਣ ਗਏ ਕੌਰਵ ਵੀ ਭਾਈਵਾਲ ਤੇਰੇ।

***

ਅੱਗ ਹੈ ਪਾਣੀ ਹੈ, ਇਹ ਆਕਾਸ਼ ਹੈ ਜਾਂ ਪੌਣ ਹੈ।
ਮੇਰੇ ਚੇਤਨ ਤੇ ਅਚੇਤਨ ਦੇ ਵਿਚਾਲੇ ਕੌਣ ਹੈ।

ਮਨ ਦੀਆਂ ਰੁੱਤਾਂ ਦੇ ਇਸ ਕੋਲਾਜ ਨੂੰ ਕੀ ਨਾਂ ਦਿਆਂ,
ਮੇਰੀਆਂ ਅੱਖਾਂ 'ਚ ਅੱਧਾ ਹਾੜ੍ਹ ਅੱਧਾ ਸੌਣ ਹੈ।

ਪੈਲ ਪਾ ਕੇ ਨੱਚਣਾ ਤੈਨੂੰ ਬੜਾ ਮਹਿੰਗਾ ਪਿਆ,
ਨੱਚਦੀਆਂ ਛੁਰੀਆਂ 'ਚ ਹੁਣ ਮੋਰਾ ਵੇ ਤੇਰੀ ਧੌਣ ਹੈ।

ਤੇਰੇ ਜਤ ਸਤ ਤੋਂ ਜ਼ਿਆਦਾ, ਤੇਰੇ ਤਰਲੇ ਤੋਂ ਵਧੀਕ,
ਪੂਰਨਾ ਇਸ ਕਲਯੁਗੀ ਖੂਹ ਦੀ ਉਚੇਰੀ ਮੌਣ ਹੈ।

ਸਾੜ ਕੇ ਮੇਰਾ ਲਹੂ ਮਹਿਕਾਂ ਫ਼ਿਜ਼ਾ ਵਿਚ ਵੰਡਦੀ,
ਮੇਰੇ ਅੰਦਰ ਧੁਖ ਰਹੀ ਇਹ ਅਗਰਬੱਤੀ ਕੌਣ ਹੈ।

# ਨਕਟਾਈ ਵਾਲਾ ਬਾਬੂ ਸ਼ਹਿਰ ਦਾ

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

*ਜ਼ਿੰਦਗੀ ਵਿਚ ਤਜਰਬੇ ਦਾ ਦਾਅਵਾ ਉਹੀ ਕਰਦੈ, ਜਿਸ ਨੇ ਕੰਮ ਵੀ ਰੱਜ ਕੇ ਕੀਤੈ, ਘਾਟੇ ਵੀ ਖਾਧੇ ਤੇ ਪ੍ਰਾਪਤੀਆਂ ਵੀ ਬਹੁਤ ਕੀਤੀਆਂ। ਰੋਜ਼ਾਨਾ ਸਵਾ ਸੇਰ ਅੰਨ ਨੂੰ ਬੁਖਾਰ ਚੜ੍ਹਾ ਕੇ ਘੁਰਾੜੇ ਮਾਰਨ ਵਾਲੇ ਲੋਕ ਵੀ ਜੇ ਮੱਤਾਂ ਦੇਣ ਲੱਗ ਪੈਣ ਤਾਂ ਉਨ੍ਹਾਂ ਦੀ ਹਾਲਤ ਉਹੋ ਜਿਹੀ ਹੋਵੇਗੀ ਜਿਵੇਂ ਕੋਈ ਲੰਗੜਾ ਦੌੜ ਜਿੱਤਣ ਦੀ ਸ਼ਰਤ ਲਾ ਰਿਹਾ ਹੋਵੇ। ਅੜਬ ਸੁਭਾਅ ਦਾ ਪਤੀ ਹੋਵੇ ਤਾਂ ਖਿੱਚ-ਧੂਹ ਕੇ ਘਰ ਤਾਂ ਚੱਲੀ ਜਾਂਦੈ ਪਰ ਜੇ ਪਤਨੀ ਕੁਪੱਤੀ ਹੋਵੇ, ਚਲੋ ਆਪ ਤਾਂ ਵਿਚਾਰਾ ਸੁੱਕੀ ਜਾਂ ਬੇਹੀ ਰੋਟੀ ਨੂੰ ਗੋਭੀ ਆਲਾ ਪਰੌਂਠਾ ਸਮਝ ਕੇ ਖਾ ਲੈਂਦਾ ਹੋਵੇਗਾ, ਪਰ ਗੁਆਂਢੀ ਸੁੱਖ ਦਾ ਸਾਹ ਲੈ ਕੇ ਆਨੇ-ਬਹਾਨੇ ਕਹੀ ਜਾਣਗੇ 'ਧੰਨੋ ਅੱਜ ਪੇਕਿਆਂ ਨੂੰ ਗਈ ਲਗਦੀ ਹੈ।' ਜੁਆਨੀ ਵਿਚ ਪ੍ਰੇਮੀ ਤੇ ਪ੍ਰੇਮਿਕਾ ਅੱਖਾਂ ਨਾਲ ਗੱਲਾਂ ਕਰਦਿਆਂ ਸੋਚਦੇ ਨੇ ਕਿ ਧਰਤੀ ਸਿਰਫ ਹੀਰ ਤੇ ਰਾਂਝੇ ਦੀ ਹੀ ਹੈ ਤੇ ਉਹੀ ਬੁਢਾਪੇ 'ਚ ਇੱਕ ਦੂਜੇ ਦੇ ਕੰਨ 'ਚ ਹੌਲੀ-ਹੌਲੀ ਕਹਿ ਰਹੇ ਹੁੰਦੇ ਨੇ 'ਬਚਨੀਏ ਤੂੰ ਛੋਟੇ ਨਾਲ ਰਹਿਣੈ ਕਿ ਵੱਡੇ ਨਾਲ।' ਫਿਰ ਅੱਖਾਂ ਤੇ ਜ਼ੁਬਾਨ ਦੋਵੇਂ ਗੁੰਗੀਆਂ ਹੋ ਗਈਆਂ ਹੁੰਦੀਆਂ ਨੇ, ਸਿਰ ਹੀ ਹਿੱਲ ਕੇ ਹਾਂ-ਨਾਂਹ ਦੱਸ ਰਿਹਾ ਹੁੰਦਾ ਹੈ। ਜੋਬਨ ਰੁੱਤੇ ਰੋਂਦੇ ਮਰਦ ਤੇ ਹੱਸਦੀ ਔਰਤ 'ਤੇ ਸਿਆਣੇ ਲੋਕ ਛੇਤੀ ਵਿਸ਼ਵਾਸ਼ ਨਹੀਂ ਕਰਦੇ, ਕਿਉਂਕਿ ਇਸ ਉਮਰ ਵਿਚ ਦੋਹਾਂ ਨੂੰ ਹੀ ਇਹ ਵਹਿਮ ਹੁੰਦਾ ਹੈ ਕਿ ਕੱਪੜੇ ਅੱਜ ਕੱਲ੍ਹ ਉਨ੍ਹਾਂ ਕਰਕੇ ਹੀ ਮਹਿੰਗੇ ਹੋਈ ਜਾਂਦੇ ਹਨ। ਮਨੋ-ਵਿਗਿਆਨ ਮੰਨਦਾ ਹੈ ਕਿ ਜੇ ਔਰਤਾਂ ਦੀ ਸੁੰਦਰਤਾ 'ਚ ਮਨੁੱਖ ਦਾ ਝੱਲਪੁਣਾ ਉਬਾਲੇ ਨਾ ਮਾਰਦਾ ਤਾਂ ਜ਼ਿੰਦਗੀ ਇੱਕ ਪਾਸੀ ਰੋਟੀ ਵਰਗੀ ਹੋ ਜਾਣੀ ਸੀ ਤੇ ਜਿਉਣ 'ਚ ਦਿਲਚਸਪੀ ਪੈਦਾ ਹੀ ਨਹੀਂ ਸੀ ਹੋ ਸਕਦੀ। ਸਿੱਧੇ ਸ਼ਬਦਾਂ ਵਿਚ ਮਨੁੱਖ ਔਰਤ ਕਰਕੇ ਜਿਉਂ ਰਿਹਾ ਹੈ, ਰੂਪ ਭਾਵੇਂ ਮਾਂ, ਭੈਣ ਤੇ ਬੀਵੀ ਦਾ ਹੋਵੇ। ਸੁਨੱਖੇ ਬੰਦੇ ਵੀ ਸੋਹਣੇ ਕੱਪੜੇ ਪਾ ਕੇ ਔਰਤ ਨੂੰ ਚੰਗਾ ਲੱਗਣ ਦਾ ਯਤਨ ਕਰਦੇ ਰਹੇ ਹੁੰਦੇ ਹਨ। ਇਸੇ ਲਈ ਪਹਿਰਾਵੇ ਦਾ ਖਾਸ ਥਾਂ ਹੈ ਤੇ ਬੱਚਾ ਜੰਮਣ ਤੋਂ ਪਹਿਲਾਂ ਹੀ ਕਈ ਸਿਆਣੀਆਂ ਮਾਂਵਾਂ ਖੂਬਸੂਰਤ ਲੀੜੇ 'ਕੱਠੇ ਕਰਨ ਲੱਗ ਪੈਂਦੀਆਂ ਹਨ, ਕਿਉਂਕਿ ਮਾਂ ਹੀ ਬਚਪਨ ਤੇ ਜਵਾਨੀ 'ਚ ਪੁੱਤਰ ਨੂੰ ਸੁੰਦਰ ਵਸਤਰਾਂ 'ਚ ਜਵਾਨ ਹੁੰਦਾ ਦੇਖ ਕੇ ਕੁੱਖ 'ਤੇ ਹੱਥ ਫੇਰ ਰਹੀ ਹੁੰਦੀ ਹੈ 'ਜੀ ਵੇ ਸੋਹਣਿਆ ਜੀ।'*

ਪਹਿਰਾਵਾ ਹੀ ਦੱਸ ਦਿੰਦਾ ਹੈ ਕਿ ਔਰਤਾਂ ਮੇਲੇ ਚੱਲੀਆਂ ਹਨ, ਵਿਆਹ ਨੂੰ ਜਾਂ ਤੀਆਂ ਤੇ ਤਿੰਞਣਾਂ 'ਚ, ਤੇ ਇਹ ਪਛਾਣ ਕਰਨ ਵਿਚ ਵੀ ਦੇਰੀ ਨਹੀਂ ਲੱਗਦੀ ਕਿ ਚਿੱਟੀ ਚੁੰਨੀ ਤੇ ਚਿੱਟੇ ਲੀੜੇ ਪਾ ਕੇ ਬੀਬੀਆਂ ਇਕੱਠੀਆਂ ਹੋ ਕੇ ਜਾਂਦੀਆਂ ਹੋਣ ਤਾਂ ਝੱਟ ਪਤਾ ਲੱਗ ਜਾਂਦਾ ਹੈ ਕਿ ਕੋਈ ਇਸ ਫਾਨੀ ਦੁਨੀਆਂ ਤੋਂ ਕੂਚ ਕਰ ਗਿਆ ਹੈ। ਮਰਦ ਦੇ ਮੁਕਾਬਲੇ ਔਰਤਾਂ ਨਾਲ ਬਹੁਤ ਸਾਰਾ ਅਜਿਹਾ ਕੁਝ ਜੁੜਿਆ ਹੋਇਆ ਹੈ ਜੋ ਔਰਤ ਦੀ ਪਛਾਣ ਅਤੇ ਮਰਦ ਦੀ ਕਮਜ਼ੋਰੀ ਮੰਨਿਆ ਜਾਂਦਾ ਰਹੇਗਾ। ਇਸਤਰੀ ਜਦੋਂ ਮੁਹੱਬਤ ਦੀ ਪ੍ਰਵਾਨਗੀ ਦੇ ਕੇ ਦਿਲ ਦੇ ਬੂਹੇ ਖੋਲ੍ਹਦੀ ਹੈ ਤਾਂ ਉਹ ਜਿੰਦਾ ਕੁੰਡਾ ਹਮੇਸ਼ਾ ਲਈ ਤੋੜ ਦਿੰਦੀ ਹੈ। ਔਰਤਾਂ ਆਪਣੇ ਪਤੀਆਂ ਨੂੰ ਪਹਿਨਣ ਵਾਲੇ ਕੱਪੜਿਆਂ ਦੇ ਤੋਹਫੇ ਦੇਣ ਵਿਚ ਵਧੇਰੇ ਵਿਸ਼ਵਾਸ ਰੱਖਦੀਆਂ ਹਨ ਕਿਉਂਕਿ ਪਤਨੀ ਸੋਚਦੀ ਹੈ ਕਿ ਦੂਜੀਆਂ ਦੇਖ ਕੇ ਇਹ ਸੋਚਣ 'ਹਾਏ! ਇਹ ਪਤਾ ਨ੍ਹੀਂ ਕਿਹੜੇ ਭਾਗਾਂ ਵਾਲੀ ਦੇ ਦਿਲ ਵਿਚ ਵਸ ਗਿਆ ਹੈ।' ਕੋਟ, ਪੈਂਟ ਅਤੇ ਟਾਈ ਪਹਿਨ ਕੇ ਤੁਰੇ ਖਾਵੰਦ ਨਾਲ ਜਾਂਦੀ ਬੀਵੀ ਸੋਚਦੀ ਹੈ ਕਿ ਬਾਦਸ਼ਾਹ ਤੇ ਰਾਜ ਕੁਮਾਰ ਇਹਦੇ ਮੁਕਾਬਲੇ 'ਚ ਹੋ ਹੀ ਨਹੀਂ ਸਕਦੇ। ਇਸੇ ਲਈ ਮੈਂ ਅੱਜ ਇਥੇ ਟਾਈ ਦੀ ਗੱਲ ਕਰਦਿਆਂ ਕਹਾਂਗਾ ਕਿ ਹੈ ਤਾਂ ਇਹ ਕੁਝ ਗਿੱਠਾਂ ਦਾ ਕੱਪੜਾ ਹੀ ਪਰ ਇਸ ਨਾਲ ਜੁੜਿਆ ਬਹੁਤ ਕੁਝ ਹੈ।

ਕੋਈ ਮੰਨੇ ਜਾਂ ਨਾ ਪਰ ਇਹ ਸੱਚ ਹੈ ਕਿ ਜਦੋਂ ਇਕ ਖੂਬਸੂਰਤ ਇਸਤਰੀ ਬੁੱਲ੍ਹਾਂ 'ਚ ਹੱਸ ਪਵੇ ਤਾਂ ਉਹ ਆਪਣੇ ਆਪ ਨੂੰ ਖੱਬੀ ਖਾਨ ਕਹਾਉਂਦੇ ਮਰਦ ਦੀਆਂ ਅਕਲ ਤੇ ਸਬਰ ਦੀਆਂ ਚੂੜੀਆਂ ਢਿੱਲੀਆਂ ਕਰ ਦਿੰਦੀ ਹੈ ਤੇ ਮਰਦ ਜਦੋਂ ਇਸਤਰੀ ਨਾਲ ਟਾਈ ਲਾ ਕੇ ਤੁਰਿਆ ਜਾਂਦਾ ਹੋਵੇ ਤਾਂ ਉਹ ਸਮਝਦਾ ਹੈ ਕਿ ਮੈਂ ਦੁਨੀਆਂ 'ਤੇ ਖਾਸ ਹੀ ਨਹੀਂ ਪਤਵੰਤਿਆਂ 'ਚ ਵੀ ਗਿਣਿਆ ਜਾ ਰਿਹਾ ਹਾਂ। 'ਟਾਈ' ਦਾ ਅਰਥ ਅਸਲ ਵਿਚ ਤਿੰਨ ਕੋਣਾਂ ਦੇ ਇਕ ਸਿਰੇ ਨੂੰ ਲੰਬਿਆਂ ਕਰ ਦੇਣਾ ਹੀ ਸਮਝਿਆ ਜਾ ਰਿਹਾ ਹੈ ਪਰ ਦੂਜਾ ਸ਼ਾਬਦਿਕ ਅਰਥ 'ਬੰਨ੍ਹਣਾ' ਹੀ ਹੁੰਦਾ ਹੈ। ਜੇ ਸੋਲ੍ਹਵੀਂ ਸਦੀ ਤੋਂ ਪਹਿਲਾਂ ਦਾ ਇਤਿਹਾਸ ਵੇਖੀਏ ਤਦ ਮੁਗਲ ਬਾਦਸ਼ਾਹਾਂ ਦੇ ਸਿਰ 'ਤੇ ਕਲਗੀ ਖਾਸ ਹੋਣ ਦੀ ਨਿਸ਼ਾਨੀ ਰਹੀ ਹੈ। ਵੱਡੇ ਲੋਕਾਂ ਦੇ ਗਲੇ 'ਚ ਰੁਮਾਲ ਦਾ ਲਟਕਣਾ ਜਾਂ ਕੀਮਤੀ ਗਹਿਣੇ ਦੀ ਗੰਢ ਦੇ ਕੇ ਪਾਉਣਾ ਬਾਅਦ ਵਿਚ ਟਾਈ ਦਾ ਵਿਕਸਤ ਰੂਪ ਹੀ ਮੰਨਿਆ ਜਾ ਸਕਦਾ ਹੈ। ਇਹ ਪਹਿਲਾਂ ਰਜਵਾੜਾਸ਼ਾਹੀ ਦਾ ਚਿੰਨ ਵੀ ਰਹਿੰਦਾ ਸੀ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਯੂਰਪੀ ਮੁਲਕਾਂ ਵਿਚ ਹੀ ਬਹੁਤਾ ਟਾਈ ਲਾਉਣ ਦਾ ਰਿਵਾਜ਼ ਰਿਹਾ ਹੈ ਪਰ ਵੀਹਵੀਂ ਸਦੀ ਦੇ ਅਰੰਭ ਤੇ ਦੂਜੇ ਸੰਸਾਰ ਯੁੱਧ ਤੋਂ ਬਾਅਦ ਟਾਈ ਬੰਨ੍ਹਣ ਦਾ ਸ਼ੌਕ ਆਮ ਪ੍ਰਬਲ ਹੋਇਆ, ਹਾਲਾਂਕਿ ਅਨਖ ਦੇ ਦੂਜੇ ਨਾਂ ਤਾਲਿਬਾਨ ਨੇ ਟਾਈ ਲਾਉਣ 'ਤੇ ਇਸ ਕਰਕੇ ਪਾਬੰਦੀ ਲਾਈ ਹੋਈ ਹੈ ਕਿ ਯੂਰਪ ਦੀ ਗੁਲਾਮੀ ਦੀ ਪ੍ਰਤੀਕ ਟਾਈ ਨੂੰ ਅਸੀਂ ਸਵੀਕਾਰ ਹੀ ਨਹੀਂ ਕਰਾਂਗੇ। ਜੇ ਵੇਖਿਆ ਜਾਵੇ ਤਾਂ ਇਸ ਗੱਲ ਵਿਚ ਪੂਰਾ ਵਜ਼ਨ ਹੈ ਕਿ ਮਾਡਲ ਸਕੂਲਾਂ ਵਿਚ ਬੱਚਿਆਂ ਦਾ ਟਾਈ ਪਹਿਨ ਨੇ ਆਉਣਾ ਅਮੀਰੀ ਦੀ ਨੁਮਾਇਸ਼ ਰਿਹਾ ਹੈ। ਹਾਲਾਂਕਿ ਥਾਂ ਥਾਂ 'ਤੇ ਮਾਡਲ ਸਕੂਲਾਂ ਦਾ ਖੁੱਲ੍ਹ ਜਾਣਾ ਟਾਈ ਨੂੰ ਬਹੁਤੀ ਵਡਿਆਈ ਦਿੱਤੇ ਜਾਣ ਦੇ ਯੋਗ ਵੀ ਨਹੀਂ ਰਿਹਾ।

ਬਾਦਸ਼ਾਹਾਂ ਤੋਂ ਬਾਅਦ ਵਕੀਲ ਹੀ ਇਕ ਐਸੀ ਜਮਾਤ ਰਹੀ ਹੈ ਜਿਸ ਦੇ ਗਲੇ ਵਿਚ ਕਮੀਜ਼ ਨਾਲ ਇਕ ਖਾਸ ਕਿਸਮ ਦਾ ਪਹਿਲਾਂ ਗੰਢ ਦਿੱਤਾ ਕੱਪੜਾ ਤੇ ਟਾਈ ਲਾਉਣਾ ਉਨ੍ਹਾਂ ਦੇ ਆਮ ਤੋਂ ਖਾਸ ਹੋਣ ਦੀ ਨਿਸ਼ਾਨੀ ਵੀ ਸੀ ਅਤੇ ਕਾਨੂੰਨ ਦੇ ਰਾਖਿਆਂ ਦਾ ਇਕ ਵੱਖਰਾ ਪਹਿਰਾਵਾ ਵੀ। ਚਿੱਟੇ ਕੱਪੜਿਆਂ ਤੇ ਕਾਲਾ ਕੋਟ, ਕਾਲੀ ਟਾਈ ਭਾਰਤੀ ਵਕੀਲਾਂ ਨੂੰ ਅੰਗਰੇਜ਼ਾਂ ਦੀ ਦਿੱਤੀ ਖਾਸ ਨਿਸ਼ਾਨੀ ਹੈ ਤੇ ਨੇੜਲੇ ਭਵਿੱਖ ਤੱਕ ਇਸ ਦੇ ਬਦਲੇ ਜਾਣ ਦੀ ਕੋਈ ਸੰਭਾਵਨਾ ਵੀ ਨਹੀਂ।

ਮੈਂ ਟਾਈ ਦਾ ਖਿਲਾਰਾ ਪਾਉਣ ਨਾਲੋਂ ਕੁਝ ਦਿਲਚਸਪ ਗੱਲਾਂ ਕਰਨੀਆਂ ਹੀ ਮੁਨਾਸਿਬ ਸਮਝਾਂਗਾ ਪਰ ਇਹ ਗੱਲ ਕਹਿ ਕੇ ਕਿ ਟਾਈ ਨੂੰ ਗੰਢ ਦੇਣਾ ਵੀ ਆਮ ਬੰਦੇ ਨੂੰ ਨਹੀਂ ਸੀ ਆਉਂਦਾ, ਇਸੇ ਕਰਕੇ ਇਹ ਖਾਸ ਲੋਕਾਂ ਦੇ ਪਹਿਰਾਵੇ ਦਾ ਹਿੱਸਾ ਰਹੀ ਹੈ ਤੇ ਆਮ ਕਰਕੇ ਟਾਈ ਨੂੰ ਗੰਢ ਦੇਣ ਦੀਆਂ ਦੋ ਹੀ ਕਿਸਮਾਂ ਪ੍ਰਚੱਲਿਤ ਰਹੀਆਂ। ਕੁਝ ਖਾਸ ਹੀ ਕਾਰਨ ਨੇ ਕਿ ਮੈਂ ਆਪਣੇ ਪਾਠਕਾਂ ਨਾਲ ਟਾਈ ਦੀਆਂ ਅੱਜ ਦਿਲਚਸਪ ਗੱਲਾਂ ਕਰਾਂਗਾ।



ਅਕਬਰ ਤੇ ਬੀਰਬਲ ਦੇ ਲਤੀਫੇ ਬੜੇ ਪ੍ਰਚੱਲਿਤ ਨੇ, ਮੈਨੂੰ ਇਹ ਤਾਂ ਨਹੀਂ ਪਤਾ ਕਿ ਅਕਬਰ ਦੇ ਰਾਜ ਵਿਚ ਟਾਈ ਜਾਂ ਗਲੇ ਵਿਚ ਕੁਝ ਖਾਸ ਰੁਮਾਲ ਜਾਂ ਕੱਪੜਾ ਬੰਨ੍ਹਣ ਦਾ ਰਿਵਾਜ਼ ਹੋਵੇਗਾ ਜਾਂ ਨਹੀਂ ਪਰ ਕਹਿੰਦੇ ਨੇ ਇਕ ਵਾਰ ਅਕਬਰ ਨੇ ਬੀਰਬਲ ਨੂੰ ਪੁੱਛਿਆ, 'ਬੀਰਬਲ ਅੱਜ ਮੈਂ ਤੇਰੇ ਦਿਮਾਗ ਦੀ ਇਕ ਹੋਰ ਪ੍ਰੀਖਿਆ ਲਵਾਂਗਾ। ਭਲਾ! ਇਹ ਲੋਕੀ ਗਲ ਦੇ ਕਾਲਰ ਹੇਠ ਕੁਝ ਖਾਸ ਕਿਸਮ ਦਾ ਕੱਪੜਾ ਕਿਉਂ ਪਹਿਨਦੇ ਨੇ?'

ਬੀਰਬਲ ਦੀ ਹਾਜ਼ਰ ਜਵਾਬੀ ਵੇਖੋ, ਕਹਿਣ ਲੱਗਾ, 'ਬਾਦਸ਼ਾਹ ਸਲਾਮਤ ਇਹ ਪਹਿਨਣਾ ਤੁਹਾਡੇ ਵੱਸ ਦਾ ਰੋਗ ਨਹੀਂ, ਇਸ ਨੂੰ ਤਾਂ ਕੁਝ ਖਾਸ ਹੀ ਲੋਕ ਪਹਿਨ ਸਕਦੇ ਨੇ।'

'ਕਿਉਂ? ਉਹ ਕਿਹੜੇ ਖਾਸ ਲੋਕ ਨੇ?'

ਬੀਰਬਲ ਹੱਸ ਕੇ ਬੋਲਿਆ, 'ਜਹਾਂ ਪਨਾਹ ਇਹ ਉਹ ਹੀ ਲੋਕ ਪਹਿਨਦੇ ਨੇ ਜਿਨ੍ਹਾਂ ਦੀ ਇਕ ਹੀ ਤੀਵੀਂ ਹੋਵੇ।'

ਅਕਬਰ ਖਿਝ ਕੇ ਕਹਿਣ ਲੱਗਾ, 'ਬੀਰਬਲ ਤੂੰ ਮੈਨੂੰ ਟਿੱਚਰ ਕੀਤੀ ਹੈ ਕਿ ਮੇਰੇ ਸਵਾਲ ਦਾ ਜਵਾਬ ਦਿੱਤਾ ਹੈ, ਜੇ ਮੇਰੀਆਂ ਕਈ ਬੇਗਮਾਂ ਨੇ ਤਾਂ ਮੈਂ ਕਿਉਂ ਨਹੀਂ ਪਹਿਨ ਸਕਦਾ?'

'ਬਾਦਸ਼ਾਹ ਸਲਾਮਤ ਇਨ੍ਹਾਂ ਲੋਕਾਂ ਨਾਲ ਇਕ ਤੀਵੀਂ ਤੋਂ ਹੀ ਰੋਜ਼ ਕੁਪੱਤ ਨਹੀਂ ਝੱਲੀ ਜਾਂਦੀ, ਇਹ ਰੋਸ ਵਜੋਂ ਗਲ ਵਿਚ ਗ੍ਰਹਿਸਥ ਦਾ ਫਾਹਾ ਪਾਈ ਫਿਰਦੇ ਨੇ ਤੇ ਜਿਹਦੀਆਂ ਫਿਰ ਇਕ ਤੋਂ ਵੱਧ ਹੋਣਗੀਆਂ ਉਹਦੇ ਨਾਲ ਤਾਂ ਫਿਰ ਜੂਤ-ਪਤਾਣ ਹੀ ਹੁੰਦਾ ਹੋਵੇਗਾ।'

ਕਹਿੰਦੇ ਨੇ ਬਾਦਸ਼ਾਹ ਉਸ ਵੇਲੇ ਰੱਜ ਕੇ ਹੱਸਿਆ ਤੇ ਪਿਛਲੇ ਦਰਵਾਜ਼ੇ ਰਾਹੀਂ ਚੁੱਪ ਕਰਕੇ ਬਾਹਰ ਨਿਕਲ ਗਿਆ।

ਖੈਰ! ਟਾਈ ਲਾਉਣ ਦਾ ਮੈਨੂੰ ਵੀ ਬਹੁਤ ਸ਼ੌਕ ਰਿਹਾ ਹੈ ਪਰ ਇਸ ਕਹਾਣੀ ਦਾ ਖੁਲਾਸਾ ਕਰਨ ਤੋਂ ਪਹਿਲਾਂ ਮੈਨੂੰ ਆਪਣੇ ਇਕ ਮਿੱਤਰ ਦੀ ਕਹਾਣੀ ਜਿਹੜੀ ਕਈਆਂ ਨੂੰ ਸ਼ਾਇਦ ਲੱਗੇਗੀ ਕਿ ਉਹਦੀ ਸਖਸ਼ੀਅਤ 'ਤੇ ਚੋਟ ਹੈ ਪਰ ਸੱਚੀ ਹੋਣ ਕਰਕੇ ਇਸ ਨੂੰ ਲੁਕੋਣਾ ਵੀ ਨਹੀਂ ਚਾਹੁੰਦਾ।

ਗੜ੍ਹਸ਼ੰਕਰ ਤੋਂ ਮੈਂ ਜਦੋਂ ਖੇੜਾ ਕਲਮੋਟ ਸਕੂਲ ਨੂੰ ਪੜ੍ਹਾਉਣ ਜਾਣ ਲਈ ਬੱਸ ਫੜ੍ਹਨੀ ਤਾਂ ਮੇਰੇ ਨਾਲ ਇਕ ਸਖਸ਼ ਨੇ ਵੀ ਰੋਜ਼ ਸਫਰ ਕਰਨਾ। ਉਸ ਸਖਸ਼ ਦੀਆਂ ਦੋ ਗੱਲਾਂ ਖਾਸ ਸਨ, ਪਹਿਲੀ ਇਹ ਕਿ ਉਹਨੇ ਸਰਦੀਆਂ ਵਿਚ ਸਵੈਟਰ ਨਾਲ ਟਾਈ ਲਾਈ ਹੁੰਦੀ, ਟਾਈ ਬਦਲਦਾ ਵੀ ਰੋਜ਼ ਤੇ ਐਨਕਾਂ ਕਾਲੇ ਰੰਗ ਦੀਆਂ ਲਾਈਆਂ ਹੁੰਦੀਆਂ, ਹੱਥ ਵਿਚ ਡਾਇਰੀ ਹੁੰਦੀ, ਤੇ ਉਹ ਵੇਖਣ ਵਿਚ ਬਾਬੂ ਲੱਗਦਾ ਪਰ ਉਹਦੇ ਦੱਸਣ ਮੁਤਾਬਿਕ ਉਹ ਡੰਗਰ ਹਸਪਤਾਲ ਵਿਚ ਫਾਰਮਾਸਿਸਟ ਸੀ। ਸ਼ਿਵਾਲਿਕ ਦੀਆਂ ਪਹਾੜੀਆਂ 'ਚ ਅਨੰਦਪੁਰ ਸਾਹਿਬ ਵਾਲੇ ਮਾਰਗ 'ਤੇ 'ਹਰੋ ਦਾ ਪੌ' (ਉਸ ਬੱਸ ਅੱਡੇ ਦਾ ਨਾਮ ਜਿਥੇ ਹਰੋ ਨਾਮ ਦੀ ਬਜ਼ੁਰਗ ਔਰਤ ਯਾਤਰੀਆਂ ਨੂੰ ਜਲ ਛਕਾਇਆ ਕਰਦੀ ਸੀ) 'ਤੇ ਉਤਰਨਾ ਅਤੇ ਇਕ ਕਵਿਤਾ ਜਾਂ ਕਦੇ ਕਦੇ ਗਜ਼ਲ ਉਹਨੇ ਰੋਜ਼ ਸੁਣਾਉਣੀ। ਇਥੋਂ ਤਿੰਨ ਕਿਲੋਮੀਟਰ ਪਹਾੜੀ 'ਤੇ ਪੈਦਲ ਆਪਣੇ ਨੌਕਰੀ ਵਾਲੇ ਟਿਕਾਣੇ 'ਤੇ ਉਹ ਜਾਂਦਾ ਸੀ। ਕਿਤੇ ਮੈਂ ਆਪਣੇ ਸਾਥੀ ਅਧਿਆਪਕਾਂ ਨਾਲ ਘੁੰਮਦਾ ਇਕ ਦਿਨ ਉਸ ਪਿੰਡ ਚਲਾ ਗਿਆ ਜਿਥੇ ਉਹ ਸਖਸ਼ ਨੌਕਰੀ ਕਰਦਾ ਸੀ। ਸੋਚਿਆ ਡੰਗਰਾਂ ਦੇ ਹਸਪਤਾਲ ਚੱਲਦੇ ਹਾਂ ਤੇ ਕਵੀ ਕੋਲ ਬਹਿ ਕੇ ਚਾਰ ਕਵਿਤਾਵਾਂ ਵੀ ਸੁਣਾਂਗੇ। ਇਤਫਾਕਨ ਡਾਕਟਰ ਤਾਂ ਉਥੇ ਹੀ ਸੀ ਪਰ ਉਹ ਫਾਰਮਾਸਿਸਟ ਛੁੱਟੀ 'ਤੇ ਸੀ। ਮੈਂ ਡਾਕਟਰ ਨੂੰ ਮਿੱਤਰ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗਾ, 'ਤੁਸੀਂ ਉਸ ਨੂੰ ਕਿਵੇਂ ਜਾਣਦੇ ਹੋ?'

ਮੈਂ ਕਿਹਾ, 'ਉਹ ਸ਼ਾਇਰ ਹੈ ਤੇ ਲਿਖਣ ਦਾ ਝੱਸ ਮੈਨੂੰ ਵੀ ਹੈ। ਬੱਸ ਇਹੀ ਸਾਡੀ ਸਾਂਝ ਹੈ।'

ਡਾਕਟਰ ਹੱਥ ਜੋੜ ਕੇ ਖੜ੍ਹਾ ਹੋ ਗਿਆ। ਆਖਣ ਲੱਗਾ, 'ਜੇਕਰ ਸੱਚੀਂ ਤੁਹਾਡੀ ਕੋਈ ਸਾਂਝ ਹੈ ਤਾਂ ਮੇਰੀ ਅੱਜ ਮਦਦ ਕਰ ਦਿਓ।'

ਮੈਂ ਪੁੱਛਿਆ, 'ਦੱਸੋ ਕੀ ਮਦਦ ਕਰ ਸਕਦਾਂ?'

ਉਹ ਦੁਖੀ ਹੋ ਕਹਿਣ ਲੱਗਾ, ਤੁਹਾਡਾ ਮਿੱਤਰ ਕਾਲੀਆਂ ਐਨਕਾਂ ਲਾ ਕੇ ਹੱਥ 'ਚ ਡਾਇਰੀ ਫੜ ਰੋਜ਼ ਟਾਈ ਲਾ ਕੇ ਆਉਂਦਾ ਹੈ ਤੇ ਮੈਂ ਜ਼ਿੰਦਗੀ 'ਚ ਕਦੇ ਟਾਈ ਲਾਈ ਹੀ ਨਹੀਂ। ਲੋਕੀਂ ਸਾਰਾ ਦਿਨ ਉਸੇ ਨੂੰ ਹੀ ਡਾਕਟਰ ਸਮਝ ਕੇ 'ਸਾਸਰੀ ਕਾਲ' ਬੁਲਾਈ ਜਾਂਦੇ ਨੇ। ਮੈਂ ਤੁਹਾਡੇ ਵਾਂਗ ਉਹਦੇ ਮੂਹਰੇ ਵੀ ਹੱਥ ਜੋੜ ਕੇ ਖੜਾ ਹੋਇਆ ਸੀ ਕਿ ਮਿੱਤਰਾ, ਤੇਰਾ ਅਹੁਦਾ ਤਾਂ ਸਾਨੂੰ ਦਾ ਗੋਹਾ ਹਟਾਉਣ ਵਾਲੇ ਸਫਾਈ ਸੇਵਕ ਦਾ ਹੈ ਜਾਂ ਸਾਨੂੰ ਨੂੰ ਨੁਹਾਉਣ ਤੇ ਚਾਰਾ ਪਾਉਣ ਦਾ ਹੈ ਪਰ ਘੱਟੋ ਘੱਟ ਤੂੰ ਟਾਈ ਲਾ ਕੇ ਤਾਂ ਨਾ ਆਇਆ ਕਰ। ਚਲੋ ਇਹ ਕੰਮ ਤਾਂ ਮੈਂ ਕਿਸੇ ਹੋਰ ਨੂੰ ਸੌ ਰੁਪਿਆ ਦੇ ਕੇ ਵੀ ਕਰਾ ਲਿਆ ਕਰਾਂਗਾ ਪਰ ਹੈਰਾਨੀ ਇਹ ਹੈ ਕਿ ਉਹ ਗੋਹਾ ਵੀ ਹਟਾ ਦਿੰਦੈ ਤੇ ਟਾਈ ਲਾਉਣੋਂ ਵੀ ਨਹੀਂ ਹਟਦਾ। ਲੱਗਦੈ ਇਹ ਅੰਗਰੇਜ਼ਾਂ ਦੀ ਕਿਸੇ ਪੁਰਾਣੀ ਹਵੇਲੀ ਵਿਚ ਰਹਿੰਦੇ ਹੋਣੇ ਆ।'

ਮੈਂ ਸੋਚ ਰਿਹਾ ਸਾਂ, ਹੱਸਾਂ ਕਿ ਰੋਵਾਂ ਕਿਉਂਕਿ ਇਸ ਕਵੀ ਮਿੱਤਰ ਦਾ ਅਹੁਦਾ ਤਾਂ ਦਰਜਾ ਚਾਰ ਦਾ ਸੀ, ਸਫਾਈ ਸੇਵਕ ਵਾਲਾ ਪਰ ਉਹ ਐਨਕਾਂ ਲਾ ਕੇ ਸਾਨੂੰ ਆਪਣੇ ਆਪ ਨੂੰ ਫਾਰਮਾਸਿਸਟ ਹੀ ਦੱਸਦਾ ਰਿਹਾ। ਅਸਲ ਵਿਚ ਮੈਨੂੰ ਬੜੀ ਦੇਰ ਬਾਅਦ ਪਤਾ ਲੱਗਾ ਕਿ ਉਹ ਸ਼ਾਮ ਨੂੰ ਕਈ ਪੈਗ ਪੀ ਕੇ ਟਾਈ ਲਾਹੁੰਦਾ ਹੀ ਨਹੀਂ ਸੀ ਤੇ ਉਵੇਂ ਹੀ ਸਵੇਰ ਨੂੰ ਟਾਈ ਸਣੇ ਬੱਸੇ ਚੜ੍ਹ ਆਉਂਦਾ ਸੀ।

ਕੋਈ ਗੁੱਸਾ ਕਰੇ ਜਾਂ ਬੁਰਾ ਮਨਾਵੇ ਬਿਹਾਰ, ਯੂ.ਪੀ. ਤੇ ਰਾਜਸਥਾਨ ਦੇ ਬਹੁਤੇ ਲੋਕਾਂ ਨੂੰ ਅਜੇ ਤੱਕ ਪਤਾ ਹੀ ਨਹੀਂ ਕਿ ਟਾਈ ਕੀ ਹੁੰਦੀ ਹੈ ਪਰ ਪੰਜਾਬ ਦੇ ਲਗਭਗ ਸਾਰੇ ਪਿੰਡਾਂ ਵਿਚ ਹੁਣ ਟਾਈ ਘਰਾਂ ਦੀਆਂ ਉਨ੍ਹਾਂ ਕਿੱਲੀਆਂ ਨਾਲ ਟੰਗੀ ਦੇਖੀ ਜਾ ਸਕਦੀ ਹੈ ਜਿਥੇ ਕਦੇ ਪਰਾਂਦੇ ਜਾਂ ਰੇਸ਼ਮੀ ਨਾਲੇ ਲਟਕਦੇ ਸਨ। ਫੋਟੋਆਂ ਵੇਖ ਕੇ ਮੇਰਾ ਨਿੱਕੇ ਹੁੰਦੇ ਦਾ ਦਿਲ ਕਰਦਾ ਕਿ ਮੈਂ ਵੀ ਕਦੇ ਟਾਈ ਲਾਵਾਂ। ਸਬੱਬ ਨਾਲ ਸਾਡੇ ਪਿੰਡ ਮਾੜੇ ਮੋਟੇ ਚੰਗੇ ਪਰਿਵਾਰ ਵਿਚ ਇਕ ਬਰਾਤ ਆ ਗਈ। ਬਹੁਤੇ ਬਰਾਤੀਆਂ ਨੇ ਟਾਈਆਂ ਲਾਈਆਂ ਹੋਈਆਂ ਸਨ। ਡੋਲੀ ਤੁਰਨ ਵੇਲੇ ਨਿੱਕੇ ਨਿੱਕੇ ਬੱਚਿਆਂ ਨਾਲ ਜੋੜੀ ਤੋਂ ਵਾਰ ਕੇ ਸੁੱਟੀ ਭਾਨ ਮੈਂ ਵੀ ਚੁੱਕ ਕੇ ਜਦੋਂ ਘਰ ਲਿਆਇਆ ਤਾਂ ਮਾਂ ਨੂੰ ਕਿਹਾ, 'ਨਵਿਆਂ ਦੀ ਬਰਾਤ 'ਚ ਬਹੁਤ ਲੋਕਾਂ ਨੇ ਟਾਈਆਂ ਲਾਈਆਂ ਹੋਈਆਂ ਸਨ, ਮੈਂ ਵੀ ਲਾਉਣੀ ਆ।' ਮਾਂ ਨੇ ਵੱਟ ਕੇ ਚਪੇੜ ਮਾਰੀ ਤੇ ਕਹਿਣ ਲੱਗੀ, 'ਚੱਕਿਆ ਟਾਈ ਦਾ, ਪਹਿਲਾਂ ਪਜਾਮੇ ਦਾ ਨਾਲਾ ਟੰਗ, ਇਹ ਟਾਈਆਂ ਵੱਡੇ ਵੱਡੇ ਲੋਕ ਲਾਉਂਦੇ ਆ।'

ਮੈਂ ਥੱਪੜ ਖਾ ਕੇ ਵੀ ਅਗਲਾ ਸਵਾਲ ਕਰ ਲਿਆ, 'ਮਾਂ ਇਹ ਵੱਡੇ ਵੱਡੇ ਲੋਕ ਕੌਣ ਹੁੰਦੇ ਨੇ।'

ਕਹਿਣ ਲੱਗੀ, 'ਜਿਹੜੇ ਅਫਸਰ ਹੋਣ, ਜਿਨ੍ਹਾਂ ਨਾਲ ਆਮ ਬੰਦਾ ਗੱਲ ਨਾ ਕਰ ਸਕੇ। ਇਹ ਟਾਈਆਂ ਕਿਤੇ ਮੁੱਲ ਖਰੀਦਦੇ ਆ, ਇਨ੍ਹਾਂ ਨੂੰ ਸਰਕਾਰ ਦਿੰਦੀ ਆ।'

ਸੀ ਤਾਂ ਮੈਂ ਬੱਚਾ ਹੀ, ਪੰਜਵੀਂ ਜਾਂ ਛੇਵੀਂ ਵਿਚ ਪੜ੍ਹਦਾ ਹੋਵਾਂਗਾ ਪਰ ਮਾਂ ਨੂੰ ਇਹ ਜ਼ਰੂਰ ਕਿਹਾ, 'ਇਹ ਟਾਈਆਂ ਬੰਨ੍ਹਣ ਵਾਲੇ ਵੱਡੇ ਲੋਕ ਤਾਂ ਸ਼ਰਾਬ ਪੀ ਕੇ ਮੰਜਿਆਂ ਦੀਆਂ ਦੌਣਾਂ ਵਿਚ ਫਸੇ ਪਏ ਨੇ।'

'ਬਹੁਤੀਆਂ ਗੱਲਾਂ ਨਾ ਬਣਾ ਇਹ ਤੇਰੇ ਵੱਸ ਦਾ ਰੋਗ ਨਹੀਂ, ਟਾਈ ਲਾਉਣ ਲਈ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਆ ਤੇ ਤੇਰਾ ਤਾਂ ਪਿਓ ਹੀ ਹੈਨੀਂ, ਟਾਈਆਂ ਗਰੀਬਾਂ ਦੇ ਘਰਾਂ ਵਿਚ ਨਹੀਂ ਕੋਈ ਬੰਨ੍ਹਦਾ ਹੁੰਦਾ।'

ਮੈਨੂੰ ਯਾਦ ਹੈ, ਕੁਝ ਦਿਨਾਂ ਬਾਅਦ ਜਦੋਂ ਮੈਂ ਸਕੂਲੋਂ ਛੁੱਟੀ ਕਰਕੇ ਘਰ ਪਹੁੰਚਿਆ ਤਾਂ ਮਾਂ ਸ਼ਾਇਦ ਮੈਨੂੰ ਡਰਾਉਣ ਲਈ ਹੀ ਇਕ ਗਵਾਂਢੀ ਵੱਡੇ ਸਰਦਾਰ ਨੂੰ ਮੂੰਹ ਦੇ ਸੱਜੇ ਪਾਸਿਓਂ ਘੁੰਡ ਦਾ ਓਹਲਾ ਕਰਕੇ ਪੁੱਛ ਰਹੀ ਸੀ, 'ਭਾਈਆ ਆਹ ਸਾਡਾ ਮੁੰਡਾ ਕਈਆਂ ਦਿਨਾਂ ਦਾ ਟਾਈ ਨੂੰ ਬੜੀ ਅੜੀ ਕਰਦਾ, ਇਹਨੂੰ ਕੁਝ ਸਮਝਾ।'

ਵੱਡਾ ਸਰਦਾਰ ਡਰਾ ਕੇ ਕਹਿਣ ਲੱਗਾ, 'ਪੁਲਿਸ ਫੜ ਕੇ ਲੈ ਜੂ, ਇਹ ਤਾਂ ਉਹ ਬੰਨ੍ਹਦੇ ਆ ਜਿਨ੍ਹਾਂ ਦਾ ਪਿਓ ਦਿੱਲੀ ਸਰਕਾਰੀ ਨੌਕਰੀ ਕਰਦਾ ਹੋਵੇ।'

ਮੈਨੂੰ ਲੱਗਦਾ ਸ਼ਾਇਦ ਮੈਂ ਜ਼ਿੰਦਗੀ ਵਿਚ ਕਦੇ ਟਾਈ ਨਹੀਂ ਬੰਨ੍ਹ ਸਕਾਂਗਾ।

ਕਿਤੇ ਦੋ ਕੁ ਮਹੀਨੇ ਬਾਅਦ ਮਾਂ ਨਾਨਕਿਆਂ ਤੋਂ ਇਕ ਸੂਟ ਲਿਆਈ ਜਿਸ ਵਿਚ ਸਲਵਾਰ ਕੱਪੜੇ ਦਾ ਥਰ ਉਨ੍ਹਾਂ ਹੀ ਬਰਾਤੀਆਂ ਦੀਆਂ ਧਾਰੀਆਂ ਵਾਲੀਆਂ ਟਾਈਆਂ ਵਰਗਾ ਸੀ। ਮੈਂ ਉਹ ਕੱਪੜਾ ਚੋਰੀ ਖਿਸਕਾ ਲਿਆ।

ਕਿਤੇ ਮੈਂ ਤੇ ਮੇਰੀ ਭੈਣ ਜੋ ਮੈਥੋਂ ਡੇਢ ਕੁ ਸਾਲ ਹੀ ਵੱਡੀ ਹੈ ਇਕੱਲੇ ਘਰ ਸਾਂ, ਮੈਂ ਮਾਂ ਦੇ ਸੂਟ ਦਾ ਉਹੀ ਕਪੱੜਾ ਕੱਢ ਲਿਆ ਤੇ ਭੈਣ ਨੂੰ ਕਿਹਾ, 'ਭੈਣ ਬਣ ਕੇ ਮਾਂ ਨੂੰ ਨਾ ਦੱਸੀਂ, ਮੈਂ ਇਹਦੀ ਟਾਈ ਬਣਾਉਣੀ ਹੈ।'

ਉਹ ਕਹਿਣ ਲੱਗੀ, 'ਮੈਂ ਜ਼ਿੰਮੇਵਾਰ ਨਹੀਂ ਜੇ ਪਤਾ ਲੱਗਿਆ ਤਾਂ 'ਕੱਲਾ ਹੀ ਕੁੱਟ ਖਾਈਂ।'

ਚਲੋ! ਮੈਂ ਕੈਂਚੀ ਨਾਲ ਉਹਦੀ ਵਿੰਗੀ ਟੇਡੀ ਟਾਈ ਤਾਂ ਕੱਟ ਵੱਢ ਕੇ ਬਣਾ ਲਈ ਪਰ ਗੰਢ ਨਾ ਦੇਣੀ ਆਈ। ਗੰਢ ਦੇਣ ਦੀ ਖੱਜਲ ਖੁਆਰੀ ਵਿਚ ਉਲਝਦੇ ਨੂੰ ਮਾਂ ਦੇ ਆਉਣ ਦਾ ਚੇਤਾ ਹੀ ਭੁੱਲ ਗਿਆ। ਮੂੰਹ ਚੁੱਕ ਕੇ ਵੇਖਿਆ ਤਾਂ ਮਾਂ ਸਾਹਮਣੇ ਖੜੀ ਸੀ। ਕਹਿਣ ਲੱਗੀ, 'ਕੀ ਕਰਦਾ ਸੀ? ਆਹ ਕੱਪੜਾ ਕਿਥੋਂ ਲਿਆ? ਕੈਂਚੀ ਨਾਲ ਕੀ ਕਰਦਾ ਸੀ?' ਤੇ ਜਦੋਂ ਉਹਨੂੰ ਪਤਾ ਲੱਗਾ ਕਿ ਉਹਦੇ ਪੇਕਿਆਂ ਦੇ ਦਿੱਤੇ ਲੋਹੜੀ ਦੇ ਸੂਟ ਦਾ ਇਹ ਹਾਲ ਕਰ ਦਿੱਤਾ ਹੈ ਤਾਂ ਮੇਰੀ ਹਾਲਤ ਮਾਂ ਨੇ ਉਦਣ ਉਹੀ ਕੀਤੀ ਜਿਹੜੀ ਕਿਸੇ ਲੀਡਰ ਦੀ ਸਿਫਾਰਿਸ਼ 'ਤੇ ਨਾਜਾਇਜ਼ ਦੋਸ਼ਾਂ ਅਧੀਨ ਫੜੇ ਬੰਦੇ ਦਾ ਪੁਲਿਸ ਪਹਿਲੇ ਦਿਨ ਰਿਮਾਂਡ 'ਤੇ ਕਰਦੀ ਹੈ।

ਮਾਂ ਨੂੰ ਦੁੱਖ ਸੀ ਕਿ ਮੈਂ ਉਹਦਾ ਸੂਟ ਖਰਾਬ ਕਰ ਦਿੱਤਾ ਸੀ ਪਰ ਸਾਡੇ ਪਿੰਡ ਸਾਈਕਲ 'ਤੇ ਕੱਪੜੇ ਵੇਚਦੇ ਸਾਧੂ ਸਿੰਘ ਨੇ ਮੈਨੂੰ ਰੋਂਦਾ ਵੇਖ ਕੇ ਮਾਂ ਨੂੰ ਕਹਾਣੀ ਪੁੱਛੀ ਤਾਂ ਕਹਿਣ ਲੱਗੀ, 'ਇਸ ਕੰਜਰ ਨੂੰ ਨੱਕ ਨਹੀਂ ਪੂੰਝਣਾ ਆਉਂਦਾ, ਟਾਈ ਬਣਾਉਂਦੇ ਨੇ ਮੇਰਾ ਸੂਟ ਫੂਕ ਦਿੱਤਾ।'

ਪਰ ਉਸ ਸਾਧੂ ਸਿੰਘ ਨੇ ਸਾਧੂ ਸੁਭਾਅ ਵਾਂਗ ਉਸ ਦਿਨ ਜਿਹੜੀ ਗੱਲ ਕਹੀ 'ਪ੍ਰਕਾਸ਼ ਕੌਰੇ ਅੱਜ ਤਾਂ ਤੂੰ ਮੁੰਡਾ ਕੁੱਟ ਲਿਆ, ਇਹਨੂੰ ਫਿਰ ਨਾ ਕੁੱਟੀਂ। ਇਹਦੇ ਚਾਅ ਦੱਸਦੇ ਨੇ ਇਹ ਜ਼ਰੂਰ ਕੁਝ ਖਾਸ ਹੋਵੇਗਾ' ਅਜੇ ਤੱਕ ਨਹੀਂ ਭੁੱਲੀ।

...ਤੇ ਉਹੀ ਖਾਸ ਬਣਨ ਲਈ ਮੈਂ ਜ਼ਿੰਦਗੀ 'ਚ ਸੰਘਰਸ਼ ਕਰੀ ਜਾ ਰਿਹਾ ਹਾਂ।

1972 ਵਿਚ ਇਕ ਫਿਲਮ ਆਈ ਸੀ ਅਭਿਨੇਤਰੀ ਇੰਦਰਾ ਬਿੱਲੀ ਦੀ 'ਪਟੋਲਾ' ਤੇ ਉਹਦਾ ਇਕ ਗੀਤ ਹਰ ਪੰਜਾਬੀ ਨੂੰ ਚੇਤੇ ਹੋਵੇਗਾ:

ਲੰਬੀ ਸੜ੍ਹਕ ਤੇ ਵਖਤ ਦੁਪਹਿਰ ਦਾ
ਇਕ ਬਾਬੂ ਡਿੱਠਾ ਸ਼ਹਿਰ ਦਾ
ਜਿਹਦਾ ਪੈਰ ਨਾ ਭੁੰਜੇ ਠਹਿਰ ਦਾ
ਨੀ ਨਕਟਾਈ ਵਾਲਾ ਬਾਬੂ ਸ਼ਹਿਰ ਦਾ।

ਟਾਈ ਭਾਵੇਂ ਹੁਣ ਖਾਸ ਨਾ ਰਹੀ ਹੋਵੇ ਪਰ ਇਨ੍ਹਾਂ ਘਟਨਾਵਾਂ ਨੇ ਮੇਰੀ ਜ਼ਿੰਦਗੀ 'ਚ ਟਾਈ ਦਾ ਖਾਸ ਹੋਣਾ ਹਮੇਸ਼ਾ ਹੀ ਖਾਸ ਬਣਾਈ ਰੱਖਿਆ ਹੈ ਕਿਉਂਕਿ ਬਚਪਨ ਵਿਚ ਬਹੁਤਿਆਂ ਨੇ ਕਈ ਕਈ ਦਿਨ ਨਹਾਤਾ ਨਹੀਂ ਹੋਵੇਗਾ, ਮੰਨਣ ਭਾਵੇਂ ਹੁਣ ਵੀ ਨਾ!

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### *ਸਾਧ ਤੇ ਨੇਤਾ*

*ਸਭ ਕੁਝ ਉਲਝ ਗਿਆ ਏ ਮਿੱਤਰੋ ਸਣੇ ਤੰਦ ਤੇ ਤਾਣੀ,*
*ਤੋਤਾ ਮੈਨਾ ਵਰਗੀ ਲੱਗਦੀ ਇਕੋ ਜਿਹੀ ਕਹਾਣੀ।*
*ਰਾਜਨੀਤੀ ਦੀ ਦਲਦਲ ਦੇ ਵਿਚ ਫਸੇ ਵੇਖ ਕੇ ਲੋਕੀ,*
*ਪਹਿਲਾਂ ਤਾੜੀ ਰਾਜਾ ਮਾਰਦਾ ਮਗਰ ਮਾਰਦੀ ਰਾਣੀ।*
*ਫੁੱਲੀਆਂ ਵੰਡਦਾ ਸਾਧ ਹਰਾਮੀ ਫੇਰ ਭੇਤ ਕੇ ਮਾਰੂ,*
*ਇਹਦੇ ਪੁਲ ਦੇ ਹੇਠੋਂ ਲੰਘਦਾ ਅੱਜ ਕੱਲ੍ਹ ਅੱਗ ਦਾ ਪਾਣੀ।*
*ਕਤਲ ਹੋਣਗੇ ਜਿਵੇਂ ਮੁਜਾਹਰੇ ਹੁੰਦੇ ਚਾਰ ਚੁਫੇਰੇ,*
*ਖਚਰੇ ਨੇਤਾ ਚੱਲ ਗਏ ਆਪਣੀ ਉਹੀ ਚਾਲ ਪੁਰਾਣੀ।*
*ਕਿੱਦਾਂ ਬਹਿ ਗਈ ਅੱਖ ਬਚਨੀਏ ਫਿਰ ਤਾਂ ਦਊਗੀ ਦੱਸ,*
*ਸਿਰ ਪਾੜ ਦਊਂ ਉਂ ਜੇ ਪੁੱਛਿਆ ਕਿੱਦਾਂ ਹੋ ਗਈ ਕਾਣੀ?*
*ਜਿਨ੍ਹਾਂ ਲੀਡਰਾਂ ਪਿੱਛੇ 'ਭੌਰੇ' ਲੋਕੀਂ ਲਾਹ ਕੇ ਫਿਰਦੇ ਨੇ,*
*ਇਨ੍ਹਾਂ ਦਾ ਜੇ ਮਰ ਗਿਆ ਕੁੱਤਾ ਜਾਣਗੇ ਫਿਰ ਮਕਾਣੀਂ।*

# ਪੱਗੜੀ ਸੰਭਾਲ ਜੱਟਾ...

## ਦੁਖਦੀ ਰਗ

ਅੰਗਰੇਜ਼ਾਂ ਨੇ ਪੰਜਾਬ ਦੇ ਲਾਇਲਪੁਰ (ਹੁਣ ਪਾਕਿਸਤਾਨ ਵਿਚ) ਇਲਾਕੇ ਦੀ ਬੰਜਰ ਜ਼ਮੀਨ ਨੂੰ ਆਬਾਦ ਕਰਨ ਲਈ ਚਨਾਬ ਦਰਿਆ ਵਿਚੋਂ ਨਹਿਰਾਂ ਕੱਢ ਕੇ ਪਾਣੀ ਦਾ ਪ੍ਰਬੰਧ ਕੀਤਾ ਅਤੇ ਪੰਜਾਬ ਦੇ ਪਿੰਡਾਂ, ਖਾਸ ਕਰ ਅੰਮ੍ਰਿਤਸਰ, ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲਿਆਂ ਦੇ ਸਾਬਕਾ ਫੌਜੀਆਂ ਅਤੇ ਆਮ ਕਿਸਾਨਾਂ ਨੂੰ ਹੱਲਾ-ਸ਼ੇਰੀ ਦਿੱਤੀ ਕਿ ਉਹ ਜ਼ਮੀਨਾਂ ਆਬਾਦ ਕਰਨ ਅਤੇ ਜ਼ਮੀਨਾਂ ਦੇ ਮਾਲਕ ਬਣਨ। ਕਿਸਾਨਾਂ ਨੇ ਹੱਡ-ਭੰਨਵੀਂ ਮਿਹਨਤ ਨਾਲ ਇਨ੍ਹਾਂ ਬੰਜਰ ਜ਼ਮੀਨਾਂ ਨੂੰ ਆਬਾਦ ਕੀਤਾ ਅਤੇ ਸਰਕਾਰ ਨੂੰ ਅੱਛੀ-ਖਾਸੀ ਆਮਦਨ ਵੀ ਹੋਣ ਲੱਗੀ। ਆਬਾਦ ਹੋ ਜਾਣ 'ਤੇ ਅੰਗਰੇਜ਼ ਸਰਕਾਰ ਨੇ 'ਨਿਊ ਕਾਲੋਨਾਈਜੇਸ਼ਨ ਐਕਟ' ਅਤੇ 'ਦੋਆਬ-ਬਾਰੀ ਐਕਟ' ਪਾਸ ਕਰ ਦਿੱਤੇ। ਇਨ੍ਹਾਂ ਐਕਟਾਂ



**ਡਾ. ਗੁਰਨਾਮ ਕੌਰ, ਕੈਨੇਡਾ**

ਅਨੁਸਾਰ ਕਿਸਾਨਾਂ ਨੇ ਜਿਨ੍ਹਾਂ ਜ਼ਮੀਨਾਂ ਨੂੰ ਆਪਣੀਆਂ ਜੱਦੀ ਜ਼ਮੀਨਾਂ, ਘਰ-ਬਾਰ ਛੱਡ ਕੇ ਆਬਾਦ ਕੀਤਾ ਸੀ, ਉਨ੍ਹਾਂ ਜ਼ਮੀਨਾਂ ਤੋਂ ਉਨ੍ਹਾਂ ਦਾ ਮਾਲਕੀ ਦਾ ਹੱਕ ਖੋਹ ਲਿਆ ਗਿਆ ਸੀ। ਉਹ ਸਿਰਫ ਫਸਲ ਦੇ ਹਿੱਸੇਦਾਰ ਰਹਿ ਗਏ ਸੀ ਭਾਵ ਮੁਜਾਰੇ ਬਣ ਗਏ ਸਨ ਅਤੇ ਆਪਣੀ ਮਰਜ਼ੀ ਨਾਲ ਜ਼ਮੀਨਾਂ 'ਤੇ ਹੋਰ ਕੋਈ ਹੱਕ ਉਨ੍ਹਾਂ ਦਾ ਨਹੀਂ ਸੀ ਰਹਿ ਗਿਆ।

1906 ਵਿਚ ਗਰਮ-ਖਿਆਲੀ ਸੁਤੰਤਰਤਾ ਸੰਗਰਾਮੀਆਂ ਵੱਲੋਂ ਭਾਰਤ ਮਾਤਾ ਸੁਸਾਇਟੀ ਬਣਾਈ ਗਈ ਸੀ, ਪੰਜਾਬ ਵਿਚ ਜਿਸ ਦੀ ਰੂਹੇ-ਰਵਾਂ ਸਰਦਾਰ ਅਜੀਤ ਸਿੰਘ (ਭਗਤ ਸਿੰਘ ਸ਼ਹੀਦ ਦੇ ਚਾਚਾ ਜੀ। ਸਰਦਾਰ ਅਜੀਤ ਸਿੰਘ ਨੇ ਆਪਣਾ ਸਾਰਾ ਜੀਵਨ ਦੇਸ਼ ਦੀ ਅਜ਼ਾਦੀ ਦੀ ਲੜਾਈ ਦੇ ਲੇਖੇ ਲਾ ਦਿੱਤਾ ਪਰ ਅੱਜ ਉਨ੍ਹਾਂ ਨੂੰ ਸਿਰਫ ਭਗਤ ਸਿੰਘ ਦਾ ਚਾਚਾ ਹੋਣ ਕਰਕੇ ਹੀ ਯਾਦ ਕੀਤਾ ਜਾਂਦਾ ਹੈ) ਸਨ। ਇਨ੍ਹਾਂ ਨਵੇਂ ਕਾਨੂੰਨਾਂ ਦੀ ਖਿਲਾਫਤ ਲਈ ਕਿਸਾਨਾਂ ਨੇ ਸਰਦਾਰ ਅਜੀਤ ਸਿੰਘ ਦੀ ਅਗਵਾਈ ਵਿਚ ਸੰਘਰਸ਼ ਵਿੱਢ ਦਿੱਤਾ ਅਤੇ ਥਾਂ ਥਾਂ ਅੰਗਰੇਜ਼ਾਂ ਦੀ ਮੁਖਾਲਫਤ ਜਲਸੇ, ਜਲੂਸ ਅਤੇ ਹੋਰ ਹਰ ਤਰ੍ਹਾਂ ਦੇ ਵਿਖਾਵਿਆਂ ਰਾਹੀਂ ਜ਼ੋਰ-ਸ਼ੋਰ ਨਾਲ ਸ਼ੁਰੂ ਹੋ ਗਈ। ਇਸੇ ਸਬੰਧ ਵਿਚ 3 ਮਾਰਚ 1907 ਨੂੰ ਲਾਇਲਪੁਰ ਵਿਚ ਬਹੁਤ ਵਿਸ਼ਾਲ ਰੈਲੀ ਕੀਤੀ ਗਈ। ਇਸ ਰੈਲੀ ਵਿਚ 'ਝੰਗ ਸਿਆਲ' ਅਖਬਾਰ ਦੇ ਸੰਪਾਦਕ ਬਾਂਕੇ ਦਿਆਲ ਨੇ ਇੱਕ ਗੀਤ ਰੱਖਿਆ, 'ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਇ,ਤੇਰਾ ਲੁੱਟ ਲਿਆ ਮਾਲ ਓਇ' ਅਤੇ ਇਹ ਗੀਤ ਏਨਾ ਜ਼ਿਆਦਾ ਮਸ਼ਹੂਰ ਹੋਇਆ ਕਿ ਅੰਗਰੇਜ਼-ਵਿਰੋਧੀ ਇਸ ਕਿਸਾਨ ਲਹਿਰ ਦਾ ਨਾਮ ਹੀ 'ਪੱਗੜੀ ਸੰਭਾਲ' ਪੈ ਗਿਆ। ਇਸ ਗੀਤ ਦੇ ਮੋਟੇ ਜਿਹੇ ਅਰਥ ਇਹ ਸਨ ਕਿ ਕਿਸਾਨ ਦੁਨੀਆਂ ਭਰ ਦਾ ਅੰਨ ਦਾਤਾ ਹੈ ਪਰ ਉਸ ਦੀਆਂ ਆਪਣੀਆਂ ਜੇਬਾਂ ਖਾਲੀ ਹਨ। ਉਸ ਦੇ ਘਰ ਵਿਚ ਹਨੇਰਾ (ਤੰਗੀਆਂ ਕਾਰਨ) ਹੈ ਪਰ ਲੋਕਾਂ ਦੀ ਦੀਵਾਲੀ ਹੈ। ਉਹ ਭਾਵੇਂ ਗਊਆਂ ਪਾਲਣ ਵਾਲਾ ਹੈ ਪਰ ਉਸ ਦੇ ਬੱਚੇ ਦੁੱਧ ਨੂੰ ਤਰਸ ਰਹੇ ਹਨ। ਉਚਾ ਅੰਬਰ ਕਿਸਾਨ ਦਾ ਰਾਖਾ ਹੈ ਅਤੇ ਧਰਤੀ ਉਸ ਦੀ ਮਾਂ ਹੈ ਪਰ ਸਾਰੀ ਦੁਨੀਆਂ ਕਿਸਾਨ ਦੀ ਕਮਾਈ ਖਾ ਰਹੀ ਹੈ। ਜਿਹੜੇ ਆਪਣੇ ਆਪ ਨੂੰ ਕਿਸਾਨ ਦੇ ਰਖਵਾਲੇ ਕਹਿੰਦੇ ਹਨ, ਉਹ ਹੀ ਉਸ ਦੀ ਖੇਤੀ ਨੂੰ ਖਾ ਰਹੇ ਹਨ। ਮੋਟੇ ਢਿੱਡਾਂ ਵਾਲਿਆਂ ਨੇ ਕਿਸਾਨ ਦਾ ਜੀਵਨ ਦਾ ਹੱਕ ਵੀ ਖੋਹ ਲਿਆ ਹੈ (ਵੀਰਾ ਤੈਨੂੰ ਜੀਣ ਨਾ ਦਿੰਦੇ ਮੋਟੇ ਢਿੱਡਾਂ ਵਾਲੇ)।

ਆਜ਼ਾਦੀ ਮਿਲਿਆਂ ਭਾਵੇਂ 68 ਸਾਲ ਹੋ ਗਏ ਹਨ ਪਰ ਕਿਸਾਨ ਦੀ ਹਾਲਤ ਬਹੁਤੀ ਬਦਲੀ ਨਹੀਂ ਹੈ। ਅੱਜ ਵੀ ਬਾਂਕੇ ਦਿਆਲ ਦਾ ਗੀਤ ਅਤੇ ਸਰਦਾਰ ਅਜੀਤ ਸਿੰਘ ਦਾ ਪੱਗੜੀ ਸੰਭਾਲ ਮੋਰਚਾ ਕਿਸਾਨ/ਮਜ਼ਦੂਰ (ਖੇਤੀ ਦੇ ਕਿੱਤੇ ਨਾਲ ਜੁੜਿਆ ਮਜ਼ਦੂਰ ਵੀ ਓਨਾ ਹੀ ਮਾਰੂ-ਅਸਰ ਹੇਠ ਹੈ) ਲਈ ਉਵੇਂ ਹੀ 'ਲਾਈਟ ਹਾਊਸ' ਦੀ ਤਰ੍ਹਾਂ ਰਾਹ-ਦਰਸਾਊ ਹੈ। ਕਦੀ ਅਮਰੀਕਨ ਸੁੰਡੀ ਦੀ ਮਾਰ, ਕਦੀ ਚਿੱਟੇ ਮੱਛਰ ਦੀ ਮਾਰ, ਨਕਲੀ ਖਾਦਾਂ, ਨਕਲੀ ਕੀੜੇ ਮਾਰ ਦਵਾਈਆਂ, ਸਰਕਾਰਾਂ ਦੀ ਅਣਗਹਿਲੀ, ਬੈਂਕਾਂ ਦੇ ਕਰਜ਼ੇ ਅਤੇ ਹੋਰ ਬਹੁਤ ਕੁਝ, ਉਸ ਦੀ ਕਿਸਮਤ ਅਤੇ ਮਿਹਨਤ ਦੋਵਾਂ ਨੂੰ ਰਾਹੂ-ਕੇਤੂ ਬਣ ਕੇ ਚੰਬੜੇ ਹੋਏ ਹਨ। ਕਿਸਾਨ ਖੁਦਕਸ਼ੀਆਂ ਕਰ ਰਿਹਾ ਹੈ। ਉਸ ਦੇ ਬੱਚਿਆਂ ਲਈ ਉਚੀ ਵਿਦਿਆ ਦੇ ਦਰਵਾਜ਼ੇ ਬੰਦ ਹੋ ਗਏ ਹਨ ਕਿਉਂਕਿ ਉਚੀ ਵਿਦਿਆ ਮਹਿੰਗੀ ਹੋ ਗਈ ਹੈ, ਉਹ ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਰਿਹਾ ਹੈ ਅਤੇ ਇਲਾਜ ਲਈ ਪੈਸਾ ਨਹੀਂ ਹੈ। ਡਾਕਟਰੀ ਸਹੂਲਤਾਂ ਆਮ ਆਦਮੀ ਦੇ ਵੱਸ ਦਾ ਰੋਗ ਨਹੀਂ ਰਿਹਾ। ਇਸ ਸਭ ਦਾ ਖੁਲਾਸਾ ਪਹਿਲਾਂ ਵੀ ਹੁੰਦਾ ਰਿਹਾ ਹੈ ਅਤੇ 'ਪੰਜਾਬ ਟਾਈਮਜ਼' ਵਿਚ ਕਿਸਾਨ ਮੋਰਚੇ ਦੇ ਸਬੰਧ ਵਿਚ ਛਪੇ ਦਲਜੀਤ ਅਮੀ ਦੇ ਲੇਖ 'ਸਰਕਾਰ, ਵਿਗਿਆਨੀ ਅਤੇ ਹਟਵਾਣੀਏ ਦਾ ਚਿੱਟਾ ਮੱਛਰ' ਵਿਚ ਬਹੁਤ ਵਿਸਥਾਰ ਵਿਚ ਪੜ੍ਹਨ ਨੂੰ ਮਿਲ ਜਾਂਦਾ ਹੈ।

ਅੰਗਰੇਜ਼ ਬਾਹਰੋਂ ਵਪਾਰੀ ਬਣ ਕੇ ਆਇਆ ਸੀ ਅਤੇ ਰਾਜਾ ਬਣ ਬੈਠਾ। ਉਸ ਦਾ ਵੱਡਾ ਮਕਸਦ ਹਿੰਦੁਸਤਾਨ ਨੂੰ ਲੁੱਟ ਲੁੱਟ ਕੇ ਇਸ ਦੀ ਦੌਲਤ ਨਾਲ ਆਪਣੇ ਮੁਲਕ ਦੇ ਖਜ਼ਾਨੇ ਭਰਨੇ ਅਤੇ ਐਸ਼ੋ-ਆਰਾਮ ਕਰਨਾ ਸੀ। ਹੁਣ ਸਰਕਾਰ ਦੇ ਰੂਪ ਵਿਚ 'ਮੰਤਰੀ-ਸੰਤਰੀ' ਵਪਾਰੀ ਬਣ ਗਏ ਹਨ। ਉਨ੍ਹਾਂ ਦਾ ਇੱਕੋ-ਇੱਕ ਮਕਸਦ ਆਪਣੀਆਂ ਤਿਜੋਰੀਆਂ ਭਰਨਾ ਅਤੇ ਜਨਤਾ ਦੀ ਲੁੱਟ-ਖਸੁੱਟ ਦੇ ਪੈਸੇ 'ਤੇ



ਐਸ਼ ਕਰਨਾ ਹੋ ਗਿਆ ਹੈ। ਸਰਕਾਰਾਂ ਰਾਜ ਕਰਦੀਆਂ ਕਰਦੀਆਂ ਵਪਾਰੀ ਬਣ ਗਈਆਂ ਹਨ। ਇਸੇ ਲਈ ਤਾਂ ਵੱਡੇ ਅਤੇ ਛੋਟੇ ਕਾਰੋਬਾਰ (ਬੱਸਾਂ, ਮਿੰਨੀ ਬੱਸਾਂ, ਕੇਬਲ, ਮੀਡੀਆ, ਹੋਟਲ, ਰੇਤਾ-ਬਜਰੀ, ਨਸ਼ਿਆਂ ਦਾ ਕਾਰੋਬਾਰ ਹੋਰ ਪਤਾ ਨਹੀਂ ਕੀ ਕੀ) ਸਭ ਕੁਝ 'ਤੇ ਮੁੱਖ ਮੰਤਰੀਆਂ, ਉਪ-ਮੁੱਖ ਮੰਤਰੀਆਂ, 'ਮੰਤਰੀਆਂ-ਸੰਤਰੀਆਂ' ਦਾ ਕਬਜ਼ਾ ਹੋ ਗਿਆ ਹੈ। ਕੁਝ ਵੀ ਤਾਂ ਲੋਕਾਂ ਦੇ ਹੱਥ ਵਿਚ ਨਹੀਂ ਰਿਹਾ। ਕਿਸਾਨ ਦੇ ਬੱਚਿਆਂ ਦਾ ਕੇਵਲ ਦੁੱਧ ਹੀ ਨਹੀਂ ਖੁੱਸਿਆ, ਉਸ ਨੂੰ ਹਰ ਸਹੂਲਤ ਤੋਂ ਸੱਖਣਾ ਕਰ ਦਿੱਤਾ ਗਿਆ ਹੈ, ਮੂੰਹ ਦੀ ਬੁਰਕੀ ਤੱਕ ਖੋਹ ਲਈ ਗਈ ਹੈ।

'ਹਟਵਾਣੀਏ ਦਾ ਚਿੱਟਾ ਮੱਛਰ' ਇਸ ਲਈ ਹਟਵਾਣੀਏ ਦਾ ਹੈ ਕਿਉਂਕਿ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਬਣਾਉਣ ਵਾਲੀਆਂ ਫੈਕਟਰੀਆਂ ਅਤੇ ਵੇਚਣ ਵਾਲੇ ਹਟਵਾਣੀਏ ਨਾਲ ਸਰਕਾਰ ਦੀ ਭਾਈਵਾਲੀ ਹੈ। 'ਮੰਤਰ-ਸੰਤਰੀ' ਆਪ ਹੀ ਵਪਾਰੀ ਬਣ ਗਏ ਹਨ, ਹਰ ਵਪਾਰ ਵਿਚ ਹਿੱਸਾ-ਪੱਤੀ ਹੈ। ਜੇ ਹਿੱਸਾ-ਪੱਤੀ ਨਾ ਹੋਵੇ, ਬਾਣੀਏ ਨੂੰ ਤਾਂ ਫਿਰ ਹੀ ਘੇਰਿਆ ਜਾ ਸਕਦਾ ਹੈ। ਅੰਗਰੇਜ਼ਾਂ ਬਾਰੇ ਆਮ ਕਹਾਵਤ ਬੋਲੀ ਜਾਂਦੀ ਸੀ ਕਿ 'ਅੱਗ ਲੈਣ ਆਈ, ਘਰ ਵਾਲੀ ਬਣ ਬੈਠੀ' ਅਰਥਾਤ ਆਏ ਸੀ ਵਪਾਰ ਕਰਨ ਅਤੇ ਮੁਲਕ ਦੇ ਮਾਲਕ ਬਣ ਬੈਠੇ। ਪੰਜਾਬ ਦੀ ਮੌਜੂਦਾ ਅਕਾਲੀ ਸਰਕਾਰ ਲਈ ਮੁਹਾਵਰਾ 'ਵਾੜ ਹੀ ਖੇਤ ਨੂੰ ਖਾ ਰਹੀ ਹੈ' ਐਨ ਢੁਕਵਾਂ ਹੈ। ਜਿਨ੍ਹਾਂ ਕਿਸਾਨਾਂ ਦੀਆਂ ਵੋਟਾਂ ਨਾਲ ਇਹ ਅਕਾਲੀ ਹਰ ਵਾਰ ਤਾਕਤ ਵਿਚ ਆਉਂਦੇ ਹਨ, ਉਸੇ ਕਿਸਾਨੀ ਦੀ ਜਾਨ ਦਾ ਖੌਅ ਬਣੇ ਹੋਏ ਹਨ।

ਕਿਸਾਨ ਪਿੰਡਾਂ ਵਿਚ ਰਹਿੰਦੇ ਹਨ ਅਤੇ ਕਿਸੇ ਵੀ ਪਿੰਡ ਨੂੰ ਜਾਂਦੀ ਸੜਕ ਗੋਡੇ ਗੋਡੇ ਟੋਇਆਂ ਨਾਲ ਭਰਪੂਰ ਹੈ। ਕਿਸੇ ਵੀ ਵਾਹਨ 'ਤੇ ਸਵਾਰ ਹੋ ਕੇ ਇਨ੍ਹਾਂ ਸੜਕਾਂ ਤੋਂ ਲੰਘਣਾ ਮੁਹਾਲ ਹੋ ਗਿਆ ਹੈ। ਨਿਯਮਾਂ ਅਨੁਸਾਰ ਪਿੰਡਾਂ ਥਾਂਵਾਂ ਨੂੰ ਜਾਣ ਵਾਲੀ ਹਰ ਸੜਕ ਦੀ ਮੁਰੰਮਤ 5 ਸਾਲ ਬਾਅਦ ਹੋ ਜਾਣੀ ਚਾਹੀਦੀ ਹੈ ਪਰ ਪਿਛਲੇ ਨੌਂ ਸਾਲ ਤੋਂ ਕਿਸੇ ਸੜਕ ਦੀ ਮੁਰੰਮਤ ਨਹੀਂ ਹੋਈ। ਹਾਂ ਕਾਗਜ਼ਾਂ-ਪੱਤਰਾਂ ਵਿਚ ਸ਼ਾਇਦ ਹਰ ਤਿੰਨਾਂ ਸਾਲਾਂ ਬਾਅਦ ਹੋਈ ਹੋਵੇ। 'ਮੰਤਰੀਆਂ-ਸੰਤਰੀਆਂ' ਦੇ ਰੂਪ ਵਿਚ ਕਈ ਤਰ੍ਹਾਂ ਦੇ 'ਤੋਤੇ, ਚਿੜੀਆਂ, ਗਊਆਂ' ਬਣ ਕੇ ਕਿਸਾਨ ਦੀ ਫਸਲ ਅਤੇ ਉਸ ਦਾ 'ਘਰ' (ਪੰਜਾਬ) ਉਜਾੜ ਰਹੇ ਹਨ। ਇਹ ਗੱਲ ਵੱਖਰੀ ਹੈ ਕਿ ਜੇ ਮੁੱਖ ਮੰਤਰੀ ਦੇ ਪਿੰਡ ਦੀ ਗੇੜੀ ਲੱਗ ਜਾਵੇ ਤਾਂ ਭੁਲੇਖਾ ਪੈ ਸਕਦਾ ਹੈ ਕਿ ਕਿਸ ਪੱਛਮੀ ਮੁਲਕ ਦੀਆਂ ਸੜਕਾਂ ਹਨ ਇਹ?

ਪੰਜਾਬ ਦੀ ਮਿੱਟੀ, ਪਾਣੀ, ਹਵਾ ਸਭ ਕੁਝ ਪਲੀਤ ਹੋ ਗਿਆ ਹੈ। ਇਹ ਉਹੀ ਪੰਜਾਬ ਹੈ ਜਿਸ ਬਾਰੇ ਕਦੇ ਕਿਸੇ ਕਵੀ ਨੇ ਲਿਖਿਆ ਸੀ, "ਸੋਹਣਾ ਦੇਸਾਂ ਵਿਚੋਂ ਦੇਸ ਪੰਜਾਬ ਨੀਂ ਸਈਓ। ਜਿਵੇਂ ਫੁੱਲਾਂ ਵਿਚੋਂ ਫੁੱਲ ਗੁਲਾਬ ਨੀਂ ਸਈਓ।" (ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਇੱਕ 'ਦੇਸ' ਦਾ ਹੀ ਤਾਂ ਦਰਜਾ ਦਿੱਤਾ ਸੀ। ਪੰਜਾਬ ਬਾਕੀ ਮੁਲਕ ਤੋਂ ਬਹੁਤ ਬਾਅਦ ਅੰਗਰੇਜ਼ਾਂ ਦਾ ਗੁਲਾਮ ਬਣਿਆ, ਉਹ ਵੀ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਹੁਣ ਦੇ ਲੀਡਰਾਂ ਵਰਗੇ ਬੇਈਮਾਨ ਅਤੇ ਨਾਲਾਇਕ, ਭ੍ਰਿਸ਼ਟ, ਲਾਲਚੀ ਸਿੱਖ ਲੀਡਰਾਂ ਕਾਰਨ)। ਅੱਜ ਇਹ 'ਗੁਲਾਬ ਦਾ ਫੁੱਲ' ਨਾ ਸਿਰਫ ਮੁਰਝਾ ਗਿਆ ਹੈ ਬਲਕਿ ਟੁੱਟ ਕੇ ਪੱਤੀ-ਪੱਤੀ ਹੋ ਜਾਣ ਦੇ ਕਿਨਾਰੇ ਖੜ੍ਹਾ ਹੈ। ਵਿਗਿਆਨੀ ਕਿਸਾਨਾਂ ਦੀ ਹਾਮੀ ਤਾਂ ਭਰਦਾ ਜੇ ਉਸ ਨੇ ਵਪਾਰੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਪਰਦਾ ਨਾ ਪਾਉਣਾ ਹੁੰਦਾ। ਵਿਗਿਆਨੀ, ਵਾਈਸ ਚਾਂਸਲਰ ਮਹਿਜ ਆਪਣੀ ਵਿੱਦਿਆ, ਡਿਗਰੀਆਂ ਅਤੇ ਵਿਗਿਆਨ ਦੇ ਸਿਰ 'ਤੇ ਨਹੀਂ ਲੱਗਦੇ। ਉਨ੍ਹਾਂ ਨੂੰ ਹੀ ਅਜਿਹੇ ਅਹੁਦੇ ਦਿੱਤੇ ਜਾਂਦੇ ਹਨ ਜੋ ਸਰਕਾਰ ਨੂੰ ਜਿੰਮੇਵਾਰੀ ਤੋਂ ਬਚਾਉਣ, ਸਰਕਾਰ ਨੂੰ ਯੂਨੀਵਰਸਿਟੀ ਦੀਆਂ ਜ਼ਮੀਨਾਂ ਯੂਨੀਵਰਸਿਟੀ ਤੋਂ ਬਾਹਰਲੇ ਕੰਮਾਂ ਲਈ ਵਰਤਣ ਲਈ ਅੜਿੱਕੇ ਨਾ ਪਾਉਣ, ਖੇਤੀ ਯੂਨੀਵਰਸਿਟੀ ਦੇ ਫਾਰਮ ਵੇਚਣ ਵਿਚ ਅੜਿੱਕੇ ਨਾ ਬਣਨ ਅਤੇ ਹਰ ਤਰ੍ਹਾਂ ਨਾਲ ਸਰਕਾਰ ਦੇ ਕੰਮ ਆਉਣ।

ਪੰਜਾਬ ਦੇ ਕਿਸਾਨਾਂ ਦੀ ਹਾਲਤ ਏਨੀ ਪਤਲੀ ਹੋ ਗਈ ਹੈ, ਇਸ ਦਾ ਬਾਹਰ ਬੈਠਿਆਂ ਨੂੰ ਅੰਦਾਜ਼ਾ ਵੀ ਨਹੀਂ ਹੈ। ਹੁਣੇ ਹੁਣੇ ਆਪਣੀ ਪੰਜਾਬ ਫੇਰੀ ਸਮੇਂ ਦੋ ਸਕੂਲ ਅਧਿਆਪਕਾਂ ਦੀ ਗੱਲ-ਬਾਤ ਤੋਂ ਪਤਾ ਲੱਗਿਆ ਕਿ ਪੰਜਾਬ ਦਾ ਕਿਸਾਨ ਕਿਸ ਹੱਦੀ 'ਤੇ ਆ ਖੜ੍ਹਾ ਹੋਇਆ ਹੈ ਕਿ ਜ਼ਮੀਨ ਦੇ ਨੰਬਰਾਂ 'ਤੇ ਨਵਾਂ ਟਰੈਕਟਰ ਕਢਾ ਕੇ ਉਸ ਨੂੰ ਪੁਰਾਣੇ ਦੀ ਕੀਮਤ 'ਤੇ ਵੇਚ ਕੇ ਗੁਜ਼ਾਰਾ ਕਰਨ ਤੱਕ ਦੀ ਨੌਬਤ ਪਹੁੰਚ ਗਈ ਹੈ (ਪਿੰਡਾਂ ਦੇ ਸਕੂਲਾਂ ਵਿਚ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਪਿੰਡ ਦੀ ਸੱਚਾਈ ਦਾ ਵੱਧ ਪਤਾ ਹੁੰਦਾ ਹੈ। ਯੂਨੀਵਰਸਿਟੀਆਂ ਵਿਚ ਬੈਠੇ ਕਹਿਣਾ ਕਿ ਪੰਜਾਬ ਵਿਚ ਕੋਈ ਨਸ਼ਾ ਨਹੀਂ ਵਰਤ ਰਿਹਾ ਜਾਂ ਸਭ ਅੱਛਾ ਹੈ ਪੰਜਾਬ ਦਾ ਸੱਚ ਨਹੀਂ ਹੈ)। ਠੀਕ ਜਿਵੇਂ ਦਲਜੀਤ ਅਮੀ ਨੇ ਲਿਖਿਆ ਹੈ ਕਿ ਫੌਰੀ ਰਾਹਤ ਮਿਲਣੀ ਚਾਹੀਦੀ ਹੈ ਪਰ ਇਹ ਪੂਰਾ ਅਤੇ ਪੱਕਾ ਹੱਲ ਨਹੀਂ ਹੈ। ਮਸਲਿਆਂ ਦਾ ਹੱਲ ਪੱਕਾ ਹੋਣਾ ਚਾਹੀਦਾ ਹੈ, ਰਾਹਤ ਦੇ ਦੇਣਾ ਮਹਿਜ਼ ਕਾਫੀ ਨਹੀਂ ਹੈ। ਇਸੇ ਤਰ੍ਹਾਂ ਜ਼ਮੀਨ ਦੇ ਨੰਬਰਾਂ 'ਤੇ ਨਵੇਂ ਟਰੈਕਟਰ ਲੈ ਕੇ ਪੁਰਾਣਿਆਂ ਦੇ ਭਾਅ ਵੇਚ ਦੇਣਾ ਫੌਰੀ ਰਾਹਤ ਹੈ, ਪੱਕਾ ਹਲ ਨਹੀਂ ਹੈ। ਜੱਟ ਨੂੰ ਆਪਣੀ ਪਗੜੀ ਸੰਭਾਲ ਕੇ ਰੱਖਣ ਦਾ ਕੋਈ ਪੱਕਾ ਹੱਲ ਲੱਭਣਾ ਪਵੇਗਾ।

## ਕਾਵਿ-ਕਿਆਰੀ

### ਹਾਕਮ ਨੂੰ!

ਜਦੋਂ ਮਦਹੋਸ਼ ਪਰਜਾ ਨੇ,  
ਕਦੇ ਕੋਈ ਅੱਖ ਖੋਲ੍ਹੀ ਹੈ।  
ਨਸ਼ੇ ਨੂੰ ਕਰ ਦਿਓ ਦੂਣਾ,  
ਤਦੇ ਸਰਕਾਰ ਬੋਲੀ ਹੈ।  
ਮਸਲਾ ਧਰਮ ਦਾ ਹੋਵੇ,  
ਚਾਹੇ ਕੋਈ ਰਾਜਨੀਤੀ ਦਾ।  
ਸੰਘੀ ਘੁੱਟ ਕੇ ਆਖਣ,  
ਕਿ ਜੰਤਾ ਬਹੁਤ ਭੋਲੀ ਹੈ।

ਰਹਿਣੀ ਲੋੜ ਨਾ ਕੋਈ ਵੀ,  
ਧਰਮੀ ਰਾਜਨੀਤੀ ਦੀ।  
ਸੱਚਾਈ ਹੋ ਗਈ ਸਸਤੀ,  
ਸਮੇਂ ਨੇ ਗੱਲ ਤੋਲੀ ਹੈ।  
ਕੁੱਟਣਾ, ਲੁੱਟਣਾ ਹੁੰਦਾ,  
ਸਦਾ ਹੀ ਹੱਕ ਹਾਕਮ ਦਾ।  
ਇਹੋ ਸਮਝ ਬੈਠੀ ਹੈ,  
ਰਿਆਇਆ ਬਹੁਤ ਭੋਲੀ ਹੈ।

ਜਿਸ ਨੇ ਮਾਲਕਾਂ ਦੇ ਕਹਿਣ 'ਤੇ,  
ਬਸ ਸਿਰ ਹਿਲਾਉਣਾ ਹੈ।  
ਦੁਨੀਆਂ ਮਾਲਕਾਂ ਦੀ ਬਣ ਗਈ,  
ਇਹ ਮਜਬੂਰ ਗੋਲੀ ਹੈ।  
ਚੁਫੇਰੇ ਇਸ ਦੇ ਕਿਰਤੀਆਂ ਦਾ  
ਜਦ ਖੂਨ ਡਿਗਦਾ ਏ।  
ਉਸ ਨੂੰ ਜਾਪੇ ਕੋਈ ਸੁਰਖ ਜਿਹੇ,  
ਰੰਗਾਂ ਦੀ ਹੋਲੀ ਹੈ।

ਨੀਤੀ ਜਾਣਦੀ ਹੈ ਧਰਮ ਨੂੰ,  
ਕਿੰਜ ਵਰਤਣਾ ਇਥੇ।  
ਸ਼ਾਸਕ ਦੇ ਰਹੇ ਫਤਵੇ,  
ਇੱਜਤ ਮਜ਼ਹਬਾਂ ਦੀ ਰੋਲੀ ਹੈ।  
ਖੀਰਾਂ ਖਾਣ ਨੂੰ ਸਭ ਜਾਣਦੇ,  
ਕਿ ਬਾਂਦਰੀ ਹੁੰਦੀ।  
ਡੰਡੇ ਖਾਣ ਨੂੰ ਅੱਗੇ ਕਰੀ,  
ਰਿੱਛਾਂ ਦੀ ਟੋਲੀ ਹੈ।

ਖਤਰਾ ਦੇਸ਼ ਨੂੰ ਤੇ ਧਰਮ ਨੂੰ,  
ਕਿਉਂ ਜਾਪਦਾ ਉਸ ਨੂੰ।  
ਬਨਦੇ ਹੱਕ ਮੰਗਣ 'ਤੇ,  
ਜਿਸ ਦੀ ਸਰਕਾਰ ਡੋਲੀ ਹੈ।  
ਹੁੰਦਾ ਅਣਖ ਦੇ ਬੀਜਾਂ ਨੇ,  
ਸਦਾ ਪੁੰਗਰਦੇ ਰਹਿਣਾ।  
ਭਾਵੇਂ ਨਿੱਤ ਮੁਹਿੰਮਾਂ ਨੇ,  
ਕਰੀ ਜਮੀਨ ਪੋਲੀ ਹੈ।

ਅੰਗਾਰ ਸੁਲਗਦੇ ਵੀ ਹੋਂਦ  
ਉਸ ਦੀ, ਲੂਹ ਸਕਦੇ ਨੇ,  
ਖਬਰਦਾਰ ਜੇ ਪੰਜਾਬ ਦੀ,  
ਮਿੱਟੀ ਫਰੋਲੀ ਹੈ।  
ਉਸ ਦੇ ਆਖਰੀ ਸਾਹ ਦੀ,  
ਹਵਾ ਨੇ ਦੱਸਣਾ ਉਸ ਨੂੰ।  
ਜਿਸ ਨੂੰ ਪੀ ਲਿਆ ਏ ਤੂੰ,  
ਤੇਰੀ ਹੀ ਜਹਿਰ ਘੋਲੀ ਹੈ।

*-ਡਾ ਗੁਰਮੀਤ ਸਿੰਘ ਬਰਸਾਲ*  
*ਕੈਲੀਫੋਰਨੀਆ।*

## ਤੁਝ ਬਿਨੁ ਕਵਨੁ ਹਮਾਰਾ

## ਗੁਰਬਾਣੀ ਗਿਆਨ

*(ਇਸ ਸ਼ਬਦ ਦੇ ਪਹਿਲੇ ਹਿੱਸੇ ਦੀ ਵਿਆਖਿਆ ਲਈ ਪਿਛਲਾ ਅੰਕ ਪੜ੍ਹੋ)*

**ਗਉੜੀ ਮਹਲਾ ੧**  
ਭੂਲੋ ਰਾਵਣੁ ਮੁਗਧੁ ਅਚੇਤਿ॥  
ਲੂਟੀ ਲੰਕਾ ਸੀਸ ਸਮੇਤਿ॥  
ਗਰਬਿ ਗਇਆ  
ਬਿਨੁ ਸਤਿਗੁਰ ਹੇਤਿ॥੫॥  
ਸਹਸਬਾਹੁ ਮਧੁ ਕੀਟ ਮਹਿਖਾਸਾ॥  
ਹਰਣਾਖਸੁ ਲੇ ਨਖਹੁ ਬਿਧਾਸਾ॥  
ਦੈਤ ਸੰਘਾਰੇ  
ਬਿਨੁ ਭਗਤਿ ਅਭਿਆਸਾ॥੬॥  
ਜਰਾਸੰਧਿ ਕਾਲਜਮੁਨ ਸੰਘਾਰੇ॥  
ਰਕਤਬੀਜੁ ਕਾਲੁਨੇਮੁ ਬਿਦਾਰੇ॥  
ਦੈਤ ਸੰਘਾਰਿ ਸੰਤ ਨਿਸਤਾਰੇ॥੭॥  
ਆਪੇ ਸਤਿਗੁਰੁ ਸਬਦੁ ਬੀਚਾਰੇ॥  
ਦੂਜੈ ਭਾਇ ਦੈਤ ਸੰਘਾਰੇ॥  
ਗੁਰਮੁਖਿ ਸਾਚਿ ਭਗਤਿ ਨਿਸਤਾਰੇ॥੮॥  
ਬੂਡਾ ਦੁਰਜੋਧਨੁ ਪਤਿ ਖੋਈ॥  
ਰਾਮੁ ਨ ਜਾਨਿਆ ਕਰਤਾ ਸੋਈ॥  
ਜਨ ਕਉ ਦੂਖਿ ਪਚੈ ਦੁਖੁ ਹੋਈ॥੯॥

ਸ੍ਰੀ ਗੁਰੂ ਨਾਨਕ ਉਪਦੇਸ਼ ਕਰਦੇ ਹਨ- ਭੂਲੋ ਰਾਵਣੁ ਮੁਗਧੁ ਅਚੇਤਿ, ਹੇ ਭਾਈ! ਲੰਕਾ ਦਾ ਰਾਜਾ ਰਾਵਣ, ਜਿਸ ਕੋਲ ਦਸਾਂ ਸਿਰਾਂ ਜਿੰਨਾ ਗਿਆਨ ਸੀ ਤੇ ਉਹ ਚਾਰ ਵੇਦਾਂ ਦਾ ਪਾਠੀ ਸੀ, ਫਿਰ ਵੀ ਹੰਕਾਰ ਵਿਚ ਫਸਿਆ ਕੁਰਾਹੇ ਪੈ ਗਿਆ; ਲੂਟੀ ਲੰਕਾ ਸੀਸ ਸਮੇਤਿ, ਰਾਵਣ ਦੇ ਹੰਕਾਰ ਦਾ ਸਿੱਟਾ ਇਹ ਨਿਕਲਿਆ ਕਿ ਲੰਕਾ ਦਾ ਰਾਜ ਵੀ ਗਿਆ ਤੇ ਸਿਰ ਵੀ ਕੱਟਿਆ ਗਿਆ; ਗਰਬਿ ਗਇਆ ਬਿਨੁ ਸਤਿਗੁਰ ਹੇਤਿ, ਗੁਰੂ ਦੀ ਸ਼ਰਨ ਵਿਚ ਨਾ ਪੈਣ ਕਰ ਕੇ ਮੂਰਖ ਰਾਵਣ ਆਪਣੇ ਹੰਕਾਰ ਵਿਚ ਮਾਰਿਆ ਗਿਆ।

ਸਹਸਬਾਹੁ ਮਧੁ ਕੀਟ ਮਹਿਖਾਸਾ॥  
ਹਰਣਾਖਸੁ ਲੇ ਨਖਹੁ ਬਿਧਾਸਾ॥  
ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ॥੬॥

ਰਾਜਾ ਸਹਸਬਾਹੁ ਕੋਲ ਹਜ਼ਾਰ ਬਾਹਾਂ ਜਿੰਨੀ ਤਾਕਤ ਸੀ ਤੇ ਇਹ ਜਮਦਗਨ ਰਿਸ਼ੀ ਦਾ ਸਾਂਢੂ ਸੀ, ਰਿਸ਼ੀ ਕੋਲ ਕਾਮਧੇਨ ਗਾਂ ਸੀ, ਜਿਸ ਨੂੰ ਸਹਸਬਾਹੁ ਜਬਰੀ ਲੈਣਾ ਚਾਹੁੰਦਾ ਸੀ, ਦੋਹਾਂ ਵਿਚ ਯੁੱਧ ਹੋਇਆ ਤੇ ਰਿਸ਼ੀ ਮਾਰਿਆ ਗਿਆ। ਰਿਸ਼ੀ ਦੇ ਪੁੱਤਰ ਪਰਸਰਾਮ ਨੇ ਬਦਲਾ ਲਿਆ ਤੇ ਸਹਸਬਾਹੁ ਨੂੰ ਮਾਰ ਮੁਕਾਇਆ। ਮਧੁਕੀਟ ਦੈਂਤ ਨੂੰ ਵਿਸ਼ਨੂ ਜੀ ਨੇ ਮਾਰ ਦਿੱਤਾ ਤੇ ਮਹਿਖਾਸਰ ਦੈਂਤ ਨੂੰ ਦੁਰਗਾ ਨੇ ਮਾਰਿਆ, ਹਰਨਾਖਸ ਨੂੰ ਨਰ ਸਿੰਘ ਨੇ ਨਹੁੰਆਂ ਨਾਲ ਪਾੜ ਕੇ ਮਾਰ ਦਿੱਤਾ।

ਜਰਾਸੰਧਿ ਕਾਲਜਮੁਨ ਸੰਘਾਰੇ॥  
ਰਕਤਬੀਜੁ ਕਾਲੁਨੇਮੁ ਬਿਦਾਰੇ॥  
ਦੈਤ ਸੰਘਾਰਿ ਸੰਤ ਨਿਸਤਾਰੇ॥੭॥

ਉੜੀਸਾ ਦਾ ਰਾਜਾ ਜਰਾਸੰਧ ਕੰਸ ਦਾ ਸਹੁਰਾ ਸੀ। ਇਹ ਹੰਕਾਰ ਨਾਲ ਭਰਿਆ ਹੋਇਆ ਅਤਿਆਚਾਰੀ ਰਾਜਾ ਸੀ। ਜਦ ਕ੍ਰਿਸ਼ਨ ਨੇ ਕੰਸ ਨੂੰ ਮਾਰ ਦਿੱਤਾ ਤਾਂ ਜਰਾਸੰਧ ਨੇ ਕ੍ਰਿਸ਼ਨ ਉਤੇ ਚੜ੍ਹਾਈ ਕਰ ਦਿੱਤੀ। ਜੰਗ ਹੋਈ ਤਾਂ ਕ੍ਰਿਸ਼ਨ ਨੇ ਭੀਮ ਨੂੰ ਇਸ਼ਾਰਾ ਕੀਤਾ। ਭੀਮ ਨੇ ਜਰਾਸੰਧ ਨੂੰ ਦੁਫਾੜ ਚੀਰ ਦਿੱਤਾ। ਕਾਲ ਜੁਮਨ ਦੈਂਤ ਵੀ ਕ੍ਰਿਸ਼ਨ ਹੱਥੋਂ ਮਾਰਿਆ ਗਿਆ। ਰਕਤਬੀਜ ਦੁਰਗਾ ਅਤੇ ਕਾਲਨੇਮ ਵਿਸ਼ਨੂ ਹੱਥੋਂ ਮਾਰੇ ਗਏ। ਪ੍ਰਭੂ ਨੇ ਦੈਂਤਾਂ ਨੂੰ ਮਾਰ ਕੇ ਸੰਤਾਂ ਦੀ ਰੱਖਿਆ ਕੀਤੀ।

ਆਪੇ ਸਤਿਗੁਰੁ ਸਬਦੁ ਬੀਚਾਰੇ॥  
ਦੂਜੈ ਭਾਇ ਦੈਤ ਸੰਘਾਰੇ॥  
ਗੁਰਮੁਖਿ ਸਾਚਿ ਭਗਤਿ ਨਿਸਤਾਰੇ॥੮॥

ਗੁਰਦੇਵ ਪਿਤਾ ਜੀ ਆਖਦੇ ਹਨ- ਆਪੇ ਸਤਿਗੁਰੁ ਸਬਦੁ ਬੀਚਾਰੇ, ਹੇ ਭਾਈ! ਇਸ ਸਾਰੀ ਖੇਡ ਦਾ ਮਾਲਕ ਉਹ ਪ੍ਰਭੂ ਆਪ ਹੀ ਹੈ। ਉਹ ਆਪ ਹੀ ਸਤਿਗੁਰੂ ਦਾ ਰੂਪ ਬਣ ਕੇ ਆਪਣੀ ਸਿਫਤ ਸਾਲਾਹ ਦੀ ਬਾਣੀ ਦੀ ਵਿਚਾਰ ਕਰਦਾ ਹੈ। ਕਦੇ ਉਹ ਮਿਹਰਾਂ ਦਾ ਮਾਲਕ ਪ੍ਰਭੂ ਆਪ ਹੀ ਦੈਂਤਾਂ ਨੂੰ ਮਾਇਆ ਰੂਪੀ ਹੰਕਾਰ ਵਿਚ ਫਸਾ ਕੇ ਅਤਿਆਚਾਰ ਕਰਵਾਉਂਦਾ ਹੈ ਤੇ ਆਪ ਹੀ ਉਨ੍ਹਾਂ ਨੂੰ ਮਾਰਦਾ ਹੈ। ਆਪ ਹੀ ਜੀਵਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਂਦਾ ਹੈ।

ਬੂਡਾ ਦੁਰਜੋਧਨੁ ਪਤਿ ਖੋਈ॥  
ਰਾਮੁ ਨ ਜਾਨਿਆ ਕਰਤਾ ਸੋਈ॥  
ਜਨ ਕਉ ਦੂਖਿ ਪਚੈ ਦੁਖੁ ਹੋਈ॥੯॥

ਸਤਿਗੁਰੂ ਆਖਦੇ ਹਨ, ਦੁਰਜੋਧਨ ਹੰਕਾਰ ਵਿਚ ਇੰਨਾ ਡੁੱਬਿਆ ਕਿ ਉਸ ਨੂੰ ਚੰਗੇ-ਮਾੜੇ ਦੀ ਪਛਾਣ ਹੀ ਭੁੱਲ ਗਈ। ਉਹ ਹੰਕਾਰ ਵਿਚ ਇੰਨਾ ਨਿੱਘਰ ਗਿਆ ਕਿ ਭਰੀ ਸਭਾ ਵਿਚ ਦਰੋਪਤੀ ਦੀ ਬੇਪਤੀ ਕਰਨ 'ਤੇ ਉਤਰ ਆਇਆ ਤੇ ਹੰਕਾਰ ਵਿਚ ਅੰਨ੍ਹਾ ਹੋ ਕੇ ਆਪਣੀ ਬੇੜੀ ਹੀ ਡੋਬ ਬੈਠਾ। ਜਿਹੜਾ ਹੰਕਾਰੀ, ਪ੍ਰਭੂ ਦੇ ਭਗਤ ਜਨਾਂ ਨੂੰ ਦੁੱਖ ਦਿੰਦਾ ਹੈ, ਉਹ ਆਪ ਹੀ ਖੁਆਰ ਹੋ ਜਾਂਦਾ ਹੈ। ਪ੍ਰਭੂ ਨੇ ਦਰੋਪਤੀ ਦੀ ਪੈਜ ਰੱਖੀ ਤੇ ਦੁਰਜੋਧਨ, ਭੀਮ ਹੱਥੋਂ ਮਾਰਿਆ ਗਿਆ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*  
*ਫੋਨ: 916-687-3536*

ਰਾਜਿੰਦਰ ਸਿੰਘ ਬੇਦੀ-7



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

# ਗਿਆਨ ਦਾ ਅਲੌਕਿਕ ਤੇਜ ਤੇ ਜਲੌਅ

*ਸਾਲ 2015 ਉਰਦੂ ਅਦਬ ਦੇ ਜ਼ਹੀਨ ਅਫਸਾਨਾਨਿਗਾਰ ਮਰਹੂਮ ਰਾਜਿੰਦਰ ਸਿੰਘ ਬੇਦੀ (1915-1984) ਦਾ ਸ਼ਤਾਬਦੀ ਸਾਲ ਹੈ। ਉਹ ਫ਼ਿਲਮ ਨਿਰਮਾਤਾ, ਨਿਰਦੇਸ਼ਕ, ਪਟਕਥਾ-ਲੇਖਕ ਅਤੇ ਸੰਵਾਦ-ਲੇਖਕ ਵੀ ਸਨ ਅਤੇ 20ਵੀਂ ਸਦੀ ਦੇ ਸਭ ਤੋਂ ਵੱਡੇ ਪ੍ਰਗਤੀਸ਼ੀਲ ਉਰਦੂ ਲਿਖਾਰੀਆਂ ਵਿੱਚੋਂ ਇੱਕ ਸਨ। ਉਨ੍ਹਾਂ ਦੇ ਨਾਵਲ 'ਏਕ ਚਾਦਰ ਮੈਲੀ ਸੀ' 'ਤੇ ਇਸੇ ਨਾਂ ਹੇਠ ਹਿੰਦੀ ਵਿਚ ਫਿਲਮ ਬਣੀ ਜਦੋਂਕਿ ਇਸੇ ਨਾਵਲ ਉਤੇ ਪਾਕਿਸਤਾਨ ਵਿਚ 'ਮੁਠੀ ਭਰ ਚਾਵਲ' ਨਾਂ ਹੇਠ ਫਿਲਮ ਬਣੀ। ਉਨ੍ਹਾਂ ਦੀਆਂ ਕਈ ਕਹਾਣੀਆਂ ਉਪਰ ਵੀ ਫਿਲਮਾਂ ਬਣੀਆਂ। ਉਨ੍ਹਾਂ ਨੂੰ ਆਪਣੀਆਂ ਕਿਰਤਾਂ ਉਤੇ ਬਹੁਤ ਸਾਰੇ ਇਨਾਮ ਵੀ ਮਿਲੇ। ਸ. ਬੇਦੀ ਨੇ ਜਿਸ ਵੀ ਖੇਤਰ ਵਿਚ ਕੰਮ ਕੀਤਾ, ਬਾਕਮਾਲ ਕੀਤਾ। ਪ੍ਰੌਢ ਪੰਜਾਬੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ ਲੋਕਯਾਨ ਦੇ ਨੱਕੜਦਾਦਾ ਦੇਵਿੰਦਰ ਸਤਿਆਰਥੀ ਬਾਰੇ ਇਕ ਲੰਮੀ ਲੇਖ ਲੜੀ ਇਨ੍ਹਾਂ ਕਾਲਮਾਂ ਵਿਚ ਹਾਲ ਹੀ ਵਿਚ ਛਾਪੀ ਗਈ ਸੀ, ਜਿਸ ਨੂੰ ਪਾਠਕਾਂ ਦਾ ਭਰਵਾਂ ਹੁੰਗਾਰਾ ਵੀ ਮਿਲਿਆ। ਭੁੱਲਰ ਸਾਹਿਬ ਨੇ ਆਪਣੀ ਇਸ ਲੇਖ ਲੜੀ ਵਿਚ ਮਰਹੂਮ ਸ. ਬੇਦੀ ਦੇ ਜੀਵਨ ਦੇ ਕੁਝ ਅਹਿਮ ਪਲ ਕਲਮਬੱਧ ਕੀਤੇ ਹਨ, ਜੋ ਪਾਠਕਾਂ ਦੀ ਨਜ਼ਰ ਹਨ। -ਸੰਪਾਦਕ*

ਰਾਜਿੰਦਰ ਸਿੰਘ ਬੇਦੀ ਦੇ ਕਦਰਦਾਨ ਵੱਖ ਵੱਖ ਖੇਤਰਾਂ ਦੇ ਅਨੇਕ ਲੋਕ ਸਨ। ਪਰ ਉਨ੍ਹਾਂ ਦੇ ਇਕ ਖਾਸ ਕਦਰਦਾਨ ਰੂਹਾਨੀ ਮਿਸ਼ਨ ਵਾਲੇ ਸੰਤ ਕਿਰਪਾਲ ਸਿੰਘ ਜੀ ਸਨ। ਲੱਖਾਂ ਲੋਕ ਜਿਨ੍ਹਾਂ ਨੂੰ ਪੂਜਦੇ ਸਨ, ਉਹ ਬੇਦੀ ਨੂੰ ਅਦੁਤੀ ਪੁਰਸ਼ ਮੰਨਦੇ ਸਨ। ਪ੍ਰੋ. ਪ੍ਰੀਤਮ ਸਿੰਘ ਪੁਸਤਕ 'ਰਾਜਿੰਦਰ ਸਿੰਘ ਬੇਦੀ ਦੀਆਂ ਕਹਾਣੀਆਂ' ਦੇ ਅੱਗੇ ਦਿੱਤੇ ਆਪਣੇ ਲੇਖ 'ਮੈਂ ਬੇਦੀ ਦਾ ਅਨੁਵਾਦਕ ਕਿਵੇਂ ਬਣਿਆ' ਵਿਚ ਉਸ ਘੜੀ ਦਾ ਜ਼ਿਕਰ ਕਰਦੇ ਹਨ ਜਦੋਂ ਉਹ ਅਧਰੰਗ ਦੇ ਰੋਗੀ ਬੇਦੀ ਨੂੰ ਮਿਲਣ ਗਏ। ਉਹ ਉਨ੍ਹਾਂ ਦੇ ਕਥਨ "ਮੈਨੂੰ ਕਿਸੇ ਗੁਰੂ, ਉਸਤਾਦ, ਕਿਸੇ ਦੀਖਿਆ ਦੀ ਭਾਲ ਨਹੀਂ ਕਿਉਂਕਿ ਹਰ ਬੰਦਾ ਆਪਣਾ ਗੁਰੂ ਆਪ ਹੀ ਹੋ ਸਕਦਾ ਹੈ ਅਤੇ ਆਪ ਹੀ ਚੇਲਾ ਵੀ, ਬਾਕੀ ਸਭ ਦੁਕਾਨਦਾਰੀ ਹੈ" ਦਾ ਹਵਾਲਾ ਦੇ ਕੇ ਮੇਜ਼ ਉਤੇ ਅਤੇ ਕੰਧ ਉਤੇ ਸਜਾਈਆਂ ਸੰਤ ਕਿਰਪਾਲ ਸਿੰਘ ਦੀਆਂ ਤਸਵੀਰਾਂ ਦਾ ਜ਼ਿਕਰ ਕਰਦੇ ਹਨ ਅਤੇ ਸਿੱਟਾ ਕਢਦੇ ਹਨ, "ਸਰੀਰਵਾਦ, ਭੋਗਵਾਦ, ਬਿਲਾਸਵਾਦ, ਪਦਾਰਥਵਾਦ ਸਭ ਪਿੱਛੇ ਰਹਿ ਗਏ ਸਨ। ਇਨ੍ਹਾਂ ਵਿਚੋਂ ਕੋਈ ਭਵਿੱਖ ਦਾ ਸਾਥ ਨਹੀਂ ਸੀ ਦੇ ਰਿਹਾ। ਹੁਣ ਆਸ ਦੀ ਤੰਦ ਇਕੋ ਸੀ-ਆਤਮਾ, ਸ਼ਾਇਦ? ਪਰਮ-ਆਤਮਾ, ਸ਼ਾਇਦ? ਤੇ ਸੰਤ ਕਿਰਪਾਲ ਸਿੰਘ ਹੁਰੀਂ ਮੱਲਾਹ ਸਨ, ਜੋ ਭਵਸਾਗਰ ਤੋਂ ਪਾਰ ਉਤਾਰਨ ਦਾ ਧਰਵਾਸ ਦੇ ਰਹੇ ਸਨ।" ਮੇਰਾ ਖ਼ਿਆਲ ਹੈ, ਪ੍ਰੋ. ਪ੍ਰੀਤਮ ਸਿੰਘ ਇਥੇ ਅਣਚਾਹਿਆਂ ਹੀ ਬੇਦੀ ਨੂੰ ਗ਼ਲਤ ਰੰਗ ਵਿਚ ਪੇਸ਼ ਕਰ ਗਏ। ਮੇਰਾ ਲੱਖਣ ਹੈ ਕਿ ਜੇ ਉਹ ਬੇਦੀ ਸਾਹਿਬ ਤੋਂ ਪੁੱਛ ਲੈਂਦੇ ਅਤੇ ਉਹ ਦੱਸ ਸਕਦੇ ਹੁੰਦੇ ਤੇ ਦੱਸਣਾ ਚਾਹੁੰਦੇ ਹੁੰਦੇ, ਅਸਲ ਗੱਲ ਪ੍ਰੋ. ਸਾਹਿਬ ਸਾਹਮਣੇ ਉਜਾਗਰ ਹੋ ਜਾਂਦੀ।


ਇਹ ਸੱਚ ਹੈ ਕਿ ਬੇਦੀ ਜੀ ਦਾ ਸਾਰਾ ਪਰਿਵਾਰ ਸੰਤ ਕਿਰਪਾਲ ਸਿੰਘ ਜੀ ਦਾ ਸ਼ਰਧਾਲੂ ਸੀ, ਪਰ ਇਹ ਸੱਚ ਨਹੀਂ ਕਿ ਬੇਦੀ ਜੀ ਨੇ ਬਿਮਾਰੀ ਦੀ ਹਾਲਤ ਵਿਚ ਆਪਣੇ ਅੰਤ ਨੂੰ ਚਿਤਵਦੇ ਹੋਏ ਭਵਸਾਗਰ ਤੋਂ ਪਾਰ ਉਤਾਰਨ ਦੀ ਆਸ ਉਨ੍ਹਾਂ ਉਤੇ ਲਾਈ ਹੋਈ ਸੀ। ਇਹ ਗੱਲ ਸ਼ਾਇਦ ਬਹੁਤੇ ਲੋਕਾਂ ਨੂੰ ਅਜੀਬ ਲੱਗੇ ਪਰ ਸੰਤ ਜੀ ਦੀ ਨਜ਼ਰ ਵਿਚ ਬੇਦੀ ਇਕ ਅਸਾਧਾਰਨ ਮਨੁੱਖ ਸਨ ਅਤੇ ਉਨ੍ਹਾਂ ਨੂੰ ਸ਼ਰਾਬ, ਸਿਗਰਟ, ਮਾਸ ਤੇ ਪਾਨ ਸਮੇਤ ਸਭ ਪਰਵਾਨ ਸਨ। ਦਸਦੇ ਹਨ ਕਿ ਬੇਦੀ ਜਦੋਂ ਸੰਤ ਜੀ ਨੂੰ ਉਨ੍ਹਾਂ ਦੇ ਕਮਰੇ ਵਿਚ ਮਿਲਣ ਜਾਂਦੇ ਤਾਂ ਵੱਡੇ-ਵੱਡਿਆਂ ਦੇ ਆਉਣ ਸਮੇਂ ਬਿਰਾਜਮਾਨ ਰਹਿਣ ਵਾਲੇ ਸੰਤ ਜੀ ਇਨ੍ਹਾਂ ਨੂੰ ਖੜ੍ਹੇ ਹੋ ਕੇ ਜੀ-ਆਇਆਂ ਆਖਦੇ ਅਤੇ ਉਚੇਚੇ ਆਦਰ ਨਾਲ ਕੋਲ ਬਿਠਾਉਂਦੇ। ਇਕ ਵਾਰ ਉਹਦੀ ਬੇਵਸਾਹੀ ਅਤੇ ਕਲਾਹ-ਕਲੇਸ਼ ਬਾਰੇ ਜਾਣ ਕੇ ਸੰਤ ਜੀ ਨੇ ਬੇਦੀ ਦੀ ਪਤਨੀ ਨੂੰ ਕਿਹਾ, "ਇਨ੍ਹਾਂ ਦੀਆਂ ਅੱਖਾਂ ਵਿਚ ਦੇਖ...ਕੁਝ ਦਿੱਸਿਆ?" ਉਹਨੇ ਸਿਰ ਮਾਰ ਦਿੱਤਾ। ਸੰਤ ਜੀ ਬੋਲੇ, "ਗਹੁ ਨਾਲ, ਨਜ਼ਰ ਟਿਕਾ ਕੇ ਦੇਖ...ਕੁਝ ਦਿੱਸਿਆ?" ਉਹਨੇ ਫੇਰ ਸਿਰ ਮਾਰ ਦਿੱਤਾ। ਸੰਤ ਕਿਰਪਾਲ ਸਿੰਘ ਪਰੇਸ਼ਾਨ ਹੋ ਕੇ ਬੋਲੇ, "ਕਿੰਨੀ ਅਭਾਗੀ ਹੈਂ ਤੂੰ ਜਿਸ ਨੂੰ ਇਸ ਗਿਆਨੀ ਪੁਰਸ਼ ਦੀਆਂ ਅੱਖਾਂ ਦਾ ਅਲੌਕਿਕ ਤੇਜ਼ ਤੇ ਅਦੁਤੀ ਜਲੌਅ ਨਹੀਂ ਦਿਸਦਾ।"

ਸੰਤ ਕਿਰਪਾਲ ਸਿੰਘ ਦੀਆਂ ਤਸਵੀਰਾਂ ਸੰਤ-ਸ਼ਰਧਾਲੂ ਵਾਲੇ ਰਿਸ਼ਤੇ ਦੀ ਥਾਂ ਨਿਸਚੇ ਹੀ ਸ਼ਬਦਾਂ ਅਤੇ ਨਾਂਵਾਂ ਦੀ ਪਕੜ ਵਿਚ ਨਾ ਆਉਣ ਵਾਲੇ ਇਸ ਰਿਸ਼ਤੇ ਦੀਆਂ ਪ੍ਰਤੀਕ ਸਨ। ਬੇਦੀ ਤਾਂ ਸਾਰੀ ਉਮਰ ਭਵਸਾਗਰ ਵਿਚ ਹੀ ਡੁਬਦੇ-ਤਰਦੇ ਰਹੇ ਸਨ, ਆਖ਼ਰੀ ਸਮੇਂ ਉਨ੍ਹਾਂ ਨੇ ਭਵਸਾਗਰ ਦਾ ਭੈ ਕੀ ਮੰਨਣਾ ਸੀ!

ਹਰ ਕਲਾਕਾਰ ਸਾਹਮਣੇ ਅਜਿਹੀਆਂ ਨਿਰਣੇ ਦੀਆਂ ਘੜੀਆਂ ਆਉਂਦੀਆਂ ਹਨ ਜਦੋਂ ਉਹਨੂੰ ਇਸ ਦੁਬਿਧਾ ਵਿਚ ਪੈਣਾ ਪੈਂਦਾ ਹੈ ਕਿ ਉਹ ਲੋਕਾਂ ਦੀ ਬੁੱਧੀ ਦੇ ਹਾਣ ਦੀ ਬਣਾਉਣ ਲਈ ਆਪਣੀ ਕਲਾ ਨੂੰ ਹੇਠਾਂ ਡੇਗੇ ਜਾਂ ਫੇਰ ਆਸ ਦੇ ਉਲਟ ਲੋਕਾਂ ਤੋਂ ਇਹ ਆਸ ਕਰੇ ਕਿ ਉਹ ਉਚੇ ਉਠ ਕੇ ਉਹਦੀ ਕਲਾ ਦੇ ਹਾਣ ਦੇ ਬਣਨਗੇ। ਇਕ ਵਾਰ ਬੇਦੀ ਜੀ ਨੇ ਕਲਾ ਬਾਰੇ ਸਮਝੌਤਾ ਕਰਨ ਦੀ ਗਲਤੀ ਕੀਤੀ ਅਤੇ ਬਹੁਤ ਪਛਤਾਏ। ਉਨ੍ਹਾਂ ਨੇ 'ਗਰਮ ਕੋਟ' ਫ਼ਿਲਮ ਦੇ ਨਿਰਮਾਣ ਵਿਚ ਜੁੜੇ ਆਪਣੇ ਸਾਥੀਆਂ ਦੀ, ਨਫ਼ਾ ਤਾਂ ਕਿਤੇ ਰਿਹਾ, ਘੱਟੋ-ਘੱਟ ਖਰਚਾ ਕੱਢਣ ਦੀ ਮਜਬੂਰੀ ਦੀ ਦਲੀਲ ਦੇ ਪ੍ਰਭਾਵ ਹੇਠ ਆ ਕੇ ਅੰਤ ਵੱਲ ਕੁਝ ਤਬਦੀਲੀਆਂ ਕਰ ਦਿੱਤੀਆਂ।

ਕਾਫੀ ਸਮੇਂ ਮਗਰੋਂ, ਜਦੋਂ ਫ਼ਿਲਮ ਸਿਨਮਾ-ਘਰਾਂ ਵਿਚੋਂ ਉਤਰ ਚੁੱਕੀ ਸੀ, ਉਨ੍ਹਾਂ ਦੀ ਮਿੱਤਰ, ਇਕ ਬਦੇਸੀ ਫ਼ਿਲਮ-ਆਲੋਚਕ, ਭਾਰਤ ਆਈ ਅਤੇ ਉਹਨੇ 'ਗਰਮ ਕੋਟ' ਦੇਖਣ ਦੀ ਇੱਛਾ ਪ੍ਰਗਟ ਕੀਤੀ। ਸੁਭਾਗ ਨਾਲ ਫ਼ਿਲਮ ਬੰਬਈ ਦੇ ਇਕ ਸਿਨਮੇ ਵਿਚ ਵਾਧੂ ਜਿਹੇ, ਸਵੇਰ ਦੇ ਨੌਂ ਵਜੇ ਵਾਲੇ ਸ਼ੋਅ ਵਿਚ ਚੱਲ ਰਹੀ ਸੀ। ਫ਼ਿਲਮ-ਆਲੋਚਕ ਬੜੇ ਗਹੁ ਨਾਲ ਫ਼ਿਲਮ ਦੇਖਦੀ ਰਹੀ ਅਤੇ ਬੇਦੀ ਸਾਹਿਬ ਬੜੇ ਗਹੁ ਨਾਲ ਉਹਦੇ ਚਿਹਰੇ ਦੇ ਪ੍ਰਤੀਕਰਮ ਦੇਖਦੇ ਰਹੇ। ਜਿਥੇ ਉਨ੍ਹਾਂ ਨੇ ਆਪਣੀ ਕਲਾ ਬਾਰੇ ਸਮਝੌਤਾ ਸ਼ੁਰੂ ਕੀਤਾ, ਉਸ ਇਸਤਰੀ ਨੇ ਆਪਣਾ ਸਿਰ ਖੁਰਕਣਾ ਸ਼ੁਰੂ ਕਰ ਦਿੱਤਾ। ਤੇ ਜਦੋਂ ਮੂਲ ਕਹਾਣੀ ਦੇ ਅਸਲ ਸਾਹਿਤਕ ਅੰਤ ਤੋਂ ਵੱਖਰਾ ਸਮਝੌਤਾਬਾਜ਼ ਫ਼ਿਲਮੀ ਅੰਤ ਆਇਆ, ਉਹ ਆਲੋਚਕ ਆਪਣੇ ਜੁੰਡੇ ਪੁੱਟਣ ਲੱਗ ਪਈ ਅਤੇ ਬੋਲੀ, "ਬੇਦੀ, ਇਹ ਅੰਤ ਤੂੰ ਕੀਤਾ ਹੈ?" ਇਨ੍ਹਾਂ ਨੇ ਸ਼ੁਕਰ ਕੀਤਾ ਕਿ ਉਹਨੇ ਆਪਣੇ ਜੁੰਡੇ ਹੀ ਪੁੱਟੇ ਸਨ, ਇਨ੍ਹਾਂ ਦੇ ਨਹੀਂ, ਅਤੇ ਹੱਥ ਬੰਨ੍ਹ ਕੇ ਬੋਲੇ, "ਨਹੀਂ, ਮਾਦਾਮ, ਇਹ ਅੰਤ ਮੈਂ ਨਹੀਂ ਕੀਤਾ!"

ਕਲਾ ਬਾਰੇ ਸਮਝੌਤਾ ਨਾ ਕਰਨ ਦੀ ਸਹੁੰ ਇਨ੍ਹਾਂ ਨੂੰ ਬਹੁਤ ਮਹਿੰਗੀ ਪਈ। ਇਹ ਉਨ੍ਹਾਂ ਮੂਰਖ ਲੋਕਾਂ ਦਾ ਕੀ ਕਰ ਸਕਦੇ ਸਨ ਜਿਨ੍ਹਾਂ ਨਾਲ ਦੁਨੀਆਂ ਭਰੀ ਪਈ ਹੈ। ਖ਼ੂਬਸੂਰਤ ਮਨੋਵਿਗਿਆਨਕ



ਸੰਤ ਕਿਰਪਾਲ ਸਿੰਘ



ਰਾਜਿੰਦਰ ਸਿੰਘ ਬੇਦੀ

ਫ਼ਿਲਮ 'ਦਸਤਕ' ਬਣੀ ਤਾਂ ਇਕ ਸੱਜਣ ਨੇ ਗੰਭੀਰ ਸਵਾਲ ਖੜ੍ਹਾ ਕਰ ਦਿੱਤਾ, "ਬੇਦੀ ਸਾਹਿਬ ਦਸ ਤੱਕ ਹੀ ਕਿਉਂ, ਬਾਰਾਂ ਤੱਕ ਜਾਂ ਚੌਦਾਂ ਤੱਕ ਕਿਉਂ ਨਹੀਂ?" ਇਨ੍ਹਾਂ ਦੀ ਦਾਦ ਦੇਣੀ ਬਣਦੀ ਹੈ ਕਿ ਇਨ੍ਹਾਂ ਨੇ ਇਹ ਸਵਾਲ ਸੁਣ ਕੇ ਵੀ ਉਪਰੋਕਤ ਕਲਾ-ਆਲੋਚਕ ਵਾਂਗ ਆਪਣੇ ਤੇ ਜਾਂ ਉਹਦੇ ਜੁੰਡੇ ਨਹੀਂ ਪੁੱਟੇ। ਸ਼ਾਇਦ ਇਸ ਲਈ ਕਿ ਉਹ ਜਾਣਦੇ ਸਨ ਕਿ ਮੂਰਖਾਂ ਨਾਲ ਲੁੱਝਣਾ ਨਹੀਂ ਚਾਹੀਦਾ ਕਿਉਂਕਿ ਉਹ ਅਕਲ ਦੀ ਘਾਟ ਦੇ ਪੱਖੋਂ ਪਾਗਲਾਂ ਤੋਂ ਵੀ ਅੱਗੇ ਲੰਘੇ ਹੋਏ ਹੁੰਦੇ ਹਨ।

ਆਪਣੀ ਇਸ ਧਾਰਨਾ ਦੀ ਪੁਸ਼ਟੀ ਲਈ ਉਹ ਇਕ ਲਤੀਫ਼ਾ ਸੁਣਾਇਆ ਕਰਦੇ ਸਨ। ਇਕ ਪਾਗਲਖਾਨੇ ਕੋਲੋਂ ਦੀ ਲੰਘਦੀ ਸੜਕ ਉਤੇ ਅਚਾਨਕ ਇਕ ਕਾਰ ਦੇ ਇਕ ਪਹੀਏ ਦੇ ਚਾਰੇ ਪੇਚ ਖੁੱਲ੍ਹ ਕੇ ਡਿੱਗ ਪਏ। ਡਰਾਈਵਰ ਨੇ ਕਿਵੇਂ ਨਾ ਕਿਵੇਂ ਦੁਰਘਟਨਾ ਹੋਣੋਂ ਤਾਂ ਬਚਾ ਲਈ ਪਰ ਪੱਤਾ-ਪੱਤਾ ਛਾਣ ਮਾਰਨ ਦੇ ਬਾਵਜੂਦ ਉਹਨੂੰ ਇਕ ਵੀ ਪੇਚ ਨਾ ਮਿਲਿਆ। ਜਦੋਂ ਉਹ ਮੱਥਾ ਫੜ ਕੇ ਭੁੰਜੇ ਹੀ ਬੈਠ ਗਿਆ ਤਾਂ ਪਾਗਲਖਾਨੇ ਦੀ ਖਿੜਕੀ ਦੇ ਸਰੀਆਂ ਪਿੱਛੇ ਮੌਜ ਨਾਲ ਬੈਠਾ ਇਹ ਸਭ ਕੁਝ ਦੇਖ ਰਿਹਾ ਇਕ ਪਾਗਲ ਬੋਲਿਆ, "ਛੱਡ ਪਰ੍ਹੇ ਉਹ ਚਾਰੇ ਪੇਚ, ਬਾਕੀ ਤਿੰਨਾਂ ਪਹੀਆਂ ਦਾ ਇਕ-ਇਕ ਪੇਚ ਉਤਾਰ ਲੈ, ਚਾਰੇ ਪਹੀਏ ਤਿੰਨ-ਤਿੰਨ ਪੇਚਾਂ ਨਾਲ ਪੂਰਾ ਕੰਮ ਦੇ ਦੇਣਗੇ।" ਜਦੋਂ ਡਰਾਈਵਰ ਨੇ ਖ਼ੁਸ਼ੀ ਨਾਲ ਛਾਲ ਮਾਰ ਕੇ ਉਸ ਵੱਲ ਬੇਹੱਦ ਹੈਰਾਨੀ ਨਾਲ ਦੇਖਿਆ ਤਾਂ ਉਹ ਬੜੇ ਠਰ੍ਹੰਮੇ ਨਾਲ ਮੁਸਕਰਾਇਆ, "ਮੈਂ ਪਾਗਲ ਜ਼ਰੂਰ ਹਾਂ, ਤੇਰੇ ਵਾਂਗ ਮੂਰਖ ਨਹੀਂ।"

ਜਿਥੇ ਉਪਰੋਕਤ ਪੜ੍ਹਿਆ-ਲਿਖਿਆ ਸੱਜਣ 'ਦਸਤਕ' ਦੇ ਅਰਥ ਨਹੀਂ ਸਮਝ ਸਕਿਆ, ਉਥੇ ਆਮ ਫ਼ਿਲਮੀ ਦਰਸ਼ਕ ਤੋਂ ਇਹ ਆਸ ਕਿਵੇਂ ਕੀਤੀ ਜਾ ਸਕਦੀ ਸੀ ਕਿ ਉਹ ਫ਼ਿਲਮ ਦੀ ਅਤਿਅੰਤ ਸੂਖਮ ਕੇਂਦਰੀ ਗੱਲ ਨੂੰ ਪਛਾਣ ਲਵੇਗਾ। ਉਸੇ ਮਕਾਨ ਵਿਚ ਪਹਿਲਾਂ ਕਿਰਾਏਦਾਰ ਰਹਿ ਕੇ ਗਈ ਪੇਸ਼ਾਵਰ ਗਾਉਣ ਵਾਲੀ ਦੇ ਪੁਰਾਣੇ ਗਾਹਕ ਜਦੋਂ ਬੂਹੇ ਉਤੇ 'ਦਸਤਕ' ਦਿੰਦੇ ਹਨ ਤਾਂ ਘੱਟ ਕਿਰਾਏ ਦੀ ਮਜਬੂਰੀ ਕਾਰਨ ਆਈ ਨਵੀਂ, ਘਰੇਲੂ ਕਿਸਮ ਦੀ ਕਿਰਾਏਦਾਰ ਲੰਮੇ ਸਮੇਂ ਤੱਕ ਉਨ੍ਹਾਂ ਨੂੰ ਮੋੜਦੀ ਰਹਿੰਦੀ ਹੈ। ਪਰ ਉਹਨੂੰ ਪਤਾ ਹੀ ਨਹੀਂ ਲਗਦਾ ਕਿ ਗੀਤ-ਸੰਗੀਤ ਦੇ ਇਕ ਪ੍ਰੇਮੀ ਵਲੋਂ ਬੂਹੇ ਉਤੇ ਦਿੱਤੀ ਦਸਤਕ ਕਦੋਂ ਦਿਲ ਦੀ ਦਸਤਕ ਬਣ ਜਾਂਦੀ ਹੈ ਅਤੇ ਉਹ ਉਹਨੂੰ ਆਦਰ ਨਾਲ ਬਿਠਾ ਕੇ ਆਪਣੀ ਆਵਾਜ਼ ਸੁਰ ਕਰਨ ਲਗਦੀ ਹੈ।

ਬੇਦੀ ਭਲੀਭਾਂਤ ਜਾਣਦੇ ਸਨ ਕਿ ਜਿਨ੍ਹਾਂ ਮੂਰਖਾਂ ਨਾਲ ਇਹ ਸੰਸਾਰ ਭਰਿਆ ਪਿਆ ਹੈ, ਉਨ੍ਹਾਂ ਦੀਆਂ ਧੱਕੇਸ਼ਾਹੀਆਂ ਅਤੇ ਨਾ-ਇਨਸਾਫ਼ੀਆਂ ਕਾਰਨ ਸਿਆਣਿਆਂ ਨੂੰ ਪਾਗਲ ਬਣਨਾ ਪੈਂਦਾ ਹੈ। ਅਜਿਹੇ ਲੋਕਾਂ ਦਾ ਦਰਦ ਇਨ੍ਹਾਂ ਵਰਗਾ ਦਰਦ-ਵਿੰਨ੍ਹਿਆ ਕੋਮਲਭਾਵੀ ਵਿਅਕਤੀ ਹੀ ਸਮਝ ਸਕਦਾ ਅਤੇ ਉਜਾਗਰ ਕਰ ਸਕਦਾ ਸੀ। ਇਸੇ ਕਰਕੇ ਇਨ੍ਹਾਂ ਨੇ ਫ਼ਿਲਮ 'ਫ਼ਾਗੁਨ' ਵਿਚ ਇਕ ਪੂਰੇ ਦੇ ਪੂਰੇ ਪਾਗਲਖਾਨੇ ਦੇ ਪਾਗਲ ਆਪਣੇ ਪਾਤਰ ਬਣਾ ਲਏ। ਜਿਹੜਾ ਦਰਸ਼ਕ-ਸਮੂਹ ਬੇਦੀ ਵਰਗੇ ਹੀ ਇਕ ਹੋਰ ਕੋਮਲਭਾਵੀ ਫ਼ਿਲਮਸਾਜ਼ ਰਾਜ ਕਪੂਰ ਦੀ ਫ਼ਿਲਮ 'ਮੇਰਾ ਨਾਮ ਜੋਕਰ' ਦੇ ਜੋਕਰ ਦੀ ਅਥਾਹ ਪੀੜ ਨੂੰ ਪ੍ਰਗਟਾਉਣ ਲਈ ਧਾਰਾਂ ਬਣਾ ਕੇ ਵਗਾਏ ਗਏ ਅੱਥਰੂਆਂ ਨੂੰ ਦੇਖ ਕੇ ਮੂਰਖਾਂ ਵਾਂਗ ਹੱਸਦਾ ਹੈ, ਉਹਨੇ 'ਫ਼ਾਗੁਨ' ਦੇ ਪਾਗਲਾਂ ਦੀ ਅੰਦਰਲੀ ਪੀੜ ਨੂੰ ਪਛਾਣਨ ਦੀ ਥਾਂ ਉਨ੍ਹਾਂ ਦੀਆਂ ਬਾਹਰਲੀਆਂ ਹਰਕਤਾਂ ਦੇਖ ਕੇ ਮੂਰਖਾਂ ਵਾਂਗ ਉਨ੍ਹਾਂ ਨੂੰ ਟਿੱਚਰਾਂ ਕੀਤੀਆਂ। ਤੇ ਉਨ੍ਹਾਂ ਦੇ 'ਸਫਲ' ਸਬੰਧੀਆਂ-ਮਿੱਤਰਾਂ ਦਾ ਇਹ ਕਹਿਣਾ ਬਿਲਕੁਲ ਸੁਭਾਵਿਕ ਸੀ ਕਿ ਇਨ੍ਹਾਂ ਪਾਗਲ ਪਾਤਰਾਂ ਦੇ ਦ੍ਰਿਸ਼ਾਂ ਉਤੇ ਜੋ ਲੱਖਾਂ ਰੁਪਏ ਖਰਚੇ ਹਨ, ਉਨ੍ਹਾਂ ਨਾਲ ਗਿੱਲੀ ਸਾੜ੍ਹੀ ਵਾਲਾ ਕੋਈ ਲਟਕ-ਮਟਕ ਨਾਚ ਫ਼ਿਲਮਾਉਂਦੇ ਤਾਂ ਫ਼ਿਲਮ ਵਣਜੀ ਪੱਖੋਂ ਫੇਲ੍ਹ ਨਾ ਹੁੰਦੀ।

ਫ਼ਿਲਮਾਂ ਵਿਚ ਅਜਿਹੀਆਂ ਸੂਖਮਤਾਵਾਂ ਉਨ੍ਹਾਂ ਨੂੰ ਇਕ ਵੱਡਾ ਫ਼ਿਲਮਸਾਜ਼ ਅਤੇ ਫ਼ਿਲਮੀ ਲੇਖਕ ਤਾਂ ਬਣਾਉਂਦੀਆਂ ਸਨ, ਪਰ ਵਣਜੀ ਅਸਫਲਤਾਵਾਂ ਮਾਇਕ ਮੁਸ਼ਕਲਾਂ ਵਿਚ ਬੁਰੀ ਤਰ੍ਹਾਂ ਉਲਝਾ ਦਿੰਦੀਆਂ ਸਨ। ਪ੍ਰਮੁੱਖ ਅਭਿਨੇਤਾਵਾਂ ਅਤੇ ਅਭਿਨੇਤਰੀਆਂ ਨਾਲ ਵੱਡੇ ਬਜਟ ਦੀ ਫ਼ਿਲਮ ਹੋਣ ਕਰਕੇ 'ਫ਼ਾਗੁਨ' ਨੇ ਤਾਂ ਉਨ੍ਹਾਂ ਨੂੰ ਬੱਸ ਤੋੜ-ਭੰਨ ਹੀ ਦਿੱਤਾ। ਵੈਸੇ 'ਫ਼ਾਗੁਨ' ਦੀ ਵਣਜੀ ਅਸਫਲਤਾ ਦਾ ਇਕ ਲਾਭ ਵੀ ਹੋਇਆ। ਬੇਦੀ ਜੀ ਦੀ ਅੰਤਲੀ ਨਾਮੁਰਾਦ ਅਤੇ ਜਾਨਲੇਵਾ ਬੀਮਾਰੀ ਇਸ ਫ਼ਿਲਮ ਦੀ ਲਾਈ ਹੋਈ ਮਾਇਕ ਸੱਟ ਦੇ ਸਿਰ ਪੈ ਗਈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਸੱਟ ਬੜੀ ਸਖ਼ਤ ਸੀ ਪਰ, ਜਿਵੇਂ ਮੈਂ ਪਹਿਲਾਂ ਦੱਸਿਆ ਹੈ, ਜਦੋਂ ਬੇਦੀ ਜੀ ਨੂੰ ਅਧਰੰਗ ਦਾ ਇਹ ਦੌਰਾ ਪਿਆ, ਪਿਆਰ ਦਾ ਦਾਅਵਾ ਕਰ ਕੇ ਉਨ੍ਹਾਂ ਦੇ ਜੀਵਨ ਵਿਚ ਪ੍ਰਵੇਸ਼ ਕਰਨ ਵਾਲੀ ਕੁੜੀ ਉਨ੍ਹਾਂ ਨੂੰ ਤੱਤੀਆਂ-ਠੰਢੀਆਂ ਸੁਣਾ ਰਹੀ ਸੀ। ਇਹ ਸੱਚ ਅਤੇ ਭੇਤ ਤਾਂ ਰੱਬ ਹੀ ਜਾਣਦਾ ਹੈ ਕਿ ਉਨ੍ਹਾਂ ਦੀ ਬੀਮਾਰੀ ਦਾ ਕਾਰਨ ਫ਼ਿਲਮ ਦੀ ਅਸਫਲਤਾ ਸੀ ਜਾਂ ਕੁੜੀ ਦੀ ਤਕਰਾਰ, ਜਾਂ ਫੇਰ ਦੋਵੇਂ ਗੱਲਾਂ ਕਿਸ ਅਨੁਪਾਤ ਵਿਚ ਕਾਰਨ ਬਣੀਆਂ?

## ਕਾਵਿ-ਕਿਆਰੀ

### ਇਨਸਾਨ ਪੱਥਰਾਂ ਦੇ

ਜਦੋਂ ਦੇ ਨੇ ਬਣ ਗਏ ਮਕਾਨ ਪੱਥਰਾਂ ਦੇ
ਉਦੋਂ ਦੇ ਨੇ ਹੋ ਗਏ ਇਨਸਾਨ ਪੱਥਰਾਂ ਦੇ।

ਲੱਖਾਂ ਤੇ ਕਰੋੜਾਂ ਲਾ ਬਣਾਉਂਦੇ ਨੇ ਇਮਾਰਤਾਂ
ਸੋਨੇ ਦਿਆਂ ਪੱਤਰਾਂ 'ਤੇ ਲਿਖਦੇ ਇਬਾਰਤਾਂ
ਕਰਦੇ ਪੁਜਾਰੀ ਵਿਖਿਆਨ ਪੱਥਰਾਂ ਦੇ।

ਪੰਡਿਤਾਂ-ਮੌਲਾਣਿਆਂ ਤੋਂ ਭਾਈ ਕਿਹੜੇ ਘੱਟ ਨੇ
ਰੱਬ ਪਾ ਕੇ ਬੋਝੇ ਉਹਦੇ ਕੱਢੀ ਜਾਂਦੇ ਵੱਟ ਨੇ
ਪੱਥਰਾਂ ਦੇ ਭਾਈ, ਪ੍ਰਧਾਨ ਪੱਥਰਾਂ ਦੇ।

ਤਾਬਿਆ 'ਚ ਬੈਠਾ ਭਾਈ ਗੇਮ ਰਿਹਾ ਖੇਡ ਏ,
ਲਗਣਾ ਨਹੀਂ ਪਤਾ ਕਦੋਂ ਪੈ ਜਾਣੀ ਰੇਡ ਏ।
ਕਾਗਜਾਂ ਦੇ ਫੁੱਲ ਗੁਲਦਾਨ ਪੱਥਰਾਂ ਦੇ।

ਰੋਵੇ ਪਿਆ ਰੱਬ ਅੱਜ ਧਰਮਾਂ ਨੂੰ ਵੇਖ ਕੇ,
ਖਾ ਗਏ ਇਨਸਾਨ ਕਿਵੇਂ ਸ਼ਰਮਾਂ ਨੂੰ ਵੇਚ ਕੇ
ਮਿੱਟੀ ਦਿਆਂ ਬੁਤਾਂ 'ਚ ਈਮਾਨ ਪੱਥਰਾਂ ਦੇ।

ਬੁੱਲਾ ਕਹਿੰਦਾ ਬੰਦਿਆਂ ਨਾਲੋਂ ਚੰਗੇ ਕੁੱਤੇ ਨੇ
ਵਫ਼ਾਦਾਰੀ ਵਿਚ ਕੁੱਤੇ ਬੰਦਿਆਂ ਤੋਂ ਉਤੇ ਨੇ
ਬਣ ਗਏ ਨੇ ਬੰਦੇ ਬੇਈਮਾਨ ਪੱਥਰਾਂ ਦੇ।

ਭੁਲ ਕੇ ਜੇ ਰੱਬ ਕਿਤੇ ਧਰਤੀ 'ਤੇ ਆਵੇਗਾ
ਬਾਦਲਾਂ ਕੋਲੋਂ ਉਹ ਵੀ ਮਾਰ ਬੜੀ ਖਾਵੇਗਾ
ਗੋਲਕਾਂ ਨੇ ਕੀਤੇ ਧੰਨਵਾਨ ਪੱਥਰਾਂ ਦੇ।

ਕਿਵੇਂ 'ਸੁਰਜੀਤ' ਮੈਂ ਪੰਜਾਬ ਨੂੰ ਬਚਾਵਾਂ
ਪਾਣੀ ਹੋਏ ਗੰਧਲੇ ਜ਼ਹਿਰੀਲੀਆਂ ਹਵਾਵਾਂ
ਹੋ ਗਏ ਨੇ ਸਾਰੇ ਭਗਵਾਨ ਪੱਥਰਾਂ ਦੇ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

### ਚੰਗਾ ਲੱਗਦਾ ਹੈ

ਜਿਉਂ ਰਾਜੇ ਨੂੰ ਤਖਤ ਹੀ ਚੰਗਾ ਲਗਦਾ ਹੈ,
ਕਿਉਂ ਸਦਾ ਗੁਜ਼ਰਿਆ ਵਖਤ ਹੀ ਚੰਗਾ ਲਗਦਾ ਹੈ।
ਹੋਵੇ ਪਿੰਜਰਾ ਭਾਵੇਂ ਸੋਨੇ ਦਾ, ਪਰ
ਪੰਛੀ ਨੂੰ ਤਾਂ ਦਰਖਤ ਹੀ ਚੰਗਾ ਲਗਦਾ ਹੈ।
ਦੁਨੀਆਂ ਦਾ ਤਾਂ ਮੁਢੋਂ ਇਹੀ ਦਸਤੂਰ ਹੈ,
ਤੀਵੀਂ ਨਾਜ਼ੁਕ, ਬੰਦਾ ਸਖਤ ਹੀ ਚੰਗਾ ਲਗਦਾ ਹੈ।
ਲੱਖ ਹੋਵਣ ਐਬ ਤੇ ਕਮਿਆਂ ਉਹਦੇ ਵਿਚ,
ਪਰ ਆਖਰ ਆਪਣਾ ਰਕਤ ਹੀ ਚੰਗਾ ਲਗਦਾ ਹੈ।
ਕਿੰਨੇ ਕਿੱਸੇ ਬਣੇ ਨੇ ਰਾਂਝੇ-ਮਿਰਜ਼ਿਆਂ ਦੇ,
ਦਿਲ ਨੂੰ ਇਸ਼ਕ ਕੰਬਖਤ ਹੀ ਚੰਗਾ ਲਗਦਾ ਹੈ।

***-ਗੁਰਮਨ ਸਿੰਘ ਤੂਰ***

---

### ਵਿਅੰਗ

ਅੱਗਾ ਦੌੜ ਤੇ ਪਿੱਛਾ ਚੌੜ ਦਿਸਦਾ,
ਲੱਤਾਂ ਰਹੇ ਇਕ ਦੂਜੇ ਦੀਆਂ ਖਿੱਚ ਨੇਤਾ।
ਲਾਲੂ ਖਾਧਾ ਸੀ ਚਾਰਾ ਡੰਗਰਾਂ ਦਾ
ਖਾਧੀ ਮੋਦੀ ਨੇ ਕ੍ਰਿਕਟ ਦੀ ਪਿੱਚ ਨੇਤਾ।
ਜਿਹਦੇ ਜਲਸੇ 'ਚ ਦਿਸੇ ਭੀੜ ਜ਼ਿਆਦਾ
ਉਹੀ ਸਮਝਦਾ ਹੋਰਾਂ ਨੂੰ ਟਿੱਚ ਨੇਤਾ।
ਸੁਭਾਅ ਏਕੇ ਦਾ ਪ੍ਰੈਸ ਬਿਆਨ ਦੇਵੇ
ਸ਼ਾਮੀਂ ਝਗੜਦਾ ਮੀਟਿੰਗ ਵਿਚ ਨੇਤਾ।

***-ਜੁਗਰਾਜ ਗਿੱਲ, ਸ਼ਾਰਲਟ***
***ਫੋਨ: 704-257-6693***

### ਅਸੀਂ ਭਗਤ ਸਿੰਘ ਦੇ ਕੀ ਲੱਗਦੇ

ਬੰਨ੍ਹ ਕੇਸਰੀ ਪੱਗਾਂ ਲੜ੍ਹ ਛੱਡ, ਪੋਜ ਬਣਾ ਛੱਡਦੇ।
ਸਾਲ 'ਚ ਇੱਕ ਦਿਨ ਬੁੱਤ 'ਤੇ ਦੋ ਫੁੱਲ ਚੜ੍ਹਾ ਛੱਡਦੇ।
ਉਂਜ ਉਸਦੇ ਸੁਪਨਿਆਂ ਦੇ ਗਲ਼ ਗੂਠਾ ਦੇ ਘੰਢੀ ਦੱਬਦੇ
ਸਾਡਾ ਭਗਤ ਸਿੰਘ ਕੀ ਲੱਗਦਾ, ਅਸੀਂ ਭਗਤ ਸਿੰਘ ਦੇ ਕੀ ਲੱਗਦੇ।
'ਖੰਗੇ ਸੀ ਤਾਂ ਟੰਗੇ' ਵਾਲਾ ਹੋਕਾ ਲਾਉਂਦੇ ਦੀ
ਗੱਡੀਆਂ ਪਿੱਛੇ ਫੋਟੋ ਲਾ ਕੇ ਮੁੱਛ ਚੜ੍ਹਾਉਂਦੇ ਦੀ
ਓਹਦੀ ਕੁਰਬਾਨੀ ਦੀ ਸਸਤੀ ਜਿਹੀ ਕੀਮਤ ਪਾ ਛੱਡਦੇ
ਸਾਡਾ ਭਗਤ ਸਿੰਘ ਕੀ ਲੱਗਦਾ, ਅਸੀਂ ਭਗਤ ਸਿੰਘ ਦੇ ਕੀ ਲੱਗਦੇ।


ਸਿੱਖ ਤਾਂ ਲਾਉਣ ਸਕੀਮਾਂ ਉਸ ਦੇ ਪੱਗ ਬੰਨਾਉਣ ਦੀਆਂ
ਹਿੰਦੂ ਜੁਗਤਾਂ ਘੜਦੇ ਨੇ ਉਹਦੇ ਟੋਪੀ ਪਾਉਣ ਦੀਆਂ
ਖਿੱਚ ਧੂਹ ਵਿੱਚ ਉਹਦੇ ਵਿਚਾਰਾਂ ਦੀ ਨਿੱਤ ਅਰਥੀ ਹਾਂ ਕੱਢਦੇ।
ਸਾਡਾ ਭਗਤ ਸਿੰਘ ਕੀ ਲੱਗਦਾ, ਅਸੀਂ ਭਗਤ ਸਿੰਘ ਦੇ ਕੀ ਲੱਗਦੇ।
ਹੱਕ ਸੱਚ ਤੇ ਨਿਆਂ ਲਈ ਜਿਸ ਦਿਨ ਸਿੱਖ ਲਾਂਗੇ ਲੜਨਾ
ਯੋਧੇ ਦੇ ਵਾਰਿਸ ਅਖਵਾਉਣ ਦੇ ਹੱਕਦਾਰ ਉਦੋਂ ਬਣਨਾ
ਕਦ ਗੱਲਾਂ ਦੇ ਕੜਾਹ ਨਾਲ ਪਾਲੀਏ ਭੁੱਖੇ ਢਿੱਡ ਰੱਜਦੇ
ਸਾਡਾ ਭਗਤ ਸਿੰਘ ਕੀ ਲੱਗਦਾ, ਅਸੀਂ ਭਗਤ ਸਿੰਘ ਦੇ ਕੀ ਲੱਗਦੇ?

***-ਸਤਨਾਮ ਪਾਲੀਆ, ਫੋਨ: 91-95016-35200***

# ਪੰਜਾਬੀ ਬੋਲੀ ਦਾ ਸੱਚਾ ਸਪੂਤ ਧਨੀ ਰਾਮ ਚਾਤ੍ਰਿਕ

ਪੰਜਾਬੀ ਸ਼ਾਇਰ ਧਨੀ ਰਾਮ ਚਾਤ੍ਰਿਕ ਦਾ ਜਨਮ ਲਾਲਾ ਪੋਹੂਮਲ ਦੇ ਘਰ, 18 ਅੱਸੂ, ਸੰਮਤ 1933 (ਅਕਤੂਬਰ, 1876 ਈਸਵੀ) ਪਿੰਡ ਪਸੀਆਂਵਾਲਾ ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) 'ਚ ਹੋਇਆ। ਪਸੀਆਂਵਾਲਾ ਦਰਿਆ ਰਾਵੀ ਦੇ ਪਾਰਲੇ ਤੇ ਉਰਲੇ ਪਾਸੇ ਔਲਖਾਂ ਦੀ ਭਿੰਡੀਆਂ (ਅੰਮ੍ਰਿਤਸਰ) ਦਾ ਨਗਰ ਹੈ।

ਉਹ ਉਦੋਂ ਡੇਢ ਸਾਲ ਦੇ ਸਨ ਜਦੋਂ ਮਾਤਾ-ਪਿਤਾ ਪਰਿਵਾਰ ਸਮੇਤ ਲੋਪੋਕੇ ਜ਼ਿਲ੍ਹਾ ਅੰਮ੍ਰਿਤਸਰ ਆ ਵੱਸੇ। ਦਸ ਸਾਲ ਦੇ ਸਨ ਜਦ ਉਨ੍ਹਾਂ ਦਾ ਚਾਚਾ ਕੰਧਾੜੇ ਚੁੱਕ ਕੇ ਰਾਸਾਂ, ਤਮਾਸ਼ੇ, ਮੇਲੇ ਤੇ ਛਿੰਝਾਂ ਵਿਖਾਉਣ ਵਾਸਤੇ ਲੈ ਜਾਂਦਾ। ਪਿੰਡ ਵਿਚ ਦੇਵੀ ਦਵਾਰਾ ਸੀ ਜਿਥੇ ਹਰ ਅੱਠੀਂ ਦਿਨੀਂ ਭਜਨ ਤੇ ਭੇਟਾਂ ਗਾਈਆਂ ਜਾਂਦੀਆਂ ਸਨ। ਉਨ੍ਹਾਂ ਦਾ ਚਾਚਾ ਵੀ ਭਜਨ ਮੰਡਲੀ ਦਾ ਮੈਂਬਰ ਸੀ। ਜੋ ਗੀਤ ਤੇ ਭਜਨ ਉਨ੍ਹਾਂ ਦੀ ਕੰਨੀ ਪੈਂਦੇ ਰਹੇ, ਉਹ ਇਨ੍ਹਾਂ ਦੀ ਯਾਦ ਵਿਚ ਬੈਠਦੇ ਗਏ। ਇਉਂ ਉਨ੍ਹਾਂ ਦੇ ਮਨ ਦੀ ਜਰਖੇਜ ਜ਼ਮੀਨ ਵਿਚ ਕਵਿਤਾ ਦਾ ਬੀਜ ਬੀਜਿਆ ਗਿਆ ਤੇ 1925 'ਚ ਉਨ੍ਹਾਂ 'ਰਾਧਾ ਸੰਦੇਸ਼' ਨਾਮੀ ਕਵਿਤਾ ਲਿਖੀ।



ਜਸਵੰਤ ਸਿੰਘ ਸੰਧੂ (ਘਰਿੰਡਾ)
ਯੂਨੀਅਨ ਸਿਟੀ, ਕੈਲੀਫੋਰਨੀਆ
ਫੋਨ: 510-516-5971

ਗੁਰਮੁਖੀ ਉਨ੍ਹਾਂ ਆਪਣੇ ਪਿਤਾ ਤੋਂ ਸਿੱਖੀ। ਹੌਲੀ ਹੌਲੀ ਹਿੰਦੀ ਅੱਖਰਾਂ ਦੀ ਪਛਾਣ ਵੀ ਕਰ ਲਈ। ਛੇ ਸਾਲ ਦੀ ਉਮਰ ਵਿਚ ਉਨ੍ਹਾਂ ਨੂੰ ਪਿੰਡ ਦੇ ਮਦਰੱਸੇ ਦਾਖਲ ਕਰਵਾਇਆ ਗਿਆ। ਦੋ ਜਮਾਤਾਂ ਪਿਛੋਂ ਉਨ੍ਹਾਂ ਬਦੋਮੱਲੀ (ਜ਼ਿਲ੍ਹਾ ਸਿਆਲਕੋਟ) ਸਕੂਲ ਵਿਚੋਂ ਪੰਜਵੀਂ ਪਾਸ ਕੀਤੀ। ਫਿਰ ਉਨ੍ਹਾਂ ਅੰਮ੍ਰਿਤਸਰ ਦੇ ਇਸਲਾਮੀਆ ਸਕੂਲ ਚੌਕ ਫਰੀਦ ਵਿਚ ਜੂਨੀਅਰ ਸਪੈਸ਼ਲ ਕਲਾਸ ਵਿਚ ਦਾਖਲਾ ਲੈ ਲਿਆ ਜਿਥੇ ਉਨ੍ਹਾਂ ਅੰਗਰੇਜ਼ੀ ਸਿੱਖੀ। ਪੰਦਰਾਂ ਸਾਲ ਦੀ ਉਮਰੇ ਉਨ੍ਹਾਂ ਵਸੀਕਾ-ਨਵੀਸੀ ਸ਼ੁਰੂ ਕੀਤੀ। ਆਰਥਿਕ ਮੁਸ਼ਕਿਲਾਂ ਆਈਆਂ ਤਾਂ ਉਨ੍ਹਾਂ ਦੇ ਹੱਲ ਲਈ ਅੰਮ੍ਰਿਤਸਰ ਆ ਗਏ, ਜਿਥੇ ਉਨ੍ਹਾਂ ਦਾ ਮੇਲ ਵਜ਼ੀਰ ਹਿੰਦ ਪ੍ਰੈਸ ਵਾਲੇ ਭਾਈ ਵਜ਼ੀਰ ਸਿੰਘ ਤੇ ਭਾਈ ਵੀਰ ਸਿੰਘ ਨਾਲ ਹੋਇਆ। ਵਧੀਆ ਲਿਖਾਈ ਹੋਣ ਕਰ ਕੇ ਉਨ੍ਹਾਂ ਨੂੰ ਵਜ਼ੀਰ ਹਿੰਦ ਪ੍ਰੈਸ ਵਿਚ ਨੌਕਰੀ ਮਿਲ ਗਈ। 1894 ਵਿਚ ਉਨ੍ਹਾਂ ਨੂੰ ਕੋਈ ਕਿਤਾਬ ਲਿਖਣ ਲਈ ਦਿੱਤੀ ਗਈ ਜਿਸ ਦੀ ਜ਼ਿੰਮੇਵਾਰੀ ਉਨ੍ਹਾਂ ਬਾਖੂਬੀ ਨਿਭਾਈ। ਉਸ ਤੋਂ ਬਾਅਦ ਲਿਖਣ ਲਈ ਹੋਰ ਕਿਤਾਬਾਂ ਮਿਲ ਗਈਆਂ। ਉਦੋਂ ਪੱਥਰ ਦਾ ਛਾਪਾ ਹੁੰਦਾ ਸੀ, ਸਿਰਫ ਲਾਹੌਰ ਵਿਚ ਹੀ ਟਾਈਪ ਛਾਪਾ ਚੱਲਦਾ ਸੀ। ਫਿਰ ਟਾਈਪ ਛਾਪਾ ਅੰਮ੍ਰਿਤਸਰ ਵੀ ਆ ਗਿਆ। 1896 ਵਿਚ ਵਜ਼ੀਰ ਹਿੰਦ ਪ੍ਰੈਸ ਵਾਲਿਆਂ ਆਪਣੀ ਕਿਤਾਬਾਂ ਦੀ ਦੁਕਾਨ, ਬਾਜ਼ਾਰ ਮਾਈ ਸੇਵਾ ਵਿਚ ਖੋਲ੍ਹ ਲਈ। ਉਥੇ ਬੈਠਣ ਦੀ ਜ਼ਿੰਮੇਵਾਰੀ ਧਨੀ ਰਾਮ ਚਾਤ੍ਰਿਕ ਨੂੰ ਦੇ ਦਿੱਤੀ ਗਈ। ਇੰਨੇ ਵਿਚ ਪ੍ਰੈਸ ਵਾਲਿਆਂ ਨੇ ਟਾਈਪ ਛਪਾਈ ਸ਼ੁਰੂ ਕਰ ਦਿੱਤੀ ਜਿਸ 'ਚ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਤੇ ਹੋਰ ਕਿਤਾਬਾਂ ਛਪੀਆਂ। ਚਾਤ੍ਰਿਕ ਦੀ ਇਸ ਵਿਚ ਵੱਡੀ ਦੇਣ ਸੀ।

ਚਾਤ੍ਰਿਕ ਦਾ ਵਿਆਹ ਬੱਦੋਮੱਲੀ ਵਿਚ ਹੀ ਹੋਇਆ। ਉਨ੍ਹਾਂ ਮੁਤਾਬਕ, ਉਸ ਵਕਤ ਅੱਠ-ਨੌਂ ਵਰ੍ਹਿਆਂ ਦੇ ਮੁੰਡੇ ਤੇ ਸੱਤ-ਅੱਠ ਵਰ੍ਹਿਆਂ ਦੀ ਕੁੜੀ ਦਾ ਵਿਆਹ ਕਰ ਦਿੱਤਾ ਜਾਂਦਾ ਸੀ। ਉਂਜ ਵਿਆਹ ਤੋਂ ਬਾਅਦ ਮੁਕਲਾਵੇ ਲਈ ਤਿੰਨ ਜਾਂ ਚਾਰ ਸਾਲ ਮਿਲ ਜਾਂਦੇ ਸਨ ਤਾਂ ਜੋ ਮੁੰਡੇ ਤੇ ਕੁੜੀ ਨੂੰ ਹੋਸ਼ ਆ ਲਵੇ। ਉਨ੍ਹਾਂ ਦਾ ਦੂਜਾ ਵਿਆਹ 1906 ਵਿਚ ਹੋਇਆ ਤੇ ਉਹ ਅੱਠ ਮਈ 1907 ਨੂੰ ਲੋਪੋਕੇ ਤੋਂ ਅੰਮ੍ਰਿਤਸਰ ਆ ਗਏ ਜਿਥੇ ਉਨ੍ਹਾਂ ਦੇ ਘਰ ਚਾਰ ਪੁੱਤਰਾਂ ਤੇ ਇਕ ਧੀ ਨੇ ਜਨਮ ਲਿਆ। ਅੱਜ ਕੱਲ੍ਹ ਇਸ ਘਰ (ਅੰਮ੍ਰਿਤਸਰ ਅਟਾਰੀ ਜੀ ਟੀ ਰੋਡ) ਵਿਚ ਚਿਰਾਗ ਪੈਲੇਸ ਬਣਿਆ ਹੋਇਆ ਹੈ। ਉਨ੍ਹਾਂ ਦੀ ਔਲਾਦ ਬਾਰੇ ਤਾਂ ਕੁਝ ਪਤਾ ਨਹੀਂ ਕਿਥੇ ਰਹਿੰਦੀ ਹੈ, ਪਰ ਚਾਤ੍ਰਿਕ ਦੇ ਨਾਂ ਵਾਲੀ ਨੇਮ-ਪਲੇਟ ਅੱਜ ਵੀ ਕੰਧ ਉਤੇ ਉਕਰੀ ਹੋਈ ਹੈ।

ਕਵਿਤਾ ਤਾਂ ਉਹ ਪਿੰਡ ਵਿਚ ਹੀ ਲਿਖਣ ਲੱਗ ਪਏ ਸਨ, ਪਰ ਉਸ ਨੂੰ ਅਸਲੀ ਰੂਪ ਦੇਣ ਦਾ ਮੌਕਾ ਸ਼ਹਿਰ ਆ ਕੇ ਹੀ ਮਿਲਿਆ। ਉਂਜ ਪਿੰਡ ਵਿਚ ਹੀ ਉਨ੍ਹਾਂ ਨੇ ਪੰਜ ਗ੍ਰੰਥੀ, ਦਸ ਗ੍ਰੰਥੀ, ਹੀਰ ਵਾਰਸ ਸ਼ਾਹ, ਹਕੀਕਤ ਰਾਏ, ਕਾਲੀਦਾਸ ਆਦਿ ਕਿਤਾਬਾਂ ਵਿਚ ਛੰਦਾਂ ਦੇ ਨਾਮ ਪੜ੍ਹੇ ਹੋਏ ਸਨ, ਪਰ ਪਿੰਗਲ ਗ੍ਰੰਥ ਅੰਮ੍ਰਿਤਸਰ ਆ ਕੇ ਪੜ੍ਹਿਆ। 'ਖਾਲਸਾ ਸਮਾਚਾਰ' ਵਿਚ ਉਨ੍ਹਾਂ ਦੀਆਂ ਕਵਿਤਾਵਾਂ ਹਰਿ ਧਨੀ (ਹ ਧ) ਦੇ ਨਾਂ 'ਤੇ ਛਪਦੀਆਂ ਰਹੀਆਂ। ਬਾਅਦ ਵਿਚ ਉਨ੍ਹਾਂ ਆਪਣਾ ਤਖ਼ੱਲਸ 'ਚਾਤ੍ਰਿਕ' ਰੱਖ ਲਿਆ।

ਭਾਈ ਵਜ਼ੀਰ ਸਿੰਘ ਦੀ ਸੰਗਤ ਵਿਚ ਉਨ੍ਹਾਂ ਮਨੁੱਖਤਾ ਤੇ ਸੱਚਾਈ ਦੇ ਸਬਕ ਸਿੱਖੇ। ਗੁਰਮਤਿ ਤੇ ਗੁਰਬਾਣੀ ਦੀ ਸੂਝ ਮਿਲੀ। ਅਗਸਤ 1908 ਵਿਚ ਭਾਈ ਵਜ਼ੀਰ ਸਿੰਘ ਦਾ ਦੇਹਾਂਤ ਹੋ ਗਿਆ, ਤਾਂ ਚਾਤ੍ਰਿਕ ਦੇ ਮਨ ਉਤੇ ਡੂੰਘੀ ਸੱਟ ਵੱਜੀ। ਉਨ੍ਹਾਂ ਦਾ ਮਨ ਇਸ ਵਿਛੋੜੇ ਨੂੰ ਮੰਨਣ ਲਈ ਤਿਆਰ ਨਹੀਂ ਸੀ। ਇਸ ਉਪਰਾਮਤਾ ਕਾਰਨ ਉਹ 1911 ਵਿਚ ਅੰਮ੍ਰਿਤਸਰ ਤੋਂ ਮੁੰਬਈ ਰਵਾਨਾ ਹੋ ਗਏ। ਮੁੰਬਈ ਜਾ ਕੇ ਉਨ੍ਹਾਂ ਤਿੰਨ-ਚਾਰ ਸਾਲ ਦੀ ਸਖਤ ਮਿਹਨਤ ਤੋਂ ਬਾਅਦ ਛੇ-ਸੱਤ ਟਾਈਪ ਮਸ਼ੀਨਾਂ ਬਣਵਾ ਕੇ ਕਾਰੀਗਰਾਂ ਸਮੇਤ ਅੰਮ੍ਰਿਤਸਰ ਆ ਕੇ ਅਗਸਤ 1914 ਨੂੰ ਬਾਕਾਇਦਾ 'ਸਟੈਂਡਰਡ ਟਾਈਪ ਫਾਊਂਡਰੀ' ਲਾ ਕੇ ਕਾਰੋਬਾਰ ਸ਼ੁਰੂ ਕੀਤਾ। ਉਹ ਮਾਂ-ਬੋਲੀ ਪੰਜਾਬੀ ਨੂੰ ਬਹੁਤ ਪਿਆਰ ਕਰਦੇ ਸਨ। ਇਸ ਦੀ ਤਰੱਕੀ ਲਈ ਹਿੰਦੂ, ਮੁਸਲਮਾਨ, ਸਿੱਖ ਤੇ ਈਸਾਈਆਂ ਦਾ ਸਾਂਝਾ ਪਿੜ ਬਣਾ ਕੇ ਪ੍ਰਚਾਰ ਕਰਨ ਦੀ ਲਹਿਰ 1926 ਵਿਚ 'ਪੰਜਾਬੀ ਸਭਾ ਅੰਮ੍ਰਿਤਸਰ' ਬਣਾ ਕੇ ਸ਼ੁਰੂ ਕੀਤੀ। ਇਸ ਸਭਾ ਦੇ ਪਹਿਲੇ ਪ੍ਰਧਾਨ ਖੁਦ ਚਾਤ੍ਰਿਕ ਹੀ ਸਨ। ਗਿਆਨੀ ਹੀਰਾ ਸਿੰਘ ਦਰਦ ਇਸ ਦੇ ਸਕੱਤਰ, ਐਸ.ਐਸ. ਚਰਨ ਸਿੰਘ ਸ਼ਹੀਦ, ਪ੍ਰੋ. ਤੇਜਾ ਸਿੰਘ ਐਮ.ਏ., ਡਾ. ਦੇਵੀ ਦਾਸ, ਲਾਲਾ ਗੁਰਾਂਦਿੱਤਾ ਖੰਨਾ, ਮੁਨਸ਼ੀ ਮੌਲਾ ਬਖਸ਼ ਕੁਸ਼ਤਾ, ਉਸਤਾਦ ਮੁਸ਼ਤਾਕ ਤੇ ਮੁਹੰਮਦ ਹੁਸੈਨ ਖੁਸ਼ਨੂਦ ਆਦਿ ਮੈਂਬਰ ਸਨ। ਇਸ ਸਭਾ ਦਾ ਸਭ ਤੋਂ ਵੱਡਾ ਕਵੀ ਦਰਬਾਰ, ਹਿੰਦੂ ਸਭਾ ਕਾਲਜ ਹਾਲ (ਅੰਮ੍ਰਿਤਸਰ) ਵਿਚ ਹੋਇਆ ਜਿਸ ਦੀ ਪ੍ਰਧਾਨਗੀ ਭਾਈ ਕਾਹਨ ਸਿੰਘ ਨਾਭਾ ਨੇ ਕੀਤੀ।

ਪੰਜਾਬੀ ਸਭਾ ਦੀ ਲਹਿਰ ਨੇ ਅੰਮ੍ਰਿਤਸਰ ਦੀ ਜਨਤਾ ਦੇ ਦਿਲਾਂ ਵਿਚ ਆਪਣੀ ਥਾਂ ਬਣਾ ਲਈ ਜਿਸ ਕਾਰਨ ਪਹਿਲੀ ਪੰਜਾਬੀ ਕਾਨਫਰੰਸ ਅਕਤੂਬਰ 1927 ਵਿਚ ਹੋਈ ਜਿਸ ਦੇ ਪ੍ਰਧਾਨ ਪੰਜਾਬੀ ਦੇ ਉਘੇ ਲੇਖਕ ਚੌਧਰੀ ਸਰ ਸ਼ਹਾਬੁਦੀਨ ਚੁਣੇ ਗਏ। ਉਨ੍ਹਾਂ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਪੰਜਾਬੀ, ਹਿੰਦੀ ਤੇ ਉਰਦੂ ਝਗੜੇ ਦਾ ਨਿਆਂ ਕਰਦਿਆਂ ਫਰਮਾਇਆ:

ਹੈ ਪੰਜਾਬੀ ਦੇਸ ਦੀ ਬੋਲੀ,  
ਝੂਠ ਨਹੀਂ ਵਿਚ ਇਸ ਦੇ।  
ਦੂਜੇ ਦਾਅਵੇਦਾਰ ਦੋਵੇਂ ਨੇ,  
ਝੂਠੇ ਮੈਨੂੰ ਦਿਸਦੇ।

ਚਾਤ੍ਰਿਕ ਨੇ ਬਹੁਤ ਸਮਾਂ ਸ਼ਹਿਰ ਵਿਚ ਗੁਜ਼ਾਰਿਆ, ਪਰ ਮੁਢਲੇ ਸਤਾਰਾਂ ਸਾਲ ਉਨ੍ਹਾਂ ਮਾਝੇ ਦੇ ਪੇਂਡੂ ਇਲਾਕੇ ਵਿਚ ਗੁਜ਼ਾਰੇ। ਇਨ੍ਹਾਂ ਦੀ ਮੋਹਰ-ਛਾਪ ਉਨ੍ਹਾਂ ਦੀ ਕਵਿਤਾ, ਖਾਸ ਕਰ ਬੋਲੀ ਵਿਚ ਉਕਰੀ ਗਈ। ਉਹ ਪੰਜਾਬੀ ਦਾ ਸਭ ਤੋਂ ਵੱਡਾ ਤੇ ਵਿਸ਼ੇਸ਼ ਪੇਂਡੂ ਕਵੀ ਪ੍ਰਤੀਤ ਹੁੰਦਾ ਹੈ। ਪਿੰਡ ਦਾ ਪੂਰਾ ਵਿਸਥਾਰ, ਖੁੱਲ੍ਹਾ ਸੁਭਾਅ, ਦੁੱਧ ਘਿਓ ਦੀਆਂ ਬਰਕਤਾਂ, ਇਹ ਸਭ ਕੁਝ ਉਹ ਸਹਿਜ-ਸੁਭਾਅ ਹੀ ਆਪਣੀ ਕਵਿਤਾ ਵਿਚ ਰੂਪਮਾਨ ਕਰ ਦਿੰਦੇ ਸਨ। ਪੇਂਡੂ ਮੇਲੇ ਤੇ ਉਸ ਦੇ ਨਾਇਕ ਜੱਟ ਦੇ ਅਦਭੁਤ ਚਿਤਰ ਖਿੱਚਦੀ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਬੋਲਾਂ ਵਾਲੀ ਕਵਿਤਾ ਭਲਾ ਕਿਸ ਪੰਜਾਬੀ ਨੇ ਨਹੀਂ ਸੁਣੀ।

ਪੰਜਾਬ ਨੂੰ ਪੁਰਾਣੇ ਸਮੇਂ ਸਪਤ ਸਿੰਧੂ ਕਹਿੰਦੇ ਸਨ। ਇਹ ਰਮਣੀਕ ਧਰਤੀ ਹੈ ਜਿਥੇ ਪੰਜ ਦਰਿਆ ਵਹਿੰਦੇ ਹਨ। ਇਸ ਦੇ ਬੇਲੇ, ਪਹਾੜ ਤੇ ਮੈਦਾਨ ਕਾਵਿ-ਹੁਲਾਰਾ ਦਿੰਦੇ ਹਨ। ਚਾਤ੍ਰਿਕ ਨੂੰ ਪੰਜਾਬ ਦੇ ਪਿੰਡਾਂ, ਬੇਲਿਆਂ ਤੇ ਨਦੀ-ਨਾਲਿਆਂ ਨਾਲ ਬਹੁਤ ਪਿਆਰ ਸੀ। ਉਨ੍ਹਾਂ ਦੀਆਂ ਕਵਿਤਾਵਾਂ, ਪੰਜਾਬ ਤੇ ਪੰਜਾਬੀਆਂ ਸਬੰਧੀ ਹਨ। ਪੰਜਾਬ ਦੀ ਸਿਫਤ ਕਰਦਿਆਂ ਕਹਿੰਦੇ ਹਨ:

ਐ ਪੰਜਾਬ! ਕਰਾਂ ਕੀ ਸਿਫਤ ਤੇਰੀ,  
ਸ਼ਾਨਾਂ ਦੇ ਸਭ ਸਾਮਾਨ ਤਿਰੇ,  
ਜਲ ਪਾਉਣ ਓਰਾ ਹਰਿਔਲ ਤਿਰੀ,  
ਦਰਿਆ ਪਰਬਤ ਮੈਦਾਨ ਤਿਰੇ।  
ਭਾਰਤ ਦੇ ਸਿਰ ਤੇ ਛਤਰ ਤਿਰਾ,  
ਤੇਰੇ ਸਿਰ ਤੇ ਛਤਰ ਹਿਮਾਲਾ ਦਾ।  
ਮੋਢੇ ਤੇ ਚਾਦਰ ਬਰਫਾਂ ਦੀ,  
ਸੀਨੇ ਵਿਚ ਸੇਕ ਜੁਆਲਾ ਦਾ।  
ਖੱਬੇ ਹੱਥ ਬਰਛੀ ਜਮਨਾ ਦੀ,  
ਸੱਜੇ ਹੱਥ ਖੜਗ ਅਟਕ ਦਾ ਹੈ।  
ਪਿਛਵਾੜੇ ਬੰਦ ਚੱਟਾਨਾਂ ਦਾ,  
ਕੋਈ ਵੈਰੀ ਤੋੜ ਨਾ ਸਕਦਾ ਹੈ।  
ਅਰਸ਼ੀ ਬਰਕਤ ਰੂੰ ਵਾਂਗ ਉਤਰ,  
ਚਾਂਦੀ ਦੇ ਢੇਰ ਲਗਾਂਦੀ ਹੈ।  
ਚਾਂਦੀ ਢਲ ਕੇ ਵਿਛਦੀ ਹੈ,  
ਤੇ ਸੋਨਾ ਬਣਦੀ ਜਾਂਦੀ ਹੈ।

ਚਾਤ੍ਰਿਕ ਅਸਲ ਅਰਥਾਂ ਵਿਚ ਅਗਾਂਹਵਧੂ ਕਵੀ ਸੀ। ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਸੰਗਤ ਵਿਚ ਉਨ੍ਹਾਂ ਦਾ ਦ੍ਰਿਸ਼ਟੀਕੋਣ ਸਮਾਜਵਾਦੀ ਹੋ ਗਿਆ। ਉਹ ਨਵੇਂ ਆਦਰਸ਼ਕ ਸੰਸਾਰ ਦੇ ਸੁਪਨੇ ਘੜਦੇ ਤੇ ਸੁੰਦਰ ਸੰਸਾਰ ਨੂੰ ਇਨਸਾਨਿਸਤਾਨ ਦਾ ਨਾਂ ਦਿੰਦੇ। ਉਹ ਲੋਕਾਂ ਦੇ ਸੰਸਾਰ ਵਿਚ ਜੋਕਾਂ ਦੀ ਹੋਂਦ ਨਹੀਂ ਸਨ ਚਾਹੁੰਦੇ:



*ਧਨੀ ਰਾਮ ਚਾਤ੍ਰਿਕ ਦਾ ਇਕ ਬੁੱਤ*

ਸਾਂਝੇ ਹੋਣ ਮਸੀਤਾਂ ਮੰਦਰ,  
ਵੱਸੇ ਰੱਬ ਦਿਲਾਂ ਦੇ ਅੰਦਰ।  
ਲੀਡਰ ਹੋਣ ਦਿਆਨਤਦਾਰ,  
ਮੇਲ ਮੁਹੱਬਤ ਦਾ ਪਰਚਾਰ।  
ਮਤਲਬੀਏ ਤੇ ਪਾੜਨ ਵਾਲੇ,  
ਭੁੱਲ ਜਾਵਣ ਸ਼ਤਰੰਜ ਦੇ ਚਾਲੇ।  
ਟੁੱਕਰਾਂ ਤੋਂ ਨਾ ਵੱਢ ਵੱਢ ਖਾਣ,  
ਸਚਮੁਚ ਦਾ ਇਨਸਾਨਿਸਤਾਨ।

ਧਨੀ ਰਾਮ ਚਾਤ੍ਰਿਕ ਧਰਤੀ ਦੇ ਕਵੀ ਸਨ। ਉਨ੍ਹਾਂ ਨਰਕ-ਸਵਰਗ ਦੀਆਂ ਗੱਲਾਂ ਨਹੀਂ ਕੀਤੀਆਂ। ਸੰਤੋਖ ਸਿੰਘ ਧੀਰ ਵਾਂਗ ਸਮਾਜਵਾਦੀ ਸੂਝ ਦਾ ਆਵੇਸ਼ ਉਨ੍ਹਾਂ ਦੀ ਕਾਵਿ-ਕਲਾ ਵਿਚ ਹੋਇਆ। ਉਨ੍ਹਾਂ ਬਿਰਲੇ, ਟਾਟੇ ਤੇ ਡਾਲਮੀਆ ਵਿਰੁਧ ਕਲਮ ਦੀ ਤਲਵਾਰ ਉਠਾਈ:

ਬਿਰਲੇ ਟਾਟੇ ਡਾਲਮੀਏ ਨੇ,  
ਰਲ ਕੇ ਏਕਾ ਕੀਤਾ।  
ਵੱਡੇ ਵੱਡੇ ਅਖਬਾਰਾਂ ਨੂੰ,  
ਕੁਝ ਦੇ ਕੇ ਮੁੱਲ ਲੈ ਲੀਤਾ।  
ਧਨ ਵੀ ਆਪਣਾ ਪ੍ਰੈਸ ਵੀ ਆਪਣਾ,  
ਬਾਕੀ ਰਹਿ ਗਏ ਕਾਮੇ,  
ਮੁੱਠ ਗਰਮ ਕਰ ਵੋਟ ਲੈ ਗਿਆ,  
ਮੂੰਹ ਉਨ੍ਹਾਂ ਦਾ ਸੀਤਾ।

ਚਾਤ੍ਰਿਕ ਕਈ ਸਾਲ ਪਿੰਡ ਰਹੇ। ਉਨ੍ਹਾਂ ਵੇਖਿਆ ਕਿ ਕਿਸਾਨ ਸਵੇਰ ਤੋਂ ਰਾਤ ਤੱਕ ਮਿਹਨਤ ਕਰਦਾ ਹੈ, ਫਿਰ ਵੀ ਉਸ ਦੀ ਗਰੀਬੀ ਦੂਰ ਨਹੀਂ ਹੁੰਦੀ। ਇਸ ਦਾ ਕਾਰਨ ਉਹ ਦੱਸਦੇ ਹਨ:

ਇਕ ਇਲਮ ਦੀ ਊਣ,  
ਮੁੰਡੇ ਪੜ੍ਹਨੇ ਪਾਇ,  
ਦੂਜਾ ਝੱਸ ਸ਼ਰਾਬ ਦਾ,  
ਇਸ ਤੋਂ ਜਾਨ ਛੁਡਾਇ,  
ਤੀਜਾ ਐਬ ਕੁਪੱਤ ਦਾ,  
ਖਹਿ ਖਹਿ ਮਰੇ ਭਰਾਇ,  
ਫੇਰ ਮੁਕੱਦਮਾ ਲੜਦਿਆਂ,  
ਝੁੱਗਾ ਉਜੜ ਜਾਇ,  
ਪੰਜਵਾਂ ਚਸਕਾ ਕਰਜ਼ ਦਾ,  
ਵਾਹਣ ਛੱਡੇ ਤੂੰ ਖਾਇ,  
ਪੰਜੇ ਭੈੜੀਆਂ ਵਾਦੀਆਂ,  
ਬਰਕਤ ਖੜ੍ਹਨ ਉਡਾਇ।

ਧਨੀ ਰਾਮ ਚਾਤ੍ਰਿਕ ਬੇਸ਼ੱਕ ਧਾਰਮਿਕ ਮਾਹੌਲ ਵਿਚ ਪਲੇ ਸਨ, ਪਰ ਉਹ ਧਰਮ ਦੇ ਨਾਂ 'ਤੇ ਹੋ ਰਹੀਆਂ ਚਲਾਕੀਆਂ ਤੋਂ ਜਾਣੂ ਸਨ। ਉਨ੍ਹਾਂ ਆਪਣੀ ਇਕ ਕਵਿਤਾ ਵਿਚ ਇਹੋ ਜਿਹੇ ਧਾਰਮਿਕ ਸਮਾਜ ਉਤੇ ਕਾਫੀ ਚੋਟਾਂ ਕੀਤੀਆਂ:

ਸੰਤਾਂ ਦੀ ਅਯਾਰੀ ਵੇਖੀ,  
ਪੂਰੀ ਜਾਹਰਦਾਰੀ ਦੇਖੀ।  
ਲੀਡਰ ਹੌਕੇ ਭਰਦੇ ਵੇਖੇ,  
ਖੀਸੇ ਖਾਲੀ ਕਰਦੇ ਵੇਖੇ।  
ਮੰਦਰ ਦੇਖੇ, ਡੇਰੇ ਦੇਖੇ,  
ਬੀਬੇ ਬੀਬੇ ਦਾਹੜੇ ਦੇਖੇ,  
ਅੰਦਰ ਵਜਦੇ ਧਾੜੇ ਦੇਖੇ।

ਕਿੰਨੀ ਜ਼ੁਰਅਤ ਹੈ ਉਨ੍ਹਾਂ ਵਿਚ, ਪਖੰਡ ਨੂੰ ਨੰਗਾ ਕਰਨ ਦੀ! ਇਕ ਹੋਰ ਬੰਦ ਵਿਚ ਉਨ੍ਹਾਂ ਮਜ਼ਹਬ ਦੇ ਠੇਕੇਦਾਰਾਂ ਉਤੇ ਚੋਟ ਕੀਤੀ ਹੈ ਜੋ ਉਂਜ ਆਪਣੇ ਭਾਸ਼ਣਾਂ ਨਾਲ ਦੋ ਮਜ਼ਹਬਾਂ ਦੇ

*(ਬਾਕੀ ਅਗਲੇ ਸਫੇ 'ਤੇ)*

## ਧਨੀ ਰਾਮ ਚਾਤ੍ਰਿਕ ਦੀਆਂ ਕੁਝ ਕਵਿਤਾਵਾਂ

### ਮੇਲੇ ਵਿਚ ਜੱਟ

ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ,  
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।  
ਮੀਹਾਂ ਦੀ ਉਡੀਕ ਤੇ ਸਿਆੜ ਕੱਢ ਕੇ,  
ਮਾਲ ਢਾਂਡਾ ਸਾਂਭਣੇ ਨੂੰ ਕਾਮਾ ਛੱਡ ਕੇ।  
ਪੱਗ ਝੱਗਾ ਚਾਦਰਾ ਨਵਾਂ ਸਵਾਇ ਕੇ,  
ਸੰਮਾਂ ਵਾਲੀ ਡਾਂਗ ਉਤੇ ਤੇਲ ਲਾਇ ਕੇ।  
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,  
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਹਾਣੀਆਂ ਦੀ ਢਾਣੀ ਵਿਚ ਲਾੜਾ ਸੱਜਦਾ,  
ਬੱਘ ਬੱਘ ਬੱਘ ਸ਼ੇਰ ਗੱਜਦਾ।  
ਹੀਰੇ ਨੂੰ ਅਰਕ ਨਾਲ ਹੁੱਜਾਂ ਮਾਰਦਾ,  
ਸੈਨਤਾਂ ਦੇ ਨਾਲ ਰਾਮੂ ਨੂੰ ਵੰਗਾਰਦਾ।  
ਚੰਗੀ ਜਿਹੀ ਸੱਦ ਲਾ ਦੇ ਬੱਲੇ ਬੇਲੀਆ!  
ਤੂੰਬਾ ਜ਼ਰਾ ਖੋਲ੍ਹ ਖਾਂ ਜੁਆਨਾ ਤੇਲੀਆ।  
ਸਰੂ ਵਾਂਗ ਝੂਲ ਵੰਝਲੀ ਸੁਣਾ ਗਿਆ,  
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਤੂੰਬੇ ਨਾਲ ਭਾਂਤੋ ਭਾਂਤ ਬੋਲ ਬੋਲੀਆਂ,  
ਹਾੜ੍ਹ ਵਿਚ ਜੱਟਾਂ ਨੇ ਮਨਾਈਆਂ ਹੋਲੀਆਂ।  
ਛਿੰਝ ਦੀ ਤਿਆਰੀ ਹੋਈ, ਢੋਲ ਵੱਜਦੇ,  
ਕੱਸ ਕੇ ਲੰਗੋਟੇ ਆਏ ਸ਼ੇਰ ਗੱਜਦੇ।  
ਲਿਸ਼ਕਦੇ ਨੇ ਪਿੰਡੇ ਗੁੰਨ੍ਹੇ ਹੋਏ ਤੇਲ ਦੇ,  
ਮਾਰਦੇ ਨੇ ਛਾਲਾਂ ਦੂਲੇ ਡੰਡ ਪੇਲਦੇ।  
ਕਿੱਸੂ ਨੂੰ ਸੁਰੈਣਾ ਪਹਿਲੇ ਹੱਥ ਢਾ ਗਿਆ,  
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਵਾਰੀ ਹੁਣ ਆ ਗਈ ਜੇ ਪੀਣ ਖਾਣ ਦੀ,  
ਰਿਊੜੀਆਂ ਜਲੇਬੀਆਂ ਦੇ ਆਹੂ ਲਾਹਣ ਦੀ।  
ਹੱਟੀਆਂ ਦੇ ਵੱਲ ਆ ਪਏ ਨੇ ਟੁੱਟ ਕੇ,  
ਹੂੰਝ ਲਈਆਂ ਥਾਲੀਆਂ ਜੁਆਨਾਂ ਜੁੱਟ ਕੇ।  
ਖੁੱਲ੍ਹ ਗਈਆਂ ਬੋਤਲਾਂ ਗਲਾਸ ਫਿਰਿਆ,  
ਤੇਲੀਆਂ ਤੇ ਡੂਮਾਂ ਦਾ ਕਲੇਜਾ ਘਿਰਿਆ।  
ਬੁੱਕਾਂ ਤੇ ਕਮੀਣਾਂ ਨੂੰ ਮਜ਼ਾ ਚਖਾ ਗਿਆ,  
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

### ਪੰਜਾਬੀ ਦਾ ਸੁਪਨਾ

***ਕਿਸੇ ਟਾਪੂ ਵਿਚ ਬੈਠੇ ਪੰਜਾਬੀ ਦਾ ਆਪਣੇ ਵਤਨੀ ਭਰਾ ਨਾਲ ਮੇਲ***

ਪੰਜਾਬੋ ਔਂਦਿਆ ਵੀਰਨਿਆਂ!  
ਕੋਈ ਗੱਲ ਕਰ ਆਪਣੇ ਥਾਂਵਾਂ ਦੀ।  
ਮੇਰੇ ਪਿੰਡ ਦੀ, ਮੇਰੇ ਟੱਬਰ ਦੀ,  
ਹਮਸਾਇਆਂ ਭੈਣ ਭਰਾਵਾਂ ਦੀ।  
ਫਸਲਾਂ ਚੰਗੀਆਂ ਹੋ ਜਾਂਦੀਆਂ ਨੇ?  
ਮੀਂਹ ਵੇਲੇ ਸਿਰ ਪੈ ਜਾਂਦਾ ਹੈ?  
ਘਿਉ ਸਸਤਾ, ਅੰਨ ਸਵੱਲਾ ਏ,  
ਸਭ ਰੱਜ ਕੇ ਰੋਟੀ ਖਾਂਦੇ ਨੇ?  
ਪਰਭਾਤ ਰਿੜਕਣੇ ਪੈਂਦੇ ਸਨ?  
ਛਾਹ ਵੇਲੇ ਭੱਤੇ ਢੁੱਕਦੇ ਸਨ?  
ਭੱਠੀਆਂ 'ਤੇ ਝੁਰਮਟ ਪੈਂਦੇ ਸਨ?  
ਤ੍ਰਿਵਣਾਂ ਵਿਚ ਚਰਖੇ ਘੁਕਦੇ ਸਨ?  
ਪਰਦੇਸਾਂ ਅੰਦਰ ਬੈਠਿਆਂ ਨੂੰ,  
ਕੋਈ ਯਾਦ ਤੇ ਕਰਦਾ ਹੋਵੇਗਾ,  
ਮਾਂ, ਭੈਣ ਤੇ ਨਾਰ ਕਿਸੇ ਦੀ ਦਾ,  
ਦਿਲ ਹੌਕੇ ਭਰਦਾ ਹੋਵੇਗਾ।

ਪੰਜਾਬੀਆਂ ਵਿਚ ਕੋਈ ਚਾ ਭੀ ਹੈ?  
ਪੰਜਾਬ ਦੀ ਸ਼ਾਨ ਬਣਾਉਣ ਦਾ?  
ਪਾਟੇ ਹੋਏ ਸੀਨੇ ਸਿਉਣ ਦਾ?  
ਨਿਖੜੇ ਹੋਏ ਵੀਰ ਮਿਲਾਉਣ ਦਾ?  
ਹਿੰਦੂ, ਮੋਮਨ, ਸਿੱਖ, ਈਸਾਈ,  
ਘਿਉ ਖਿਚੜੀ ਹੋ ਗਏ ਹੋਵਣਗੇ।  
ਕਿਰਸਾਣ, ਬਪਾਰੀ ਤੇ ਕਿਰਤੀ,  
ਇਕ ਥਾਏਂ ਖਲੋ ਗਏ ਹੋਵਣਗੇ।

ਅਸੀਂ ਜਦ ਦੇ ਏਥੇ ਆਏ ਹਾਂ,  
ਸਾਡੇ ਤੇ ਹੁਲੀਏ ਹੀ ਵਟ ਗਏ ਨੇ।  
ਸਾਡੇ ਤੇ ਕੀਨੇ ਨਿਕਲ ਗਏ,  
ਵਲ ਵਿੰਗ ਪੁਰਾਣੇ ਹਟ ਗਏ ਨੇ।  
ਜੀ ਚਾਹੁੰਦਾ ਹੈ ਪੰਜਾਬ ਨੂੰ ਭੀ,  
ਐਥੋਂ ਵਰਗਾ ਰੰਗ ਲਾ ਲਈਏ।  
ਪਿੰਡ ਪਿੰਡ ਵਿਚ ਸਾਂਝਾਂ ਪਾ ਲਈਏ,  
ਪੱਕੀਆਂ ਸੜਕਾਂ ਬਣਵਾ ਲਈਏ।  
ਹੱਥਾਂ ਵਿਚ ਬਰਕਤ ਪੈ ਜਾਵੇ,  
ਧਰਤੀ ਸੋਨੇ ਦੀ ਹੋ ਜਾਵੇ।  
ਆ ਕੇ ਕੋਈ ਰੋੜ੍ਹ ਮਜੂਰੀ ਦਾ,  
ਭੁਖ ਨੰਗ ਦੇ ਧੋਣੇ ਧੋ ਜਾਵੇ।

### ਬੋਲੀ ਹੈ ਪੰਜਾਬੀ ਸਾਡੀ

ਅਸਾਂ ਨਹੀਂ ਭੁਲਾਉਣੀ,  
ਬੋਲੀ ਹੈ ਪੰਜਾਬੀ ਸਾਡੀ।

ਏਹੋ ਜਿੰਦ ਜਾਨ ਸਾਡੀ,  
ਮੋਤੀਆਂ ਦੀ ਖਾਨ ਸਾਡੀ,  
ਹੱਥੋਂ ਨਹੀਂ ਗੁਆਉਣੀ,  
ਬੋਲੀ ਹੈ ਪੰਜਾਬੀ ਸਾਡੀ।

ਤ੍ਰਿੰਞਣਾਂ ਭੰਡਾਰਾਂ ਵਿਚ,  
ਵੰਝਲੀ ਤੇ ਵਾਰਾਂ ਵਿਚ,  
ਮਿੱਠੀ ਤੇ ਸੁਹਾਉਣੀ,  
ਬੋਲੀ ਹੈ ਪੰਜਾਬੀ ਸਾਡੀ।

ਜੋਧ ਤੇ ਕਮਾਈਆਂ ਵਿਚ,  
ਜੰਗਾਂ ਤੇ ਲੜਾਈਆਂ ਵਿਚ,  
ਏਹੋ ਜਿੰਦ ਪਾਉਣੀ,  
ਬੋਲੀ ਹੈ ਪੰਜਾਬੀ ਸਾਡੀ।

ਫੁੱਲਾਂ ਦੀ ਕਿਆਰੀ ਸਾਡੀ,  
ਸੁੱਖਾਂ ਦੀ ਅਟਾਰੀ ਸਾਡੀ,  
ਭੁੱਲ ਕੇ ਨਹੀਂ ਢਾਹੁਣੀ,  
ਬੋਲੀ ਹੈ ਪੰਜਾਬੀ ਸਾਡੀ।

### ਕੰਜ ਕੁਮਾਰੀ

ਨਿੱਕਿਆਂ ਹੁੰਦਿਆਂ; ਮੈਂ ਇਕ ਵਾਰੀ,  
ਦੇਖੀ ਸੀ ਉਹ ਕੰਜ ਕੁਮਾਰੀ।  
ਭੋਲੀ ਭੋਲੀ, ਪਿਆਰੀ ਪਿਆਰੀ,  
ਦੁਨੀਆਂ ਦੇ ਵਲ ਛਲ ਤੋਂ ਨਿਆਰੀ!  
ਪਹੁ ਫੁਟਦੀ ਹੈ ਜਿਵੇਂ ਸਵੇਲੇ,  
ਖਿੜੀ ਖਿੜੀ ਜਾਪੇ ਹਰ ਵੇਲੇ,  
ਤ੍ਰੇਲ ਬਸੰਤੀ ਵਾਂਗ ਰਸੀਲੀ,  
ਨਿਰਮਲ, ਠੰਢੀ ਤੇ ਸ਼ਰਮੀਲੀ,  
ਫੁੱਲ ਬਹਾਰੀ, ਗੁੱਡੀਆਂ ਖੇਨੂੰ,  
ਮਿਲੇ ਹੋਏ ਸਨ ਸਾਥੀ ਏਨੂੰ,  
ਫਿਕਰ ਨ ਫਾਕੇ ਨੇੜੇ ਢੁਕਦੇ,  
ਖੇਡੀਂ ਚਾਈਂ ਦਿਹਾੜੇ ਮੁਕਦੇ।  
ਆਪਣੇ ਆਪ ਗੀਤ ਕੋਈ ਗਾ ਕੇ,  
ਖਿੜ ਪੈਂਦਾ ਸੀ ਜੀ ਮੁਸਕਾ ਕੇ।

# ਖੂਹ ਪੁੱਟੀਏ


## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਪਿੰਡ ਵਿਚ ਥੋੜ੍ਹਾ ਦੂਰੋਂ ਲਗਦੇ ਮੇਰੇ ਚਾਚਾ ਜੀ ਦਾ ਅਤੇ ਸਾਡਾ ਘਰ ਨਾਲੋ ਨਾਲੋ ਸੀ। ਉਨ੍ਹਾਂ ਨੇ ਅੰਗਰੇਜ਼ਾਂ ਵੇਲੇ ਮਦਰਾਸ ਤੋਂ ਪੀ.ਟੀ.ਆਈ. ਦਾ ਕੋਰਸ ਕੀਤਾ ਸੀ। ਉਹ ਰਿਟਾਇਰ ਹੋਣ ਸਮੇਂ ਤੱਕ ਪਿੰਡ ਦੇ ਹਾਈ ਸਕੂਲ ਵਿਚ ਹੀ ਪੀ.ਟੀ. ਲੱਗੇ ਰਹੇ। ਮੈਂ ਉਨ੍ਹਾਂ ਤੋਂ ਬਹੁਤ ਕੁਝ ਸਿਖਿਆ ਹੈ। ਉਹ ਦੱਸਿਆ ਕਰਦੇ ਸਨ ਕਿ ਮਦਰਾਸੀਆਂ ਦੀ ਬੋਲੀ ਤਾਮਿਲ ਇਸ ਤਰ੍ਹਾਂ ਸੁਣਾਈ ਦਿੰਦੀ ਹੈ ਜਿਵੇਂ ਕਿਸੇ ਪੀਪੇ ਵਿਚ ਰੋੜੇ ਪਾ ਕੇ ਖੜਕਾਏ ਜਾਣ। ਅਜਿਹਾ ਇਸ ਕਰਕੇ ਹੈ ਕਿ ਇਸ ਭਾਸ਼ਾ ਵਿਚ ਟਵਰਗ ਧੁਨੀਆਂ ਦੀ ਭਰਮਾਰ ਹੈ। ਇਕ ਦਿਨ ਉਨ੍ਹਾਂ ਜਾਣਕਾਰੀ ਦਿੱਤੀ ਕਿ ਅੰਗਰੇਜ਼ੀ ਦਾ ਸਭ ਤੋਂ ਲੰਬਾ ਸ਼ਬਦ ਹੈ, antidisestablishmentarianistically.

ਇਸ ਦਾ ਅਰਥ ਸਮਝਾਉਣ ਲੱਗਿਆਂ ਉਨ੍ਹਾਂ ਈਸਾਈ ਧਰਮ ਦੇ ਇਤਿਹਾਸ 'ਤੇ ਹੀ ਭਾਸ਼ਨ ਦੇ ਮਾਰਿਆ। ਇਕ ਹੋਰ ਦਿਨ ਘਰ ਮੂਹਰੇ ਮੱਝ ਨੁਹਾਉਂਦਿਆਂ ਉਨ੍ਹਾਂ ਪਤੇ ਦੀ ਗੱਲ ਦੱਸੀ ਕਿ ਸ਼ਬਦਾਂ ਦੇ ਮੁਢਲੇ ਰੂਪਾਂ ਦਾ ਅਧਿਐਨ ਕਰਨ ਵਾਲੇ ਮਜ਼ਮੂਨ ਨੂੰ ਅੰਗਰੇਜ਼ੀ ਵਿਚ Etymology ਆਖਦੇ ਹਨ। ਉਨ੍ਹਾਂ ਨਾਲ ਹੀ ਖੂਹ ਸ਼ਬਦ ਦੀ ਮਿਸਾਲ ਦਿੱਤੀ, "ਜੇ ਮੌਣ 'ਤੇ ਖੜ੍ਹ ਕੇ ਖੂਹ ਅੰਦਰ ਝਾਤੀ ਮਾਰਿਆਂ 'ਹੂਅ' ਬੋਲੋ ਤਾਂ ਖੂਹ ਅੰਦਰੋਂ ਬੋਲੇਗਾ 'ਖੂਹ'। ਇਹੀ ਹੈ ਖੂਹ ਸ਼ਬਦ ਦੀ ਐਟੀਮੌਲੋਜੀ।"

ਬੱਚੇ ਆਮ ਤੌਰ 'ਤੇ ਖੂਹ ਵਿਚ ਮੂੰਹ ਕਰਕੇ 'ਹੂ ਹੂ' ਕਰਦੇ ਰਹਿੰਦੇ ਹਨ। ਮੈਂ ਬਾਅਦ ਵਿਚ ਸੋਚਦਾ ਰਿਹਾ ਕਿ ਇਹ ਸ਼ਾਇਦ ਅੰਗਰੇਜ਼ੀ ਵਾਲਾ ਹੂ (Who=ਕੌਣ) ਹੈ ਜਿਸ ਦੇ ਬੋਲਣ ਤੋਂ ਭਾਵ ਹੈ ਕਿ ਤੂੰ ਕੌਣ ਹੈਂ? ਅੱਗੋਂ ਖੂਹ ਗੂੰਜਵੀਂ ਆਵਾਜ਼ ਵਿਚ ਜਵਾਬ ਦਿੰਦਾ ਹੈ ਕਿ ਮੈਂ ਖੂਹ ਹਾਂ। ਬਹੁਤ ਦੇਰ ਮੈਂ ਏਹੀ ਸੋਚਦਾ ਰਿਹਾ ਕਿ ਸ਼ਾਇਦ ਖੂਹ ਸ਼ਬਦ ਏਦਾਂ ਹੀ ਬਣਿਆ ਹੈ ਪਰ ਬਹੁਤ ਪਿਛੋਂ ਪਤਾ ਲੱਗਾ ਕਿ ਇਹ ਇਕ ਮਨਘੜਤ ਵਿਉਤਪਤੀ ਹੈ ਜਿਸ ਨੂੰ ਅੰਗਰੇਜ਼ੀ ਵਿਚ Folk Etymology ਆਖਦੇ ਹਨ।

ਮਨੁੱਖੀ ਸਭਿਅਤਾ ਨੂੰ ਅਗਲੇ ਪੜਾਅ 'ਤੇ ਲਿਜਾਣ ਵਿਚ ਖੂਹ ਦੀ ਭੂਮਿਕਾ ਨਿਸਚੇ ਹੀ ਇਨਕਲਾਬੀ ਹੈ। ਪ੍ਰਾਚੀਨ ਵਿਚ ਮਨੁੱਖ ਦਾ ਵਸੇਬਾ ਵਗਦੇ ਪਾਣੀ ਜਾਂ ਸਮੁੰਦਰਾਂ ਦੇ ਕਿਨਾਰੇ ਹੀ ਹੋਇਆ ਕਿਉਂਕਿ ਇਥੇ ਪੀਣ ਲਈ ਅਤੇ ਖੇਤੀ ਕਰਨ ਵਾਸਤੇ ਪਾਣੀ ਸੁਖਾਲਾ ਮਿਲਦਾ ਸੀ। ਫਿਰ ਜਦ ਮਨੁੱਖ ਨੇ ਖੂਹ ਪੁੱਟ ਕੇ ਧਰਤੀ ਹੇਠੋਂ ਪਾਣੀ ਕੱਢਣ ਦੀ ਜਾਚ ਸਿੱਖ ਲਈ ਤਾਂ ਮਨੁੱਖ ਦੇ ਵਸੇਬੇ ਦਰਿਆਵਾਂ ਆਦਿ ਤੋਂ ਦੂਰ ਵੀ ਹੋਣ ਲੱਗੇ ਤੇ ਖੇਤੀ ਅਤੇ ਪੀਣ ਲਈ ਪਾਣੀ ਖੂਹ ਤੋਂ ਲਿਆ ਜਾਣ ਲੱਗਾ। ਇਸ ਤਰ੍ਹਾਂ ਖੂਹ ਇਕ ਤਰ੍ਹਾਂ ਜੀਵਨਦਾਤਾ ਸਹੂਲਤ ਹੀ ਬਣ ਗਿਆ। ਇਸ ਦੇ ਆਸ-ਪਾਸ ਹੀ ਵਿਹਲੇ ਲੋਕ ਗੱਪ-ਸ਼ੱਪ ਚਲਾਉਣ ਲੱਗੇ। ਰਾਜੇ ਅਤੇ ਅਮੀਰ ਲੋਕ ਪੁੰਨ ਕਾਰਜ ਹਿੱਤ ਖੂਹ ਲਗਵਾਉਣ ਲੱਗ ਪਏ। ਖੇਤੀ ਪ੍ਰਧਾਨ ਹੋਣ ਕਾਰਨ ਪੰਜਾਬ ਦੇ ਜੀਵਨ ਵਿਚ ਖੂਹਾਂ ਦੀ ਆਰਥਕ ਤੇ ਸਭਿਆਚਾਰਕ ਮਹੱਤਤਾ ਸਪੱਸ਼ਟ ਝਲਕਦੀ ਹੈ। ਖੂਹ ਪਿੰਡ ਦੇ ਸਭਿਆਚਾਰਕ ਜੀਵਨ ਦਾ ਧੁਰਾ ਬਣ ਗਿਆ। ਪੰਜਾਬੀ ਦਾ ਲੋਕ ਸਾਹਿਤ ਖੂਹ ਦੇ ਜ਼ਿਕਰ ਨਾਲ ਭਰਿਆ ਪਿਆ ਹੈ। ਖੂਹ ਦਾ ਹੋਣਾ ਖਾਂਦੇ ਪੀਂਦੇ ਹੋਣ ਦੀ ਨਿਸ਼ਾਨੀ ਸੀ, ਇਸ ਲਈ ਧੀਆਂ ਵੀ ਖੂਹ ਵਾਲੇ ਘਰ ਦੀ ਲੋਚਾ ਕਰਨ ਲੱਗੀਆਂ:

ਦੇਈਂ ਵੇ ਬਾਬਲ ਓਸ ਘਰੇ,
ਜਿੱਥੇ ਵਗਣ ਦਵਾਟੇ ਖੂਹ।



ਠੰਢਾ-ਮਿੱਠਾ ਜਲ ਭਰਾਂ,
ਮੇਰੀ ਭਿੱਜੀ ਰਹੇ ਸਦਾ ਰੂਹ।

ਦੰਦ ਕਥਾ ਅਨੁਸਾਰ ਪੂਰਨ ਭਗਤ ਨੂੰ ਵੱਢ ਕੇ ਖੂਹ ਵਿਚ ਹੀ ਸੁੱਟਿਆ ਗਿਆ ਸੀ ਜਿਥੇ ਉਹ ਬਾਰਾਂ ਵਰ੍ਹੇ ਪਿਆ ਰਿਹਾ। ਆਖਰ ਗੋਰਖ ਨਾਥ ਦੇ ਚੇਲਿਆਂ ਨੇ ਉਸ ਨੂੰ ਬਾਹਰ ਕੱਢਿਆ,

ਕਾਫ ਕਈ ਜੋ ਮੁਦਤਾਂ ਗੁਜ਼ਰ ਗਈਆਂ,
ਬਾਰਾਂ ਬਰਸ ਗੁਜ਼ਰੇ ਪੂਰਨ ਖੂਹ ਪਾਇਆ।

ਫਰੀਦ ਨੇ ਖੂਹ ਸ਼ਬਦ ਵਰਤਿਆ ਹੈ, "ਵਧਣ ਖੂਹੀ ਮੁੰਧ ਇਕੇਲੀ" ਅਰਥਾਤ ਇਸ ਜਗਤ ਰੂਪੀ ਭਿਆਨਕ ਖੂਹੀ ਵਿਚ ਮੈਂ ਜੀਵ-ਇਸਤਰੀ ਇਕੱਲੀ ਡਿਗ ਪਈ ਹਾਂ। ਗੁਰੂ ਨਾਨਕ ਦੇਵ ਨੇ ਵੀ ਇਸ ਸ਼ਬਦ ਦੀ ਵਰਤੋਂ ਕੀਤੀ ਹੈ, "ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ॥" ਇਕ ਬੁਝਾਰਤ ਹੈ, "ਰਾਹ ਵਿਚ ਡੱਬਾ, ਚੱਕ ਨਹੀਂ ਹੁੰਦਾ, ਚਕਾ ਦੇਹ ਰੱਬਾ।" ਬਚਪਨ ਵਿਚ ਕਿਸੇ ਦੀ ਗੁਆਚੀ ਚੀਜ਼ ਮਿਲ ਜਾਣੀਂ ਤਾਂ ਇਸ ਤਰ੍ਹਾਂ ਘੋਸ਼ਣਾਂ ਕਰੀਦੀ ਸੀ, "ਇੱਕ ਮੁੰਡੇ ਦੀ ਚੀਜ਼ ਗੁਆਚੀ, ਅੱਜ ਲੈ ਲਓ, ਭਲਕੇ ਲੈ ਲਓ, ਪਰਸੋਂ ਨੂੰ ਖੂਹ ਦੇ ਥੱਲੇ।" ਬਚਪਨ ਵਿਚ ਜਦ ਕੋਈ ਦੁਧ ਦੰਦ ਟੁੱਟ ਜਾਂਦਾ ਤਾਂ ਇਸ ਨੂੰ ਖੂਹ ਵਿਚ ਸੁੱਟਿਆ ਜਾਂਦਾ ਸੀ, ਸ਼ਾਇਦ ਲੋਕ ਮਾਨਸਿਕਤਾ ਮਨੁਖੀ ਸਰੀਰ ਜਾਂ ਇਸ ਦੇ ਕਿਸੇ ਅੰਗ ਨੂੰ ਜਲ ਪਰਵਾਹ ਕਰਨ ਵਿਚ ਵਿਸ਼ਵਾਸ ਕਰਦੀ ਹੈ। ਜਲ ਵਿਚ ਪੁਨਰ-ਸੁਰਜੀਤੀ ਗੁਣ ਮੰਨੇ ਜਾਂਦੇ ਹਨ। ਮੁਰਦੇ ਜਾਂ ਇਸ ਦੀਆਂ ਅਸਥੀਆਂ ਨੂੰ ਵੀ ਪਾਣੀ ਵਿਚ ਹੀ ਵਹਾਇਆ ਜਾਂਦਾ ਹੈ।

ਖੂਹ ਨਾਲ ਸਬੰਧਤ ਮੁਹਾਵਰਿਆਂ, ਅਖਾਣਾਂ ਅਤੇ ਵਿਸ਼ਵਾਸਾਂ ਦਾ ਕੋਈ ਅੰਤ ਨਹੀਂ। ਮਿਸਾਲ ਵਜੋਂ ਖੂਹ ਦੀ ਮਿੱਟੀ ਖੂਹ ਨੂੰ ਲੱਗ ਜਾਂਦੀ ਹੈ, ਅਕਲਾਂ ਬਿਨਾਂ ਖੂਹ ਖਾਲੀ, ਖੂਹ ਪੁੱਟਦੇ ਨੂੰ ਖਾਤਾ ਤਿਆਰ, ਖੂਹ ਗਿੜਦਿਆਂ ਦੇ ਸਾਕ ਮਿਲਦਿਆਂ ਦੇ, ਖੂਹ ਦਾ ਡੱਡੂ, ਖੂਹ 'ਚੋਂ ਖਾਤੇ ਵਿਚ, ਖੂਹ ਪਿਆਸੇ ਕੋਲ ਨਹੀਂ ਜਾਂਦਾ, ਖੂਹ ਕੋਲ ਪਿਆਸਾ ਜਾਂਦਾ ਹੈ, ਖੂਹ ਵਿਚ ਛਾਲ ਮਾਰਨੀ, ਖੂਹ ਵਿਚ ਬਾਂਸ ਸੁੱਟਣਾ, ਖੂਹ ਵਿਚ ਧੱਕਾ ਦੇਣਾ, ਖੂਹ ਵਿਚ ਚਾਲੀਵਾਂ ਹਿੱਸਾ ਤੇ ਖਾਲਾਂ ਵਿਚ ਅੱਧ, ਖੂਹ ਵਿਚ ਡਿਗੀ ਇੱਟ ਸੁੱਕੀ ਨਹੀਂ ਰਹਿੰਦੀ, ਖੂਹ ਪਿਆ ਥਾਲ, ਨਾ ਮਿਹਣਾ ਨਾ ਗਾਲ, ਖੂਹ ਵਿਚੋਂ ਬੋਲਣਾ ਅਰਥਾਤ ਹੌਲੀ ਬੋਲਣਾ ਆਦਿ। ਇਕ ਦੋ ਦੀ ਕਾਵਿਕ ਵਰਤੋਂ ਵੀ ਦੇਖ ਲਈਏ,

ਦਿਲਬਰ ਮੈਨੂੰ ਮੂੰਹ ਨਾ ਲਾਂਦਾ,
ਤੇ ਇਸ਼ਕ ਪਸੰਦ ਨਾ ਕਰਦਾ।
ਖੂਹ ਪਈ ਸਭ ਕੀਤੀ ਕੱਤਰੀ,
ਸਿੱਕਾ ਬਣਿਆ ਜ਼ਰ ਦਾ। -ਸੈਫਲ ਮਲੂਕ
ਸਿੰਘਾਂ ਆਖਿਆ, 'ਲੜਾਂਗੇ ਹੋਏ ਟੋਟੇ,
ਸਾਨੂੰ ਖ਼ਬਰ ਭੇਜੀਂ ਦਿਨੇ ਰਾਤ ਮਾਈ!
ਤੇਰੀ ਨੌਕਰੀ ਵਿਚ ਨਾ ਫਰਕ ਕਰੀਏ,
ਭਾਵੇਂ ਖੂਹ ਘੱਤੀਂ ਭਾਵੇਂ ਖਾਤ ਮਾਈ।
-ਸ਼ਾਹ ਮੁਹੰਮਦ
*('ਜੰਗ ਸਿੰਘਾਂ ਤੇ ਫਰੰਗੀਆਂ' ਵਿਚੋਂ)*

ਖੂਹ ਦੀਆਂ ਕੁਝ ਕਿਸਮਾਂ 'ਤੇ ਵੀ ਝਾਤ ਮਾਰ ਲਈਏ। ਗੋਰਾ ਖੂਹ ਪਿੰਡ ਦੀ ਜੂਹ ਕੋਲ ਹੁੰਦਾ ਹੈ। ਇਸ ਖੂਹ 'ਤੇ ਪਸ਼ੂਆਂ ਨੂੰ ਪਾਣੀ ਪਿਲਾਇਆ ਅਤੇ ਨੁਹਾਇਆ ਜਾਂਦਾ ਹੈ। ਗੋਰਾ ਸ਼ਬਦ ਗਾਂ ਨਾਲ ਸਬੰਧਤ ਹੈ। ਇਸ ਦਾ ਪੂਰਾ ਰੂਪ ਹੈ 'ਗੋਪੁਰਾ' ਅਰਥਾਤ ਗਊਆਂ ਦਾ ਨਗਰ। ਨਗਰ ਦੁਆਰ 'ਤੇ ਸਥਿਤ ਇਥੇ ਗਊਆਂ ਦੇ ਵਾੜੇ ਹੁੰਦੇ ਸਨ। ਹਲਟ ਦੀ ਵਿਡ ਤੋਂ ਰਹਿਤ ਅਤੇ ਮਹਿਲ ਦੇ ਧਰਤੀ ਤੋਂ ਬਾਹਰ ਉਸਰੇ ਹਿੱਸੇ ਦੇ ਡਿਗੇ ਹੋਣ ਕਾਰਨ ਉਜਾੜ ਪਏ ਖੂਹ ਨੂੰ ਬੋੜਾ ਖੂਹ ਕਿਹਾ ਜਾਂਦਾ ਹੈ। ਖਾਰੇ ਪਾਣੀ ਵਾਲੇ ਖੂਹ ਨੂੰ ਖਾਰਾ ਖੂਹ ਕਿਹਾ ਜਾਂਦਾ ਹੈ। ਜੌੜੇ ਖੂਹ ਜੁੜਵੇਂ ਖੂਹ ਹੁੰਦੇ ਹਨ। ਇੱਕ ਖੇਡ ਦਾ ਨਾਂ ਵੀ ਬੋੜਾ ਖੂਹ ਹੈ। ਕੁਝ ਪਿੰਡਾਂ ਦੇ ਨਾਂਵਾਂ ਵਿਚ ਵੀ ਖੂਹ ਸ਼ਬਦ ਲਗਦਾ ਹੈ ਜਿਵੇਂ ਕੱਚਾ ਖੂਹ, ਭੜਿਆਰਾਂ ਵਾਲਾ ਖੂਹ, ਬੇਰੀ ਵਾਲਾ ਖੂਹ, ਬੁੱਢਣ ਖੂਹ, ਲੱਖੀ ਖੂਹ, ਕਾਲਿਆਂ ਵਾਲਾ ਖੂਹ ਆਦਿ। ਤੰਗ ਖੂਹ ਨੂੰ ਖੂਹੀ ਕਿਹਾ ਜਾਂਦਾ ਹੈ। ਇਹ ਆਮ ਤੌਰ 'ਤੇ ਘਰ ਦਾ ਪਾਣੀ ਭਰਨ ਲਈ ਗਲੀਆਂ ਵਿਚ ਹੁੰਦੀ ਹੈ। ਸ਼ਟਾਪੂ ਖੇਡ ਵਿਚ ਘਰ ਨੂੰ ਖੂਹੀ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਲੌਣ ਲੌਣ ਖੇਡ ਵਿਚ ਵੀ ਇਕ ਖੂਹੀ ਹੁੰਦੀ ਹੈ। ਕਈ ਪਿੰਡਾਂ ਦੇ ਨਾਂਵਾਂ ਵਿਚ ਵੀ ਖੂਹੀ ਸ਼ਬਦ ਲਗਦਾ ਹੈ ਜਿਵੇਂ ਕਾਹਨਪੁਰ ਖੂਹੀ, ਖੂਹੀ ਸਾਹਿਬ ਆਦਿ। ਦੋ ਪਿੰਡਾਂ ਦੇ ਵਿਚਕਾਰ ਰਾਹੀਆਂ ਦੇ ਪਾਣੀ ਪੀਣ ਲਈ ਖੋਦੀ ਖੂਹੀ ਨੂੰ ਆਧੀ ਖੂਹੀ ਆਖਦੇ ਹਨ। ਬੇਆਬਾਦ ਅਤੇ ਉਜੜੇ ਖੂਹ ਨੂੰ ਅੰਨਾ ਖੂਹ ਕਿਹਾ ਜਾਂਦਾ ਹੈ। ਇਹ ਆਮ ਤੌਰ 'ਤੇ ਜਲਹੀਣ ਅਤੇ ਘਾਹ ਫੂਸ ਨਾਲ ਢਕਿਆ ਹੁੰਦਾ ਹੈ। ਇਸ ਬਾਬਤ ਵਹਿਮ ਸੀ ਕਿ ਇਸ ਵਿਚ ਇੱਟਾਂ-ਪੱਥਰ ਮਾਰਨ ਨਾਲ ਭੂਤ ਚੂੰਬੜ ਜਾਂਦੇ ਹਨ। ਰਾਂਝਾ ਭਿਖਿਆ ਮੰਗਣ ਜਾਂਦਾ ਹੈ ਤਾਂ ਉਸ ਦਾ ਕਲਾਮ ਸੁਣੋ,

ਹਮੀਂ ਭਿਛਿਆ ਵਾਸਤੇ ਤਿਆਰ ਬੈਠੇ,
ਤੁਮਹੀਂ ਆਨ ਕੇ ਰਿੱਕਤਾਂ ਛੇੜਦੀਆਂ ਹੋ।
ਅਸਾਂ ਲਾਹ ਪੰਜਾਲੀਆਂ ਜੋਗ ਛੱਡੀ,
ਫੇਰ ਮੁੜ ਖੂਹ ਨੂੰ ਗੇੜਦੀਆਂ ਹੋ।
ਅਸੀਂ ਛੱਡ ਝੇੜੇ ਜੋਗ ਲਾ ਬੈਠੇ,
ਤੁਸੀਂ ਫੇਰ ਆਲੂਦ ਲਬੇੜੀਆਂ ਹੋ।
ਪਿੱਛੋਂ ਕਹੋਗੀ ਭੂਤਨੇ ਆਣ ਲੱਗੇ,
ਅੰਨ੍ਹੇ ਖੂਹ ਵਿਚ ਸੰਗ ਕਿਉਂ ਰੇੜ੍ਹਦੀਆਂ ਹੋ।

ਖੂਹ ਸ਼ਬਦ ਬਣਿਆ ਹੈ ਸੰਸਕ੍ਰਿਤ ਕੂਪ ਤੋਂ। ਸੰਸਕ੍ਰਿਤ ਕੂਪ ਦਾ ਅਰਥ ਮੋਰੀ, ਖੋਲ, ਗੁਫਾ, ਟੋਆ, ਖਾਈ ਤੇ ਖੂਹ ਆਦਿ ਹੈ। ਸਭ ਵਿਚ ਖੋਖਲੇਪਣ ਦਾ ਭਾਵ ਹੈ। ਅੱਜ ਕਲ੍ਹ ਪੰਜਾਬੀ ਵਿਚ ਭਾਵੇਂ ਕੂਪ ਸ਼ਬਦ ਨਹੀਂ ਚਲਦਾ ਪਰ ਇਸ ਦੀ ਸਾਹਿਤਕ ਵਰਤੋਂ ਜ਼ਰੂਰ ਹੁੰਦੀ ਹੈ। ਖਾਸ ਤੌਰ 'ਤੇ ਅੰਨੇ ਖੂਹ ਦੇ ਅਰਥਾਂ ਵਾਲੇ ਸਮਾਸੀ ਸ਼ਬਦ 'ਅੰਧ ਕੂਪ' ਵਿਚ, "ਅੰਧ ਕੂਪ ਤੇ ਕਾਢੇ ਆਪਿ॥" (ਗੁਰੂ ਅਰਜਨ ਦੇਵ); "ਕੂਪ ਤੇ ਮੇਰੁ ਕਰਾਵੈ॥" (ਭਗਤ ਕਬੀਰ) ਅਰਥਾਤ ਨੀਵੇਂ ਤੋਂ ਉਚਾ ਕਰਦਾ ਹੈ। ਸੰਭਵ ਹੈ ਕੂਪਵਾੜਾ (ਇਕ ਨਗਰ ਦਾ ਨਾਂ) ਦਾ ਸ਼ਾਬਦਿਕ ਅਰਥ ਖੂਹ ਦਾ ਵਾੜਾ ਹੋਵੇ। ਕੂਪ ਦਾ ਇਕ ਅਰਥ ਚਮੜੇ ਦਾ ਭਾਂਡਾ ਅਰਥਾਤ ਕੁੱਪਾ ਵੀ ਹੈ। ਕੂਪ ਸ਼ਬਦ ਤੋਂ ਪ੍ਰਾਕ੍ਰਿਤ ਵਿਚ ਕੂਵ ਬਣਿਆ ਤੇ ਹਿੰਦੀ ਵਿਚ ਕੂਆਂ। ਕੂਆਂ ਸ਼ਬਦ ਪੰਜਾਬੀ ਦੀਆਂ ਲਹਿੰਦੀ ਉਪਭਾਸ਼ਾਵਾਂ ਵਿਚ ਚਲਦਾ ਹੈ,

ਕੂਏ ਤੇ ਪਾਣੀ ਮੈਂ ਭਰਾਂ,
ਚੀਰੇ ਵਾਲਿਆ ਵੇ।
ਗਾਗਰ ਨੂੰ ਹੱਥ ਲਵਾਂ,
ਮੈਂ ਜਲ ਵੇ ਰਸੀਆ।

ਭਗਤ ਕਬੀਰ ਨੇ ਕੂਆ ਸ਼ਬਦ ਵਰਤਿਆ ਹੈ, "ਕਹਤੁ ਕਬੀਰ ਸੁਨਹੁ ਰੇ ਪ੍ਰਾਨੀ ਪਰੇ ਕਾਲ ਗ੍ਰਸ ਕੂਆ॥" ਦਿੱਲੀ ਦੇ ਇਕ ਇਲਾਕੇ ਦਾ ਨਾਂ ਹੈ, ਧੌਲਾ ਕੂਆਂ। ਇਸ ਦਾ ਅਰਥ ਹੈ, ਅਜਿਹਾ ਖੂਹ ਜਿਸ ਵਿਚੋਂ ਚਿੱਟੀ ਰੇਤ ਨਿਕਲੀ ਹੋਵੇ। ਖੂਹੀ ਦੇ ਅਰਥਾਂ ਵਾਲਾ ਕੂਈ ਸ਼ਬਦ ਵੀ ਗੁਰੂ ਅਰਜਨ ਦੇਵ ਨੇ ਵਰਤਿਆ ਹੈ, "ਭ੍ਰਮ ਕੀ ਕੂਈ॥" ਪੰਚ ਕੂਈਆਂ ਦਾ ਅਰਥ ਬਣਦਾ ਹੈ ਜਿਥੇ ਪੰਜ ਖੂਹ ਹੋਣ। ਇਸੇ ਹੀ ਅਰਥ ਵਿਚ ਭਗਤ ਕਬੀਰ ਨੇ ਕੂਹਟਾ ਸ਼ਬਦ ਵਰਤਿਆ ਹੈ, "ਕੂਅਟਾ ਏਕੁ ਪੰਚ ਪਨਿਹਾਰੀ॥" ਦਰਅਸਲ ਕੂਹਟਾ ਦੇ ਟਾਕਰੇ 'ਤੇ ਖੂਹਟਾ ਤੇ ਖੂਹੜੀ ਸ਼ਬਦ ਵੀ ਮਿਲਦੇ ਹਨ। ਖੂਹ ਦੀ ਰੁਮਾਂਸਕਤਾ ਉਭਾਰਦੀ ਮੋਹਨ ਸਿੰਘ ਦੀ ਇਕ ਕਵਿਤਾ ਦੇ ਬੋਲ ਹਨ, "ਸਾਡੇ ਖੂਹ 'ਤੇ ਵਸਦਾ ਰੱਬ ਨੀ।" ਪਰ ਜਿਸ ਨੇ ਘੰਟਿਆਂ ਬੱਧੀ ਹਲਟ ਵਾਲਾ ਖੂਹ ਹੱਕਿਆ ਹੈ, ਉਹੀ ਜਾਣਦਾ ਹੈ ਕਿ ਇਹ ਗਧੀ ਗੇੜ ਕਿੰਨਾ 'ਬੋਰਿੰਗ' ਅਨੁਭਵ ਹੈ। ਆਪਣੇ ਨਿਜੀ ਤਜਰਬੇ ਤੋਂ ਕਹਿ ਰਿਹਾ ਹਾਂ।

# ਧਨੀ ਰਾਮ ਚਾਤ੍ਰਿਕ

*(ਪਿਛਲੇ ਸਫੇ ਦੀ ਬਾਕੀ)*

ਆਦਮੀਆਂ ਵਿਚ ਵੈਰ ਦੀ ਅੱਗ ਲਾ ਦਿੰਦੇ ਹਨ, ਪਰ ਸ਼ਾਮ ਨੂੰ ਉਨ੍ਹਾਂ ਬੰਦਿਆਂ ਪਾਸੋਂ ਚੰਦੇ ਦੇ ਤੌਰ 'ਤੇ ਬਟੋਰੇ ਹੋਏ ਪੈਸਿਆਂ ਨਾਲ ਇਕੱਠੇ ਸ਼ਰਾਬਾਂ ਪੀਂਦੇ ਸਨ। ਕਵੀ ਨੇ ਕਿੰਨਾ ਵਧੀਆ ਤੇ ਅਸਲੀ ਚਿੱਤਰ ਪੇਸ਼ ਕੀਤਾ ਹੈ:

ਮੁੱਲਾਂ ਮਿਸ਼ਰ ਨਿਖੇੜੀ ਰੱਖਦੇ,
ਲਾ ਲਾ ਗੁੱਝੀਆਂ ਅੱਗਾਂ।
ਲੈਕਚਰ ਕਰਦਿਆਂ ਜਾਣ ਨ ਡਿੱਠੇ,
(ਜਦ) ਮੂੰਹੋਂ ਉਗਲਣ ਝੱਗਾਂ।
ਲੈ ਚੰਦਾ ਜਦ ਠੇਕੇ ਅੱਪੜੇ,
(ਤਦ) ਸੂਰਤ ਬਦਲੀ ਠੱਗਾਂ।
ਇਕ ਬੋਤਲ ਤੇ ਇਕੋ ਠੂਠੀ,
(ਅਤੇ) ਵਟੀਆਂ ਹੋਈਆਂ ਪੱਗਾਂ।

ਇਹ ਕਾਵਿ ਸਤਰਾਂ ਅਜੋਕੇ ਲੀਡਰਾਂ ਉਤੇ ਇੰਨ-ਬਿੰਨ ਢੁਕਦੀਆਂ ਹਨ।

ਇਸੇ ਤਰ੍ਹਾਂ ਸਿਆਸੀ ਲੀਡਰ ਪਰਜਾ ਨੂੰ ਮੂਰਖ ਬਣਾਉਂਦੇ ਹਨ। ਇਹ ਆਪਣੇ ਸਵਾਰਥਾਂ ਲਈ ਧਰਮ, ਭਾਸ਼ਾ, ਜਾਤ-ਬਰਾਦਰੀ ਤੇ ਇਲਾਕੇ ਦੇ ਨਾਂ 'ਤੇ ਝਗੜੇ ਕਰਦੇ ਹਨ। ਚਾਤ੍ਰਿਕ ਨੇ ਅਜਿਹੇ ਅਖੌਤੀ ਲੀਡਰਾਂ ਦੀ ਖੂਬ ਮਿੱਟੀ ਪਲੀਤ ਕੀਤੀ ਹੈ:

ਕੁੱਕੜਾਂ ਵਾਂਗਰ ਲੀਡਰ ਲੜਦੇ,
ਬੇ-ਬੁਨਿਆਦ ਬਹਾਨੇ ਘੜਦੇ।
ਖਤਰੇ ਵਿਚ ਹੈ ਪੱਗ ਲੋਕੋ,
ਮੇਰੇ ਆਸੇ ਪਾਸੇ ਅੱਗ ਲੋਕੋ।

ਚਾਤ੍ਰਿਕ ਭਾਵੇਂ ਰਾਜਸੀ ਸੰਗਰਾਮੀਏ ਨਹੀਂ ਸਨ, ਪਰ ਉਨ੍ਹਾਂ ਆਪਣੀ ਕਲਮ ਰਾਹੀਂ ਆਜ਼ਾਦੀ ਪ੍ਰਾਪਤੀ ਲਈ ਲਿਖਿਆ। ਦੇਸ਼ ਭਗਤਾਂ ਦੀ ਲੰਮੀ ਜਦੋ-ਜਹਿਦ ਪਿਛੋਂ ਜਦ ਮੁਲਕ ਆਜ਼ਾਦ ਹੋ ਗਿਆ ਤਾਂ ਚਾਤ੍ਰਿਕ ਸਮਾਜਕ, ਰਾਜਨੀਤਕ ਤੇ ਆਰਥਿਕ ਪ੍ਰਬੰਧ ਤੋਂ ਖੁਸ਼ ਨਹੀਂ ਸਨ। ਉਨ੍ਹਾਂ ਦਾ ਦਿਲ ਭਾਈ-ਭਤੀਜਾਵਾਦ ਵੇਖ ਕੇ ਵਿਲਕ ਉਠਿਆ:

ਕੋਈ ਚਾਚੇ ਦਾ ਜਵਾਈ,
ਕੋਈ ਮਾਮੇ ਦਾ ਜਵਾਈ।
ਕੋਈ ਸਾਂਢੂ ਕੋਈ ਸਾਲਾ,
ਕੋਈ ਸਾਲੇ ਦਾ ਭੀ ਸਾਲਾ।
ਸਾਂਭੀ ਜਾਂਦੇ ਠੇਕੇ ਸਾਰੇ,
ਆਪੂੰ ਬੈਠੇ ਰਹਿਣ ਕਿਨਾਰੇ।

ਪੰਜਾਬ ਦੀ ਏਕਤਾ ਦੇ ਇਤਿਹਾਸਕ ਨਾਇਕ ਮਹਾਰਾਜਾ ਰਣਜੀਤ ਸਿੰਘ ਬੇਸ਼ੱਕ ਸਿੱਖ ਸੀ, ਪਰ ਉਨ੍ਹਾਂ ਦਾ ਰਾਜ ਪੰਜਾਬੀਆਂ ਦਾ ਰਾਜ ਸੀ ਜਿਸ ਵਿਚ ਸਾਰੇ ਫਿਰਕੇ ਪਿਆਰ ਨਾਲ ਭਰਾਵਾਂ ਵਾਂਗ ਰਹਿੰਦੇ ਸਨ। ਉਨ੍ਹਾਂ ਦੇ 40 ਸਾਲ ਦੇ ਰਾਜ ਵਿਚ ਇਕ ਵੀ ਫਿਰਕੂ ਫਸਾਦ ਨਹੀਂ ਹੋਇਆ। ਚਾਤ੍ਰਿਕ ਚਾਹੁੰਦੇ ਸਨ ਕਿ ਉਨ੍ਹਾਂ ਵਰਗੀ ਕੋਈ ਸ਼ਖਸੀਅਤ ਪੈਦਾ ਹੋਵੇ। ਉਨ੍ਹਾਂ ਲਿਖਿਆ:

ਜੇ ਤੈਨੂੰ ਖੋਹ ਨਾ ਖੜ੍ਹਦੀ,
ਪੰਜ ਦਰਿਆਵਾਂ ਦੀ ਸ਼ਾਨ ਕਿਤੇ ਜਾ ਚੜ੍ਹਦੀ।
ਜੇ ਮੁੜ ਆ ਕੇ ਬੰਨ੍ਹ ਸਕੇਂ ਉਹ ਸ਼ੀਰਾਜਾ,
ਖੁੱਲ੍ਹ ਜਾਏ ਸਾਰੀ ਉਨਤੀ ਦਾ ਦਰਵਾਜ਼ਾ।

ਉਨ੍ਹਾਂ ਦੀਆਂ ਹੇਠ ਲਿਖੀਆਂ ਸਤਰਾਂ ਤੋਂ ਉਨ੍ਹਾਂ ਦੇ ਜੀਵਨ ਦਾ ਆਸ਼ਾ, ਆਦਰਸ਼, ਕੰਮ ਤੇ ਉਮੰਗਾਂ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਇਕ ਤਰ੍ਹਾਂ ਉਨ੍ਹਾਂ ਆਪਣੀ ਸਵੈ-ਜੀਵਨੀ ਨੂੰ ਕੁੱਜੇ ਵਿਚ ਸਮੁੰਦਰ ਵਾਂਗ ਬੰਦ ਕਰ ਦਿੱਤਾ ਹੈ:

ਮੈਂ ਪੈਦਾ ਹੋਇਆ ਇਸ ਦੁਨੀਆਂ ਵਿਚ,
ਚਾਰ ਦਿਹਾੜੇ ਜਿਉਣ ਲਈ।
ਭਲਿਆਂ ਲੋਕਾਂ ਵਿਚ ਬਹਿਣ ਲਈ,
ਇਨਸਾਨ ਬਣਨ ਤੇ ਜਿਉਣ ਲਈ।
ਕੁਝ ਰੋਟੀ ਦਾ ਉਪਰਾਲਾ ਸੀ,
ਕੁਝ ਪੜ੍ਹਨ ਲਿਖਣ ਦਾ ਚਸਕਾ ਸੀ।
ਕਵਿਤਾ ਕਰਦਾ ਸਾਂ ਦੇਸ਼ ਲਈ,
ਯਾ ਪਾਟੇ ਸੀਨੇ ਸਿਉਣ ਲਈ।
ਈਸ਼ਵਰ ਹੈ ਸਚਮੁਚ ਬਹੁਤ ਬੜਾ,
ਪਰ ਮੈਂ ਉਸ ਨੂੰ ਨਹੀਂ ਪਾ ਸਕਿਆ।
ਨਾ ਉਸ ਦੇ ਭੇਤ ਸਮਝ ਸਕਿਆ,
ਨਾ ਦੁਨੀਆਂ ਨੂੰ ਸਮਝਾ ਸਕਿਆ।
ਮਜ਼ਹਬ ਤੇ ਫਿਰਕੇਦਾਰੀ ਦੀ,
ਰੰਗਣ ਨੇ ਮੈਨੂੰ ਮੋਹਿਆ ਨਹੀਂ।
ਮੈਂ ਧਰਤੀ ਦਾ ਪੰਖੇਰੂ ਸਾਂ,
ਅਸਮਾਨਾਂ ਤੱਕ ਨਹੀਂ ਜਾ ਸਕਿਆ।
ਨਰਕਾਂ ਦਾ ਮੈਨੂੰ ਖੌਫ਼ ਨਹੀਂ,
ਸੁਰਗਾਂ ਵਿਚ ਜਾਣਾ ਚਾਹੁੰਦਾ ਨਹੀਂ।
ਇਨਸਾਨੀਅਤ ਦਾ ਹਾਮੀ ਹਾਂ,
ਲੁੱਟ ਲੁੱਟ ਕੇ ਖਾਣਾ ਚਾਹੁੰਦਾ ਨਹੀਂ।
ਰੱਬ ਦੇ ਚਲਾਕ ਏਜੰਟਾਂ ਨੂੰ,
ਨਿੱਤ ਨੰਗਾ ਕਰਦਾ ਆਇਆ ਹਾਂ।
ਖੱਟੀ ਇਸ ਲੋਕ ਦੇ ਲੋਕਾਂ ਦੀ,
ਪਰਲੋਕ ਪਹੁੰਚਾਣਾ ਚਾਹੁੰਦਾ ਨਹੀਂ।
ਮੈਂ ਬੰਦਿਆਂ ਵਰਗਾ ਬੰਦਾ ਹਾਂ,
ਪੈਗੰਬਰ ਨਹੀਂ ਮਲਾਹ ਨਹੀਂ।
ਮੈਂ ਸੰਤ ਨਹੀਂ ਗੁਰੂ ਪੀਰ ਨਹੀਂ,
ਮੁਕਤੀ ਦੀ ਹਾਲੀ ਚਾਹ ਨਹੀਂ।
ਬੁਲਬੁਲਾ ਸਮੁੰਦਰ ਵਿਚ ਤਰਦਾ,
ਜਿਸ ਦਿਨ ਜੀ ਆਵੇ ਫਟ ਜਾਵੇ।
ਕੋਈ ਮੇਰੇ ਬਾਬਤ ਕੁਝ ਆਖੇ,
ਇਸ ਦੀ ਮੈਨੂੰ ਪਰਵਾਹ ਨਹੀਂ।

ਉਨ੍ਹਾਂ ਸਾਰੀ ਉਮਰ ਹਿੰਦੂ-ਮੁਸਲਿਮ ਏਕਤਾ ਲਈ ਪ੍ਰਚਾਰ ਕੀਤਾ, ਪਰ ਉਨ੍ਹਾਂ ਦੇ ਵੇਖਦਿਆਂ-ਵੇਖਦਿਆਂ ਪਾਕਿਸਤਾਨ ਬਣਿਆ ਤੇ ਉਨ੍ਹਾਂ ਦੇ ਪਿਆਰੇ ਪੰਜਾਬ ਦੀ ਹਿੱਕ ਉਤੇ ਲਕੀਰ ਮਾਰ ਕੇ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਉਜੜੇ ਲੋਕਾਂ ਦਾ ਕਤਲੇਆਮ ਵੇਖ ਕੇ ਭਗਵਾਨ ਨੂੰ ਉਲਾਂਭਾ ਦਿੱਤਾ:

ਤੂੰ ਮੁਰਦਿਆਂ ਦੇ ਅੰਬਾਰ ਤਕਦੋਂ,
ਤੂੰ ਰੱਤੇ ਪਾਣੀ ਦੀ ਧਾਰ ਤਕਦੋਂ।
ਤੜਪਦਿਆਂ ਦੀ ਪੁਕਾਰ ਸੁਣਦੋਂ,
ਤੇ ਤਕਦੋਂ ਵਿਧਵਾ ਦਾ ਹਾਲ ਭਗਵਾਨ।

ਚਾਤ੍ਰਿਕ ਲੋਕਾਂ ਦੇ ਦਰਦੀ ਸਨ। ਆਜ਼ਾਦੀ ਤੋਂ ਬਾਅਦ ਵੀ ਸਾਡੇ ਕੁਝ ਅਖੌਤੀ ਲੀਡਰਾਂ ਤੇ ਪੱਤਰਕਾਰਾਂ ਨੇ ਹਿੰਦੀ-ਪੰਜਾਬੀ ਦਾ ਮਸਲਾ ਖੜ੍ਹਾ ਕਰ ਕੇ ਹਿੰਦੂ-ਸਿੱਖਾਂ ਨੂੰ ਇਕ-ਦੂਜੇ ਦੇ ਵੈਰੀ ਬਣਾ ਦਿੱਤਾ ਜਿਸ ਤੋਂ ਉਹ ਬਹੁਤ ਦੁਖੀ ਸਨ। ਉਨ੍ਹਾਂ ਵੱਖ ਵੱਖ ਦਲੀਲਾਂ ਦੇ ਕੇ ਪੁਰਾਣੇ ਸਾਂਝੇ ਇਤਿਹਾਸ ਨੂੰ ਦੁਹਰਾ ਕੇ ਇਕੋ ਸਭਿਅਤਾ ਤੇ ਤਹਿਜ਼ੀਬ ਦੇ ਨਕਸ਼ੇ ਖਿੱਚ ਕੇ ਰਿਸ਼ਤੇ-ਨਾਤਿਆਂ ਤੇ ਜਿਉਣ-ਮਰਨ ਦੀ ਸਾਂਝ ਦਰਸਾ ਕੇ ਹਿੰਦੂ ਸਿੱਖ ਏਕਤਾ ਉਤੇ ਜ਼ੋਰ ਦਿੱਤਾ। ਉਹ ਕਹਿੰਦੇ ਹਨ:

ਇਕੋ ਦੇਸ਼ ਤੇ ਇਕੋ ਉਦੇਸ਼ ਸਾਡਾ,
ਇਕੋ ਵੇਸ, ਇਕੋ ਰੂਪ ਰੰਗ ਸਾਡਾ।
ਇਕੋ ਫਲਸਫ਼ਾ, ਇਕੋ ਤਹਿਜ਼ੀਬ ਸਾਡੀ,
ਮੰਜੀ ਵਾਂਗ ਉਣਿਆਂ ਅੰਗ ਅੰਗ ਸਾਡਾ।
ਧੀਆਂ ਬੇਟੀਆਂ ਦੇ ਸਾਕ ਸੈਣ ਸਾਂਝੇ,
ਮਿਲਿਆ ਬਾਝ ਨਾ ਲੰਘਦਾ ਡੰਗ ਸਾਡਾ।
ਸਾਡੀ ਕੁੱਖ ਸਾਂਝੀ ਸਾਡੀ ਮੜ੍ਹੀ ਸਾਂਝੀ,
ਵਿਆਹ ਢੰਗ ਸਾਂਝਾ, ਪੜਦਾ ਲੰਗ ਸਾਡਾ।
ਇਕੋ ਕੁੱਖ ਦੇ ਟਾਹਣ ਤੋਂ ਤੁਸੀਂ ਦੋਵੇਂ,
ਲੱਖ ਵੱਖਰਾ ਵੱਖਰਾ ਨਾਂ ਹੋਵੇ।
ਰਲ ਕੇ ਬੈਠਿਆਂ ਆਪ ਵੀ ਸੁਖੀ ਵਸੋ,
ਨਾਲੇ ਹੱਕ ਹਮਸਾਏ ਨੂੰ ਛਾਂ ਹੋਵੇ।

ਅਖੀਰੀ ਉਮਰ ਵਿਚ ਉਹ ਕਈ ਵਰ੍ਹੇ ਬਿਮਾਰ ਰਹੇ। ਐਸ.ਐਸ. ਅਮੋਲ ਤੇ ਹਰਿੰਦਰ ਸਿੰਘ ਰੂਪ ਉਨ੍ਹਾਂ ਦੇ ਗੂੜ੍ਹੇ ਮਿੱਤਰ ਸਨ। ਉਨ੍ਹਾਂ ਚਾਤ੍ਰਿਕ ਦੀਆਂ ਗੱਲਾਂ ਤੋਂ ਅਨੁਮਾਨ ਲਾ ਲਿਆ ਕਿ ਉਹ ਵਧੇਰੇ ਜਿਉਣ ਦੀ ਆਸ ਲਾਹ ਕੇ ਜਾਣ ਲਈ ਤਿਆਰ ਬੈਠੇ ਸਨ। ਉਨ੍ਹਾਂ ਨੇ ਲਿਖਿਆ ਸੀ:

ਹੁਕਮ ਹੋਇਆ ਤੁਰਨ ਦਾ,
ਪਰ ਕੁਝ ਦਿਹਾੜੇ ਠਹਿਰ ਕੇ,
ਖੰਭ ਖੋਲ੍ਹਣ ਵਾਸਤੇ,
ਹੱਸਦਾ ਹੁਲਾਰਾ ਮਿਲ ਗਿਆ।
ਬੰਦਾ ਹਾਂ ਆਖਰ ਫਰਿਸ਼ਤਾ ਨਹੀਂ,
ਥੱਕ ਗਿਆ ਮੰਜ਼ਿਲ ਮਾਰ ਕੇ।
ਅਤੇ ਸੁੱਟ ਕੇ ਗਠੜੀ ਅਮਲ ਦੀ,
ਚਾਤ੍ਰਿਕ ਚਲ ਤੁਰੇ।
ਸੁਰਗਾਂ ਨਰਕਾਂ ਤੋਂ ਨਿਆਰਾ
ਚੁਬਾਰਾ ਮਿਲ ਗਿਆ।

ਪੰਜਾਬ ਨੂੰ ਛੱਡ ਕੇ ਉਨ੍ਹਾਂ ਦਾ ਜਾਣ ਨੂੰ ਜੀ ਨਹੀਂ ਸੀ ਕਰਦਾ:

ਦੁਰਗਾਹੋਂ ਸੱਦੇ ਆ ਗਏ ਨੇ,
ਸਾਮਾਨ ਤਿਆਰ ਸਫਰ ਦਾ।
ਪਰ ਤੇਰੇ ਬੂਹਿਓਂ ਹਿਲਣ ਨੂੰ,
ਚਾਤ੍ਰਿਕ ਜੀ ਨਾ ਕਰਦਾ।

ਅਖੀਰ 18 ਦਸੰਬਰ 1954 ਨੂੰ ਧਨੀ ਰਾਮ ਚਾਤ੍ਰਿਕ ਆਪਣੇ ਪਿਆਰੇ ਪੰਜਾਬ ਨੂੰ ਅਲਵਿਦਾ ਕਹਿ ਗਏ। ਉਹ ਪੰਜਾਬੀਆਂ ਦੇ ਦਿਲਾਂ ਵਿਚ ਸਦਾ ਲਈ ਜ਼ਿੰਦਾ ਹਨ।

# ਰਾਗ ਤੰਤੂ ਉਰਫ ਪਿਆਰ ਦੀ ਮਹੀਨ ਡੋਰ

ਕਹਾਣੀ

***ਚੰਡੀਗੜ੍ਹ ਵੱਸਦੇ ਹਿੰਦੀ ਕਹਾਣੀਕਾਰ ਵੀਰੇਂਦਰ ਮਹਿੰਦੀਰੱਤਾ ਦੀ ਕਹਾਣੀ 'ਰਾਗ ਤੰਤੂ ਉਰਫ ਪਿਆਰ ਦੀ ਮਹੀਨ ਡੋਰ' ਪਿਛਲੀ ਉਮਰ ਦੇ ਰਾਗ ਦੀ ਸੁਰ-ਤਾਲ ਹੈ। ਵਡੇਰੀ ਉਮਰ ਦੇ ਇਨ੍ਹਾਂ ਦਿਨਾਂ ਦੀ ਕਥਾ ਲੇਖਕ ਨੇ ਮਹੀਨ ਰੂਪ ਵਿਚ ਪੇਸ਼ ਕੀਤੀ ਹੈ। ਇਸ ਵਿਚ ਲੰਘ ਚੁੱਕੀ ਜ਼ਿੰਦਗੀ ਦੇ ਨਾਲ ਸਮਾਜ ਦੇ ਕਈ ਪੱਖਾਂ ਉਪਰ ਝਾਤੀ ਪੈਂਦੀ ਹੈ ਜਿਹੜਾ ਬੰਦੇ ਉਤੇ ਹਰ ਹਾਲ ਅਸਰ-ਅੰਦਾਜ਼ ਹੁੰਦਾ ਹੈ। ਇਸ ਅਸਰ ਨੂੰ ਲੇਖਕ ਨੇ ਬਹੁਤ ਬਾਰੀਕੀ ਨਾਲ ਫੜਿਆ ਹੈ। -ਸੰਪਾਦਕ***

ਮੈਂ ਤੇ ਮੇਰੀ ਪਤਨੀ ਉਮਾ, ਦੋਵੇਂ ਹੀ ਰਿਟਾਇਰ ਹੋ ਗਏ।

ਉਮਾ ਨੇ ਤਾਂ ਸ਼ੁਕਰ ਮਨਾਇਆ ਕਿ ਹੁਣ ਰੋਜ਼ ਕੰਮ 'ਤੇ ਨਹੀਂ ਜਾਣਾ ਪਏਗਾ। ਹੁਣ ਆਰਾਮ ਨਾਲ ਬੜੀ ਦੇਰ ਤੋਂ ਲਟਕ ਰਹੇ ਘਰ ਦੇ ਜ਼ਰੂਰੀ ਕੰਮ ਨਿਬੇੜਾਂਗੀ, ਪਰ ਮੈਨੂੰ ਥੋੜ੍ਹੀ ਜਿਹੀ ਮੁਸ਼ਕਿਲ ਆਈ। ਇਕ ਅਰਸੇ ਤੋਂ ਹਰ ਰੋਜ਼ ਨੌਕਰੀ ਲਈ ਜਾਣ ਦੇ ਰੋਜ਼ਾਨਾ ਨੇਮ ਦਾ ਇਕਦਮ ਝਟਕੇ ਨਾਲ ਬੰਦ ਹੋ ਜਾਣਾ, ਰਾਤ ਵਕਤ ਘਰ ਦੀ ਬਿਜਲੀ ਦੇ ਚਲੇ ਜਾਣ ਵਾਂਗ ਹੁੰਦਾ ਹੈ। ਆਪਣੇ ਹੀ ਘਰ ਵਿਚ ਜ਼ਰੂਰਤ ਦੀਆਂ ਚੀਜ਼ਾਂ ਲੱਭਣੀਆਂ ਪੈਂਦੀਆਂ ਹਨ।

ਆਦਮੀ ਆਦਤ ਦਾ ਕਿੰਨਾ ਗੁਲਾਮ ਹੁੰਦਾ ਹੈ। ਰਿਟਾਇਰਮੈਂਟ ਤੋਂ ਬਾਅਦ ਕੁਝ ਮਹੀਨਿਆਂ ਤੱਕ ਬਾਦਸਤੂਰ ਦਸ ਵਜੇ ਤਿਆਰ ਹੋ ਕੇ ਪੈਂਟ-ਕੋਟ-ਟਾਈ ਲਾ ਕੇ ਡਰਾਇੰਗ ਰੂਮ ਵਿਚ ਬੈਠ ਜਾਂਦਾ ਤੇ ਅਖਬਾਰ ਪੜ੍ਹਨ ਲੱਗ ਪੈਂਦਾ, ਜਿਵੇਂ ਇਹ ਨਿਹਾਇਤ ਜ਼ਰੂਰੀ ਕੰਮ ਹੋਵੇ। ਨੌਕਰੀ ਕਰਦਿਆਂ ਤਾਂ ਦਿਨ ਦੇ ਨੌਂ ਦਸ ਘੰਟੇ ਬਾਹਰ ਰਹਿਣਾ ਪੱਕਾ ਸੀ। ਹੁਣ ਸਾਰਾ ਦਿਨ ਅਕਸਰ ਘਰ ਹੀ ਰਹਿੰਦਾ ਹਾਂ। ਇਸ ਨਾਲ ਹੋਇਆ ਇਹ ਕਿ ਬਿਨਾਂ ਬੇਵਜ੍ਹਾ ਘਰੇਲੂ ਕੰਮਾਂ ਵਿਚ ਮੀਨ-ਮੇਖ ਕੱਢਣ ਲੱਗਾ। ਕਦੀ ਕਹਿੰਦਾ, "ਨੌਕਰ ਨੂੰ ਤੂੰ ਬਹੁਤ ਜ਼ਿਆਦਾ ਢਿੱਲ ਦਿੱਤੀ ਹੋਈ ਐ! ਜਦੋਂ ਆਵਾਜ਼ ਦਿਓ, ਕਦੀ ਰਸੋਈ 'ਚ ਹੁੰਦਾ ਈ ਨਹੀਂ!"



**ਵੀਰੇਂਦਰ ਮਹਿੰਦੀਰੱਤਾ**
**ਫੋਨ: 0172-2747697**

"ਵਕਤ 'ਤੇ ਆਪਣਾ ਕੰਮ ਕਰ ਜਾਂਦੈ, ਸਾਰਾ ਸਮਾਂ ਰਸੋਈ ਵਿਚ ਬੈਠਣ ਦੀ ਭਲਾ ਕੀ ਲੋੜ ਹੈ?"

"ਕਦੀ ਪਿਆਸ ਲੱਗੇ ਤਾਂ ਘੱਟੋ ਘੱਟ ਪਾਣੀ ਪਿਆਉਣ ਵਾਲਾ ਤਾਂ ਕੋਈ ਹੋਵੇ।"

"ਇਹਦੇ 'ਚ ਕੀ ਐ, ਫਰਿੱਜ ਖੋਲ੍ਹੋ ਤੇ ਪਾਣੀ ਲੈ ਲਓ। ਦਫਤਰ ਦੇ ਚਪੜਾਸੀ ਅਤੇ ਘਰੇਲੂ ਨੌਕਰ 'ਚ ਫਰਕ ਹੁੰਦੈ।"

"ਇਹ ਤਾਂ ਮੈਨੂੰ ਵੀ ਪਤੈ, ਪਰ ਨੌਕਰ ਬੜੀ ਲਾਪਰਵਾਹੀ ਨਾਲ ਖਾਣਾ ਬਣਾਉਣ ਲੱਗ ਪਏ ਨੇ। ਕਦੀ ਲੂਣ ਵੱਧ ਤੇ ਕਦੀ ਸਬਜ਼ੀ ਕੱਚੀ ਪੱਕੀ! ਖਾਣੇ ਵਿਚ ਸਭ ਕੁਝ ਹਿਸਾਬ ਨਾਲ ਹੋਣਾ ਚਾਹੀਦੈ।"

ਦੂਸਰੇ ਦਿਨ: "ਪ੍ਰੈਸ਼ਰ ਕੁੱਕਰ ਠੀਕ ਤਰ੍ਹਾਂ ਵਰਤਿਆ ਜਾਵੇ ਤਾਂ ਗੈਸ ਦੀ ਬਚਤ ਹੋ ਸਕਦੀ ਹੈ।"

ਤੀਸਰੇ ਦਿਨ: "ਇਹ ਨੰਦਨ ਭਾਂਡੇ ਸਾਫ ਕਰਨ ਲਈ ਪਾਣੀ ਬਹੁਤ ਡੋਲ੍ਹਦੈ! ਭਾਂਡੇ ਸਾਫ ਕਰਨ ਦਾ ਵੀ ਕੋਈ ਤਰੀਕਾ ਹੁੰਦਾ ਹੈ। ਉਸ ਤਰ੍ਹਾਂ ਪਾਣੀ ਘੱਟ ਲੱਗਦਾ ਹੈ ਤੇ ਭਾਂਡੇ ਵੱਧ ਸਾਫ ਹੁੰਦੇ ਨੇ।"

ਇਹ ਸੁਣ ਉਮਾ ਹਲਕਾ ਜਿਹਾ ਮੁਸਕਰਾ ਕੇ ਬੋਲੀ, "ਗੱਲ ਤਾਂ ਇੰਜ ਕਰ ਰਹੇ ਓ, ਜਿਵੇਂ ਸਾਰੀ ਉਮਰ ਭਾਂਡੇ ਹੀ ਮਾਂਜਦੇ ਰਹੇ ਹੋ... ਜਦ ਕਿ...।"

"ਖੁਦ ਸਾਫ ਨਾ ਵੀ ਕੀਤੇ ਹੋਣ, ਪਰ ਤਰੀਕਾ ਤੇ ਦੱਸ ਈ ਸਕਦਾਂ। ਅੱਜ ਹੀ ਲੇਖ ਪੜ੍ਹਿਐ, ਜੇ ਹੁਣ ਤੁਸੀਂ ਪਾਣੀ ਜ਼ਾਇਆ ਕਰੋਗੇ ਤਾਂ ਆਉਣ ਵਾਲੇ ਸਮੇਂ 'ਚ ਪਾਣੀ ਪੀਣ ਲਈ ਵੀ ਨਹੀਂ ਲੱਭਣ ਲੱਗਾ!"

"ਨੰਦਨ ਨੂੰ ਆਪ ਹੀ ਸਮਝਾ ਦਿਓ।" ਇੰਨਾ ਕਹਿ ਉਮਾ ਬਾਥਰੂਮ 'ਚੋਂ ਬਾਲਟੀ ਵਿਚ ਧੋਤੇ ਕੱਪੜੇ ਸੁੱਕਣੇ ਪਾਉਣ ਚਲੀ ਗਈ। ਅਖਬਾਰ ਪੜ੍ਹਦਿਆਂ ਮੈਨੂੰ ਝਪਕੀ ਆ ਗਈ। ਰਸੋਈ 'ਚੋਂ ਭਾਂਡੇ ਟੁੱਟਣ ਦੀ ਆਵਾਜ਼ ਆਈ, ਮੈਂ ਇਕਦਮ ਹੜਬੜਾ ਕੇ ਉਠ ਬੈਠਾ, "ਕੀ ਹੋਇਆ, ਕੀ ਹੋਇਐ?"

ਉਮਾ ਰਸੋਈ 'ਚ ਗਈ ਅਤੇ ਬੜੇ ਹੀ ਸ਼ਾਂਤ ਲਹਿਜੇ 'ਚ ਬੋਲੀ, "ਕੁਝ ਖਾਸ ਨਹੀਂ, ਸਿਰਫ ਕੇਤਲੀ ਦਾ ਢੱਕਣ ਹੀ ਟੁੱਟਿਆ ਹੈ।"

"ਓਹੋ, ਸਾਰਾ ਸੈਟ ਹੀ ਬਰਬਾਦ ਹੋ ਗਿਆ! ਲਾਪਰਵਾਹੀ ਦੀ ਵੀ ਹੱਦ ਹੁੰਦੀ ਐ... ਧਿਆਨ ਨਾਲ ਕੰਮ ਕਰਨਾ ਚਾਹੀਦਾ ਹੈ।"

"ਜਿਹੜਾ ਕੰਮ ਕਰੇਗਾ, ਨੁਕਸਾਨ ਵੀ ਤਾਂ ਉਹਦੇ ਹੱਥੋਂ ਹੀ ਹੋਏਗਾ!" ਉਮਾ ਮੇਰੇ ਹੀ ਕਹੇ ਹੋਏ ਸ਼ਬਦ ਦੁਹਰਾ ਰਹੀ ਸੀ। ਕਿਉਂਕਿ ਨੌਕਰੀ ਦੌਰਾਨ ਸ਼ੁਰੂ ਵਿਚ ਕੋਈ ਵੀ ਨੁਕਸਾਨ ਹੋ ਜਾਂਦਾ ਤਾਂ ਉਮਾ ਬਹੁਤ ਪਰੇਸ਼ਾਨ ਹੋ ਜਾਂਦੀ ਤੇ ਮੈਂ ਅਕਸਰ ਇਹੀ ਕੁਝ ਕਹਿੰਦਾ ਸਾਂ।

"ਠੀਕ ਕਹਿੰਦੀ ਐਂ, ਉਮਾ।" ਮੈਂ ਹੱਸਦਿਆਂ ਕਿਹਾ, "ਰਿਟਾਇਰਮੈਂਟ ਪਿਛੋਂ ਪਤਾ ਨਹੀਂ ਕੀ ਹੋ ਗਿਐ, ਛੋਟੇ ਛੋਟੇ ਨੁਕਸਾਨ ਵੀ ਵੱਡੇ ਲੱਗਣ ਲੱਗ ਪਏ ਨੇ!"

"ਆਪਣਾ ਧਿਆਨ ਇਨ੍ਹਾਂ ਨੁਕਸਾਨਾਂ ਵੱਲੋਂ ਹਟਾ ਕੇ ਉਨ੍ਹਾਂ ਕੰਮਾਂ ਵੱਲ ਲਾਓ ਜਿਹੜੇ ਤੁਸੀਂ ਨੌਕਰੀ ਕਰਦਿਆਂ ਨਹੀਂ ਕਰ ਸਕੇ।" ਇਹ ਆਖ ਉਮਾ ਧੋਤੇ ਕੱਪੜੇ ਪ੍ਰੈਸ ਕਰਨ ਲੱਗੀ।

ਅਸਲ ਵਿਚ ਜਿਨ੍ਹਾਂ ਦਿਨਾਂ 'ਚ ਅਸੀਂ ਦੋਵੇਂ ਕੰਮ 'ਤੇ ਜਾਂਦੇ ਸਾਂ, ਜੇ ਕਿਤੇ ਰਾਤ ਨੂੰ ਬਿਨਾਂ ਪ੍ਰੈਸ ਕੀਤਾ ਕੁੜਤਾ-ਪਜਾਮਾ ਪਹਿਨ ਲੈਂਦਾ, ਉਮਾ ਨੂੰ ਬਹੁਤ ਬੁਰਾ ਲੱਗਦਾ। ਸਿਰਫ ਬੁਰਾ ਹੀ ਨਹੀਂ ਸੀ ਲੱਗਦਾ, ਇਸ ਛੋਟੀ ਜਿਹੀ ਗੱਲ ਨੂੰ ਲੈ ਕੇ ਅਸੀਂ ਬਿਨਾਂ ਵਜ੍ਹਾ ਝਗੜਨ ਲੱਗਦੇ, ਇੱਕ ਦੂਜੇ ਨਾਲ ਖਿਝਣ ਲੱਗ ਪੈਂਦੇ, "ਆਖਿਰ, ਐਸੀ ਵੀ ਕੀ ਮੁਸੀਬਤ ਆ ਗਈ? ਜੇ ਮੈਨੂੰ ਪ੍ਰੈਸ ਕਰਨ ਲਈ ਵਕਤ ਨਹੀਂ ਮਿਲਿਆ ਤਾਂ ਤੁਸੀਂ ਖੁਦ ਵੀ ਤਾਂ ਪ੍ਰੈਸ ਕਰ ਸਕਦੇ ਸੀ!"

"ਕਰ ਤਾਂ ਲੈਂਦਾ, ਪਰ ਮੈਨੂੰ ਲੋੜ ਹੀ ਨਹੀਂ ਜਾਪੀ। ਬਾਹਰ ਜਾਣਾ ਹੋਵੇ ਤਾਂ ਕਮੀਜ-ਪੈਂਟ ਤਾਂ ਪ੍ਰੈਸ ਕਰਨੀ ਹੀ ਹੁੰਦੀ ਐ, ਕੁੜਤਾ-ਪਜਾਮਾ ਪ੍ਰੈਸ ਕਰਨ ਦੀ ਭਲਾ ਕੀ ਲੋੜ?"

ਇਸ ਸਲੀਕੇ ਤੋਂ ਮੈਂ ਬਹੁਤ ਪਰੇਸ਼ਾਨ ਸੀ, ਕਿਉਂਕਿ ਪਿਛਲੇ ਕੁਝ ਮਹੀਨਿਆਂ ਵਿਚ ਵਾਰ ਵਾਰ ਸੁਣ ਚੁਕਾ ਸਾਂ, "ਬੈਠਣ ਦਾ ਸਲੀਕਾ, ਉਠਣ ਦਾ ਸਲੀਕਾ, ਖਾਣ ਦਾ, ਗੱਲ ਕਰਨ ਦਾ...।" ਇਸ ਲਈ ਚੁੱਪ-ਚਾਪ ਲੇਟ ਕੇ ਅੱਖਾਂ ਬੰਦ ਕਰ ਲੈਂਦਾ, ਜਿਵੇਂ ਉਸ ਦੀ ਗੱਲ ਸੁਣੀ ਹੀ ਨਾ ਹੋਵੇ।

ਸੱਚਾਈ ਤਾਂ ਇਹ ਹੈ ਕਿ ਭਾਵੇਂ ਵਿਆਹ ਨਾਲ ਅਸੀਂ ਇੱਕ ਡੋਰ ਨਾਲ ਬੰਨ੍ਹੇ ਗਏ ਹਾਂ, ਪਰ ਆਏ ਤਾਂ ਦੋਵੇਂ ਅਲੱਗ ਅਲੱਗ ਪਰਿਵਾਰਾਂ ਵਿਚੋਂ ਸਾਂ। ਉਨ੍ਹਾਂ ਪਰਿਵਾਰਾਂ ਦੀ ਆਪਣੀ ਰਹਿਣੀ-ਬਹਿਣੀ, ਖਾਣ-ਪੀਣ, ਉਠਣਾ-ਬੈਠਣਾ, ਸੋਚ-ਵਿਚਾਰ; ਗੱਲ ਕੀ, ਜ਼ਿੰਦਗੀ ਜਿਉਣ ਦਾ ਪੂਰਾ ਤਰੀਕਾ ਹੀ ਵੱਖਰਾ ਵੱਖਰਾ ਸੀ। ਜਿਸ ਪਰਿਵਾਰ ਵਿਚ ਇਕ ਉਮਰ ਗੁਜ਼ਾਰੀ, ਜਿਸ ਨੇ ਦੋਹਾਂ ਦੀ ਸ਼ਖਸੀਅਤ ਨੂੰ ਤਰਾਸ਼ਿਆ, ਉਸ ਵਿਚ ਫਰਕ ਹੋਣਾ ਤਾਂ ਕੁਦਰਤੀ ਸੀ।

ਉਮਾ ਫੌਜੀ ਪਰਿਵਾਰ 'ਚ ਪਲੀ ਸੀ ਜਿਥੇ ਡਿਸਿਪਲਿਨ ਅਤੇ ਕੰਟਰੋਲ ਹੀ ਘਰ ਦਾ ਮੂਲ-ਮੰਤਰ ਸੀ। ਰੋਜ਼ਮੱਰਾ ਦੇ ਸਾਰੇ ਕੰਮ ਘਰ ਦੇ ਪੰਜਾਂ ਮੈਂਬਰਾਂ 'ਚ ਵੰਡੇ ਹੋਏ ਸਨ। ਸਵੇਰੇ ਉਠਦੇ ਹੀ ਸਾਰੇ ਮਸ਼ੀਨ ਵਾਂਗ ਕੰਮ ਵਿਚ ਜੁਟ ਜਾਂਦੇ। ਬਾਜ਼ਾਰ ਤੇ ਬਗ਼ੀਚੇ ਦੇ ਕੰਮ ਤੋਂ ਇਲਾਵਾ ਆਪਣੇ ਸਾਰੇ ਨਿਜੀ ਕੰਮ ਮੇਜਰ ਮਹਿਤਾਨੀ ਖੁਦ ਕਰਦੇ। ਕੱਪੜੇ ਪ੍ਰੈਸ ਕਰਨ ਤੇ ਸਲੀਕੇ ਨਾਲ ਅਲਮਾਰੀ 'ਚ ਸਾਂਭਣ ਦੀ ਜ਼ਿੰਮੇਵਾਰੀ ਖੁਦ ਲਈ ਹੋਈ ਸੀ।

ਉਮਾ ਦੱਸਦੀ, ਉਸ ਦੇ ਪਿਤਾ ਮੇਜਰ ਮਹਿਤਾਨੀ ਨੇ ਜਾਣ ਬੁੱਝ ਕੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਰਸਮੀ ਜਿਹਾ ਵਤੀਰਾ ਰੱਖਿਆ ਹੋਇਆ ਸੀ। ਜਿਵੇਂ ਮਿਲੇ ਤਾਂ ਹਾਲ-ਚਾਲ ਪੁੱਛ ਲਿਆ ਜਾਂ ਦੁੱਖ-ਸੁੱਖ 'ਚ ਸਰੀਕ ਹੋ ਗਏ। ਉਹ ਨਹੀਂ ਸੀ ਚਾਹੁੰਦੇ ਕਿ ਕੋਈ ਉਨ੍ਹਾਂ ਦੇ ਘਰ ਆ ਕੇ ਰਹੇ, ਕਿਉਂਕਿ ਉਹ ਜਾਣਦੇ ਸਨ ਕਿ ਉਨ੍ਹਾਂ ਕਈ ਵਾਰ ਮਹੀਨਿਆਂ ਬੱਧੀ ਫੀਲਡ ਵਿਚ ਰਹਿਣਾ ਹੁੰਦਾ ਹੈ, ਅਤੇ ਬੇਟੀਆਂ ਜਵਾਨ ਹੋ ਰਹੀਆਂ ਹਨ।

ਇਧਰ, ਮੇਰੇ ਪਿਤਾ ਸਰਕਾਰੀ ਨੌਕਰੀ ਤੋਂ ਰਿਟਾਇਰ ਹੋਏ ਸਨ, ਪਰ ਮੂਲ ਰੂਪ ਵਿਚ ਕਸਬੇ ਦੇ ਦੁਕਾਨਦਾਰਾਂ ਦੇ ਪਰਿਵਾਰਾਂ ਵਿਚੋਂ ਸਨ। ਸਾਰੇ ਲੋਕ ਉਨ੍ਹਾਂ ਨੂੰ 'ਬਾਊ ਜੀ' ਕਹਿ ਕੇ ਬੁਲਾਉਂਦੇ। ਹਰ ਮਿਲਣ ਵਾਲੇ ਨੂੰ ਉਹ ਪੰਜ ਮਿੰਟ ਵਿਚ ਹੀ ਆਪਣਾ ਬਣਾ ਲੈਂਦੇ। ਇਹੀ ਨਹੀਂ, ਉਹ ਤਾਂ ਕੋਈ ਨਾ ਕੋਈ ਦੂਰ ਪਾਰ ਦਾ ਰਿਸ਼ਤਾ ਵੀ ਕੱਢ ਲੈਂਦੇ। ਕੋਈ ਉਨ੍ਹਾਂ ਦੀ ਭੂਆ ਦੇ ਲੜਕੇ ਦਾ ਸਹੁਰਾ ਹੁੰਦਾ, ਕੋਈ ਸਾਡੇ ਨਾਨਾ ਜੀ ਦੇ ਪਰਿਵਾਰ ਦਾ ਨਿਕਲ ਆਉਂਦਾ। ਇਥੇ ਹੀ ਬੱਸ ਨਹੀਂ, ਕੋਈ ਪਾਕਿਸਤਾਨ ਦੇ ਕਿਸੇ ਵੀ ਇਲਾਕੇ 'ਚੋਂ ਆਇਆ ਹੋਵੇ ਤਾਂ ਉਨ੍ਹਾਂ ਦਾ ਹਮ-ਵਤਨੀ ਸੀ!

ਇਕ ਦਿਨ ਉਮਾ ਥੱਕੀ ਟੁੱਟੀ ਕਾਲਜ ਤੋਂ ਘਰ ਆਈ ਤਾਂ ਬਾਊ ਜੀ ਕੋਲ ਤਿੰਨ-ਚਾਰ ਜਣੇ ਬੈਠੇ ਸਨ।

"ਆਪਣੇ ਨੇ, ਖਾਣਾ ਏਥੇ ਹੀ ਖਾਣਗੇ!" ਬਾਊ ਜੀ ਦੇ ਸਾਹਮਣੇ ਤਾਂ ਉਮਾ ਨੇ ਕੁਝ ਨਹੀਂ ਕਿਹਾ, ਪਰ ਮੇਰੇ ਵਾਪਸ ਆਉਂਦਿਆਂ ਹੀ ਖਿਝ ਕੇ ਬੋਲੀ, "ਇਹ ਘਰ ਹੈ ਜਾਂ ਸਰਾਂ, ਜਦੋਂ ਮਰਜ਼ੀ ਕੋਈ ਵੀ ਆ ਟਪਕਦਾ ਐ।"

"ਭਰਿਆ ਪੂਰਾ ਪਰਿਵਾਰ ਹੈ, ਇੰਜ ਤਾਂ ਹੋਵੇਗਾ ਹੀ।"

"ਤਾਂ ਫਿਰ ਸੰਭਾਲੋ ਆਪਣੇ ਪਰਿਵਾਰ ਨੂੰ, ਮੈਂ ਤਾਂ ਚੱਲੀ!" ਕਹਿ ਕੇ ਉਹ ਆਪਣੇ ਬੈਡਰੂਮ ਵੱਲ ਚਲੀ ਗਈ।

ਅਚਾਨਕ ਧਿਆਨ ਆਪਣਾ ਵਿਆਹ ਹੋਣ ਤੋਂ ਬਾਅਦ ਦੇ ਦਿਨਾਂ ਵੱਲ ਚਲਾ ਗਿਆ। ਭਰੇ ਪੂਰੇ ਪਰਿਵਾਰ 'ਚ ਲਗਾਤਾਰ ਮੌਕੇ ਦੀ ਤਲਾਸ਼ 'ਚ ਰਹਿਣਾ- ਕਿਸੇ ਤਰ੍ਹਾਂ ਇੱਕ ਦੂਜੇ ਦੇ ਕੋਲ ਹੋ ਸਕੀਏ, ਕਿਤੇ ਇਕਾਂਤ ਵਿਚ ਇੱਕ-ਦੂਸਰੇ ਨੂੰ ਆਪਣੀਆਂ ਬਾਹਾਂ ਵਿਚ ਲੈ ਸਕੀਏ। ਨੌਜਵਾਨ ਬਦਨ ਅਤੇ ਆਪਸੀ ਚੁੰਬਕੀ ਖਿੱਚ, ਓਹੀ ਲਪਕ-ਝਪਕ ਦੌਰਾਨ ਆਮ ਤੌਰ 'ਤੇ ਕਹੇ ਜਾਂਦੇ ਸ਼ਬਦ:

"ਅਸੀਂ ਦੋ ਸਰੀਰ, ਇਕ ਜਾਨ ਹਾਂ।"

"ਸਾਡਾ ਤਾਂ ਜਨਮ ਜਨਮਾਂਤਰ ਦਾ ਸਬੰਧ ਹੈ, ਤੂੰ ਉਮਾ ਤੇ ਮੈਂ ਮਹੇਸ਼!"

ਕਿੰਨਾ ਮਿੱਠਾ ਪਿਆਰਾ ਜਿਹਾ ਅਹਿਸਾਸ ਹੁੰਦਾ ਸੀ! ਪਰ ਅੱਜ, ਹਾਲੇ ਦੋ ਸਾਲ ਵੀ ਨਹੀਂ ਹੋਏ ਵਿਆਹ ਨੂੰ ਤੇ ਕਿਵੇਂ ਪਟਾਕ ਦੇਣੀ ਕਹਿ ਗਈ, "ਸੰਭਾਲੋ ਆਪਣੇ ਟੱਬਰ ਨੂੰ, ਮੈਂ ਤਾਂ ਚੱਲੀ।" ਮੈਂ ਸੋਚ ਰਿਹਾ ਸਾਂ, ਹੁਣੇ ਅਟੈਚੀ ਚੁੱਕੇਗੀ ਤੇ ਕਹੇਗੀ, "ਬੱਸ, ਬਸ ਸਟੌਪ ਤੱਕ ਛੱਡ ਆਓ!"

ਪਰ ਕੀ ਦੇਖਦਾ ਹਾਂ ਕਿ ਉਮਾ ਕੱਪੜੇ ਬਦਲ ਕੇ ਆਈ ਅਤੇ ਸਿੱਧਾ ਰਸੋਈ 'ਚ ਮਹਿਮਾਨਾਂ ਲਈ ਖਾਣਾ ਬਣਾਉਣ ਲੱਗੀ!

ਮੈਂ ਮਹਿਸੂਸ ਕੀਤਾ ਕਿ ਜਦੋਂ ਵਿਆਹ ਤੋਂ ਇਕਦਮ ਬਾਅਦ ਪਤੀ-ਪਤਨੀ ਚਾਹਤ ਭਰੀ ਕਾਮਨਾ ਨਾਲ ਜ਼ਿੰਦਗੀ ਜੀ ਰਹੇ ਹੁੰਦੇ ਹਨ, ਪਰਿਵਾਰਕ ਸੰਸਕਾਰ ਥੋੜ੍ਹੇ ਥੋੜ੍ਹੇ ਪਿਘਲਣ ਲੱਗਦੇ ਹਨ। ਇਹ ਸ਼ਰਤ ਜ਼ਰੂਰ ਹੁੰਦੀ ਹੈ ਕਿ ਇਸ ਚਾਹਤ ਭਰੀ ਕਾਮਨਾ ਨੂੰ ਜਿਉਂਦੇ ਜੀਅ ਆਪਣੀ ਨਿਜੀ ਤੀਸਰੀ ਦੁਨੀਆਂ ਵੀ ਬਣਾ ਸਕਣ। ਇਸੇ ਦੌਰਾਨ, ਇੱਕ-ਦੂਜੇ ਨੂੰ ਸਵੀਕਾਰ ਕਰਨ ਦਾ, ਪਰਵਾਨ ਕਰਨ ਦਾ ਜਾਦੂ ਵੀ ਕੰਮ ਕਰਦਾ ਹੈ। ਅੱਜ ਵੀ ਇਸੇ ਜਾਦੂ ਨੇ ਕੰਮ ਕੀਤਾ।

ਜੇ ਇਹ ਜਾਦੂ ਕਿਤੇ ਕੰਮ ਨਹੀਂ ਕਰਦਾ ਤਾਂ ਉਹ ਹੈ ਸਾਡੀਆਂ ਪੱਕੀਆਂ ਹੋਈਆਂ ਆਦਤਾਂ 'ਤੇ; ਜਿਵੇਂ ਉਮਾ ਦੀ ਸਫਾਈ ਪਸੰਦੀ ਦੀ ਅਤੇ ਮੇਰੀ ਲਾਪਰਵਾਹੀ ਦੀਆਂ ਆਦਤਾਂ 'ਤੇ। ਸਫਾਈ ਪਸੰਦੀ ਵੀ ਕੋਈ ਚੀਜ਼ ਹੁੰਦੀ ਹੈ। ਸਭ ਕੱਪੜੇ, ਕਾਗਜ਼ਾਂ ਅਤੇ ਹੋਰ ਜ਼ਰੂਰਤ ਦੀਆਂ ਚੀਜ਼ਾਂ ਕਰੀਨੇ ਨਾਲ ਸਜੀਆਂ ਆਪਣੀ ਆਪਣੀ ਥਾਂ 'ਤੇ ਪਈਆਂ ਹੋਣ।

ਲੇਕਿਨ, ਲਾਪਰਵਾਹੀ ਦੇ ਕਿੰਨੇ ਹੀ ਪੱਧਰ ਹੁੰਦੇ ਹਨ। ਜੇ ਕਿਤੇ ਲਾਪਰਵਾਹੀ ਨਾਲ ਸੁਸਤੀ ਵੀ ਮਿਲ ਜਾਏ ਤਾਂ ਬੱਸ, ਪੁੱਛੋ ਹੀ ਨਾ। ਜੇ ਰਾਤ ਨੂੰ ਇਸੇ ਬਿਸਤਰੇ 'ਚ ਸੌਣਾ ਹੈ ਤਾਂ ਰਜਾਈ ਨੂੰ ਤਹਿ ਲਾ ਕੇ ਸਹੀ ਜਗ੍ਹਾ 'ਤੇ ਰੱਖਣ ਜਾਂ ਬੈਡ-ਕਵਰ ਵਿਛਾਉਣ ਦੀ ਭਲਾ ਕੀ ਲੋੜ? ਇਕ ਦਿਨ, ਉਮਾ ਤੇ ਮੈਂ ਘਰ ਇਕੱਲੇ ਸਾਂ। ਮੇਰੇ ਪਾਏ ਕਿਸੇ ਖਿਲਾਰੇ ਨੂੰ ਦੇਖ ਭੜਕ ਪਈ, "ਕਈ ਵਾਰ ਲੱਗਦੈ ਜਿਵੇਂ ਕਿਸੇ ਕਬਾੜਖਾਨੇ 'ਚ ਰਹਿ ਰਹੀ ਹਾਂ। ਮਜਾਲ ਐ ਕੋਈ ਚੀਜ਼ ਕਿਤੇ ਟਿਕਾਣੇ ਸਿਰ ਮਿਲ ਜਾਏ! ਕਿੰਨੀ ਕੁ ਵਾਰ ਸੰਭਾਲੀ ਜਾਓ... ਬੱਸ, ਤੰਗ ਆ ਚੁੱਕੀ ਆਂ ਮੈਂ ਤਾਂ। ਦਿਨ 'ਚ ਭਾਵੇਂ ਦਸ ਵਾਰ ਕੱਪੜੇ ਸਮੇਟ ਲਓ, ਹਾਲਤ ਫਿਰ ਉਵੇਂ ਦੀ ਉਵੇਂ!"

"ਜਿਥੋਂ ਕੱਪੜੇ ਉਤਾਰਨਗੇ, ਉਥੇ ਹੀ ਸੁੱਟ ਕੇ ਤੁਰ ਪੈਣਗੇ... ਇਹ ਨਹੀਂ ਕਿ ਅਲਮਾਰੀ ਵਿਚ ਤਹਿ ਲਾ ਕੇ ਰੱਖ ਦੇਣ।" ਉਮਾ ਗੁੱਸੇ 'ਚ ਸੀ।

ਮੈਂ ਚੁੱਪ ਰਿਹਾ। ਵਿਆਹ ਵਾਲੀ ਪਹਿਲੀ ਰਾਤ ਹੀ ਅਸੀਂ ਆਪਸ ਵਿਚ ਫੈਸਲਾ ਕਰ ਲਿਆ ਸੀ ਕਿ ਜਦ ਇੱਕ ਗੁੱਸੇ 'ਚ ਹੋਵੇ, ਦੂਸਰਾ ਚੁੱਪ ਰਹੇਗਾ।

ਗੁੱਸਾ ਜਾਰੀ ਸੀ, "ਮੇਜ਼ ਹੈ ਕਿ ਆਲਤੂ-ਫਾਲਤੂ ਕਾਗਜ਼ਾਂ ਨਾਲ ਭਰਿਆ ਰਹੇਗਾ। ਕੋਈ ਕੰਮ ਦਾ ਕਾਗਜ਼ ਲੱਭਣਾ ਹੋਵੇ, ਵਕਤ 'ਤੇ ਕਦੀ ਨਹੀਂ ਲੱਭਦਾ। ਸਾਰਾ ਘਰ ਉਲਟ-ਪੁਲਟ ਕਰ ਦੇਣਗੇ। ਇਹ ਦਰਾਜ਼ ਦੇਖੋ, ਕੋਈ ਸ਼ੈਲਫ ਦੇਖੋ! ਅਲਮਾਰੀ ਦਾ ਇੱਕ ਇਕ ਖਾਨਾ ਦੇਖੋ! ਸਾਰੇ ਬਿਸਤਰੇ 'ਤੇ ਕਾਗਜ਼ ਹੀ ਕਾਗਜ਼!"

ਸੁਭਾਵਕ ਹੀ ਆਪਣੀਆਂ ਇਨ੍ਹਾਂ ਕਮਜ਼ੋਰੀਆਂ ਬਾਰੇ ਮੈਂ ਪੂਰੀ ਤਰ੍ਹਾਂ ਜਾਣਦਾ ਹਾਂ। ਲੇਕਿਨ ਜਦੋਂ ਉਮਾ ਇਨ੍ਹਾਂ ਨੂੰ ਉਘਾੜ ਕੇ ਸਾਹਮਣੇ ਲਿਆਉਂਦੀ ਹੈ ਤਾਂ ਅੰਦਰ ਅਚਵੀ ਜਿਹੀ, ਬੇਚੈਨੀ ਜਿਹੀ ਮਹਿਸੂਸ ਕਰਦਾ ਹਾਂ; ਪਰ ਆਪਣੇ ਅੰਦਰ ਦੇ ਤਣਾਅ, ਆਪਣੀ ਖਿਝ ਨੂੰ ਗੁੱਸੇ 'ਚ ਬਦਲਣ ਤੋਂ ਰੋਕੀ ਰੱਖਦਾ ਹਾਂ ਅਤੇ ਝੁੰਜਲਾ ਕੇ ਬੱਸ ਇੰਨਾ ਹੀ ਕਹਿੰਦਾ ਹਾਂ, "ਬੱਸ, ਬੱਸ ਕਾਫੀ ਹੋ ਗਿਆ।"

ਇਹੋ ਜਿਹੇ ਮੌਕੇ 'ਤੇ ਉਮਾ ਅਕਸਰ ਕਹਿ ਉਠਦੀ ਹੈ, "ਇਸੇ ਲਈ ਤਾਂ ਮੈਂ ਕੁਝ ਬੋਲਦੀ ਨਹੀਂ, ਪਤਾ ਜੋ ਹੈ ਕਿ ਇਸ ਨਾਲ ਕੋਈ ਫਰਕ ਨਹੀਂ ਪੈਣਾ।"

ਹੁਣ ਤਾਂ ਉਮਾ ਦਾ ਇਹੀ ਤਕੀਆ ਕਲਾਮ ਬਣ ਚੁੱਕਾ ਹੈ, "ਇਸੇ ਮਾਰੇ ਤਾਂ ਮੈਂ ਕੁਝ ਬੋਲਦੀ ਨਹੀ।"

ਇਸ ਤਕੀਆ ਕਲਾਮ ਨੇ ਕਮਾਲ ਕਰ ਦਿਖਾਇਆ। ਦੋਹਾਂ ਦੀ ਸਮਝ 'ਚ ਆ ਗਿਆ ਕਿ ਇੱਕ-ਦੂਸਰੇ ਨੂੰ ਬਦਲਣਾ ਮੁਮਕਿਨ ਨਹੀਂ। ਜੋ ਹੈ ਸੋ ਹੈ। ਜੇ ਨਾਲ ਨਾਲ ਰਹਿਣਾ ਹੈ ਤਾਂ ਇੱਕ ਦੂਸਰੇ ਨੂੰ ਆਪਣੀਆਂ ਕਮੀਆਂ-ਬੇਸ਼ੀਆਂ ਦੇ ਨਾਲ ਹੀ ਮਨਜ਼ੂਰ ਕਰਨ 'ਚ ਭਲਾਈ ਹੈ! ਦੋਹਾਂ ਦੀ ਸਮਝ 'ਚ ਆ ਗਿਆ ਕਿ ਇੱਕ-ਦੂਸਰੇ ਨੂੰ ਬਦਲਣਾ ਮੁਮਕਿਨ ਨਹੀਂ। ਜੋ ਹੈ ਸੋ ਹੈ। ਸੱਚ ਤਾਂ ਇਹ ਹੈ ਕਿ ਅਲੱਗ ਅਲੱਗ ਆਦਤਾਂ, ਸ਼ੌਕ ਜਾਂ ਸੁਭਾਅ ਵਿਚ ਫਰਕ ਹੋਣ ਦੇ ਬਾਵਜੂਦ ਇੰਨੇ ਸਾਲਾਂ ਤੋਂ ਇਕੱਠੇ ਰਹਿੰਦੇ ਆ ਰਹੇ ਹਾਂ।

ਬੱਸ, ਇੰਨੀ ਕੋਸ਼ਿਸ਼ ਜ਼ਰੂਰ ਕਰਦੇ ਰਹੇ ਹਾਂ ਕਿ ਹਾਲਾਤ ਚਾਹੇ ਕੋਈ ਵੀ ਹੋਣ, ਆਦਤਨ ਫਰਕ ਹੋਣ ਦੇ ਬਾਵਜੂਦ, ਸਾਡੇ ਰਿਸ਼ਤੇ ਵਿਚ ਦੂਰੀ ਕਦੇ ਨਾ ਆਏ। ਰੇਲ ਦੀਆਂ ਦੋ ਪਟੜੀਆਂ ਵਾਂਗ ਜਿਨ੍ਹਾਂ ਵਿਚਲੇ ਫਾਸਲੇ ਦੀ ਬਰਾਬਰੀ ਹੀ ਰਿਸ਼ਤਿਆਂ ਦੀ ਪਛਾਣ ਬਣ ਜਾਂਦੀ ਹੈ ਅਤੇ ਬਰਾਬਰੀ ਦੇ ਇਸੇ ਰਿਸ਼ਤੇ ਦੇ ਸਹਾਰੇ ਹੀ ਗੱਡੀ ਚੱਲਦੀ ਰਹਿੰਦੀ ਹੈ।

ਅਸਲ 'ਚ ਜਿਨ੍ਹਾਂ ਦਿਨਾਂ ਵਿਚ ਅਸੀਂ ਦੋਵੇਂ ਨੌਕਰੀ ਕਰਦੇ ਸਾਂ, ਭੱਜ-ਦੌੜ ਇੰਨੀ ਹੁੰਦੀ ਕਿ ਇੱਕ-ਦੂਜੇ ਨਾਲ ਜ਼ਰੂਰੀ ਗੱਲ ਕਰਨ ਲਈ ਵੀ ਮੌਕਾ ਲੱਭਣਾ ਪੈਂਦਾ। ਹਮੇਸ਼ਾ ਨੌਕਰੀ, ਘਰ ਤੇ ਬੱਚਿਆਂ ਦੇ ਇੰਨੇ ਕੰਮ ਦੋਹਾਂ ਦੇ ਜ਼ਿਹਨ 'ਤੇ ਸਵਾਰ ਰਹਿੰਦੇ ਕਿ ਦਿਨੇ ਤਾਂ ਅਸੀਂ ਇੰਜ ਮਿਲਦੇ ਜਿਵੇਂ ਦੋ ਐਕਸਪ੍ਰੈਸ ਰੇਲ ਗੱਡੀਆਂ ਕਿਸੇ ਜੰਕਸ਼ਨ 'ਤੇ ਅਚਾਨਕ ਮਿਲ ਜਾਣ, ਪਰ ਦੋਵਾਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਣ ਦੀ ਕਾਹਲ ਹੋਵੇ!

ਹੁਣ ਜਦੋਂ ਰਿਟਾਇਰ ਹੋਇਆਂ ਵੀ ਵੀਹ ਸਾਲ ਹੋ ਗਏ ਨੇ, ਤਾਂ ਇੰਜ ਲੱਗਦੈ ਕਿ ਅਸੀਂ ਦੋਵੇਂ ਮਾਲ ਗੱਡੀ ਦੇ ਉਹ ਡੱਬੇ ਹਾਂ ਜੋ ਕਿਸੇ ਸਟੇਸ਼ਨ ਦੇ ਆਊਟ ਯਾਰਡ ਵਿਚ ਖੜ੍ਹੇ ਹਾਂ ਜਿਥੋਂ ਅੱਗੇ ਜਾਣ ਦਾ ਕੋਈ ਰਾਹ ਹੈ ਹੀ ਨਹੀਂ।

ਹੁਣ ਬਹੁਤਾ ਵਕਤ ਤਾਂ ਘਰ ਹੀ ਹੁੰਦੇ ਹਾਂ। ਮੇਰਾ ਦਿਨ ਤਾਂ ਸਵੇਰ ਦੀ ਸੈਰ, ਨਾਸ਼ਤੇ, ਅਖਬਾਰ ਪੜ੍ਹਨ ਵਰਗੇ ਜ਼ਰੂਰੀ ਕੰਮ, ਖਾਣ-ਪੀਣ, ਛੋਟੀ ਜਿਹੀ ਝਪਕੀ ਜਾਂ ਸ਼ਾਮ ਦੀ ਚਾਹ 'ਚ ਹੀ ਨਿਕਲ ਜਾਂਦਾ ਹੈ। ਉਮਾ ਦੀ ਆਪਣੀ ਰੁਟੀਨ ਹੈ। ਸਫਾਈ ਵਾਲੀ ਦੇ ਆਉਣ ਦਾ ਵੇਲਾ ਹੋ ਗਿਐ ਜਾਂ ਬਰਤਨ ਧੋਣ ਤੇ ਖਾਣਾ ਬਣਾਉਣ ਵਾਲੀ ਨੂੰ ਉਡੀਕਣਾ ਐ। ਘੰਟੀ ਵੱਜੀ ਤਾਂ ਸਬਜ਼ੀ ਵਾਲਾ ਆਇਐ... ਬਾਕੀ ਵਕਤ ਭਗਵਾਨ ਦੀ ਪੂਜਾ... ਜਿਹੜੇ ਕੰਮ ਦਾ ਜ਼ਿੰਮਾ, ਰਿਟਾਇਰਮੈਂਟ ਤੋਂ ਬਾਅਦ ਮੈਂ ਆਪਣੇ ਸਿਰ ਲਿਆ ਐ, ਉਹ ਹੈ ਸ਼ਾਮ ਦੀ ਚਾਹ ਦਾ। ਸ਼ਾਮ ਨੂੰ ਚਾਹ ਦੀਆਂ ਚੁਸਕੀਆਂ ਨਾਲ ਗੁਜ਼ਰੇ ਵਕਤ ਦੀਆਂ ਮਿੱਠੀਆਂ ਜਿਹੀਆਂ ਗੱਲਾਂ ਕਰ ਲੈਂਦੇ ਆਂ ਤੇ ਨਾਲੇ ਸ਼ੁਕਰ ਮਨਾਉਂਦੇ ਹਾਂ ਕਿ ਇਕ ਦਿਨ ਹੋਰ ਸੁਹਣਾ ਨਿਕਲ ਗਿਐ।



***ਦੋਹਾਂ ਦੀ ਸਮਝ 'ਚ ਆ ਗਿਆ ਕਿ ਇੱਕ-ਦੂਸਰੇ ਨੂੰ ਬਦਲਣਾ ਮੁਮਕਿਨ ਨਹੀਂ। ਜੋ ਹੈ ਸੋ ਹੈ। ਜੇ ਨਾਲ ਨਾਲ ਰਹਿਣਾ ਹੈ ਤਾਂ ਇੱਕ ਦੂਸਰੇ ਨੂੰ ਆਪਣੀਆਂ ਕਮੀਆਂ-ਬੇਸ਼ੀਆਂ ਦੇ ਨਾਲ ਹੀ ਮਨਜ਼ੂਰ ਕਰਨ 'ਚ ਭਲਾਈ ਹੈ! ਸੱਚ ਤਾਂ ਇਹ ਹੈ ਕਿ ਅਲੱਗ ਅਲੱਗ ਆਦਤਾਂ, ਸ਼ੌਕ ਜਾਂ ਸੁਭਾਅ ਵਿਚ ਫਰਕ ਹੋਣ ਦੇ ਬਾਵਜੂਦ ਇੰਨੇ ਸਾਲਾਂ ਤੋਂ ਇਕੱਠੇ ਰਹਿੰਦੇ ਆ ਰਹੇ ਹਾਂ।***

(ਬਾਕੀ ਅਗਲੇ ਸਫੇ 'ਤੇ)

"ਯਾਦ ਐ, ਤਿੰਨ ਮਹੀਨੇ ਬਿਮਾਰ ਰਹਿਣ ਤੋਂ ਬਾਅਦ ਜਿਸ ਦਿਨ ਤੁਹਾਨੂੰ ਮੂੰਹ ਰਾਹੀਂ ਕੁਝ ਖਾਣ ਦੀ ਇਜਾਜ਼ਤ ਮਿਲੀ ਸੀ... ਵੱਡੇ ਭਾਈ ਸਾਹਿਬ ਨੇ ਜਦੋਂ ਪੁੱਛਿਆ, ਕੀ ਲੈਣ ਨੂੰ ਜੀਅ ਕਰਦੈ? ਤੁਸੀਂ ਕਿਹਾ, ਚਾਹ।"

"ਹਾਂ, ਯਾਦ ਐ। ਜਿੰਨਾ ਸੁਆਦ ਚਾਹ ਦੇ ਉਸ ਚਮਚ ਵਿਚ ਸੀ, ਉਨਾ ਸੁਆਦ ਕਦੀ ਨਹੀਂ ਆਇਆ।"

"ਅਜੀਬ ਜਿਹੀ ਚਮਕ ਸੀ ਉਸ ਦਿਨ ਤੁਹਾਡੇ ਚਿਹਰੇ 'ਤੇ। ਅਸਲ 'ਚ ਉਸੇ ਦਿਨ ਹੀ ਤਾਂ ਡਾਕਟਰ ਨੇ ਤੁਹਾਡੀਆਂ ਸਭ ਨਾਲੀਆਂ ਉਤਾਰੀਆਂ, ਤਾਂ ਲੱਗਾ ਸੀ ਕਿ ਹੁਣ ਤੁਸੀਂ ਪੂਰੀ ਤਰ੍ਹਾਂ ਠੀਕ ਹੋ ਜਾਓਗੇ।" ਉਮਾ ਨੇ ਚਾਹ ਦੀ ਚੁਸਕੀ ਲੈਂਦਿਆਂ ਕਿਹਾ।

"ਤੂੰ ਵੀ ਹਸਪਤਾਲ ਦੇ ਕਮਰੇ 'ਚੋਂ ਬਾਹਰ ਉਸ ਦਿਨ ਹੀ ਗਈ ਸੀ। ਮੈਨੂੰ ਚੰਗੀ ਤਰ੍ਹਾਂ ਯਾਦ ਐ। ਪੂਰੇ ਤਿੰਨ ਮਹੀਨੇ ਤੂੰ ਮੇਰੇ ਪਰਛਾਵੇਂ ਵਾਂਗ ਉਸ ਕਮਰੇ 'ਚ ਹੀ ਰਹੀ।" ਕੁਰਸੀ ਤੋਂ ਉਠ ਕੇ ਮੈਂ ਆਪਣੀ ਸੋਟੀ ਟੋਲਣ ਲੱਗਾ। ਅਕਸਰ ਨਾਲ ਦੀ ਕੁਰਸੀ 'ਤੇ ਟਿਕਾ ਦਿੰਦਾ ਸੀ ਉਸ ਨੂੰ।

"ਸੋਟੀ ਦੇ ਗੁੰਮ ਹੋਣ ਦਾ ਮਤਲਬ ਐ, ਤੁਸੀਂ ਬਿਨਾਂ ਸੋਟੀ ਦੇ ਵੀ ਤੁਰ ਸਕਦੇ ਹੋ, ਪਰ ਉਦੋਂ ਬਿਮਾਰੀ ਦੇ ਦਿਨਾਂ 'ਚ ਨਾ ਬੋਲ ਸਕਦੇ ਸੀ ਤੇ ਨਾ ਹੀ ਉਂਗਲੀ ਹਿਲਾ ਸਕਦੇ ਸੀ। ਸਿਰਫ ਅੱਖ ਦੇ ਇਸ਼ਾਰਿਆਂ ਨਾਲ ਹੀ ਆਪਣੀ ਤਕਲੀਫ ਦੱਸ ਸਕਦੇ ਸੀ। ਤੇ ਹੁਣ...।"

"ਸਮਝ ਗਿਆ।" ਵਿਚੋਂ ਹੀ ਟੋਕ ਕੇ ਬੋਲਿਆ, "ਪਰ ਮੇਰੀ ਸੋਟੀ...?"

"ਮਿਲ ਜਾਏਗੀ, ਐਥੇ ਹੀ ਘਰ ਦੇ ਕਿਸੇ ਕੋਨੇ 'ਚ ਪਈ ਹੋਣੀ ਐ। ਇਹ ਕਿਹੜੀ ਮੇਰੀ ਬੈਸਾਖੀ ਹੈ ਜਿਸ ਬਿਨਾਂ ਇਕ ਪੈਰ ਨਹੀਂ ਚੁੱਕ ਹੋਣਾ ਮੇਰੇ ਕੋਲੋਂ?"

"ਬੈਸਾਖੀ ਕਿਥੋਂ ਯਾਦ ਆ ਗਈ? ਇਹ ਤਾਂ ਸਾਲਾਂ ਪੁਰਾਣੀ ਗੱਲ ਐ।" ਮੈਂ ਕਿਹਾ।

"ਹੈ ਤਾਂ ਸਾਲਾਂ ਪੁਰਾਣੀ, ਪਰ ਮੈਨੂੰ ਅੱਜ ਵੀ ਯਾਦ ਹੈ। ਐਕਸੀਡੈਂਟ ਤੋਂ ਬਾਅਦ ਜਦੋਂ ਹਿੱਪ ਰਿਪਲੇਸਮੈਂਟ ਤੇ ਫਰੈਕਚਰ ਹੋਇਆ ਸੀ, ਤੁਸੀਂ ਪੂਰੇ ਸਾਲ ਭਰ ਲਈ ਬਾਹਰ ਜਾ ਕੇ ਕਰਨ ਵਾਲੇ ਸਾਰੇ ਕੰਮਾਂ ਤੋਂ ਮਨ੍ਹਾਂ ਕਰ ਦਿੱਤਾ ਸੀ।" ਉਮਾ ਚਾਹ ਵਾਲੇ ਕੱਪ ਪਲੇਟਾਂ ਰੱਖਣ ਲਈ ਉਠੀ ਤਾਂ ਕਹਿਣ ਲੱਗੀ, "ਤੁਸੀਂ ਆਰਾਮ ਨਾਲ ਬੈਠੇ ਰਹੋ, ਮੈਂ ਲੱਭ ਕੇ ਲਿਆਉਂਦੀ ਹਾਂ ਤੁਹਾਡੀ ਸੋਟੀ।"

ਉਮਾ ਨੂੰ ਪਤਾ ਸੀ ਕਿ ਮੈਂ ਸੋਟੀ ਕਿਥੇ ਕੁ ਰੱਖ ਸਕਦਾ ਹਾਂ, ਉਹ ਸਿੱਧੀ ਉਨ੍ਹਾਂ ਹੀ ਥਾਂਵਾਂ 'ਤੇ ਲੱਭਣ ਤੁਰ ਪਈ। ਮੈਂ ਮਨ ਹੀ ਮਨ ਸੋਚ ਰਿਹਾ ਸਾਂ ਕਿ ਤੁਰਦੇ ਫਿਰਦੇ ਰਹਿਣ ਨਾਲ ਸਰੀਰ ਦੀਆਂ ਤਕਲੀਫਾਂ ਤੋਂ ਤਾਂ ਛੁਟਕਾਰਾ ਮਿਲ ਗਿਆ, ਪਰ ਉਸ ਤਕਲੀਫ ਦਾ ਕੀ ਕਰੀਏ ਜਿਹਦਾ ਕੋਈ ਇਲਾਜ ਹੀ ਨਹੀਂ। ਬੇਟੀ ਦਾ ਐਸੇ ਗ਼ਲਤ ਆਦਮੀ ਨਾਲ ਵਿਆਹ ਹੋ ਗਿਐ ਜਿਹਨੂੰ ਨਾ ਉਹ ਛੱਡ ਸਕਦੀ ਐ ਤੇ ਨਾ ਹੀ ਉਹਦੇ ਨਾਲ ਰਹਿ ਸਕਦੀ ਐ। ਉਮਾ ਨੇ ਤਾਂ ਰੋ ਰੋ ਕੇ ਆਪਣੀਆਂ ਅੱਖਾਂ ਵੀ ਖਰਾਬ ਕਰ ਲਈਆਂ, ਪਰ ਕੋਈ ਹੱਲ ਨਹੀਂ ਨਿਕਲਿਆ। ਹੱਲ ਇਹੀ ਹੈ ਕਿ ਇਸ ਬਾਰੇ ਸੋਚੋ ਨਾ। ਚੱਲੀ ਚੱਲੋ! ਸਵੀਕਾਰ ਕਰੋ।

ਇਨ੍ਹਾਂ ਸਭ ਤਕਲੀਫਾਂ ਨਾਲ ਵੀਹ ਸਾਲ ਬੀਤ ਗਏ। ਹੁਣ ਤਾਂ ਸਾਡੀ ਉਮਰ ਅੱਸੀ ਤੋਂ ਵੀ ਵੱਧ ਹੋ ਗਈ ਐ। ਹਰ ਰੋਜ਼ ਸਵੇਰੇ ਉਠ ਕੇ ਸ਼ੁਕਰ ਮਨਾਉਂਦੇ ਹਾਂ ਕਿ ਦੋਹਾਂ ਨੂੰ ਇਕੱਠੇ ਜੀਣ ਲਈ ਇਕ ਦਿਨ ਹੋਰ ਮਿਲ ਗਿਆ ਹੈ। ਸਮੇਂ ਨੇ ਸਾਡੇ ਆਪਸੀ ਪਿਆਰ ਦੀ ਇਸ ਮਹੀਨ 'ਤੰਦ' ਨੂੰ ਹੋਰ ਵੀ ਮਹੀਨ ਕਰ ਦਿੱਤਾ ਹੈ... ਇਹੀ ਤਾਂ ਉਹ 'ਰਾਗ ਤੰਤੂ' ਹੈ ਜਿਸ ਨੇ ਸਾਡੇ ਰਿਸ਼ਤੇ ਨੂੰ ਜੋੜ ਕੇ ਰੱਖਿਆ ਹੋਇਆ ਹੈ। ਇਸ ਮਹੀਨ ਡੋਰ ਨਾਲ ਸਾਡਾ ਜੀਣਾ ਹੋਰ ਸੁਖਦਾਈ ਹੋ ਗਿਆ ਹੈ।

ਅਚਾਨਕ ਧਿਆਨ ਆਇਆ ਕਿ ਅੱਜ ਮੇਰੇ ਪੋਤੇ ਮਾਧਵ ਦਾ ਜਨਮ ਦਿਨ ਹੈ। ਉਸ ਨੂੰ ਮੁਬਾਰਕ ਦੇਣ ਲਈ ਫੋਨ ਕਰਨਾ ਹੈ।

ਜਦ ਤੱਕ ਜ਼ਿੰਦਾ ਹਾਂ, ਪੋਤੇ ਪੋਤੀਆਂ, ਦੋਹਤੇ ਦੋਹਤੀਆਂ ਨੂੰ ਜਨਮ ਦਿਨ ਦੀ ਵਧਾਈ ਦੇਣੀ; ਬੇਟੇ ਬੇਟੀਆਂ ਦੀ ਸ਼ਾਦੀ ਦੀ ਸਾਲਗਿਰ੍ਹਾ 'ਤੇ ਸ਼ੁਭ-ਕਾਮਨਾ ਦੇ ਸੁਨੇਹੇ ਤਾਂ ਪਹੁੰਚਾਉਣੇ ਹੀ ਹਨ। ਸਵੇਰੇ ਨਾਸ਼ਤਾ ਕਰ ਕੇ ਉਠਣ ਲੱਗਾ, ਤਾਂ ਉਮਾ ਬੋਲੀ, "ਏ ਜੀ!"

ਮੈਂ ਬਾਹਰ ਜਾਣ ਲਈ ਕਦਮ ਪੁੱਟਿਆ ਹੀ ਸੀ ਤਾਂ ਉਚੀ ਆਵਾਜ਼ ਵਿਚ ਬੋਲੀ, "ਸੁਣਦੇ ਓ!"

"ਸੁਣ ਰਿਹਾਂ, ਬਈ ਸੁਣ ਰਿਹਾਂ।" ਕਹਿੰਦਿਆਂ ਫਿਰ ਬੈਠ ਗਿਆ, "ਮੈਨੂੰ ਉਚਾ ਜ਼ਰੂਰ ਸੁਣਦਾ ਐ, ਪਰ ਐਸੀ ਵੀ ਹਾਲਤ ਨਹੀਂ ਕਿ ਸੁਣਾਈ ਹੀ ਨਾ ਦੇਵੇ।"

"ਕਿੱਥੇ ਜਾ ਰਹੇ ਹੋ?"

"ਬਾਹਰ ਵਰਾਂਡੇ 'ਚ, ਧੁੱਪ ਵਿਚ ਬੈਠਣ, ਸਰਦੀਆਂ ਜੋ ਸ਼ੁਰੂ ਹੋ ਗਈਆਂ ਨੇ।"

"ਤੁਹਾਡੇ ਸਾਰੇ ਗਰਮ ਕੱਪੜੇ ਕੱਢ ਦਿੱਤੇ ਨੇ। ਉਹ ਥਿਗਲੀਆਂ ਵਾਲੀ ਰਜਾਈ ਵੀ ਕੱਢ ਦਿੱਤੀ ਐ ਜਿਹਨੂੰ ਦੇਖ ਕੇ ਦਰਦ ਦੇ ਪੈਬੰਦ ਵਾਲਾ ਸ਼ੇਅਰ ਤੁਹਾਨੂੰ ਯਾਦ ਆ ਜਾਂਦਾ ਸੀ।"

"ਪਰ ਉਹ ਤਾਂ ਤੇਰੀ ਪਿਆਰੀ ਰਜਾਈ ਐ ਜਿਹਨੂੰ ਉਤੇ ਲੈ ਕੇ ਤੂੰ ਪੁਰਾਣੀਆਂ ਯਾਦਾਂ ਵਿਚ ਗੁੰਮ ਹੋ ਜਾਂਦੀ ਸੀ, ਉਦੋਂ ਮੈਨੂੰ ਇਹ ਸ਼ੇਅਰ ਯਾਦ ਆਉਂਦਾ:

ਜ਼ਿੰਦਗੀ ਕਯਾ ਕਿਸੀ ਮੁਫਲਿਸ ਕੀ ਕਬਾ ਹੈ,  
ਜਿਸ ਮੇਂ ਹਰ ਘੜੀ ਦਰਦ ਕੇ ਪੈਬੰਦ ਲਗੇ ਜਾਤੇ ਹੈਂ।



ਉਮਾ ਫਿਰ ਚੁੱਪ ਹੋ ਗਈ। ਮੈਂ ਗੱਲ ਬਦਲਦਿਆਂ ਕਿਹਾ, "ਕਹਿੰਦੇ ਨੇ ਨਾ, ਜੇ ਬੁੱਢੇ ਸਰਦੀ ਦਾ ਮੌਸਮ ਝੱਲ ਲੈਣ ਤਾਂ ਉਨ੍ਹਾਂ ਨੂੰ ਜੀਣ ਲਈ ਇਕ ਸਾਲ ਹੋਰ ਮਿਲ ਜਾਂਦੈ।"

"ਤੁਹਾਨੂੰ ਯਾਦ ਐ ਨਾ, ਨਵੰਬਰ ਵਿਚ ਆਪਣਾ 'ਲਿਵਿੰਗ ਸਰਟੀਫਿਕੇਟ' ਦੇਣਾ ਹੁੰਦੈ ਬੈਂਕ ਵਿਚ।"

"ਹਾਂ, ਯਾਦ ਐ ਕਿ ਜ਼ਿੰਦਾ ਹੋਣ ਦਾ ਸਬੂਤ ਦਿੱਤੇ ਬਿਨਾਂ ਤਾਂ ਪੈਨਸ਼ਨ ਵੀ ਨਹੀਂ ਮਿਲਣੀ।" ਪਰ ਕਹਿੰਦਿਆਂ ਹੀ ਮਨ ਹੀ ਮਨ ਸੋਚਣ ਲੱਗਾ ਕਿ ਠੀਕ ਹੀ ਤਾਂ ਹੈ। ਬਿਮਾਰੀਆਂ ਦੀਆਂ ਕਿੰਨੀਆਂ ਫੀਤੀਆਂ ਅਤੇ ਤਗਮੇ ਸਜੇ ਹੋਏ ਨੇ। ਕਦੋਂ ਕੋਈ ਹਮਲਾ ਹੋ ਜਾਏ ਤੇ ਦਬੋਚ ਲੈਣ! ਇਹ ਡਰ ਤਾਂ ਹਮੇਸ਼ਾ ਬਣਿਆ ਹੀ ਰਹਿੰਦਾ ਹੈ।

ਇਸ ਦੇ ਉਲਟ, ਉਮਾ ਘਰ 'ਚ ਖਿਲਰੇ ਸਮਾਨ ਦੀ ਤਰ੍ਹਾਂ ਆਪਣੀਆਂ ਬਿਮਾਰੀਆਂ, ਤਕਲੀਫਾਂ ਅਤੇ ਦਰਦ ਭਰੀਆਂ ਹੱਡਬੀਤੀਆਂ ਸਮੇਟ ਕੇ, ਪੋਟਲੀ ਬਣਾ ਕੇ ਗੱਠੜੀ ਵਿਚ ਸੁੱਟ ਦਿੰਦੀ ਹੈ... ਹੁਣ, ਇਹ ਗੱਠੜੀ ਕਾਫੀ ਵੱਡੀ ਹੋ ਗਈ ਹੈ ਜੋ ਹਮੇਸ਼ਾ ਉਸ ਦੇ ਪਲੰਘ ਹੇਠ ਪਈ ਰਹਿੰਦੀ ਹੈ!

ਹਮੇਸ਼ਾ ਵਾਂਗ ਇਕ ਦਿਨ, ਸ਼ਾਮ ਦੀ ਸੈਰ ਤੋਂ ਬਾਅਦ ਜਦੋਂ ਚਾਹ ਪੀਣ ਲੱਗੇ ਤਾਂ ਆਪਣੇ ਦੁੱਖ-ਦਰਦ, ਬੱਚਿਆਂ ਦੀ ਖੈਰ-ਖੈਰੀਅਤ ਬਾਰੇ ਗੱਲਾਂ ਕਰ ਰਹੇ ਸਾਂ। ਕਈ ਵਾਰ ਇਸ ਤਰ੍ਹਾਂ ਹੁੰਦਾ, ਘੰਟਿਆਂ ਬੱਧੀ ਇਕੱਠੇ ਬੈਠਣ ਦੇ ਬਾਵਜੂਦ ਲੱਗਦਾ ਜਿਵੇਂ ਉਮਾ ਮੇਰੇ ਕੋਲ ਨਹੀਂ। ਇਹੋ ਜਿਹੇ ਮੌਕਿਆਂ 'ਤੇ ਮੈਨੂੰ ਉਮਾ ਕੋਲ ਹੋਣਾ ਹੋਰ ਵੀ ਜ਼ਰੂਰੀ ਲੱਗਣ ਲੱਗਦਾ ਹੈ; ਕਿਉਂਕਿ ਉਸ ਵਕਤ, ਮੈਨੂੰ ਲੱਗਦੈ ਕਿ ਉਮਾ ਉਸ ਗਠੜੀ 'ਚ ਪਈਆਂ ਪੋਟਲੀਆਂ ਫਰੋਲ ਰਹੀ ਹੁੰਦੀ ਐ; ਆਪਣੀਆਂ ਤਕਲੀਫਾਂ ਨਾਲ ਲੜ ਰਹੀ ਹੁੰਦੀ ਐ ਅਤੇ ਚਾਹੁੰਦੀ ਹੈ ਕਿ ਉਨ੍ਹਾਂ ਦਾ ਸੇਕ ਮੇਰੇ ਤੱਕ ਨਾ ਪਹੁੰਚੇ। ਸ਼ਾਇਦ ਇਸੇ ਲਈ ਮੇਰਾ ਜੀਅ ਕਰਦਾ ਹੈ ਕਿ ਜਦੋਂ ਤੱਕ ਉਮਾ ਜ਼ਿੰਦਾ ਹੈ, ਮੈਂ ਉਹਦੇ ਕੋਲ ਹੀ ਰਵ੍ਹਾਂ, ਕਿਉਂਕਿ ਸਿਰਫ ਮੈਂ ਹੀ ਹਾਂ ਜਿਹਨੂੰ ਉਸ ਅੱਗ ਦੀ ਤਪਸ਼ ਦਾ ਪਤਾ ਹੈ।

#

---

# ਪੇਸ਼ਾ

ਕੈਨੇਡਾ ਵੱਸਦਾ ਨੌਜਵਾਨ ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਹਿ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। ਇਨ੍ਹਾਂ ਕਹਾਣੀਆਂ ਵਿਚ ਕੈਨੇਡੀਅਨ ਸਮਾਜ ਅੰਦਰ ਜੂਝ ਰਹੇ ਜਿਉੜਿਆਂ ਦਾ ਜ਼ਿਕਰ ਹੈ। ਆਪਣੀਆਂ ਰਚਨਾਵਾਂ ਵਿਚ ਉਹ ਪਾਤਰਾਂ ਦੀ ਮਾਨਸਿਕਤਾ ਨੂੰ ਪੜ੍ਹਦਾ, ਆਲੇ-ਦੁਆਲੇ ਦਾ ਬਿਰਤਾਂਤ ਬੰਨ੍ਹਦਾ ਹੈ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਭਰਵੀਂ ਝਾਤੀ ਮਾਰੀ ਹੈ। ਇਸ ਵਿਚੋਂ ਕਹਾਣੀ ਵਰਗਾ ਰਸ ਵੀ ਡੁੱਲ੍ਹ ਡੁੱਲ੍ਹ ਪੈਂਦਾ ਹੈ। ਐਤਕੀਂ 'ਪੇਸ਼ਾ' ਨਾਂ ਦੇ ਇਸ ਲੇਖ ਵਿਚ ਉਸ ਨੇ ਉਸ ਪੇਸ਼ੇ ਨਾਲ ਜੁੜੀ ਕੁੜੀ ਦੀ ਕਹਾਣੀ ਬਿਆਨ ਕੀਤੀ ਹੈ ਜਿਸ ਬਾਰੇ ਸਮਾਜ ਵਿਚ ਆਮ ਰਾਏ ਬਹੁਤੀ ਚੰਗੀ ਨਹੀਂ। -ਸੰਪਾਦਕ



ਟੈਕਸੀਨਾਮਾ 5

ਹਰਪ੍ਰੀਤ ਸਿੰਘ ਸੇਖਾ
ਫੋਨ: 778-231-1189
hsekha@hotmail.com



ਟਿਕਾਣੇ ਨੇੜੇ ਪਹੁੰਚ ਕੇ ਜਦ ਮੈਂ ਲਾਲ ਬੱਤੀ 'ਤੇ ਟੈਕਸੀ ਰੋਕੀ ਤਾਂ ਇੱਕਦਮ ਖਿਆਲ ਆਇਆ ਕਿ ਵੇਸਵਾ ਹੈ, ਕਿਤੇ ਕਿਰਾਇਆ ਦੇਣ ਦੀ ਮਾਰੀ, ਖੜ੍ਹੀ ਕਾਰ ਵਿਚੋਂ ਬਾਹਰ ਨਾ ਨਿਕਲ ਜਾਵੇ। ਮੇਰਾ ਧਿਆਨ ਪਿੱਛੇ ਵਲ ਗਿਆ, ਪਰ ਉਹ ਤਾਂ ਆਰਾਮ ਨਾਲ ਉਸੇ ਤਰ੍ਹਾਂ ਹੀ ਬੈਠੀ ਸੀ। ਮੈਨੂੰ ਲੱਗਾ ਕਿ ਮੈਂ ਐਵੇਂ ਹੀ ਸ਼ੱਕ ਕੀਤੀ, ਇਹ ਵਿਚਾਰੀ ਤਾਂ ਇਹੋ ਜਿਹੀ ਨਹੀਂ ਲੱਗਦੀ। ਮੇਰੇ ਅੰਦਰ ਉਸ ਦੀ ਮਜਬੂਰੀ ਦਾ ਭੇਤ ਜਾਣਨ ਲਈ ਉਤਸੁਕਤਾ ਪੈਦਾ ਹੋਈ। ਮੈਂ ਉਸ ਨੂੰ ਬਹੁਤ ਹੀ ਨਿੱਜੀ ਸਵਾਲ ਕਰ ਦਿੱਤਾ- "ਤੂੰ ਇਹ ਕੰਮ ਕਿਉਂ ਕਰਦੀ ਐਂ?"  
"ਕੀ?"  
ਮੈਂ ਆਪਣਾ ਪ੍ਰਸ਼ਨ ਦੁਹਰਾਇਆ।  
"ਤੂੰ ਟੈਕਸੀ ਕਿਉਂ ਚਲਾਉਨੈਂ?" ਉਸ ਨੇ ਮੋੜਵਾਂ ਪ੍ਰਸ਼ਨ ਕੀਤਾ। ਮੈਨੂੰ ਲੱਗਾ ਕਿ ਇਹ ਆਵਾਜ਼ ਕਿਸੇ ਹੋਰ ਦੀ ਸੀ।  
"ਜੇ ਮੈਂ ਟੈਕਸੀ ਨਾ ਚਲਾਵਾਂ ਤਾਂ ਤੈਨੂੰ ਆਪਣੇ ਟਿਕਾਣੇ 'ਤੇ ਕੌਣ ਪਹੁੰਚਾਊ।"  
"ਤੇ ਜੇ ਮੈਂ ਧੰਦਾ ਨਾ ਕਰਾਂ ਤਾਂ ਇਸ ਸਮਾਜ ਵਿਚ ਬਲਾਤਕਾਰਾਂ ਦਾ ਹੜ੍ਹ ਆ ਜਾਵੇ।"

"ਕਿਵੇਂ ਰਹੀ ਤੇਰੀ ਰਾਤ?" ਉਸ ਨੇ ਆਪਣੀ ਮੰਜ਼ਿਲ ਦੱਸ ਕੇ ਟੈਕਸੀ ਵਿਚ ਸੈਟ ਹੋ ਕੇ ਬੈਠਦਿਆਂ ਪੁੱਛਿਆ। ਮੈਂ ਸ਼ੀਸ਼ੇ ਰਾਹੀਂ ਪਿੱਛੇ ਵੱਲ ਵੇਖਿਆ। ਉਹ ਆਪਣੀ ਆਵਾਜ਼ ਵਾਂਗ ਹੀ ਦਿਲਕਸ਼ ਤੇ ਨਰਮ ਜਿਹੀ ਸੀ।

"ਮੈਂ ਹਾਲੇ ਹੁਣੇ ਹੀ ਕੰਮ ਸ਼ੁਰੂ ਕੀਤਾ ਹੈ, ਇਹ ਪਹਿਲਾ ਹੀ ਟ੍ਰਿੱਪ ਹੈ।"

"ਘਬਰਾ ਨਾ, ਮੈਂ ਲੁੱਟਣ ਨਹੀਂ ਲੱਗੀ। ਤੁਸੀਂ ਟੈਕਸੀਆਂ ਵਾਲੇ ਸਦਾ ਇਹੀ ਜਵਾਬ ਦਿੰਦੇ ਹੋ।"

ਮੈਂ ਫਿਰ ਸ਼ੀਸ਼ੇ ਰਾਹੀਂ ਪਿੱਛੇ ਵੇਖਿਆ। ਉਹ ਮੁਸਕਰਾ ਪਈ। ਮੈਨੂੰ ਉਹਦੀ ਮੁਸਕਰਾਹਟ ਮਾਸੂਮ ਜਿਹੀ ਲੱਗੀ। ਮੈਂ ਸੋਚਿਆ, 'ਕੋਈ ਖ਼ਤਰੇ ਵਾਲੀ ਗੱਲ ਨਹੀਂ, ਆਰਾਮ ਨਾਲ ਟੈਕਸੀ ਚਲਾਵਾਂ। ਕਿਰਾਇਆ ਨਾ ਦੇਣ ਵਾਲੀ ਤਾਂ ਲੱਗਦੀ ਨੀ।' ਸਵੇਰੇ ਸਵੇਰੇ ਇਹ ਖਤਰਾ ਬਣਿਆ ਹੀ ਰਹਿੰਦਾ ਹੈ; ਖਾਸ ਕਰ ਕੇ ਜਿਹੜੇ ਸੜਕਾਂ 'ਤੇ ਖੜ੍ਹੇ (ਫਲੈਗ) ਟ੍ਰਿੱਪ ਮਿਲਦੇ ਹਨ।

"ਮੈਂ ਸੱਚ ਆਖ ਰਿਹਾ ਹਾਂ। ਮੈਂ ਦਸ ਮਿੰਟ ਪਹਿਲਾਂ ਹੀ ਚਾਰ ਵਜੇ ਵਾਲੀ ਸ਼ਿਫਟ ਸ਼ੁਰੂ ਕੀਤੀ ਹੈ", ਮੈਂ ਦੱਸਿਆ। ਉਹ ਠੀਕ ਹੀ ਆਖ ਰਹੀ ਸੀ ਕਿ ਅਸੀਂ ਟੈਕਸੀਆਂ ਵਾਲੇ ਕਦੇ ਵੀ ਸਵਾਰੀਆਂ ਅੱਗੇ ਨਹੀਂ ਕਬੂਲਦੇ ਕਿ ਅੱਜ ਸਾਡਾ ਕੰਮ ਬਹੁਤ ਤੇਜ਼ ਹੈ।

ਟੈਕਸੀ ਚਲਾਉਣ ਦੀ ਟ੍ਰੇਨਿੰਗ ਦੇਣ ਵੇਲੇ ਸਾਨੂੰ ਸਿਖਾਇਆ ਜਾਂਦਾ ਹੈ ਕਿ ਗਾਹਕ ਦੇ ਸਾਹਮਣੇ ਆਪਣੀ ਟ੍ਰਿੱਪ ਸ਼ੀਟ ਨਾ ਰੱਖੋ ਜਿਸ ਤੋਂ ਉਹ ਅੰਦਾਜ਼ਾ ਲਾ ਸਕੇ ਕਿ ਤੁਸੀਂ ਕਿੰਨੇ ਕੁ ਡਾਲਰ ਕਮਾਏ ਹਨ ਜਾਂ ਆਪਣੀ ਜੇਬ ਵਿਚ ਬਹੁਤੇ ਡਾਲਰ ਨਾ ਰੱਖੋ। ਹੋ ਸਕਦਾ ਹੈ ਕਿ ਗਾਹਕ ਕੋਈ ਲੁਟੇਰਾ ਹੀ ਹੋਵੇ, ਪਰ ਮੈਂ ਤਾਂ ਸੱਚ-ਮੁੱਚ ਹੀ ਸਵੇਰੇ ਚਾਰ ਵਜੇ ਕੰਮ ਸ਼ੁਰੂ ਕੀਤਾ ਸੀ।

"ਮੈਂ ਤੇਰਾ ਯਕੀਨ ਕਰਦੀ ਹਾਂ। ਚੱਲ ਚੰਗਾ, ਤੂੰ ਰਾਤ ਟੈਕਸੀ ਨਹੀਂ ਚਲਾਈ। ਰਾਤ ਤਾਂ ਕੰਮ ਬਿਲਕੁਲ ਹੀ ਮੰਦਾ ਸੀ। ਜਿਵੇਂ ਸਾਰਾ ਸ਼ਹਿਰ ਮਰ ਗਿਆ ਹੋਵੇ।" ਉਸ ਨੇ ਕਿਹਾ।

"ਤੈਨੂੰ ਕਿਵੇਂ ਪਤੈ?"

"ਮੈਂ ਵੀ ਕੰਮ ਕਰਦੀ ਸੀ।"

"ਅੱਛਾ, ਤੂੰ ਵੀ ਟੈਕਸੀ ਚਲਾਉਂਦੀ ਐਂ?"

"ਤੈਨੂੰ ਲੱਗਦੈ, ਮੈਂ ਟੈਕਸੀ ਚਲਾਉਂਦੀ ਹੋਵਾਂਗੀ?" ਆਖ ਕੇ ਉਹ ਹੱਸੀ। ਮੈਂ ਸ਼ੀਸ਼ੇ ਰਾਹੀਂ ਪਿੱਛੇ ਵੱਲ ਵੇਖਿਆ ਅਤੇ ਪੁੱਛਿਆ, "ਫਿਰ?"

"ਮੈਂ 'ਵਰਕਿੰਗ ਗਰਲ' ਹਾਂ।" ਸੁਣ ਕੇ ਮੈਂ ਫਿਰ ਸ਼ੀਸ਼ੇ ਰਾਹੀਂ ਪਿੱਛੇ ਵੱਲ ਵੇਖਿਆ, ਉਸ ਨੇ ਹੇਠਲੇ ਬੁੱਲ੍ਹ ਦੀ ਇੱਕ ਨੁੱਕਰ ਘੁੱਟ ਕੇ ਮੇਰੇ ਨਾਲ ਅੱਖ ਮਿਲਾਈ। ਮੈਂ ਆਪਣੀ ਨਿਗ੍ਹਾ ਸ਼ੀਸ਼ੇ ਤੋਂ ਪਾਸੇ ਕਰ ਲਈ।

"ਰਾਤ ਤਾਂ ਬਹੁਤ ਹੀ ਮੰਦਾ ਸੀ ਕੰਮ, ਪਿਆਰੇ।" ਉਸ ਨੇ ਬਹੁਤ ਹੀ ਪਿਆਰੀ ਆਵਾਜ਼ ਵਿਚ ਕਿਹਾ।

ਮੈਨੂੰ ਸਮਝ ਨਾ ਲੱਗੀ ਕਿ ਉਸ ਨਾਲ ਹੋਰ ਕੀ ਗੱਲ ਕਰਾਂ। ਮੈਂ ਚੁੱਪ ਕਰ ਗਿਆ। ਉਹ ਵੀ ਦੋ ਕੁ ਮਿੰਟ ਚੁੱਪ ਰਹੀ। ਇਸ ਦੌਰਾਨ ਮੈਂ ਇੱਕ-ਦੋ ਵਾਰ ਸ਼ੀਸ਼ੇ ਰਾਹੀਂ ਪਿੱਛੇ ਵੱਲ ਵੇਖਿਆ। ਹਰ ਵਾਰ ਉਹ ਮੁਸਕਰਾ ਪੈਂਦੀ। ਮੈਨੂੰ ਉਸ ਦੀ ਮੁਸਕਰਾਹਟ ਚੰਗੀ ਚੰਗੀ ਲੱਗਦੀ। ਫਿਰ ਉਹ ਬੋਲੀ, "ਤੂੰ ਅਨੰਦ ਮਾਨਣਾ ਚਾਹੁੰਨੈ?"

ਮੈਂ ਇਸ ਪ੍ਰਸ਼ਨ ਲਈ ਬਿਲਕੁਲ ਵੀ ਤਿਆਰ ਨਹੀਂ ਸੀ। ਇਸ ਦਾ ਇਕਦਮ ਮੇਰੇ ਕੋਲੋਂ ਕੋਈ ਜਵਾਬ ਨਾ ਦਿੱਤਾ ਗਿਆ। ਉਹ ਫਿਰ ਬੋਲੀ, "ਮੈਂ ਤੈਨੂੰ ਬਹੁਤ ਚੰਗੀ ਡੀਲ ਦੇਊਂਗੀ, ਪਿਆਰੇ।" ਮੈਨੂੰ ਉਸ ਦੀ ਆਵਾਜ਼ ਵਿਚ ਓਪਰਾਪਣ ਬਿਲਕੁਲ ਹੀ ਨਾ ਲੱਗਾ। ਜਿਵੇਂ 'ਪਿਆਰੇ' ਸ਼ਬਦ ਉਸ ਨੇ ਧੁਰ ਅੰਦਰੋਂ ਕਿਹਾ ਹੋਵੇ। ਉਸ ਦੀ ਆਵਾਜ਼ ਨੇ ਮੇਰੇ ਅੰਦਰ ਕੁਝ ਹਲਚਲ ਤਾਂ ਕੀਤੀ, ਪਰ ਮੈਨੂੰ ਉਹ ਪਹਿਲਾਂ ਹੀ ਦੱਸ ਚੁੱਕੀ ਸੀ ਕਿ ਉਹ ਵੇਸਵਾ ਸੀ। ਮੇਰੇ ਚਿੱਤ 'ਚ ਤਾਂ ਸੀ ਕਿ ਵੇਸਵਾਵਾਂ ਬਹੁਤ ਚੁਸਤ-ਚਲਾਕ ਤੇ ਫ਼ਰੇਬਬਾਜ਼ ਹੁੰਦੀਆਂ ਹਨ ਜਿਵੇਂ ਹਿੰਦੀ ਫ਼ਿਲਮਾਂ ਵਿਚ ਦਿਖਾਇਆ ਜਾਂਦਾ ਹੈ, ਪਰ ਉਹ ਤਾਂ ਬਿਲਕੁਲ ਆਮ ਜਿਹੀ ਭੋਲੀ-ਭਾਲੀ ਕੁੜੀ ਸੀ। ਮੈਨੂੰ ਲੱਗਾ ਕਿ ਉਹ ਜ਼ਰੂਰ ਹੀ ਕਿਸੇ ਦੇ ਚੁੰਗਲ ਵਿਚ ਫਸੀ ਹੋਈ ਸੀ ਤੇ ਮਜਬੂਰੀਵਸ ਇਹ ਸਭ ਕੁਝ ਕਰ ਰਹੀ ਸੀ। ਮੇਰੇ ਚਿੱਤ 'ਚ ਆਈ ਕਿ ਆਖਾਂ, 'ਮੈਂ ਵੇਸਵਾਗਮਨੀ ਨਹੀਂ ਕਰਦਾ।' ਫਿਰ ਸੋਚਿਆ ਕਿ ਇਹ ਜਵਾਬ ਕੁੜੀ ਨੂੰ ਚੁੱਭੇ ਨਾ। ਮੈਂ ਥੋੜ੍ਹਾ ਜਿਹਾ ਰੁਕ ਕੇ ਬੋਲਿਆ, "ਤੈਨੂੰ ਦੱਸਿਆ ਤਾਂ ਸੀ ਕਿ ਮੈਂ ਹਾਲੇ ਹੁਣੇ ਕੰਮ ਸ਼ੁਰੂ ਕੀਤੈ। ਹਾਲੇ ਕੁਝ ਕਮਾਇਆ ਨਹੀਂ।"

"ਤੇਰੀ ਮਰਜ਼ੀ।" ਆਖ ਕੇ ਉਹ ਚੁੱਪ ਹੋ ਗਈ। ਮੈਂ ਸ਼ੀਸ਼ੇ ਰਾਹੀਂ ਪਿੱਛੇ ਵੱਲ ਵੇਖਿਆ, ਉਸ ਨੇ ਢੋਅ ਲਾ ਕੇ ਅੱਖਾਂ ਮੀਚ ਲਈਆਂ ਸਨ। ਉਸ ਦੇ ਟਿਕਾਣੇ ਨੇੜੇ ਪਹੁੰਚ ਕੇ ਜਦ ਮੈਂ ਲਾਲ ਬੱਤੀ 'ਤੇ ਟੈਕਸੀ ਰੋਕੀ ਤਾਂ ਇੱਕਦਮ ਖਿਆਲ ਆਇਆ ਕਿ ਵੇਸਵਾ ਹੈ, ਕਿਤੇ ਕਿਰਾਇਆ ਦੇਣ ਦੀ ਮਾਰੀ, ਖੜ੍ਹੀ ਕਾਰ ਵਿਚੋਂ ਬਾਹਰ ਨਾ ਨਿਕਲ ਜਾਵੇ। ਮੇਰਾ ਧਿਆਨ ਇੱਕਦਮ ਪਿੱਛੇ ਵਲ ਗਿਆ, ਪਰ ਉਹ ਤਾਂ ਆਰਾਮ ਨਾਲ ਉਸੇ ਤਰ੍ਹਾਂ ਹੀ ਬੈਠੀ ਸੀ। ਮੈਨੂੰ ਲੱਗਾ ਕਿ ਮੈਂ ਐਵੇਂ ਹੀ ਸ਼ੱਕ ਕੀਤੀ, ਇਹ ਵਿਚਾਰੀ ਤਾਂ ਇਹੋ ਜਿਹੀ ਨਹੀਂ ਲੱਗਦੀ। ਮੇਰੇ ਅੰਦਰ ਉਸ ਦੀ ਮਜਬੂਰੀ ਦਾ ਭੇਤ ਜਾਣਨ ਲਈ ਉਤਸੁਕਤਾ ਪੈਦਾ ਹੋਈ। ਮੈਂ ਉਸ ਨੂੰ ਬਹੁਤ ਹੀ ਨਿੱਜੀ ਸਵਾਲ ਕਰ ਦਿੱਤਾ। ਪਿੱਛੋਂ ਮੈਂ ਭਾਵੇਂ ਸੋਚਿਆ ਕਿ ਮੈਨੂੰ ਇਸ ਤਰ੍ਹਾਂ ਨਹੀਂ ਸੀ ਪੁੱਛਣਾ ਚਾਹੀਦਾ। ਮੈਂ ਪੁੱਛਿਆ, "ਤੂੰ ਇਹ ਕੰਮ ਕਿਉਂ ਕਰਦੀ ਐਂ?"

"ਕੀ?"

ਮੈਂ ਆਪਣਾ ਪ੍ਰਸ਼ਨ ਦੁਹਰਾਇਆ।

"ਤੂੰ ਟੈਕਸੀ ਕਿਉਂ ਚਲਾਉਨੈਂ?" ਉਸ ਨੇ ਮੋੜਵਾਂ ਪ੍ਰਸ਼ਨ ਕੀਤਾ। ਮੈਨੂੰ ਲੱਗਾ ਕਿ ਇਹ ਆਵਾਜ਼ ਕਿਸੇ ਹੋਰ ਦੀ ਸੀ।

"ਜੇ ਮੈਂ ਟੈਕਸੀ ਨਾ ਚਲਾਵਾਂ ਤਾਂ ਤੈਨੂੰ ਆਪਣੇ ਟਿਕਾਣੇ 'ਤੇ ਕੌਣ ਪਹੁੰਚਾਊ।" ਮੈਂ ਉਸ ਦੀ ਆਵਾਜ਼ ਵਿਚਲੇ ਰੁੱਖੇਪਣ ਨੂੰ ਮਹਿਸੂਸ ਕਰ ਕੇ ਮਾਹੌਲ ਸਾਵਾਂ ਕਰਨ ਲਈ ਮੁਸਕਰਾ ਕੇ ਕਿਹਾ।

"ਤੇ ਜੇ ਮੈਂ ਧੰਦਾ ਨਾ ਕਰਾਂ ਤਾਂ ਇਸ ਸਮਾਜ ਵਿਚ ਬਲਾਤਕਾਰਾਂ ਦਾ ਹੜ੍ਹ ਆ ਜਾਵੇ।"

ਉਸ ਦੇ ਇਸ ਜਵਾਬ ਨਾਲ ਮੈਨੂੰ ਤਲਖ਼ੀ ਜਿਹੀ ਮਹਿਸੂਸ ਹੋਈ।

"ਤੂੰ ਮੇਰੇ ਕਿੱਤੇ ਨਾਲ ਆਪਣੇ ਧੰਦੇ ਦਾ ਕਿਵੇਂ ਮੁਕਾਬਲਾ ਕਰ ਸਕਦੀ ਹੈਂ?"

"ਕਿਉਂ ਨਹੀਂ?"

ਇੱਕ ਪਲ ਮੈਨੂੰ ਉਸ ਦਾ ਕੋਈ ਜਵਾਬ ਨਾ ਅਹੁੜਿਆ। ਫਿਰ ਮੈਂ ਸੋਚ ਕੇ ਕਿਹਾ, "ਮੈਂ ਜਿਉਣ ਲਈ ਮਿਹਨਤ ਕਰਦਾਂ। ਆਪਣੇ-ਆਪ ਨੂੰ ਵੇਚਦਾ ਨਹੀਂ।"

"ਮੈਂ ਵੀ ਜਿਉਣ ਲਈ ਹੀ ਇਹ ਕਰਦੀ ਹਾਂ। ਤੂੰ ਵੀ ਆਪਣੀਆਂ ਸੇਵਾਵਾਂ ਲੋਕਾਂ ਨੂੰ ਦਿੰਨੈਂ, ਤੇ ਮੈਂ ਵੀ।"

ਟੈਕਸੀ ਉਸ ਦੇ ਟਿਕਾਣੇ 'ਤੇ ਪਹੁੰਚ ਚੁੱਕੀ ਸੀ। ਟੈਕਸੀ ਰੋਕ ਕੇ ਮੈਂ ਕਿਹਾ, "ਆਪਣੀਆਂ ਸੇਵਾਵਾਂ ਵਿਚ ਮੈਂ ਆਪਣਾ ਸਰੀਰ ਜਾਂ ਆਪਣੀ ਜ਼ਮੀਰ ਨਹੀਂ ਵੇਚਦਾ।"

"ਕਿਹੜੀ ਜ਼ਮੀਰ ਦੀ ਗੱਲ ਕਰਦੈਂ ਤੂੰ? ਮੇਰਾ ਵਾਹ ਨਿੱਤ ਤੁਹਾਡੇ ਨਾਲ ਹੀ ਪੈਂਦਾ ਹੈ। ਬਟੂਏ ਵਿਚ ਘਰਵਾਲੀ ਤੇ ਬੱਚੇ ਦੀ ਤਸਵੀਰ ਹੋਵੇਗੀ, ਤੇ ਮੇਰੇ ਨਾਲ ਸੌਣ ਲਈ ਝੱਟ ਤਿਆਰ ਹੋ ਜਾਣਗੇ। ਮੈਂ ਕਿਸੇ ਨਾਲ ਵਿਆਹੀ ਹੋਈ ਨਹੀਂ। ਜਦੋਂ ਵਿਆਹੀ ਗਈ, ਫਿਰ ਨ੍ਹੀਂ ਕਿਸੇ ਨਾਲ ਸੌਂਦੀ। ਐਨੀ ਕੁ ਜ਼ਮੀਰ ਹੈਗੀ ਆ। ਤੁਹਾਡੇ ਲੋਕਾਂ ਵਾਂਗ ਮਰੀ ਹੋਈ ਨਹੀਂ।"

"ਤੇਰਾ 'ਤੁਹਾਡੇ ਲੋਕਾਂ' ਤੋਂ ਕੀ ਮਤਲਬ ਐ?"

"ਤੁਸੀਂ ਟੈਕਸੀਆਂ ਵਾਲੇ, ਦੋਗਲੇ।" ਆਖ ਕੇ ਉਹ ਬਣਦਾ ਭਾੜਾ ਮੇਰੇ ਵੱਲ ਸੁੱਟ ਕੇ ਟੈਕਸੀ ਵਿਚੋਂ ਬਾਹਰ ਨਿਕਲ ਗਈ। ਮੈਨੂੰ ਲੱਗਾ ਜਿਵੇਂ ਉਸ ਨੇ ਮੇਰੇ ਵੱਲ ਕੋਈ ਬਹੁਤ ਭਾਰੀ ਚੀਜ਼ ਸੁੱਟੀ ਹੋਵੇ।

(ਚਲਦਾ)

## ਹੀਰੇ ਬੰਦਿਆਂ ਨੂੰ ਨਮਸਕਾਰ-2

# ਵਿਚਲੀ ਗੱਲ

**'ਹੀਰੇ ਬੰਦਿਆਂ ਨੂੰ ਨਮਸਕਾਰ' ਲੇਖ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਉਸ ਦੌਰ ਦਾ ਵਰਕਾ ਫਰੋਲਿਆ ਹੈ ਜਦੋਂ ਤੱਤੀਆਂ ਹਵਾਵਾਂ ਜ਼ੋਰ ਫੜੀ ਬੈਠੀਆਂ ਸਨ। ਆਪਣੀ ਕਲਾ ਤੇ ਹੁਨਰ ਦੇ ਦਮ 'ਤੇ, ਉਸ ਨੇ ਇਕਹਿਰੀ ਪਰਤ ਦੀਆਂ ਇਨ੍ਹਾਂ ਘਟਨਾਵਾਂ ਨੂੰ ਸਮੁੱਚ ਵਿਚ ਰੱਖ ਕੇ ਇਸ ਢੰਗ ਨਾਲ ਬਿਆਨ ਕੀਤਾ ਹੈ ਕਿ ਇਨ੍ਹਾਂ ਵਿਚੋਂ ਉਸ ਵੇਲੇ ਦੀਆਂ ਝਾਤੀਆਂ ਪੈਂਦੀਆਂ ਹਨ। ਇਸ ਲੇਖ ਦੇ ਪਹਿਲੇ ਹਿੱਸੇ 'ਰੰਗੀਨ ਯਾਦਾਂ ਦੀ ਭੀੜ' ਵਿਚ ਲੇਖਕ ਨੇ ਨਿੱਕੇ ਨਿੱਕੇ ਵੇਰਵਿਆਂ ਨਾਲ ਜਿਹੜੀ ਕਥਾ ਉਸਾਰੀ ਹੈ, ਉਸ ਦਾ ਭੇਤ 'ਵਿਚਲੀ ਗੱਲ' ਨਾਂ ਦੇ ਇਸ ਦੂਜੇ ਹਿੱਸੇ ਵਿਚ ਖੁੱਲ੍ਹਦਾ ਹੈ। ਇਸ ਵਿਚ ਕਾਲੇ ਦੌਰ ਦੀਆਂ ਜੜ੍ਹਾਂ ਵਿਚ ਪਈਆਂ ਉਹ ਪਰਤਾਂ ਖੁੱਲ੍ਹਦੀਆਂ ਹਨ ਜਿਹੜੀਆਂ ਤਹਿਆਂ ਹੇਠ ਦੱਬੀਆਂ ਪਈਆਂ ਹਨ। ਪਾਠਕ 'ਰੰਗੀਨ ਯਾਦਾਂ ਦੀ ਭੀੜ' ਪਿਛਲੇ ਅੰਕ ਵਿਚ ਪੜ੍ਹ ਚੁੱਕੇ ਹਨ, ਹੁਣ 'ਵਿਚਲੀ ਗੱਲ' ਛਾਪੀ ਜਾ ਰਹੀ ਹੈ। ਆਪਣੀਆਂ ਹੋਰ ਰਚਨਾਵਾਂ ਵਾਂਗ ਵਰਿਆਮ ਸੰਧੂ ਨੇ ਇਸ ਲਿਖਤ ਵਿਚ ਵੀ ਮਾਨਵੀ ਕਦਰਾਂ-ਕੀਮਤਾਂ ਦੀ ਗੱਲ ਬਹੁਤ ਜਜ਼ਬੇ ਨਾਲ ਕੀਤੀ ਹੈ। ਇਸ ਵਿਚ ਸਾਹਿਤ ਅਤੇ ਜੀਵਨ ਦੀ ਜੁਗਲਬੰਦੀ ਦਾ ਤਰਾਨਾ ਛੇੜਿਆ ਗਿਆ ਹੈ। -ਸੰਪਾਦਕ**

ਅਫ਼ਸੋਸ ਕਰਨ ਪਿਛੋਂ ਕਾਹਨ ਸਿੰਘ ਨੇ ਸ਼ਾਇਦ 'ਵਿਚਲੀ ਗੱਲ' ਦੱਸਣ ਦਾ ਮਨ ਬਣਾ ਲਿਆ ਸੀ। "ਤੁਹਾਡੇ ਨਾਲ ਉਹਦੀ ਮੁੰਡਿਆਂ ਨੂੰ ਕਬੱਡੀ ਖਿਡਾਉਣ ਤੋਂ ਝੜਪ ਹੋਈ ਸੀ, ਇਕ ਵਾਰ?"

"ਅੱਛਾ! ਲੈ ਉਹ ਗੱਲ? ਉਹ ਤਾਂ ਮਾਮੂਲੀ ਗੱਲ ਸੀ। ਝੜਪ ਵੀ ਕੋਈ ਨਹੀਂ ਸੀ ਹੋਈ। ਬੱਸ ਗੁੱਸਾ ਆਇਆ ਸੀ, ਮੈਨੂੰ ਵੀ ਤੇ ਉਹਨੂੰ ਵੀ, ਪਰ ਅਸੀਂ ਇੱਕ-ਦੂਜੇ ਨੂੰ ਮੂੰਹੋਂ ਬੁਰਾ-ਭਲਾ ਕਿਹਾ ਕੁਝ ਨਹੀਂ ਸੀ।"

ਮੇਰੇ ਚੇਤੇ ਵਿਚ ਇੱਕ ਦ੍ਰਿਸ਼ ਉਭਰਿਆ।

"ਉਹ ਤਾਂ ਬੜੀ ਵੱਡੀ ਗੱਲ ਹੋ ਚੱਲੀ ਸੀ। ਮੈਂ ਜਾਣ ਬੁੱਝ ਕੇ ਕਦੀ ਤੁਹਾਨੂੰ ਦੱਸੀ ਨਹੀਂ ਸੀ।"

ਕਾਹਨ ਸਿੰਘ ਨੇ ਰਹੱਸ ਹੋਰ ਡੂੰਘਾ ਕਰ ਦਿੱਤਾ।

ਹੋਇਆ ਇਹ ਸੀ, ਸਕੂਲਾਂ ਦੇ ਸਾਲਾਨਾ ਟੂਰਨਾਮੈਂਟ ਆਉਣ ਵਾਲੇ ਸਨ। ਸਰਬਜੀਤ ਸਕੂਲ



**ਵਰਿਆਮ ਸਿੰਘ ਸੰਧੂ**
ਫੋਨ: 416-918-5212

ਲੱਗਦਿਆਂ ਹੀ ਨੌਵੀਂ-ਦਸਵੀਂ ਦੇ ਮੁੰਡਿਆਂ ਨੂੰ ਸਕੂਲ ਪਿਛਲੇ ਖੇਡ ਦੇ ਮੈਦਾਨ ਵਿਚ ਲੈ ਜਾਂਦਾ ਅਤੇ ਕਬੱਡੀ ਖਿਡਾਉਣੀ ਸ਼ੁਰੂ ਕਰ ਦਿੰਦਾ। ਹੋਰ ਤਮਾਸ਼ਬੀਨ ਮੁੰਡੇ ਵੀ ਗਰਾਊਂਡ ਦੇ ਆਸੇ ਪਾਸੇ ਜਾ ਬੈਠਦੇ। ਵੱਡੀਆਂ ਜਮਾਤਾਂ ਵਿਹਲੀਆਂ ਵਰਗੀਆਂ ਹੋ ਜਾਂਦੀਆਂ। ਉਹ ਅੱਧੀ ਛੁੱਟੀ ਤੱਕ ਕਬੱਡੀ ਖਿਡਾਉਂਦਾ ਰਹਿੰਦਾ। ਦਸਵੀਂ ਜਮਾਤ ਵਿਚ ਮੇਰਾ ਪੰਜਵਾਂ ਪੀਰੀਅਡ ਲੱਗਦਾ ਸੀ। ਜਦੋਂ ਮੈਂ ਜਮਾਤ ਵਿਚ ਜਾਂਦਾ, ਅੱਧੀ ਜਮਾਤ ਖਾਲੀ ਹੁੰਦੀ। ਪੁੱਛਣਾਂ ਤਾਂ ਪਤਾ ਲੱਗਣਾ ਕਿ ਕੁਝ ਮੁੰਡੇ ਕਬੱਡੀ ਖੇਡਣ ਅਤੇ ਕੁਝ ਉਨ੍ਹਾਂ ਨਾਲ ਰੌਣਕ-ਮੇਲਾ ਵੇਖਣ ਗਏ ਹੋਏ ਹਨ। ਮੈਨੂੰ ਇਸ ਤਰ੍ਹਾਂ ਬੱਚਿਆਂ ਦੀ ਪੜ੍ਹਾਈ ਖਰਾਬ ਕਰਨਾ ਚੰਗਾ ਨਹੀਂ ਸੀ ਲੱਗਦਾ। ਕੁਝ ਦਿਨ ਇਹ ਸਿਲਸਿਲਾ ਚੱਲਦਾ ਰਿਹਾ। ਮੈਂ ਕਬੱਡੀ ਵਾਲੇ ਮੁੰਡਿਆਂ ਨੂੰ ਕਿਹਾ ਕਿ ਕਬੱਡੀ ਖੇਡਣ ਵਾਲੇ ਤਾਂ ਭਾਵੇਂ ਖੇਡਦੇ ਰਹਿਣ, ਪਰ ਸਰਬਜੀਤ ਨੂੰ ਆਖਿਓ, ਤਮਾਸ਼ਬੀਨਾਂ ਨੂੰ ਤਾਂ ਕਲਾਸ ਵਿਚ ਭੇਜ ਦਿਆ ਕਰੇ।

ਅਗਲੇ ਦਿਨ ਮੇਰੀ ਕਲਾਸ ਫਿਰ ਵਿਹਲੀ ਸੀ। ਮੇਰੇ ਆਖੇ ਦਾ ਕੋਈ ਅਸਰ ਨਹੀਂ ਸੀ ਹੋਇਆ। ਪੁੱਛਣ 'ਤੇ ਪਤਾ ਲੱਗਾ ਕਿ ਸਰਬਜੀਤ ਨੂੰ ਜਦੋਂ ਮੁੰਡਿਆਂ ਨੇ ਮੇਰਾ ਸੁਨੇਹਾ ਦਿੱਤਾ ਤਾਂ ਉਸ ਆਖਿਆ ਸੀ, 'ਉਏ ਬੋਲੋ ਤੁਸੀਂ। ਮੇਰੇ ਹੁੰਦਿਆਂ ਤੁਹਾਨੂੰ ਕੋਈ ਕੁਝ ਨਹੀਂ ਆਖਦਾ।' ਮੈਨੂੰ ਉਸ ਦੇ ਬੋਲਾਂ ਵਿਚੋਂ 'ਤੁਹਾਨੂੰ ਕੋਈ ਕੁਝ ਨਹੀਂ ਆਖਦਾ' ਦੀ ਥਾਂ 'ਤੁਹਾਨੂੰ ਕੋਈ ਕੁਝ ਨਹੀਂ ਆਖ ਸਕਦਾ!' ਦੀ ਗੰਧ ਆਈ। ਇਨ੍ਹਾਂ ਸ਼ਬਦਾਂ 'ਚ ਤਾਂ ਵੰਗਾਰ ਸੀ!

ਮੈਨੂੰ ਸਰਬਜੀਤ ਦੀ ਇਹ ਵੰਗਾਰ ਚੰਗੀ ਨਾ ਲੱਗੀ, ਪਰ ਮੈਂ ਉਹਨੂੰ ਕੁਝ ਨਾ ਆਖਿਆ।

ਮੇਰੀ ਜੱਟ-ਹਉਮੈ ਵੀ ਜਾਗ ਪਈ ਸੀ। ਪਹਿਲੇ ਦਿਨ ਤਾਂ ਮੈਂ ਸਿਰਫ਼ ਤਮਾਸ਼ਬੀਨਾਂ ਨੂੰ ਹੀ ਕਲਾਸ ਵਿਚ ਆਉਣ ਲਈ ਸੁਨੇਹਾ ਭੇਜਿਆ ਸੀ, ਪਰ ਅਗਲੇ ਦਿਨ ਸਵੇਰੇ ਹੀ ਮੈਂ ਆਪਣੀ ਜਮਾਤ ਦੇ ਕਬੱਡੀ ਖੇਡਣ ਵਾਲੇ ਮੁੰਡਿਆਂ ਨੂੰ ਕਹਿ ਦਿੱਤਾ ਕਿ ਕਬੱਡੀ ਖੇਡਣ ਲਈ 4 ਪੀਰੀਅਡ ਬਹੁਤ ਹਨ, ਇਸ ਲਈ ਉਹ ਅੱਜ ਮੇਰੇ ਪੀਰੀਅਡ ਸਮੇਂ ਕਲਾਸ 'ਚ ਹਰ ਹਾਲ ਹਾਜ਼ਰ ਹੋਣੇ ਚਾਹੀਦੇ ਹਨ।

ਅੱਜ ਫਿਰ ਹਾਲਤ ਪਹਿਲਾਂ ਵਾਲੀ ਹੀ ਸੀ। ਮੁੰਡਿਆਂ ਨੇ ਮੇਰਾ ਸੁਨੇਹਾ ਸਰਬਜੀਤ ਤੱਕ ਪਹੁੰਚਾ ਦਿੱਤਾ ਸੀ, ਪਰ ਉਸ ਨੇ ਫਿਰ ਕਿਹਾ ਸੀ, "ਉਏ ਜਦੋਂ ਮੈਂ ਆਖਦਾਂ, ਕੁਝ ਨਹੀਂ ਹੁੰਦਾ। ਤੁਸੀਂ ਕਿਹੜੀ ਗੱਲੋਂ ਡਰਦੇ ਓ। ਘਬਰਾਓ ਨਾ, ਖੇਡੋ ਤੁਸੀਂ।"

ਪਤਾ ਮੈਨੂੰ ਵੀ ਲੱਗ ਗਿਆ। ਅਸੀਂ ਅੰਦਰੋਂ ਅੰਦਰ ਤਣ ਗਏ ਸਾਂ। ਅਗਲੇ ਦਿਨ ਜਦੋਂ ਮੇਰੇ ਪੀਰੀਅਡ ਦੀ ਘੰਟੀ ਖੜਕੀ, ਮੈਂ ਕਲਾਸ ਵਿਚ ਗਿਆ ਤਾਂ ਪਹਿਲਾਂ ਵਾਲਾ ਹਾਲ। ਕੁਝ ਭਲੇਮਾਣਸ ਅਤੇ ਡਰਾਕਲ ਮੁੰਡੇ ਹੀ ਕਲਾਸ ਵਿਚ ਹਾਜ਼ਰ ਸਨ। ਬਾਕੀ ਸਾਰੀ ਜਮਾਤ ਗਰਾਊਂਡ ਵਿਚ ਹੀ ਸੀ। ਮੈਂ ਉਸੇ ਵੇਲੇ ਗਰਾਊਂਡ ਵੱਲ ਤੁਰ ਪਿਆ। ਸਾਰੇ ਮੇਰੇ ਵੱਲ ਵੇਖਣ ਲੱਗੇ।

"ਤੁਹਾਨੂੰ ਮੈਂ ਕੀ ਆਖਿਆ ਸੀ ਉਏ! ਤੁਸੀਂ ਕਲਾਸ ਵਿਚ ਕਿਉਂ ਨਹੀਂ ਆਏ?" ਮੇਰੀ ਉਚੀ ਅਤੇ ਗੁਸੈਲ ਆਵਾਜ਼ ਸੁਣ ਕੇ ਮੁੰਡੇ ਖੇਡਣਾ ਛੱਡ ਕੇ ਖਲੋ ਗਏ।

ਮਾਹੌਲ ਵਿਚ ਖ਼ਾਮੋਸ਼ ਤਣਾਅ ਪਸਰ ਗਿਆ। ਕਬੱਡੀ ਵੇਖ ਰਹੇ ਤਮਾਸ਼ਬੀਨ ਮੁੰਡਿਆਂ ਨੂੰ ਮੈਂ ਦਬਕਾਇਆ ਕਿ ਉਹ ਆਪੋ ਆਪਣੀ ਕਲਾਸ ਵਿਚ ਜਾਣ, ਉਥੇ ਬੈਠਣ ਦਾ ਉਨ੍ਹਾਂ ਦਾ ਕੋਈ ਕੰਮ ਨਹੀਂ। ਸਰਬਜੀਤ ਦਸ ਗਜ਼ ਦੀ ਵਿੱਥ 'ਤੇ ਗਰਾਊਂਡ ਦੇ ਦੂਜੇ ਸਿਰੇ 'ਤੇ ਖਲੋਤਾ ਸੀ।

ਮੈਂ ਪੂਰੀ ਕਰੜਾਈ ਨਾਲ ਆਖਿਆ, "ਜਿਹੜੇ ਦਸਵੀਂ ਦੇ ਮੁੰਡੇ ਨੇ, ਚੁੱਪ ਚਾਪ ਬੰਦੇ ਦੇ ਪੁੱਤ ਬਣ ਕੇ ਬਾਹਰ ਆ ਜਾਓ ਅਤੇ ਮੂੰਹ ਹੱਥ ਧੋ ਕੇ ਕਲਾਸ ਵਿਚ ਚਲੋ। ਮੈਂ ਤੁਹਾਨੂੰ ਕੱਲ੍ਹ ਹੀ ਕਹਿ ਦਿੱਤਾ ਸੀ ਕਿ ਇਸ ਵੇਲੇ ਤੁਹਾਨੂੰ ਕਲਾਸ ਵਿਚ ਹੋਣਾ ਚਾਹੀਦਾ ਹੈ।" ਮੁੰਡੇ ਕਦੀ ਮੇਰੇ ਵੱਲ ਵੇਖਣ, ਕਦੀ ਸਰਬਜੀਤ ਵੱਲ।

"ਬਿਟਰ ਬਿਟਰ ਕੀ ਵਿੰਹਦੇ ਓ। ਮੇਰੀ ਗੱਲ ਨਹੀਂ ਸੁਣੀ। ਚੱਲ ਉਏ ਪੱਗਿਆ ਤੂੰ। ਤੂੰ ਵੀ ਪਾ ਕੱਪੜੇ ਉਏ ਸੀਂਢੀ।" ਮੈਂ ਵਾਰੀ ਵਾਰੀ ਨਾਂ ਲੈ ਕੇ ਬੁਲਾਉਣਾ ਸ਼ੁਰੂ ਕੀਤਾ, ਤਾਂ ਮੇਰੇ ਬੋਲਾਂ ਵਿਚਲੀ ਕਰੜਾਈ ਵੇਖ ਕੇ ਉਨ੍ਹਾਂ ਕੱਪੜੇ ਚੁੱਕੇ ਅਤੇ ਨਲਕੇ ਵੱਲ ਤੁਰ ਪਏ।

ਸਰਬਜੀਤ ਖਲੋਤਾ ਮੁੱਛਾਂ 'ਤੇ ਹੱਥ ਫੇਰ ਰਿਹਾ ਸੀ। ਸਾਂਵਲੇ ਮੱਥੇ ਉਤੇ ਉਭਰੀਆਂ ਪਸੀਨੇ ਦੀਆਂ ਬੂੰਦਾਂ ਉਹਦੀਆਂ ਤਿਊੜੀਆਂ ਵਿਚ ਘੁਲ ਗਈਆਂ ਸਨ। ਪਰ ਨਾ ਉਸ ਨੇ ਕੋਈ ਬੋਲ ਮੇਰੇ ਨਾਲ ਸਾਂਝਾ ਕੀਤਾ ਤੇ ਨਾ ਮੈਂ। ਮੁੰਡਿਆਂ ਨੂੰ ਅੱਗੇ ਹਿੱਕ ਕੇ ਮੈਂ ਕਲਾਸ ਵਿਚ ਲੈ ਆਇਆ।

ਅਗਲੇ ਦਿਨ ਦਰਸ਼ਨ ਹੁਰਾਂ ਨੇ ਸਾਨੂੰ ਦੋਵਾਂ ਨੂੰ ਸਮਝਾ-ਬੁਝਾ ਕੇ ਸਾਡੇ ਹੱਥ ਮਿਲਵਾ ਦਿੱਤੇ। ਉਹਨੂੰ ਕਿਹਾ, "ਸੰਧੂ ਸਾਹਿਬ ਤੇਰੇ ਵੱਡੇ ਭਰਾ ਸਨ। ਤੂੰ ਰਿਕੁਐਸਟ ਕਰਨੀ ਸੀ, ਇਨ੍ਹਾਂ ਤੈਨੂੰ ਕੀ ਆਖਣਾ ਸੀ ਮੁੰਡਿਆਂ ਤੋਂ। ਅੱਗੇ ਕਿਹੜਾ ਰੋਜ਼ ਸੱਭੇ ਕਲਾਸਾਂ ਲੱਗਦੀਆਂ ਨੇ! ਟੂਰਨਾਮੈਂਟ ਤੱਕ ਇਨ੍ਹਾਂ ਦੀ ਵੀ ਨਾ ਲੱਗਦੀ ਤਾਂ ਕੀ ਫ਼ਰਕ ਪੈਣਾ ਸੀ!" ਮੈਨੂੰ ਕਿਹਾ, "ਤੁਹਾਡਾ ਛੋਟਾ ਵੀਰ ਸੀ। ਤੁਸੀਂ ਆਪ ਇਸ ਨੂੰ ਸਮਝਾ-ਬੁਝਾ ਲੈਣਾ ਸੀ। ਇਹਨੇ ਕਿਹੜਾ ਤੁਹਾਡਾ ਕਿਹਾ ਕਦੀ ਮੋੜਿਆ ਹੈ। ਏਨੀ ਇੱਜ਼ਤ ਕਰਦਾ ਹੈ ਤੁਹਾਡੀ। ਮੁੰਡਿਆਂ 'ਚ ਜਾ ਕੇ ਕਹਿਣ ਨਾਲ ਇਹ ਆਪਣੀ ਬੇਇੱਜ਼ਤੀ ਮੰਨ ਗਿਆ ਹੈ।"

"ਤੁਹਾਡੇ ਕਹਿਣ ਮੁਜਬ ਅਸੀਂ ਕਿਵੇਂ ਕਰਦੇ? ਅਕਸਰ ਦੋਵੇਂ ਸੰਧੂ ਜੱਟ ਜੁ ਹੋਏ। ਮੁੱਛ ਤਾਂ ਸਿੱਧੀ ਰੱਖਣੀ ਹੋਈ ਨਾ? ਕਿਉਂ ਸਰਬਜੀਤ?" ਮੈਂ ਸਦਾ ਵਾਂਗ ਮੁੱਛਾਂ 'ਤੇ ਹੱਥ ਫੇਰ ਰਹੇ ਸਰਬਜੀਤ ਨੂੰ ਕਿਹਾ। ਉਹ ਖਿੜਖਿੜਾ ਕੇ ਹੱਸਿਆ, "ਭਾ ਜੀ! ਗੱਲ ਤੁਹਾਡੀ ਠੀਕ ਹੈ। ਮਸਲਾ ਸਿਰਫ਼ ਮੁੱਛ ਦਾ ਹੀ ਸੀ।"

ਕਿਸੇ ਨੇ ਮੇਰੀ ਬਾਂਹ ਫੜ ਕੇ ਖੜ੍ਹਾ ਕਰਦਿਆਂ ਹਾਸੇ ਨਾਲ ਕਿਹਾ, "ਹੁਣ ਦੋਵੇਂ ਜਣੇ ਆਪੋ ਆਪਣੀਆਂ ਮੁੱਛਾਂ ਨੀਵੀਆਂ ਕਰ ਲਵੋ।"

ਮੈਨੂੰ ਖਲੋਤਾ ਵੇਖ ਸਰਬਜੀਤ ਕੁਰਸੀ ਤੋਂ ਉਠਿਆ ਅਤੇ ਆ ਕੇ ਮੈਨੂੰ ਜੱਫੀ ਪਾ ਲਈ। ਮੈਂ ਉਹਨੂੰ ਛੋਟੇ ਭਰਾ ਵਾਂਗ ਗਲ ਲਾ ਲਿਆ।

ਕਾਹਨ ਸਿੰਘ ਨੇ ਮੇਰੀ ਗੱਲ ਸੁਣਨ ਤੋਂ ਬਾਅਦ ਜੋ ਦੱਸਿਆ, ਉਹ ਸੁਣ ਕੇ ਤਾਂ ਮੇਰੇ ਲੂੰ-ਕੰਡੇ ਖੜ੍ਹੇ ਹੋ ਗਏ। ਉਸ ਵੱਲੋਂ ਦੱਸੀ ਗੱਲ ਦਾ ਸਾਰ ਸੰਖੇਪ ਇਸ ਪ੍ਰਕਾਰ ਹੈ:

ਜਿਸ ਦਿਨ ਸਰਬਜੀਤ ਦਾ ਮੇਰੇ ਨਾਲ ਇਹ ਖ਼ਾਮੋਸ਼ ਝਗੜਾ ਹੋਇਆ, ਉਹ ਬੜੇ ਗੁੱਸੇ ਵਿਚ ਸੀ। ਸਾਰੇ ਮੁੰਡਿਆਂ ਤੇ ਮਾਸਟਰਾਂ ਵਿਚ ਉਸ ਦੀ 'ਬੱਲੇ ਬੱਲੇ' ਸੀ, ਪਰ ਅੱਜ ਉਹਨੂੰ ਲੱਗਦਾ ਸੀ ਜਿਵੇਂ ਮੁੰਡੇ ਉਸ ਦੀ ਬਹਾਦਰੀ, ਸਰਦਾਰੀ ਅਤੇ ਖੜ੍ਹੀ ਮੁੱਛ ਉਤੇ ਹੱਸ ਰਹੇ ਹੋਣ। ਉਸ ਨੇ ਤਾਂ ਇਹ ਪ੍ਰਭਾਵ ਬਣਾਇਆ ਹੋਇਆ ਸੀ ਕਿ ਕੋਈ ਉਸ ਅੱਗੇ 'ਖੰਘ' ਨਹੀਂ ਸਕਦਾ, ਪਰ ਇਹ ਕੀ ਹੋ ਗਿਆ ਸੀ! ਉਸ ਦਾ ਅੰਦਰ ਮੱਚ ਮੱਚ ਜਾਂਦਾ।

ਉਸੇ ਰਾਤ ਕੁਦਰਤੀ ਉਨ੍ਹਾਂ ਦੇ ਘਰ 'ਖਾੜਕੂ' ਆ ਗਏ। ਆਉਂਦੇ ਹੀ ਰਹਿੰਦੇ ਸਨ। ਇਹ ਉਨ੍ਹਾਂ ਦੀ ਪੈਸੇ-ਧੇਲੇ ਅਤੇ ਰੋਟੀ-ਪਾਣੀ ਵੱਲੋਂ 'ਸੇਵਾ' ਕਰਦੇ ਸਨ; ਉਨ੍ਹਾਂ ਦੀ ਇਸ ਇਲਾਕੇ ਵਿਚ ਵੱਡੀ ਧਿਰ ਸਨ। ਉਸ ਰਾਤ ਰੋਟੀ-ਪਾਣੀ ਖਵਾਉਣ ਤੋਂ ਬਾਅਦ ਜਦੋਂ ਸਰਬਜੀਤ ਉਨ੍ਹਾਂ ਵਾਸਤੇ ਦੁੱਧ ਦਾ ਜੱਗ ਲੈ ਕੇ ਆਇਆ ਤਾਂ ਉਨ੍ਹਾਂ ਨੇ ਐਵੇਂ ਗੱਲਾਂ ਗੱਲਾਂ ਵਿਚ ਆਖਿਆ, "ਮਾਸਟਰ ਜੀ, ਕਿਤੇ ਕੋਈ ਮਾਸਟਰ-ਮੁਸਟਰ ਜਾਂ ਹੋਰ ਬੰਦਾ-ਕੁਬੰਦਾ ਤੁਹਾਨੂੰ ਜਾਪਦਾ ਹੋਵੇ ਕਿ ਅੜਦਾ ਹੈ ਤਾਂ ਆਪਾਂ ਨੂੰ ਦੱਸੋ, ਝਾੜ ਦਿਆਂਗੇ।"

ਸਰਬਜੀਤ ਦੇ ਅੰਦਰ ਬਲਦੀਆਂ ਸਵੇਰ ਵਾਲੀਆਂ ਲਾਟਾਂ ਮੱਧਮ ਨਹੀਂ ਸਨ ਹੋਈਆਂ। ਉਸ ਨੇ ਕਿਹਾ, "ਹੈ ਸਾਡੇ ਇੱਕ ਮਾਸਟਰ। ਕਾਮਰੇਡ ਐ। ਲੇਖਕ ਵੀ ਐ। ਸੰਤਾਂ ਦੇ ਖ਼ਿਲਾਫ਼ ਬੜਾ ਬੋਲਦਾ ਰਹਿੰਦਾ। ਸਿੰਘਾਂ ਨੂੰ ਵੀ ਕਾਤਲਾਂ ਅਤੇ ਡਾਕੂਆਂ ਦੇ ਟੋਲੇ ਆਖਦਾ ਐ। ਮੈਂ ਤਾਂ ਬੜਾ ਸਮਝਾਇਆ, ਪਰ ਉਹ ਬਾਜ ਨਹੀਂ ਆਉਂਦਾ। ਅੱਜ ਏਸੇ ਗੱਲੋਂ ਮੇਰੇ ਨਾਲ ਖਹਿਬੜ ਪਿਆ। ਮੈਂ ਆਖਿਆ, ਮੈਂ ਆਪਣੇ ਸਾਹਮਣੇ ਤੈਨੂੰ ਸੰਤਾਂ ਮਹਾਂਪੁਰਖਾਂ ਨੂੰ ਦੁਰਬਚਨ ਨਹੀਂ ਬੋਲਣ ਦੇਣਾ। ਹਟੇ ਈ ਨਾ। ਮੈਂ ਤਾਂ ਪਾ ਲੈਣ ਲੱਗਾ ਸਾਂ ਗਲਮੇਂ ਨੂੰ ਹੱਥ। ਪੂਰਾ ਪੰਥ ਦੋਖੀ ਹੈ।"

ਉਨ੍ਹਾਂ ਨੇ ਨਾਂ, ਪਤਾ ਪੁੱਛਿਆ। ਉਸ ਨੇ ਦੱਸ ਦਿੱਤਾ। ਉਨ੍ਹਾਂ ਦੇ ਆਗੂ ਨੇ ਕਿਹਾ, "ਮਾਸਟਰ ਜੀ, ਚਿੰਤਾ ਨਾ ਕਰੋ। ਦੋ ਦਿਨਾਂ 'ਚ ਸਾਰਾ ਟੱਬਰ ਗੱਡੀ ਚਾੜ੍ਹ ਕੇ ਫਿਰ ਆਵਾਂਗੇ ਤੁਹਾਡੇ ਕੋਲ ਦੁੱਧ ਦੇ ਗੱਫੇ ਲਾਉਣ ਲਈ।"

ਅਗਲੇ ਦਿਨ ਸਵੇਰੇ ਆਉਂਦਿਆਂ ਹੀ ਸਰਬਜੀਤ ਨੇ ਦਰਸ਼ਨ ਨੂੰ ਅੱਡ ਕਰ ਕੇ ਸਾਰੀ ਗੱਲ ਦੱਸ ਦਿੱਤੀ।

"ਇਹ ਬਹੁਤਾ ਖੱਬੀ-ਖਾਨ ਬਣਦੈ ਨਾ! ਪੁੱਤ ਨੂੰ ਲੱਗ ਜੂ ਪਤਾ, ਇੱਕ ਅੱਧੇ ਦਿਨ 'ਚ।" ਉਸ ਦਾ ਗੁੱਸਾ ਅਜੇ ਵੀ ਹਲਕਾ ਨਹੀਂ ਸੀ ਹੋਇਆ।

ਦਰਸ਼ਨ ਨੇ ਕਿਹਾ, "ਸਰਬਜੀਤ, ਇਹ ਤੂੰ ਮਾੜੀ ਕੀਤੀ। ਇੰਜ ਨਹੀਂ ਸੀ ਕਰਨਾ ਚਾਹੀਦਾ।"

**ਜਿਸ ਦਿਨ ਸਰਬਜੀਤ ਦਾ ਮੇਰੇ ਨਾਲ ਇਹ ਖ਼ਾਮੋਸ਼ ਝਗੜਾ ਹੋਇਆ, ਉਹ ਬੜੇ ਗੁੱਸੇ ਵਿਚ ਸੀ। ਸਾਰੇ ਮੁੰਡਿਆਂ ਤੇ ਮਾਸਟਰਾਂ ਵਿਚ ਉਸ ਦੀ 'ਬੱਲੇ ਬੱਲੇ' ਸੀ, ਪਰ ਅੱਜ ਉਹਨੂੰ ਲੱਗਦਾ ਸੀ ਜਿਵੇਂ ਮੁੰਡੇ ਉਸ ਦੀ ਬਹਾਦਰੀ, ਸਰਦਾਰੀ ਅਤੇ ਖੜ੍ਹੀ ਮੁੱਛ ਉਤੇ ਹੱਸ ਰਹੇ ਹੋਣ। ਉਸ ਨੇ ਤਾਂ ਇਹ ਪ੍ਰਭਾਵ ਬਣਾਇਆ ਹੋਇਆ ਸੀ ਕਿ ਕੋਈ ਉਸ ਅੱਗੇ 'ਖੰਘ' ਨਹੀਂ ਸਕਦਾ, ਪਰ ਇਹ ਕੀ ਹੋ ਗਿਆ ਸੀ! ਉਸ ਦਾ ਅੰਦਰ ਮੱਚ ਮੱਚ ਜਾਂਦਾ... ਉਸੇ ਰਾਤ ਕੁਦਰਤੀ ਉਨ੍ਹਾਂ ਦੇ ਘਰ 'ਖਾੜਕੂ' ਆ ਗਏ। ਆਉਂਦੇ ਹੀ ਰਹਿੰਦੇ ਸਨ। ਇਹ ਉਨ੍ਹਾਂ ਦੀ ਪੈਸੇ-ਧੇਲੇ ਅਤੇ ਰੋਟੀ-ਪਾਣੀ ਵੱਲੋਂ 'ਸੇਵਾ' ਕਰਦੇ ਸਨ; ਉਨ੍ਹਾਂ ਦੀ ਇਸ ਇਲਾਕੇ ਵਿਚ ਵੱਡੀ ਧਿਰ ਸਨ। ਉਸ ਰਾਤ ਰੋਟੀ-ਪਾਣੀ ਖਵਾਉਣ ਤੋਂ ਬਾਅਦ ਜਦੋਂ ਸਰਬਜੀਤ ਉਨ੍ਹਾਂ ਵਾਸਤੇ ਦੁੱਧ ਦਾ ਜੱਗ ਲੈ ਕੇ ਆਇਆ ਤਾਂ ਉਨ੍ਹਾਂ ਨੇ ਐਵੇਂ ਗੱਲਾਂ ਗੱਲਾਂ ਵਿਚ ਆਖਿਆ, "ਮਾਸਟਰ ਜੀ, ਕਿਤੇ ਕੋਈ ਮਾਸਟਰ-ਮੁਸਟਰ ਜਾਂ ਹੋਰ ਬੰਦਾ-ਕੁਬੰਦਾ ਤੁਹਾਨੂੰ ਜਾਪਦਾ ਹੋਵੇ ਕਿ ਅੜਦਾ ਹੈ, ਤਾਂ ਆਪਾਂ ਨੂੰ ਦੱਸੋ, ਝਾੜ ਦਿਆਂਗੇ।"**

ਕਾਹਨ ਸਿੰਘ ਦੱਸ ਰਿਹਾ ਸੀ, "ਉਸੇ ਦਿਨ ਪਹਿਲਾਂ ਤੁਹਾਡੀ ਸੁਲਾਹ-ਸਫਾਈ ਕਰਵਾਈ; ਫਿਰ ਬਿਨਾਂ ਕਿਸੇ ਨੂੰ ਦੱਸਿਆਂ ਦਰਸ਼ਨ ਨੇ ਉਸੇ ਵੇਲੇ ਕਿਸੇ ਅਧਿਆਪਕ ਦਾ ਸਕੂਟਰ ਮੰਗਿਆ ਅਤੇ ਸਿੱਧਾ ਮੇਰੇ ਕੋਲ ਮੇਰੇ ਸਕੂਲੇ ਆ ਵੱਜਾ। ਉਹਨੂੰ ਤੁਹਾਡੇ ਅਤੇ ਮੇਰੇ ਰਿਸ਼ਤੇ ਦਾ ਇਲਮ ਸੀ। ਮੈਨੂੰ ਕਹਿੰਦਾ, 'ਸਰਬਜੀਤ ਨੇ ਆਹ ਲੋਹੜਾ ਮਾਰਿਐ! ਤੁਹਾਡੀ ਉਹ ਬੜੀ ਇੱਜ਼ਤ ਕਰਦੈ। ਉਹਨੂੰ ਆਖੋ ਕਿ ਸਿੰਘਾਂ ਨੂੰ ਛੇਤੀ ਤੋਂ ਛੇਤੀ ਲੱਭ ਕੇ ਭਾਣਾ ਵਰਤਣੋਂ ਰੋਕ ਲਵੇ।' ਗੱਲ ਸੁਣ ਕੇ ਤਾਂ ਮੇਰੇ ਵੀ ਪਸੀਨੇ ਛੁੱਟ ਗਏ। ਮੈਂ ਵੀ ਘਬਰਾ ਗਿਆ।"

"ਅਸੀਂ ਸਰਬਜੀਤ ਨੂੰ ਸਕੂਲੋਂ ਆਉਂਦੇ ਨੂੰ ਰਾਹ 'ਚ ਝਬਾਲ ਦੇ ਬੱਸ ਅੱਡੇ 'ਤੇ ਹੀ ਜਾ ਘੇਰਿਆ। ਉਹ ਡਾਢਾ ਸ਼ਰਮਿੰਦਾ ਸੀ। ਕਹਿੰਦਾ, 'ਸਾਡੀ ਤਾਂ ਸੁਲਾਹ-ਸਫਾਈ ਵੀ ਹੋ ਗਈ ਆ, ਪਰ ਹੁਣ ਛੁੱਟੇ ਤੀਰ ਦਾ ਕੀ ਬਣੇ!' ਹੁਣ ਉਹ ਵੀ ਸਾਡੇ ਜਿੰਨਾ ਹੀ ਚਿੰਤਾਤੁਰ ਸੀ; ਸਗੋਂ ਸਾਡੇ ਤੋਂ ਵੀ ਵੱਧ।"



"ਲਓ ਜੀ, ਅਸੀਂ 'ਸਿੰਘਾਂ' ਦੇ ਇੱਕ ਤੋਂ ਦੂਜੇ ਅੱਡੇ ਦਾ ਪਤਾ ਕਰਦੇ ਲਗਾਤਾਰ ਤਿੰਨ ਦਿਨ ਸਾਹ ਨਾ ਲਿਆ। ਸ਼ਾਇਦ ਤੁਹਾਨੂੰ ਚੇਤੇ ਹੋਵੇ, ਤੁਹਾਡੇ ਨਾਲ ਸੁਲਾਹ-ਸਫ਼ਾਈ ਵਾਲੇ ਦਿਨ ਤੋਂ ਪਿਛੋਂ ਤਿੰਨ ਦਿਨ ਸਰਬਜੀਤ ਅਤੇ ਦਰਸ਼ਨ ਸਕੂਲ ਨਹੀਂ ਸਨ ਗਏ। ਤੀਜੀ ਰਾਤ ਅਸੀਂ ਸਿੰਘਾਂ ਨੂੰ ਗੱਗੋਬੂਹੇ ਪਿੰਡ 'ਚ ਇੱਕ ਬਹਿਕ 'ਤੇ ਜਾ ਲੱਭਿਆ।"

"ਅਸੀਂ ਸੋਚ ਹੀ ਰਹੇ ਸਾਂ ਕਿ ਸਿੰਘਾਂ ਨਾਲ ਗੱਲ-ਬਾਤ ਕਿਵੇਂ ਸ਼ੁਰੂ ਕਰੀਏ। ਮੈਂ ਦੋਵੇਂ ਹੱਥ ਜੋੜ ਕੇ ਕਿਹਾ, "ਜੀ ਜੀ ਬੇਨਤੀ ਹੈ।" ਉਨ੍ਹਾਂ ਦਾ ਜਥੇਦਾਰ ਵਿਚੋਂ ਹੀ ਟੋਕ ਕੇ ਕਹਿੰਦਾ, "ਮਾਸਟਰ ਸਰਬਜੀਤ ਸਹੁੰ ਨੂੰ ਸਾਡੇ 'ਤੇ ਯਕੀਨ ਨਹੀਂ ਲੱਗਦਾ!" ਫਿਰ ਉਹ ਪੂਰੇ ਭਰੋਸੇ ਨਾਲ ਕਹਿਣ ਲੱਗਾ, "ਮਾਸਟਰ ਜੀ! ਕੱਲ੍ਹ ਹਰ ਹਾਲਤ ਵਿਚ ਰਾਤ ਨੂੰ ਤੁਹਾਡੇ ਮਨ ਦੀ ਮੁਰਾਦ ਪੂਰੀ ਹੋ ਜਾਊ ਅਤੇ ਉਹ ਪੰਥ-ਦੋਖੀ ਸਮੇਤ-ਪਰਿਵਾਰ ਨਰਕਾਂ ਵਿਚ ਪਹੁੰਚ ਜਾਊ। ਇਹ ਦੋ ਦਿਨ ਵੀ ਤਾਂ ਲੱਗ ਗਏ ਨੇ ਕਿ ਅਸੀਂ ਉਹਦੇ ਟਿਕਾਣੇ ਦਾ ਪੂਰਾ ਪਤਾ ਲਾਉਂਦੇ ਰਹੇ ਆਂ। ਨਹੀਂ ਇਤਬਾਰ ਤਾਂ ਸੁਣੋ। ਅਸਲ ਵਿਚ ਉਨ੍ਹਾਂ ਦਾ ਘਰ ਬਾਜ਼ਾਰ ਵਿਚ ਹੋਣ ਕਰ ਕੇ ਸਵੇਰੇ ਤਾਂ ਉਥੇ ਸੀ.ਆਰ.ਪੀ. ਫਿਰਦੀ ਰਹਿੰਦੀ ਹੈ। ਦਿਨੇ ਨਹੀਂ, ਇਹ ਕੰਮ ਰਾਤ ਨੂੰ ਹੋਣ ਵਾਲਾ ਹੈ। ਇਕੱਲੇ ਦੀ ਗੱਲ ਹੁੰਦੀ ਤਾਂ ਅਸੀਂ ਸਕੂਲੇ ਜਾ ਕੇ ਹੀ ਸੋਧ ਦੇਣਾ ਸੀ, ਪਰ ਸਣੇ ਟੱਬਰ ਕੱਲ੍ਹ ਰਾਤ ਨੂੰ ਘਰੇ ਹੀ 'ਗੜ ਗੜ' ਹੋਊ ਹੁਣ। ਜੇ ਸਾਡੇ 'ਤੇ ਨਹੀਂ ਯਕੀਨ ਤਾਂ ਅੱਗੇ ਸੁਣੋ; ਉਨ੍ਹਾਂ ਦੇ ਘਰ ਦੀ ਸਾਹਮਣੀ ਅਤੇ ਪਾਸੇ ਦੀ ਬਾਜ਼ਾਰ ਵਾਲੀ ਬਾਹੀ ਤੋਂ ਕੰਧ ਟੱਪ ਕੇ ਘਰ ਅੰਦਰ ਜਾਇਆ ਜਾ ਸਕਦਾ ਹੈ। ਕੰਧਾਂ ਮਸਾਂ ਦਸ ਦਸ ਫੁੱਟ ਹੀ ਉਚੀਆਂ ਨੇ। ਉਹ ਸਾਰਾ ਟੱਬਰ ਬਾਹਰ ਵਿਹੜੇ 'ਚ ਪੱਖਾ ਲਾ ਕੇ ਸੌਂਦੈ। ਹੁਣ ਹੈ ਕੋਈ ਬੇਇਤਬਾਰੀ? ਕੱਲ੍ਹ ਨੂੰ ਇਹ ਕੰਮ ਹੋਇਆ ਲਓ। ਹੁਣ ਹੋਰ ਸੇਵਾ ਦੱਸੋ।" ਉਹ ਖ਼ੌਫ਼ਨਾਕ ਹਾਸਾ ਹੱਸਿਆ।"

"ਅਸੀਂ ਸੇਵਾ ਕੀ ਦੱਸਣੀ ਸੀ। ਤਰਲਾ ਪਾਇਆ ਸਾਰਿਆਂ ਨੇ ਦੋਵੇਂ ਹੱਥ ਜੋੜ ਕੇ ਕਿ ਬਾਬਾ ਜੀ, ਇਸ ਕੋਲੋਂ ਗਲਤੀ ਹੋ ਗਈ। ਮਾੜੇ ਜਿਹੇ ਆਪਸੀ ਝਗੜੇ ਕਰ ਕੇ ਇਹਨੂੰ ਗੁੱਸਾ ਸੀ। ਉਸੇ ਗੁੱਸੇ 'ਚ ਤੁਹਾਨੂੰ ਆਖ ਬੈਠਾ। ਤੁਸੀਂ ਬਖ਼ਸ਼ ਦਿਓ ਹੁਣ। ਉਸ ਮਾਸਟਰ ਵਿਚਾਰੇ ਦਾ ਕੋਈ ਕਸੂਰ ਨਹੀਂ। ਉਹ ਕਹਿੰਦਾ, 'ਉਹ ਸੰਤਾਂ ਨੂੰ ਅਬਾ ਤਬਾ ਬੋਲਦਾ ਹੈ। ਕਾਮਰੇਡ ਆ। ਕਾਮਰੇਡ ਨੂੰ ਤਾਂ ਅਸਾਂ ਹੁਣ ਨਹੀਂ ਛੱਡਣਾ।' ਅਸੀਂ ਹੱਥ ਜੋੜੇ। ਸਰਬਜੀਤ ਨੇ ਕਿਹਾ, 'ਬਾਬਾ ਜੀ ਮੈਥੋਂ ਹੀ ਗੁੱਸੇ ਵਿਚ ਭੁੱਲ ਹੋ ਗਈ। 'ਕਾਮਰੇਡ-ਕੁਮਰੇਡ' ਕੋਈ ਨਹੀਂ ਵਿਚਾਰਾ! ਉਹ ਤਾਂ ਹੀਰਾ ਬੰਦਾ ਹੈ। ਹੱਥ ਬੰਨ੍ਹ ਕੇ ਬੇਨਤੀ ਹੈ ਕਿ ਭਾਣਾ ਨਾ ਵਰਤਾਇਓ।" ਉਹਨੂੰ ਏਨਾ ਨਿਮਰ ਅਤੇ ਨਿੰਮੋਝੂਣਾ ਵੇਖ ਕੇ 'ਬਾਬਾ' ਹੱਸ ਪਿਆ। ਕਹਿੰਦਾ, "ਸਿੰਘ ਅਰਦਾਸ ਕਰ ਕੇ ਮੁੜਦੇ ਤਾਂ ਨਹੀਂ ਹੁੰਦੇ, ਪਰ ਜੇ ਇਹ ਸੰਗਤ ਦਾ ਹੁਕਮ ਹੈ ਤਾਂ ਮੰਨ ਲੈਂਦੇ ਆਂ, ਪਰ ਇੱਕ ਗੱਲ ਹੈ, ਉਸ ਬੰਦੇ 'ਚ ਕਸਰ ਜ਼ਰੂਰ ਹੋਵੇਗੀ ਕੋਈ ਨਾ ਕੋਈ; ਤੁਹਾਡਾ ਮਨ ਹੀ ਪਿਘਲ ਗਿਆ ਲੱਗਦੈ। ਮੋਮ ਬਣਿਆਂ ਨਹੀਂ ਸਰਨਾ ਹੁਣ। ਦੁਸ਼ਮਣਾਂ ਨੂੰ ਸੋਧਣ ਲਈ ਸਟੀਲ ਬਣਨਾ ਪਊ। ਹੁਣ ਤੁਸੀਂ ਉਹਨੂੰ ਬਚਾਉਣ ਲਈ ਉਸ ਦੀ ਸ਼ਾਹਦੀ ਭਰਦੇ ਓ ਤਾਂ ਕੁਝ ਨਹੀਂ ਆਖਦੇ।"

ਕਾਹਨ ਸਿੰਘ ਬਿਰਤਾਂਤ ਖ਼ਤਮ ਕਰ ਕੇ ਚੁੱਪ ਕਰ ਗਿਆ, ਪਰ ਮੇਰੇ ਅੰਦਰ ਕਿੰਨਾ ਚਿਰ ਡਿਗਦੇ ਪਹਾੜਾਂ ਦਾ ਖੜਾਕ ਆਉਂਦਾ ਰਿਹਾ।

ਜੇ ਭਲਾ 'ਉਹ' ਅਗਲੀ ਰਾਤ ਤੱਕ ਵੀ ਉਨ੍ਹਾਂ ਨੂੰ ਨਾ ਲੱਭਦੇ! ਜ਼ਿੰਦਗੀ ਅਤੇ ਮੌਤ ਵਿਚ ਕਿੰਨਾ ਮਾਮੂਲੀ ਫ਼ਰਕ ਹੈ! ਸਿਰਫ਼ ਇੱਕ ਰਾਤ ਦੇ ਫ਼ਾਸਲੇ 'ਤੇ ਮੇਰੀ ਜ਼ਿੰਦਗੀ ਅਤੇ ਮੌਤ ਲਾਗੇ ਲਾਗੇ ਖਲੋਤੀਆਂ ਸਨ। ਉਨ੍ਹਾਂ ਵਿਚੋਂ ਕੋਈ ਵੀ ਮੈਨੂੰ ਮਿਲ ਸਕਦੀ ਸੀ। ਮੈਂ ਅਜੇ ਹੋਰ ਜਿਉਣਾ ਸੀ, ਇਸ ਲਈ ਮੈਨੂੰ ਜ਼ਿੰਦਗੀ ਮਿਲ ਗਈ।

ਫਿਰ ਮੈਨੂੰ ਖ਼ਿਆਲ ਆਇਆ ਕਿ ਉਸ ਦੌਰ 'ਚ 'ਇਸ ਤਰ੍ਹਾਂ' ਦੇ ਕਿੰਨੇ ਕੁ 'ਪੰਥ ਦੋਖੀ' ਆਪਸੀ ਦੁਸ਼ਮਣੀਆਂ ਵਾਲਿਆਂ ਨੇ ਮਰਵਾਏ ਹੋਣਗੇ!

ਮੈਂ ਉਦਾਸ ਹੋ ਗਿਆ। ਮੇਰੇ ਮੂੰਹੋਂ ਸਹਿਜ-ਸੁਭਾਅ ਨਿਕਲਿਆ, "ਹੀਰਾ ਬੰਦਾ ਤਾਂ ਕਾਹਨ ਸਿਹਾਂ ਤੂੰ ਵੀ ਏਂ ਜਿਸ ਨੇ ਮੇਰੇ ਲਈ ਏਨਾ ਕੁਝ ਕਰ ਕੇ ਕਈ ਸਾਲਾਂ ਤੱਕ ਜਤਾਇਆ ਤੱਕ ਨਹੀਂ! ਪਰ ਸੋਚੀਏ ਤਾਂ ਅਸਲੀ ਹੀਰਾ ਬੰਦਾ ਤਾਂ ਦਰਸ਼ਨ ਸਿੰਘ ਸੀ, ਜਿਹੜਾ ਤੇਰੇ ਵੱਲ ਨਾ ਤੁਰਦਾ ਤਾਂ ਅੱਜ ਮੈਂ ਤੇਰੇ ਸਾਹਮਣੇ ਨਹੀਂ ਸੀ ਬੈਠਾ ਹੋਣਾ। ਉਸ ਦੀ ਇਹ ਵੀ ਵਡਿਆਈ ਵੇਖ ਕਿ ਸਰਬਜੀਤ ਦੀ ਮੌਤ ਤੋਂ ਬਾਅਦ, ਮੇਰੇ ਜਲੰਧਰ ਆਉਣ ਤੱਕ ਉਹ ਕਈ ਸਾਲ ਮੇਰੇ ਨਾਲ ਪੜ੍ਹਾਉਂਦਾ ਰਿਹਾ, ਪਰ ਉਸ ਨੇ ਮੈਨੂੰ ਕਦੀ ਵੀ ਨਹੀਂ ਜਤਾਇਆ ਕਿ ਉਸ ਦੀ ਅਤੇ ਫਿਰ ਤੇਰੀ ਪਹਿਲਕਦਮੀ ਨਾਲ ਕਿਵੇਂ ਮੇਰੀ ਜਾਨ ਬਚੀ ਸੀ।"

ਕਾਹਨ ਸਿੰਘ ਨੇ ਹਾਮੀ ਭਰੀ। ਫਿਰ ਅਸੀਂ ਦਰਸ਼ਨ ਸਿੰਘ ਦੇ ਦਰਦ ਵਿਚ ਭਿੱਜ ਗਏ, ਜਿਹੜਾ ਕੁਝ ਸਾਲ ਹੋਏ, ਕਿਸੇ ਸੜਕ ਦੁਰਘਟਨਾ ਵਿਚ ਮਾਰਿਆ ਗਿਆ ਸੀ, ਪਿਛੇ ਨਿੱਕਾ ਨਿੱਕਾ ਜੀਆ-ਜੰਤ ਕੁਰਲਾਉਂਦਾ ਛੱਡ ਕੇ।

ਕਾਹਨ ਸਿੰਘ ਮੇਰੇ ਸਾਹਮਣੇ ਬੈਠਾ ਸੀ ਅਤੇ ਮੈਂ ਅੰਤਰ ਧਿਆਨ ਹੋ ਕੇ ਇਨ੍ਹਾਂ ਹੀਰੇ ਬੰਦਿਆਂ ਨੂੰ ਨਮਸਕਾਰ ਕਰ ਰਿਹਾ ਸਾਂ।

**(ਸਮਾਪਤ)**

# ਸ਼੍ਰੋਮਣੀ ਅਕਾਲੀ ਦਲ ਅਮਰੀਕਾ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਮੰਦਭਾਗੀ ਘਟਨਾ ਦੀ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਵਲੋਂ ਸਖ਼ਤ ਸ਼ਬਦਾਂ 'ਚ ਨਿਖੇਧੀ, ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ

ਸਿੱਖ ਕੈਦੀ ਭਾਈ ਵਰਿਆਮ ਸਿੰਘ ਨੂੰ ਰਿਹਾਅ ਕਰਨ 'ਤੇ ਕੇਂਦਰ ਸਰਕਾਰ ਦੀ ਸ਼ਲਾਘਾ, ਬਾਕੀ ਕੈਦੀਆਂ ਨੂੰ ਵੀ ਜਲਦ ਰਿਹਾਅ ਕਰਨ ਪੁਰਜ਼ੋਰ ਅਪੀਲ

-ਭਾਈ ਵਰਿਆਮ ਸਿੰਘ ਨੂੰ ਰਿਹਾਅ ਕਰਨ ਦੇ ਮੁੱਦੇ 'ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਬਾਜਵਾ ਵਲੋਂ ਕੀਤੇ ਵਿਰੋਧ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ, ਕਾਂਗਰਸ ਦਾ ਹੋਇਆ ਸਿੱਖ ਵਿਰੋਧੀ ਚਿਹਰਾ ਨੰਗਾ

ਪਾਰਟੀ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਵਲੋਂ 18 ਮੈਂਬਰੀ ਕੋਰ ਕਮੇਟੀ ਦੀਆਂ ਸਿਫਾਰਸ਼ਾਂ ਤੋਂ ਬਾਅਦ ਹੀ ਨਵੀਆਂ ਨਿਯੁਕਤੀਆਂ ਕਰਨ ਦੇ ਦਿੱਤੇ ਬਿਆਨ ਦਾ ਸਵਾਗਤ



## ਜਸਪ੍ਰੀਤ ਸਿੰਘ ਅਟਾਰਨੀ

ਚੇਅਰਮੈਨ ਹਾਈ ਪਾਵਰ ਕੋਰ ਕਮੇਟੀ ਤੇ
ਚੀਫ ਲੀਗਲ ਅਡਵਾਈਜ਼ਰ ਸ਼੍ਰੋਮਣੀ ਅਕਾਲੀ ਦਲ ਅਮਰੀਕਾ







ਸਤਪਾਲ ਸਿੰਘ ਬਰਾੜ | ਹਰਬੰਸ ਸਿੰਘ ਚਾਹਲ | ਕੁਲਵੰਤ ਸਿੰਘ ਖਹਿਰਾ | ਰਘਬੀਰ ਸਿੰਘ ਸੁਭਾਨਪੁਰ | ਹਰਬੰਸ ਸਿੰਘ ਢਿਲੋਂ | ਬਲਦੇਵ ਸਿੰਘ ਸੱਲ੍ਹਾਂ | ਮੁਖਤਿਆਰ ਸਿੰਘ ਹੀਰ | ਮੋਹਨ ਸਿੰਘ ਖਟੜਾ | ਅਮਰੀਕ ਸਿੰਘ | ਅਰਵਿੰਦਰ ਸਿੰਘ ਲਖਣ




ਅਵਤਾਰ ਸਿੰਘ ਗਿੱਲ | ਹਰਵਿੰਦਰ ਸਿੰਘ ਘੇਤਰਾ | ਜਸਕਰਨ ਸਿੰਘ ਧਾਲੀਵਾਲ | ਰਵਿੰਦਰ ਸਿੰਘ ਬੋਇਲ | ਹਰਪ੍ਰੀਤ ਸਿੰਘ ਸਿੱਧੂ

ਜਾਰੀ ਕਰਤਾ : ਸ: ਜਸਪ੍ਰੀਤ ਸਿੰਘ ਅਟਾਰਨੀ ਚੇਅਰਮੈਨ ਉਚ ਤਾਕਤੀ ਕੋਰ ਕਮੇਟੀ,
ਸ: ਸਤਪਾਲ ਸਿੰਘ ਬਰਾੜ ਮੁੱਖ ਬੁਲਾਰਾ ਅਤੇ ਸਮੂਹ ਮੈਂਬਰ, ਵਰਕਰ ਸ਼੍ਰੋਮਣੀ ਅਕਾਲੀ ਦਲ ਅਮਰੀਕਾ।

## ਸਿਨੇਮਾ ਦਾ ਸ਼ਾਹਸਵਾਰ ਓਮ ਪੁਰੀ ਬੋਲਿਆ...

# ਭਾਰਤ ਨੂੰ ਚਾਹੀਦੈ ਦਿਆਲੂ ਤਾਨਾਸ਼ਾਹ!



ਸਿਮਰਨ ਕੌਰ, ਚੰਡੀਗੜ੍ਹ

ਫਿਲਮ ਅਦਾਕਾਰ ਓਮ ਪੁਰੀ ਮੁੱਢ ਤੋਂ ਹੀ ਚਰਚਾ ਵਿਚ ਰਿਹਾ ਹੈ। ਆਪਣੀ ਅਦਾਕਾਰੀ ਦੇ ਸਿਰ ਉਤੇ ਉਸ ਨੇ ਫਿਲਮ ਸੰਸਾਰ ਵਿਚ ਆਪਣਾ ਵੱਖਰਾ ਅਤੇ ਨਿਵੇਕਲਾ ਮੁਕਾਮ ਹਾਸਲ ਕੀਤਾ ਹੈ। ਆਪਣੀਆਂ ਸਿਆਸੀ ਟਿੱਪਣੀਆਂ ਕਰ ਕੇ ਵੀ ਉਹ ਕਈ ਵਾਰ ਅਖ਼ਬਾਰੀ ਸੁਰਖੀਆਂ ਦਾ ਹਿੱਸਾ ਬਣਿਆ ਹੈ। ਹੁਣ ਚੰਡੀਗੜ੍ਹ ਪ੍ਰੈਸ ਕੱਲਬ ਵਿਚ ਆਪਣੀ ਫਿਲਮ 'ਹੋ ਗਿਆ ਦਿਮਾਗ਼ ਦਾ ਦਹੀਂ' ਦੇ ਪ੍ਰਚਾਰ ਲਈ ਕੀਤੇ ਸਮਾਗਮ ਦੌਰਾਨ ਉਸ ਨੇ ਮੁਲਕ ਦੇ ਹਾਲਾਤ ਉਤੇ ਫਿਕਰ ਜ਼ਾਹਿਰ ਕਰਦਿਆਂ ਕਿਹਾ ਕਿ ਮੁਲਕ ਨੂੰ ਕਿਸੇ ਅਜਿਹੇ ਦਿਆਲੂ ਤਾਨਾਸ਼ਾਹ ਦੀ ਬੜੀ ਸਖ਼ਤ ਜ਼ਰੂਰ ਹੈ ਜਿਹੜਾ ਬੁਰੀ ਤਰ੍ਹਾਂ ਉਲਟ-ਪੁਲਟ ਹੋ ਚੁੱਕੇ ਢਾਂਚੇ ਨੂੰ ਰੁਕ ਸਿਰ ਕਰ ਸਕੇ। ਸਰੋਤਿਆਂ ਦੇ ਰੂ-ਬ-ਰੂ ਹੁੰਦਿਆਂ ਓਮ ਪੁਰੀ ਨੇ ਕਿਹਾ ਕਿ ਭਾਰਤ ਦੀ ਜਮੂਹਰੀਅਤ ਹੁਣ ਅਸਲੋਂ ਵਿਗੜ ਚੁੱਕੀ ਹੈ ਅਤੇ ਅਸਲ ਜਮੂਹਰੀਅਤ ਲਾਗੂ ਕਰਨ ਲਈ ਘੱਟੋ-ਘੱਟ 10-15 ਸਾਲ ਤਾਨਾਸ਼ਾਹੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ, "ਮੁਲਕ ਵਿਚ ਗਰੀਬੀ ਨੇ ਆਮ ਲੋਕਾਂ ਨੂੰ ਰੋਲ ਕੇ ਰੱਖ ਦਿੱਤਾ ਹੈ, ਤੇ ਇਸੇ ਤਰ੍ਹਾਂ ਲਾਲਚ ਤੇ ਭ੍ਰਿਸ਼ਟਾਚਾਰ ਨੇ ਲੋਕਾਂ ਦਾ ਸਾਹ ਕੱਢ ਕੇ ਰੱਖ ਦਿੱਤਾ ਹੈ। ਅਸੀਂ ਸਾਰੇ ਇੰਨੇ ਜ਼ਿਆਦਾ ਸਵਾਰਥੀ, ਲਾਪ੍ਰਵਾਹ ਅਤੇ ਗੈਰ-ਜ਼ਿੰਮੇਵਾਰ ਹੋ ਗਏ ਹਾਂ ਕਿ ਸਾਨੂੰ ਹੁਣ ਜਮੂਹਰੀਅਤ ਦੀ ਨਹੀਂ, ਸਗੋਂ ਤਾਨਾਸ਼ਾਹੀ ਦੀ ਜ਼ਰੂਰਤ ਹੈ।"

ਯਾਦ ਰਹੇ ਕਿ ਓਮ ਪੁਰੀ ਨੇ 1972 ਵਿਚ ਮਰਾਠੀ ਫਿਲਮ 'ਘਾਸੀ ਰਾਮ ਕੋਤਵਾਲ' ਨਾਲ ਆਪਣਾ ਫਿਲਮੀ ਸਫ਼ਰ ਸ਼ੁਰੂ ਕੀਤਾ ਸੀ। ਸੋਹਣੀ ਅਤੇ ਖਿੱਚ-ਪਾਊ ਸੂਰਤ ਨਾ ਹੋਣ ਦੇ ਬਾਵਜੂਦ ਉਸ ਨੇ ਫਿਲਮ ਸੰਸਾਰ ਵਿਚ ਆਪਣਾ ਨਾਮ ਬਣਾਇਆ ਅਤੇ ਬਹੁਤ ਸਾਰੇ ਇਨਾਮ ਹਾਸਲ ਕੀਤੇ। ਬਾਅਦ ਵਿਚ ਹਿੰਦੀ ਫਿਲਮਾਂ ਭੂਮਿਕਾ (1977), ਅਰਵਿੰਦ ਦਸਾਈ ਕੀ ਅਜੀਬ ਦਾਸਤਾਂ (1978), ਆਕ੍ਰੋਸ਼ (1980) ਅਤੇ ਸਦਗਤੀ (1981) ਵਰਗੀਆਂ ਫਿਲਮਾਂ ਨਾਲ ਉਸ ਨੇ ਸਿਨੇਮਾ ਵਿਚ ਇਕ ਤਰ੍ਹਾਂ ਨਾਲ ਧਮਾਕਾ ਕੀਤਾ। ਬਾਅਦ ਵਿਚ ਅਰਧ ਸੱਤਿਆ, ਜਾਨੇ ਭੀ ਦੋ ਯਾਰੋਂ, ਮਿਰਚ ਮਸਾਲਾ, ਆਘਾਤ, ਸਿਟੀ ਆਫ਼ ਜੌਇ, ਧਰੋਕਾਲ, ਵੋਹ ਛੋਕਰੀ ਤੇ ਮ੍ਰਿਤਯੂਦੰਡ ਆਦਿ ਫਿਲਮਾਂ ਵਿਚ ਮਿਸਾਲੀ ਅਦਾਕਾਰੀ ਕੀਤੀ। ਪੰਜਾਬ ਦੇ ਕਸਬਾ ਸਨੌਰ (ਪਟਿਆਲਾ) ਵਿਚ 18 ਅਕਤੂਬਰ 1950 ਨੂੰ ਜਨਮੇ ਓਮ ਪੁਰੀ ਨੇ ਕਈ ਅਮਰੀਕੀ ਅਤੇ ਬ੍ਰਿਟਿਸ਼ ਫਿਲਮਾਂ ਵਿਚ ਵੀ ਕੰਮ ਕੀਤਾ ਹੈ। ਉਸ ਦੀ ਪਛਾਣ 7ਵੇਂ ਦਹਾਕੇ ਦੌਰਾਨ ਉਭਰੇ ਸਾਰਥਿਕ ਸਿਨੇਮਾ ਨਾਲ ਜੁੜੀ ਹੋਈ ਹੈ ਅਤੇ ਅੱਜ ਵੀ ਬਰਕਰਾਰ ਹੈ। ਉਸ ਵੇਲੇ ਇਸ ਖੇਤਰ ਵਿਚ ਉਸ ਦੇ ਸੰਗੀ-ਸਾਥੀਆਂ ਵਿਚ ਨਸੀਰੂਦੀਨ ਸ਼ਾਹ, ਸ਼ਬਾਨਾ ਆਜ਼ਮੀ ਤੇ ਸਮਿਤਾ ਪਾਟਿਲ ਵਰਗੇ ਕਹਿੰਦੇ-ਕਹਾਉਂਦੇ ਅਦਾਕਾਰ ਸ਼ਾਮਲ ਸਨ। ਉਦੋਂ ਮੁੱਖ ਧਾਰਾ ਸਿਨੇਮਾ ਦੇ ਐਨ ਬਰਾਬਰ ਸਾਰਥਕ ਸਿਨੇਮਾ ਦਾ ਅਗਾਜ਼ ਹੋਇਆ ਜਿਸ ਦਾ ਮੁੱਖ ਮਕਸਦ ਵੱਖ ਵੱਖ ਸਮੱਸਿਆਵਾਂ ਨੂੰ ਉਭਾਰਨਾ ਸੀ। ਓਮ ਪੁਰੀ ਦੀਆਂ ਪਹਿਲੀਆਂ ਫਿਲਮਾਂ ਇਸ ਧਾਰਾ ਨਾਲ ਸਬੰਧਤ ਹਨ। ਬਾਅਦ ਵਿਚ ਉਸ ਨੇ ਪੇਸ਼ੇਵਰਾਨਾ ਰੁਖ ਅਖਤਿਆਰ ਕਰਦਿਆਂ ਕਈ ਵਪਾਰਕ ਫਿਲਮਾਂ ਵਿਚ ਵੀ ਕੰਮ ਕੀਤਾ ਅਤੇ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ। ਹੁਣ ਸਾਲ 2016 ਵਿਚ ਉਸ ਦੀ ਅੰਗਰੇਜ਼ੀ ਫਿਲਮ 'ਵਾਇਸਰਾਏ'ਜ਼ ਹਾਊਸ' ਰਿਲੀਜ਼ ਹੋ ਰਹੀ ਹੈ। ਇਹ ਫਿਲਮ 'ਬੈਂਡ ਇਟ ਲਾਈਕ ਬੈਖਮ' ਬਣਾਉਣ ਵਾਲੀ ਫਿਲਮਸਾਜ਼ ਗੁਰਿੰਦਰ ਚੱਢਾ ਬਣਾ ਰਹੀ ਹੈ ਅਤੇ ਇਸ ਵਿਚ ਹਿਊ ਬੋਨਵਿਲੇ, ਗਿਲੀਅਨ ਐਂਡਰਸਨ, ਹੁਮਾ ਕੁਰੈਸ਼ੀ ਅਤੇ ਮਨੀਸ਼ ਦਿਆਲ ਕੰਮ ਕਰ ਰਹੇ ਹਨ। ਇਹ ਫਿਲਮ 1947 ਵਿਚ ਭਾਰਤ ਦੀ ਵੰਡ ਨੂੰ ਬਿਆਨ ਕਰੇਗੀ। ਇਸ ਤੋਂ ਇਲਾਵਾ ਓਮ ਪੁਰੀ ਕੰਨੜ ਫਿਲਮ 'ਟਾਈਗਰ' ਦੀ ਸ਼ੂਟਿੰਗ ਵਿਚ ਰੁਝਿਆ ਹੋਇਆ ਹੈ। ਇਹ ਫਿਲਮ ਵੀ ਅਗਲੇ ਸਾਲ ਹੀ ਰਿਲੀਜ਼ ਹੋਣੀ ਹੈ। ਉਹਦਾ ਕਹਿਣਾ ਹੈ ਕਿ ਉਹ ਆਪਣੀ ਹਯਾਤੀ ਦੇ ਅੰਤ ਤੱਕ ਅਦਾਕਾਰੀ ਨਾਲ ਜੁੜਿਆ ਰਹਿਣਾ ਚਾਹੁੰਦਾ ਹੈ।



*ਅਦਾਕਾਰ ਓਮ ਪੁਰੀ ਫਿਲਮ 'ਸਦਗਤੀ' ਵਿਚ ਸਮਿਤਾ ਪਾਟਿਲ ਨਾਲ।*

## ਗੋਬਿੰਦ ਨਿਹਲਾਨੀ ਦਾ ਸਿਨੇਮਾ

# ਖਲਨਾਇਕਾਂ ਦੀ ਦਹਿਸ਼ਤ ਦਾ ਦਸਤਾਵੇਜ਼

ਆਵਾਜ਼ ਦੇ ਕਹਾਂ ਹੈ... -22-



ਕੁਲਦੀਪ ਕੌਰ
ਫੋਨ: +91-98554-04330


ਸੱਤਿਆਜੀਤ ਰੇਅ ਦਾ ਸਿਨੇਮਾ ਦਿਹਾਤੀ ਗਰੀਬੀ ਵਿਚ ਜੀਅ ਰਹੇ ਬਾਸ਼ਿੰਦਿਆਂ ਦੇ ਆਪਸੀ ਰਿਸ਼ਤਿਆਂ ਵਿਚਲੀਆਂ ਮਨੋਵਿਗਿਆਨਕ ਗੁੰਝਲਾਂ ਨੂੰ ਫੜਦਾ ਸੀ। ਸ਼ਿਆਮ ਬੈਨੇਗਲ ਦਾ ਸਿਨੇਮਾ ਸਮਾਜਕ ਸਚਾਈਆਂ ਨੂੰ ਆਲੋਚਨਾਤਮਿਕ ਨਜ਼ਰੀਏ ਨਾਲ ਪਰਖਦਾ ਹੋਇਆ ਇਸ ਦਾ ਇਤਿਹਾਸਕ ਪ੍ਰਸੰਗ ਪਰਖਦਾ ਹੈ, ਪਰ ਗੋਬਿੰਦ ਨਿਹਲਾਨੀ ਦਾ ਸਿਨੇਮਾ ਇਨ੍ਹਾਂ ਸਚਾਈਆਂ ਦੀ ਤਤਕਾਲੀ ਸਿਆਸਤ 'ਤੇ ਕੈਮਰਾ ਫੋਕਸ ਕਰਦਾ ਹੈ। ਕੀ 1947 ਤੋਂ ਬਾਅਦ ਤਿਆਰ ਕੀਤੀ ਇਕ ਲਿਖਤ (ਸੰਵਿਧਾਨ) ਨੂੰ ਕਾਨੂੰਨੀ ਤੌਰ 'ਤੇ ਅਪਨਾਉਣ ਨਾਲ ਹੀ ਭਾਰਤ ਪੂਰੀ ਤਰ੍ਹਾਂ ਨਾਲ ਜਮਹੂਰੀ ਹੋ ਗਿਆ? ਗੋਬਿੰਦ ਨਿਹਲਾਨੀ ਦਾ ਸਿਨੇਮਾ ਜਮਹੂਰੀਅਤ ਦੇ ਪਰਦੇ ਪਿਛੇ ਕੰਮ ਕਰ ਰਹੇ ਸਾਮੰਤਵਾਦੀ ਤੇ ਗੈਰ-ਮਾਨਵੀ ਤੰਤਰ ਨੂੰ ਸੰਬੋਧਤ ਹੁੰਦਾ ਹੈ। ਉਸ ਦਾ ਸਿਨੇਮਾ ਸਚਾਈ ਨੂੰ ਬਗੈਰ ਜਜ਼ਬਾਤੀ ਹੋਇਆਂ ਫੜਦਾ ਹੈ। ਉਸ ਦੀ ਫਿਲਮ ਵਿਚਲਾ ਸ਼ਾਹੂਕਾਰ 'ਮਦਰ ਇੰਡੀਆ' ਵਰਗੀ ਫਿਲਮ ਵਿਚਲਾ ਸ਼ਾਹੂਕਾਰ ਨਹੀਂ, ਸਗੋਂ ਉਹ ਸਥਾਨਕ ਅਫਸਰਾਂ, ਨੇਤਾਵਾਂ, ਸਨਅਤਕਾਰਾਂ ਅਤੇ ਪੁਲਿਸ ਵਾਲਿਆਂ ਦਾ ਅਜਿਹਾ ਨਾਪਾਕ ਗਠਜੋੜ ਹੈ ਜੋ ਜਮਹੂਰੀਅਤ ਦੀ ਹਰ ਸੰਭਾਵਨਾ ਨੂੰ ਚੂਸ ਲੈਂਦਾ ਹੈ।

ਗੋਬਿੰਦ ਨਿਹਲਾਨੀ 'ਆਕ੍ਰੋਸ਼' ਵਿਚ ਸੱਤਾ ਵਿਹੂਣੇ ਲੋਕਾਂ ਦੇ ਉਦਾਸੀਨ ਹੋ ਕੇ ਗੂੰਗੇ ਹੋਣ ਦੀ ਬਾਤ ਪਾਉਂਦਾ ਹੈ। ਇਸ ਵਿਚਲੀ ਸੱਤਾ ਇੰਨੀ ਨਿਰੰਕੁਸ਼ ਤੇ ਕਰੂਰ ਹੈ ਕਿ ਇਸ ਦੀ ਜ਼ੱਦ ਵਿਚ ਆਈ ਲੋਕਾਈ ਕੋਲ ਨਿਆਂ ਲਈ ਵੀ ਸ਼ਬਦ ਨਹੀਂ ਬਚਦੇ। 'ਆਕ੍ਰੋਸ਼' ਵਿਚਲਾ ਆਦਰਸ਼ਵਾਦੀ ਵਕੀਲ (ਨਸੀਰੂਦੀਨ ਸ਼ਾਹ) ਫਿਲਮ 'ਅਰਧ ਸੱਤਿਆ' ਵਿਚ ਪੁਲਿਸ ਇਸਪੈਕਟਰ (ਓਮਪੁਰੀ) ਦੇ ਰੂਪ ਵਿਚ ਆਉਂਦਾ ਹੈ। ਇਹ ਇੰਸਪੈਕਟਰ ਸੱਤਾ ਹੱਥੋਂ ਤ੍ਰਿਸ਼ਕੂ ਕਿਵੇਂ ਬਣਦਾ ਹੈ, ਫਿਲਮ ਇਸ ਦੀ ਅੱਧ-ਅਧੂਰੀ ਵਿਆਖਿਆ ਕਰਦੀ ਹੈ ਅਤੇ ਵਿਚਲੀਆਂ ਵਿਰਲਾਂ ਭਰਨ ਦਾ ਕੰਮ ਦਰਸ਼ਕਾਂ ਉਤੇ ਛੱਡ ਦਿੱਤਾ ਜਾਂਦਾ ਹੈ। ਆਖਿਰ ਉਨ੍ਹਾਂ ਤੋਂ ਬਿਨਾਂ ਸੱਤਾ ਦੀ ਹੋਂਦ ਅਤੇ ਵਰਤੋਂ ਦਾ ਅਰਥ ਵੀ ਕੀ ਬਣਦਾ ਹੈ? ਦੋਹਾਂ ਫਿਲਮਾਂ ਵਿਚ ਦੋ ਦਿਲਚਸਪ ਕਿਰਦਾਰ ਹਨ। 'ਆਕ੍ਰੋਸ਼' ਵਿਚ ਹੰਢਿਆ-ਵਰਤਿਆ ਬੁੱਢਾ ਵਕੀਲ (ਅਮਰੀਸ਼ ਪੁਰੀ) ਅਤੇ ਫਿਲਮ 'ਅਰਧ ਸੱਤਿਆ' ਵਿਚ ਘਸਿਆ ਪੁਰਾਣਾ ਪੁਲਿਸ ਇੰਸਪੈਕਟਰ। ਦੋਵੇਂ ਆਪਣੀ ਅਗਲੀ ਪੀੜ੍ਹੀ ਨਾਲ ਪ੍ਰਵਚਨੀ ਸੰਵਾਦ ਰਚਾਉਂਦੇ ਹਨ। ਦੋਵੇਂ ਆਪਣੀ ਅਗਲੀ ਪੀੜ੍ਹੀ ਨੂੰ ਸੱਤਾ ਤੋਂ ਨਾਬਰ ਹੋਣ ਅਤੇ ਨਿਕਲਣ ਵਾਲੇ ਨਤੀਜਿਆਂ ਦਾ ਡਰ ਦਿਖਾਉਂਦੇ ਹਨ। ਵਕੀਲ ਲਈ ਇਹ ਸਬਕ ਲੜਾਈ ਦੇ ਨਵੇਂ ਪੈਂਤੜੇ ਸਿੱਖਣ ਦਾ ਕਾਰਨ ਬਣਦਾ ਹੈ। ਨੌਜਵਾਨ ਇੰਸਪੈਕਟਰ ਅੰਦਰੋਂ ਸਹਿਮ ਜਾਂਦਾ ਹੈ। ਇਹ ਸਹਿਮ ਉਸ ਦੇ ਅੰਦਰਲੇ ਤਰਕ ਅਤੇ ਸਮਝ ਨੂੰ ਨਿਗਲ ਜਾਂਦਾ ਹੈ। ਨਤੀਜੇ ਵਜੋਂ ਉਹ ਮਾਮੂਲੀ ਚੋਰੀ ਦੇ ਇਲਜ਼ਾਮ ਵਿਚ ਫੜੇ ਮੁੰਡੇ ਨੂੰ ਥਾਣੇ ਵਿਚ ਕੁੱਟ ਕੁੱਟ ਮਾਰ ਦਿੰਦਾ ਹੈ। ਫਿਰ ਨਿਰੰਕੁਸ਼ ਸੱਤਾ ਉਸ ਦੇ ਅੰਦਰਲੇ ਆਪੇ ਦਾ ਕਤਲ ਕਰ ਦਿੰਦੀ ਹੈ।


1982 ਵਿਚ ਗੋਬਿੰਦ ਨਿਹਲਾਨੀ ਨੇ ਸ਼ਸ਼ੀ ਕਪੂਰ ਦੇ ਪੈਸਿਆਂ ਨਾਲ ਫਿਲਮ ਬਣਾਈ 'ਵਿਜੇਤਾ'। ਇਸ ਫਿਲਮ ਵਿਚ ਸਿੱਖ ਪਰਿਵਾਰ ਦੇ ਏਅਰ ਫੋਰਸ ਵਿਚ ਤਾਇਨਾਤ ਪਾਇਲਟ ਮੁੰਡੇ ਦੀ ਮੌਤ ਤੋਂ ਬਾਅਦ ਪਰਿਵਾਰ ਦੀ ਮਨੋਦਿਸ਼ਾ ਦਾ ਚਿਤਰਨ ਹੈ। ਫਿਲਮ ਵਪਾਰਕ ਸਿਨੇਮਾ ਵਾਲੀ ਸੀ। ਦਰਸ਼ਕਾਂ ਦੀ ਇਸ ਵਿਚ ਦਿਲਚਸਪੀ ਦਾ ਸਬੱਬ ਬਣੇ ਹਵਾਈ ਕਲਾਬਾਜ਼ੀਆਂ ਦੇ ਅਣਗਿਣਤ ਦ੍ਰਿਸ਼ ਜਿਹੜੇ ਗੋਬਿੰਦ ਨਿਹਲਾਨੀ ਨੇ ਖੁਦ ਫਿਲਮਾਏ ਸਨ। ਇਸ ਫਿਲਮ ਰਾਹੀਂ ਸ਼ਸ਼ੀ ਕਪੂਰ ਨੇ ਆਪਣੇ ਮੁੰਡੇ ਕੁਣਾਲ ਕਪੂਰ ਦਾ ਫਿਲਮੀ ਕਰੀਅਰ ਸ਼ੁਰੂ ਕਰਾਉਣ ਦੀ ਕੋਸ਼ਿਸ਼ ਕੀਤੀ। ਫਿਲਮ ਕੁਝ ਹੱਦ ਤੱਕ ਸਫਲ ਵੀ ਰਹੀ।

'ਪਾਰਟੀ' ਗੋਬਿੰਦ ਨਿਹਲਾਨੀ ਦੀ ਸਿਆਸੀ ਫਿਲਮ ਹੈ। ਇਕ ਮਕਾਨ ਵਿਚ ਮੁੰਬਈ ਦੇ ਕਹਿੰਦੇ-ਕਹਾਉਂਦੇ ਬੁੱਧੀਜੀਵੀਆਂ ਦੀ ਪਾਰਟੀ ਹੋ ਰਹੀ ਹੈ। ਬੁੱਧੀਜੀਵੀਆਂ ਵੱਲ ਸਮਾਜ ਦਾ ਵੱਡਾ ਤਬਕਾ ਵਿਚਾਰਧਾਰਕ ਸੇਧ ਦੀ ਝਾਕ ਲਗਾਈ ਬੈਠਾ ਹੈ। ਪਾਰਟੀ ਵਿਚ ਬੌਧਿਕ ਜੁਗਾਲੀ ਦਾ ਮਾਹੌਲ ਭਾਰੂ ਹੈ। ਗੰਭੀਰ ਤੇ ਭਾਰੇ ਸ਼ਬਦਾਂ ਦੀ ਵਰਤੋਂ ਜਦੋਂ ਉਹ ਆਪਣੇ ਸਿਗਨੇਚਰ ਸਟਾਈਲ ਵਿਚ ਕਰਦੇ ਹਨ, ਤਾਂ ਉਨ੍ਹਾਂ ਨੂੰ ਵੀ ਅੰਦਰੋਂ ਪਤਾ ਹੈ ਕਿ ਇਹ ਸੱਚ ਨਹੀਂ। ਉਨ੍ਹਾਂ ਵਿਚੋਂ ਬਹੁਤਿਆਂ ਦੀ ਆਪਣੀ ਜ਼ਿੰਦਗੀ ਦੀ ਤਾਣੀ ਉਲਝੀ ਪਈ ਹੈ। ਅਜਿਹੀ ਹਾਲਤ ਵਿਚ ਵੀ ਉਹ ਦੰਭ ਤੇ ਮਸੀਹਾ ਹੋਣ ਦਾ ਭਰਮ ਨਹੀਂ ਛੱਡਣਾ ਚਾਹੁੰਦੇ। ਭਗੌੜੇ ਹੋਣ ਤੋਂ ਵੀ ਤ੍ਰਹਿੰਦੇ ਹਨ। ਗੋਬਿੰਦ ਨਿਹਲਾਨੀ ਫਿਲਮ ਦੇ ਅੰਤ ਵਿਚ ਦੁਬਾਰਾ ਤੋਂ ਹਿੰਸਾ ਦਾ ਦ੍ਰਿਸ਼ ਦਿਖਾ ਕੇ ਹਾਲਾਤ ਦੀ ਖੜੋਤ ਤੋੜਦਾ ਹੈ। ਫਿਲਮ 'ਆਘਾਤ' (ਜਿਸ ਦਾ ਅਰਥ ਹੈ- ਆਪਣਿਆਂ ਦਾ ਖੂਨ) 1985 ਵਿਚ ਰਿਲੀਜ਼ ਹੋਈ। ਇਸ ਫਿਲਮ ਦਾ ਕੇਂਦਰੀ ਨੁਕਤਾ ਗੀਤਾ ਦੇ ਉਪਦੇਸ਼ਾਂ ਅਤੇ ਮਾਰਕਸਵਾਦ ਦੇ ਵਿਚਾਰਾਂ ਦਾ ਮਿਲਗੋਭਾ ਸੀ। ਫਿਲਮ ਵਿਚ ਮਾਰਕਸਵਾਦੀ ਵਿਚਾਰਾਂ ਤੋਂ ਪ੍ਰਭਾਵਿਤ ਟਰੇਡ ਯੂਨੀਅਨ ਦੇ ਕਾਮਿਆਂ ਦੀ ਸਿਆਸੀ ਸਮਝ ਉਦੋਂ ਧਰੀ-ਧਰਾਈ ਰਹਿ ਜਾਂਦੀ ਹੈ ਜਦੋਂ ਘਾਗ ਨੇਤਾ ਅਤੇ ਸਨਅਤਕਾਰ ਮਿਲ ਕੇ ਯੂਨੀਅਨ ਦੇ ਨੇਤਾਵਾਂ ਨੂੰ ਮਜ਼ਦੂਰਾਂ ਖਿਲਾਫ ਹੀ ਵਰਤ ਜਾਂਦੇ ਹਨ। ਇਸ ਤਰ੍ਹਾਂ ਸ਼ੋਸ਼ਣ ਖਿਲਾਫ ਲੜਨ ਵਾਲੇ ਹੀ ਸ਼ੋਸ਼ਤ ਵਿਰੁਧ ਭੁਗਤ ਜਾਂਦੇ ਹਨ।

ਗੋਬਿੰਦ ਦੀਆਂ ਫਿਲਮਾਂ ਵਿਚ ਇੱਕ ਸਾਂਝਾਂ ਨੁਕਤਾ ਅਜਿਹੇ ਖਲਨਾਇਕਾਂ ਦੀ ਮੌਜੂਦਗੀ ਹੈ ਜਿਹੜੇ ਫਿਲਮ ਦੇ ਬਾਕੀ ਕਿਰਦਾਰਾਂ ਦੇ ਸਿਰ ਚੜ੍ਹ ਬੋਲਦੇ ਹਨ। 'ਅਰਧ ਸੱਤਿਆ' ਦੇ ਰਮਾ ਸ਼ੈਟੀ (ਸਦਾ ਸ਼ਿਵ ਅਮਰਾਪੁਰਕਰ) ਨੂੰ ਕੌਣ ਭੁੱਲ ਸਕਦਾ ਹੈ? ਗੋਬਿੰਦ ਦੀਆਂ ਫਿਲਮਾਂ ਵਿਚ ਮਿਥਿਹਾਸਕ ਪਾਤਰ ਆਉਂਦੇ-ਜਾਂਦੇ ਰਹਿੰਦੇ ਹਨ। ਇਨ੍ਹਾਂ ਬਾਰੇ ਉਹ ਟਿੱਪਣੀ ਕਰਦਾ ਹੈ, "ਇਨ੍ਹਾਂ ਮਿਥਿਹਾਸਕ ਵੇਰਵਿਆਂ ਨੂੰ ਵਪਾਰਕ ਸਿਨੇਮਾ, ਹਾਲਾਤ ਜਿਉਂ ਦੇ ਤਿਉਂ ਰੱਖਣ ਲਈ ਵਰਤਦਾ ਹੈ, ਮੈਂ ਇਨ੍ਹਾਂ ਦੀ ਵਰਤੋਂ ਹਾਲਾਤ ਵਿਚ ਤਬਦੀਲੀ ਲਈ ਕਰਦਾ ਹਾਂ।"








*ਫਿਲਮਸਾਜ਼ ਗੋਬਿੰਦ ਨਿਹਲਾਨੀ (ਐਨ ਸੱਜੇ) ਦੀਆਂ ਫਿਲਮਾਂ 'ਆਕ੍ਰੋਸ਼' ਅਤੇ 'ਅਰਧ ਸੱਤਿਆ' ਦੇ ਪੋਸਟਰ।*



# ਸ਼ੇਅਰੋ ਸ਼ਾਇਰੀ ਅਤੇ ਸਾਫ ਸੁਥਰੇ ਪਰਿਵਾਰਕ ਗੀਤਾਂ ਦੀ ਇਕ ਸ਼ਾਮ-ਦੇਬੀ ਮਕਸੂਸਪੁਰੀ ਦੇ ਨਾਮ



# ਦੇਬੀ ਲਾਈਵ ਸ਼ੋਅ

## 17 ਅਕਤੂਬਰ 2015

*ਸਨਿਚਰਵਾਰ ਸ਼ਾਮ 6 ਵਜੇ*

## ਬੰਬੇ ਬਿਜ਼ਨਸ ਪਾਰਕ, ਫਰਿਜ਼ਨੋ

295 ਨਾਰਥ ਫਰੂਟ ਐਵੇਨਿਊ
(ਰੋਡਿੰਗ ਪਾਰਕ ਦੇ ਨਜ਼ਦੀਕ)

ਸਾਫ ਸੁਥਰੀ ਗਾਇਕੀ ਅਤੇ ਸਭਿਆਚਾਰਕ ਪ੍ਰੋਗਰਾਮ ਮਾਣਨ ਦੇ ਸ਼ੌਕੀਨਾਂ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਪਹੁੰਚ ਕੇ ਇਸ ਸ਼ੋਅ ਦਾ ਅਨੰਦ ਮਾਣੋ ਜੀ।

### ਹੋਰ ਜਾਣਕਾਰੀ ਲਈ ਸੰਪਰਕ ਕਰੋ: ਕਮੇਟੀ ਬੰਬੇ ਬਿਜ਼ਨਸ ਪਾਰਕ

ਨਾਜ਼ਰ ਸਿੰਘ ਸਹੋਤਾ (559) 351-6592
ਰਛਪਾਲ ਸਿੰਘ ਸਹੋਤਾ (559) 451-1004
ਹਾਕਮ ਸਿੰਘ ਢਿੱਲੋਂ (559) 304-8696
ਵਿੱਕੀ ਹੀਰ (510) 303-2559
ਬਿੱਟੂ ਕੁਸਾ (559) 708-7021
ਬਬਲਾ ਮਲੂਕਾ (559) 708-9335
ਪਾਲੀ ਥਾਂਦੀ (559) 790-6650

ਸਹਿਯੋਗੀ ਸੱਜਣ: ਰਾਣਾ ਟੁਟ (ਟੁਟ ਬ੍ਰਦਰਜ਼), ਚਰਨਜੀਤ ਸਿੰਘ ਬਾਠ, ਦੀਪਾ ਬੁਲਡੌਗ, ਮਿੰਟੂ ਧਾਲੀਵਾਲ, ਰਾਜ ਧਾਲੀਵਾਲ (ਲੋਪੋ), ਬੌਬੀ ਸਿੱਧੂ, ਸਰਪੰਚ ਜਗਰਾਜ ਸਿੰਘ, ਗੋਲਡੀ ਚੌਹਾਨ, ਗੋਲਡੀ ਲੁਬਾਣਾ, ਭਰਪੂਰ ਬਰਾੜ, ਨਿੱਕ ਢਿੱਲੋਂ, ਦਵਿੰਦਰ ਢਿੱਲੋਂ, ਕੁਲਵਿੰਦਰ ਢਿੱਲੋਂ, ਖੁਸ਼ ਧਾਲੀਵਾਲ, ਮਿੱਕੀ ਸਿਆਲ, ਭੋਲਾ ਸਿੱਧੂ (ਐਨ ਕੇ ਆਰ ਐਸ ਟਰੱਕਿੰਗ), ਜੱਗਾ ਸਧਾਰ, ਪਾਲ ਧਾਲੀਵਾਲ, ਦਰਸ਼ਨ ਬਰਾੜ, ਮਾਈਕੀ ਵਿੰਗ ਸਟਾਪ, ਗੈਰੀ (ਐਲੀ ਟਰੱਕਿੰਗ), ਸ਼ਰਨਜੀਤ ਢਿੱਲੋਂ, ਤੇਜੀ ਮਾਂਗਟ, ਪਿੰਦਰ ਕੰਗ, ਟਹਿਲ ਸਿੰਘ ਥਾਂਦੀ, ਸਾਧੂ ਸਿੰਘ ਸੰਘਾ, ਰਣਜੀਤ ਘੋਤੜਾ, ਸਵੀਟ ਐਂਡ ਸਪਾਈਸ, ਈ ਐਸ ਪੀ ਐਨ, ਲੀਨੋਂ, ਸੰਘਾ, ਹਰਪ੍ਰੀਤ ਹੈਰੀ, ਪ੍ਰੀਤ-ਬਰੌਡਵੇਅ ਲਿਕਰ, ਗੁਰਿੰਦਰ ਸਿੰਘ, ਰਾਜ ਧਾਲੀਵਾਲ, ਰਾਜ ਮੰਗੇਵਾਲੀਆ, ਹਰਪਾਲ ਹਠੂਰ, ਗੁਰਜੀਤ ਸਿੰਘ ਸੈਨ ਹੋਜ਼ੇ, ਜਗਮੀਤ ਬਰਾੜ, ਗੁਰਲਿਆਕਤ ਬਰਾੜ, ਗੁਰਜ਼ਪਾਲ ਸਿੱਧੂ, ਗੁਰਪ੍ਰੀਤ ਸਿੱਧੂ, ਬਲਵੀਰ ਸਰਪੰਚ, ਸੀ ਵੀ ਟੀ ਆਰ, ਦੇਵ (ਐਸ ਪੀ ਟਰੱਕਿੰਗ), ਸਤਿਨਾਮ ਪ੍ਰਧਾਨ, ਬਲਵਿੰਦਰ ਭਾਊ, ਡਾ. ਸਿਮਰਜੀਤ ਸਿੰਘ, ਅਮਰਜੀਤ ਸਿੰਘ (ਦੌਧਰ), ਬਹਾਦਰ ਸਿੱਧੂ, ਪਰਮਜੀਤ ਸਿੰਘ (ਸਰਪੰਚ ਯਾਰਡ), ਐਸ ਐਮ ਬ੍ਰਦਰਜ਼, ਪ੍ਰਮੋਦ, ਰਾਜੂ ਐਂਡ ਸਰਬਜੀਤ (ਹੈਨਫਰੜ)

ਖਾਸ ਧੰਨਵਾਦ: ਕੁਲਵੰਤ ਉਭੀ ਧਾਲੀਆਂ, ਨੀਟਾ ਮਾਛੀਕੇ (ਗਲੋਬਲ ਪੰਜਾਬ ਟੀ.ਵੀ.)    ਸਾਊਂਡ ਅਤੇ ਮਿਊਜ਼ਿਕ: ਬਿੱਟੂ ਦੇਵਗਨ


BIGGEST SALE EVER
ON PUNJABI TV
10 PUNJABI CHANNELS
Punjabi Mega Pack
Garbani from Sri Harmandir Sahib Amritsar
WORLD's NO.1 PUNJABI TELEVISION NETWORK
JALWE JAGGI DE
jus punjabi
Ajj da Mudda
HELLO GLOBAL PUNJAB
GLOBAL PUNJAB
Feedback@GlobalPunjabTV.com
NEWS
GET DISH FOR THE BEST PUNJABI TV ENTERTAINMENT
Punjabi Mega Pack
$14.99/mo
FOR 12 MONTHS
$24.99/MO
REGULAR PRICE
PTC PUNJABI
GLOBAL PUNJAB
jus punjabi
and more
Requires credit qualification and subscription to qualifying American programming. Early Termination Fee applies. Cannot be combined with other International offers.
dish
ORDER NOW
1-888-622-8456
Use Offer Code: SAVEBIG
International programming requires additional $10/mo International Basic package or any America's Top package.
Important Terms and Conditions: $10/mo. Credit for 12 Months. Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months. Promotional Offers: All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during the first 24 months, early termination fee of $20 for each month remaining applies. Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers. Activation Fee may apply. Offers subject to terms of applicable Promotional and Residential Customer agreements. Taxes or reimbursement charges for state gross earnings taxes may apply. State reimbursement charges may apply. Additional restrictions and taxes may apply. Offers end 1/31/16.
© 2015 DISH Network L.L.C. All rights reserved.